ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ
# Nawi Dunia

Free



13 ਅਪ੍ਰੈਲ 1919 : ਜਲ੍ਹਿਆਂ ਵਾਲੇ ਬਾਗ ਦਾ ਸਾਕਾ

ਸਾਲ : 4 ਅੰਕ : 04 Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com ਅਪ੍ਰੈਲ 2013



ਬੀਸੀ ਦੇ ਪੇਂਡੂ ਖੇਤਰਾਂ ਵਿੱਚ ਡਾਕਟਰਾਂ ਨੂੰ ... ਪੰਨਾ-3

ਨਹੀਂ ਸੁਧਰੇਗੀ ਪੰਜਾਬ ਪੁਲੀਸ ਪੰਨਾ-9





ਡੂੰਘੀਆਂ ਗੱਲਾਂ ਨੂੰ ਸਰਲ ਭਾਸ਼ਾ ਵਿਚ ਕਹਿਣਾ ਜ਼ਰੂਰੀ : ਓਮਪੁਰੀ ਪੰਨਾ-28

ਲੋਹੜੀ ਮੇਲਾ-2013 ਪੰਨਾ-46



ਤਰਨਤਾਰਨ 'ਚ ਔਰਤ ਦੀ ਮਾਰ ਕੁਟਾਈ ਦਾ ਮਾਮਲਾ

## ਜਾਂਚ ਰਿਪੋਰਟ ਨੂੰ ਕਚਰੇ ਦੇ ਡੱਬੇ ਵਿਚ ਸੁੱਟ ਦੇਣਾ ਚਾਹੀਦੈ : ਸੁਪਰੀਮ ਕੋਰਟ

ਨਵੀਂ ਦਿੱਲੀ (ਨਦਬ) : ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਵਿਚ ਪੁਲੀਸ ਵਲੋਂ ਇਕ ਔਰਤ ਨੂੰ ਬੇਰਹਿਮੀ ਨਾਲ ਕੁੱਟਣ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਜਾਂਚ ਰਿਪੋਰਟ ਖਾਰਜ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਹੈ ਕਿ ਰਿਪੋਰਟ ਗੁਮਰਾਹ ਕਰਨ ਵਾਲੀ ਹੈ, ਇਸ ਨੂੰ ਕਚਰੇ ਦੇ ਡੱਬੇ ਵਿਚ ਸੁੱਟ ਦੇਣਾ ਚਾਹੀਦਾ ਹੈ। ਮੈਜਿਸਟ੍ਰੇਟ ਨੇ ਜਾਂਚ ਰਿਪੋਰਟ ਵਿਚ ਕਿਹਾ ਹੈ ਕਿ ਪੰਜਾਬ ਵਿਚ ਅਜਿਹੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ, ਇਸ 'ਤੇ ਸੁਪਰੀਮ ਕੋਰਟ ਨੇ ਨਾਰਾਜ਼ਗੀ ਪ੍ਰਗਟ ਕੀਤੀ ਹੈ ਅਤੇ ਪੁਲੀਸ ਭਰਤੀ 'ਤੇ ਉਂਗਲ ਉਠਾਉਂਦੇ ਹੋਏ ਕਿਹਾ ਹੈ ਕਿ ਬਿਨਾ ਪੈਸੇ ਲਏ ਪੁਲੀਸ ਭਰਤੀ ਹੀ ਨਹੀਂ ਹੋ ਰਹੀ; ਜਦੋਂ ਤਕ ਭਰਤੀ ਲਈ ਸੁਤੰਤਰ ਵਿਵਸਥਾ ਨਹੀਂ ਹੋਵੇਗੀ ਉਦੋਂ ਤਕ ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮਾਮਲੇ ਵਿਚ ਅੱਠ ਪੁਲੀਸ ਮੁਲਾਜ਼ਮਾਂ ਦਾ ਤਬਾਦਲਾ ਕਰਨ ਦਾ ਹੁਕਮ ਦਿੱਤਾ ਸੀ। ਯਾਦ ਰਹੇ ਕਿ 4 ਮਾਰਚ ਨੂੰ ਤਰਨਤਾਰਨ ਵਿਚ ਇਕ ਔਰਤ ਛੇੜਛਾੜ ਦੀ ਸ਼ਿਕਾਇਤ ਲੈ ਕੇ ਪੁਲੀਸ ਕੋਲ ਗਈ ਸੀ, ਮਦਦ ਕਰਨ ਦੀ ਥਾਂ ਪੁਲੀਸ ਮੁਲਾਜ਼ਮਾਂ ਨੇ ਉਸ ਦੀ ਬੇਰਹਿਮੀ ਨਾਲ ਮਾਰਕੁਟਾਈ ਕੀਤੀ ਸੀ। ਇਹ ਘਟਨਾ ਕੈਮਰੇ ਵਿਚ ਕੈਦ ਹੋ ਗਈ ਸੀ। ਸੁਪਰੀਮ ਕੋਰਟ ਨੇ ਖੁਦ ਪਹਿਲ ਕਰਦੇ ਹੋਏ ਜਾਂਚ ਰਿਪੋਰਟ ਤਲਬ ਕੀਤੀ ਸੀ। ਪੀੜਤ ਲੜਕੀ ਨੇ ਪੁਲੀਸ 'ਤੇ ਸਮਝੌਤੇ ਲਈ ਦਬਾਅ ਬਣਾਉਣ ਦਾ ਦੋਸ਼ ਵੀ ਲਾਇਆ ਸੀ।



## ਭਾਰਤ ਵਿੱਚ ਕੈਂਸਰ ਦੇ ਮਰੀਜ਼ਾਂ ਲਈ ਵੱਡੀ ਰਾਹਤ

ਨਵੀਂ ਦਿੱਲੀ (ਨਦਬ) : ਸਵਿਟਜ਼ਰਲੈਂਡ ਦੀ ਪ੍ਰਮੁੱਖ ਫਾਰਮਾਸਿਊਟੀਕਲ ਕੰਪਨੀ ਨੋਵਰਟੀਜ਼ ਏਜੀ ਅੱਜ ਸੁਪਰੀਮ ਕੋਰਟ ਵਿਚ ਬਲੱਡ ਕੈਂਸਰ ਦੀ ਦਵਾਈ 'ਗਲਾਈਵੈਕ' ਗਲੀਵੈਕ ਦੇ ਪੇਟੈਂਟ ਦੀ ਲੜਾਈ ਹਾਰ ਗਈ। ਇਹ ਅਦਾਲਤੀ ਲੜਾਈ ਸੱਤ ਸਾਲਾਂ ਤੋਂ ਚੱਲ ਰਹੀ ਸੀ। ਨੋਵਰਟੀਜ਼ ਦਾ ਦਾਅਵਾ ਸੀ ਕਿ 'ਗਲਾਈਵੈਕ' ਦੇ ਪੇਟੈਂਟ ਉਤੇ ਸਿਰਫ ਉਸ ਦਾ ਹੱਕ ਹੈ ਅਤੇ ਕੋਈ ਭਾਰਤੀ ਕੰਪਨੀ ਇਸੇ ਫਾਰਮੂਲੇ ਅਤੇ ਤੱਤਾਂ ਨਾਲ ਜੈਨਰਿਕ ਦਵਾਈਆਂ ਨਹੀਂ ਬਣਾ ਸਕਦੀ। ਸੁਪਰੀਮ ਕੋਰਟ ਨੇ ਇਹ ਦਲੀਲ ਰੱਦ ਕਰਦਿਆਂ ਕੰਪਨੀ ਦੀ ਪਟੀਸ਼ਨ ਖਾਰਜ ਕਰ ਦਿੱਤੀ।

ਜਸਟਿਸ ਆਫਤਾਬ ਆਲਮ ਤੇ ਜਸਟਿਸ ਰੰਜਨਾ ਪ੍ਰਕਾਸ਼ ਦੇਸਾਈ ਨੇ ਸਵਿੱਸ ਕੰਪਨੀ ਦੇ ਇਸ ਦਾਅਵੇ ਨੂੰ ਸਵੀਕਾਰ ਨਹੀਂ ਕੀਤਾ ਕਿ ਬਲੱਡ ਕੈਂਸਰ ਦੀ ਦਵਾਈ ਤਿਆਰ ਕਰਨ ਦਾ ਹੱਕ ਸਿਰਫ ਉਸ ਨੂੰ ਹੈ ਕਿਉਂਕਿ ਇਸ ਦਵਾਈ ਵਿਚ ਇਕ ਨਵਾਂ ਤੱਤ ਵਰਤਿਆ ਗਿਆ ਹੈ ਜੋ ਕਿ ਇਸ ਕੰਪਨੀ ਨੇ ਖੋਜਿਆ। ਬੈਂਚ ਨੇ ਇਸ ਦਾਅਵੇ ਦੀ ਪੁਣਛਾਣ ਕੀਤੀ ਅਤੇ ਮਾਹਿਰਾਂ ਦੀਆਂ ਗਵਾਹੀਆਂ ਦੇ ਆਧਾਰ 'ਤੇ ਆਪਣਾ ਨਿਰਣਾ ਦਿੱਤਾ। ਇਸ ਕਾਨੂੰਨੀ ਲੜਾਈ 'ਤੇ ਦੁਨੀਆਂ ਭਰ ਦੀਆਂ ਦਵਾ-ਉਤਪਾਦਕ ਕੰਪਨੀਆਂ ਦੀਆਂ ਨਜ਼ਰਾਂ ਸਨ ਅਤੇ ਕਈ ਕੰਪਨੀਆਂ ਤੋਂ ਇਲਾਵਾ ਲੱਖਾਂ ਕੈਂਸਰ ਪੀੜਤਾਂ ਦਾ ਭਵਿੱਖ ਵੀ ਇਸ ਲੜਾਈ ਨਾਲ ਜੁੜਿਆ ਹੋਇਆ ਸੀ। ਜ਼ਿਕਰਯੋਗ ਹੈ ਕਿ ਗਲਾਈਵੈਕ ਦੀ ਇਕ ਮਹੀਨੇ ਦੀ ਖੁਰਾਕ ਦੀ ਕੀਮਤ 1.2 ਲੱਖ ਰੁਪਏ ਹੈ ਜਦੋਂਕਿ ਭਾਰਤੀ ਕੰਪਨੀਆਂ ਵੱਲੋਂ ਇਸੇ ਗੁਣਸੂਤਰ ਦੇ ਆਧਾਰ 'ਤੇ ਤਿਆਰ ਕੀਤੀਆਂ ਜੈਨੇਰਿਕ ਦਵਾਈਆਂ ਦੀ ਮਹੀਨੇ ਦੀ ਖੁਰਾਕ 8 ਹਜ਼ਾਰ ਰੁਪਏ ਦੀ ਪੈਂਦੀ ਹੈ।

*ਬਾਕੀ ਸਫ਼ਾ 7 'ਤੇ*

REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ਼੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
MLS MULTIPLE LISTING SERVICE
REALTOR
4107-99 St NW, Edmonton

'ਨਵੀਂ ਦੁਨੀਆ' ਦੇ ਪਾਠਕਾਂ, ਸ਼ੁੱਭਚਿੰਤਕਾਂ, ਇਸ਼ਤਿਹਾਰ ਦਾਤਾਵਾਂ ਅਤੇ ਸਾਰੇ ਭਾਰਤੀਆਂ ਨੂੰ
ਵਿਸਾਖੀ ਮੁਬਾਰਕ

'ਨਵੀਂ ਦੁਨੀਆ' ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ
ਨਵੀਂ ਦੁਨੀਆ ਪ੍ਰਕਾਸ਼ਨ
ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ
ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

ALL INDIA
RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa
Medical Insurance
• ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੋਲ ਇੰਸ਼ੋਰੈਂਸ ਲੈਣਾ ਜ਼ਰੂਰੀ।
• ਅਸੀਂ ਤੁਹਾਡੀ ਜ਼ਰੂਰਤ ਮੁਤਾਬਕ ਵਧੀਆ ਅਤੇ ਸਸਤੀ ਇੰਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660
Fax: 780 463 4205

Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel,Apartments & Shopping Centers
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

ਖਾਲਸੇ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀ ਲੱਖ-ਲੱਖ ਵਧਾਈ
ALBERTA'S voice
Do you think the Alberta government should go back into debt to pay for programs?
Do you think Alberta should live within its means so our children aren't paying off our debt?
We want to hear your voice, Alberta!
Share your views at www.albertasvoice.ca
Leader, Wildrose Official Opposition
WILDROSE OFFICIAL OPPOSITION



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal In Town
3 For 1
Any 3 Toppings 12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza • Vegetarian • Supreme Special • Chicken Special • The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੰਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



Corporate Tax Returns
Personal & Self Employed Tax Returns
GST Returns - WCB Returns - T4 Returns - ROE
Small Business Set Up & Tax Planning
Year End Processing
Canada Revenue Agency (CRA) Audit Representation
Computerized Bookkeeping & Payroll Services
Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
## 50549, RANGE ROAD 234 EDMONTON, AB

eaglerock GOLF COURSE

* ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet






ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
## Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**





Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**

# ਬੀਸੀ ਦੇ ਪੇਂਡੂ ਖੇਤਰਾਂ ਵਿੱਚ ਡਾਕਟਰਾਂ ਨੂੰ ਕੰਮ ਕਰਨ ਬਦਲੇ ਇੱਕ ਲੱਖ ਡਾਲਰ ਦੀ ਪੇਸ਼ਕਸ਼

ਵੈਨਕੂਵਰ (ਨਦਬ) ਬੀਸੀ ਮੈਡੀਕਲ ਐਸੋਸੀਏਸ਼ਨ ਤੇ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਡਾਕਟਰਾਂ ਨੂੰ ਪੇਂਡੂ ਖੇਤਰਾਂ ਵਿਚ ਕੰਮ ਕਰਨ ਬਦਲੇ ਮੋਟੀਆਂ ਰਕਮਾਂ ਦੇਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਜਿਹੜੇ ਫੈਮਿਲੀ ਡਾਕਟਰ ਤੇ ਮਾਹਿਰ ਤਿੰਨ ਸਾਲਾਂ ਲਈ 17 ਖਾਸ ਪੇਂਡੂ ਖੇਤਰਾਂ ਵਿੱਚ ਕੰਮ ਕਰਨਾ ਮੰਨਣਗੇ, ਉਨ੍ਹਾਂ ਨੂੰ ਇੱਕ ਲੱਖ ਡਾਲਰ ਦਿੱਤੇ ਜਾਣਗੇ। ਜਿਨ੍ਹਾਂ ਪੇਂਡੂ ਖੇਤਰਾਂ ਦੀ ਇੱਥੇ ਗੱਲ ਕੀਤੀ ਜਾ ਰਹੀ ਹੈ ਉਨ੍ਹਾਂ ਵਿਚ ਬੈਲਾ ਕੂਲਾ, ਬਰਨਜ਼ ਲੇਕ, ਚੇਟਿੰਡ ਕਲੀਅਰਵਾਟਰ, ਕਰੈਨਬਰੁੱਕ, ਗੈਲੀਆਨੋ ਆਈਲੈਂਡ, ਹੇਜ਼ਲਟਨ, ਕਿਟੀਮਤ, ਨੈਕਸਪ, ਪੈਂਬਰਟਨ, ਪੋਰਟ ਐਲਬਰਨੀ, ਪੋਰਟ ਹਾਰਡੀ, ਪ੍ਰਿੰਸਟਨ, ਕੁਐਂਸਲ, ਟੈਰੇਸ, ਟੋਫਿਨੋ ਤੇ ਟੰਬਲਰ ਰਿੱਜ ਸ਼ਾਮਲ ਹਨ। ਸਰਕਾਰ ਤੇ ਮੈਡੀਕਲ ਐਸੋਸੀਏਸ਼ਨ ਦੀ ਸਾਂਝੀ ਕਮੇਟੀ ਹੈਲਥ ਅਧਿਕਾਰੀਆਂ ਨਾਲ ਰਲ ਕੇ ਇਹ ਤੈਅ ਕਰੇਗੀ



ਕਿ ਕਿਹੜੀਆਂ ਕਮਿਊਨਿਟੀਜ਼ ਨੂੰ ਡਾਕਟਰ ਦੀ ਵਧੇਰੇ ਲੋੜ ਹੈ ਤੇ ਉਨ੍ਹਾਂ ਨੂੰ ਡਾਕਟਰੀ ਸੇਵਾਵਾਂ ਪਹਿਲਾਂ ਦਿੱਤੀਆਂ ਜਾਣਗੀਆਂ ਜਿੱਥੇ ਇਨ੍ਹਾਂ ਦੀ ਸੱਭ ਤੋਂ ਵੱਧ ਲੋੜ ਹੋਵੇਗੀ। ਜਿਹੜੇ ਡਾਕਟਰ ਇਸ ਪੇਸ਼ਕਸ਼ ਨੂੰ ਸਵੀਕਾਰ ਕਰਨਗੇ, ਉਨ੍ਹਾਂ ਨੂੰ ਕੰਮ ਸ਼ੁਰੂ ਕਰਨ ਸਮੇਂ 50,000 ਡਾਲਰ ਦਿੱਤਾ ਜਾਵੇਗਾ ਤੇ ਪਹਿਲੇ ਸਾਲ ਦੀ ਸੇਵਾ ਤੋਂ ਬਾਅਦ 50,000 ਡਾਲਰ ਹੋਰ ਦਿੱਤਾ ਜਾਵੇਗਾ। ਪਰ ਜੇ ਉਹ ਅਜਿਹੀਆਂ ਕਮਿਊਨਿਟੀਜ਼ ਵਿੱਚ ਤਿੰਨ ਸਾਲ ਪੂਰੇ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਸਾਰਾ ਪੈਸਾ ਵਾਪਿਸ ਕਰਨਾ ਹੋਵੇਗਾ। ਬੀਸੀਐਮਏ ਦੇ ਪ੍ਰਧਾਨ ਡਾ. ਸ਼ੈਲੀ ਰੌਸ ਦਾ ਕਹਿਣਾ ਹੈ ਕਿ ਇੱਕ ਵਾਰੀ ਜਦੋਂ ਇਹ ਡਾਕਟਰ ਕਮਿਊਨਿਟੀਜ਼ ਵਿੱਚ ਕੰਮ ਕਰਨਾ ਸ਼ੁਰੂ ਕਰਨਗੇ ਤਾਂ ਉਹ ਤਿੰਨ ਸਾਲਾਂ ਤੋਂ ਵੀ ਵੱਧ ਸਮਾਂ ਲਾਉਣਗੇ।

# ਕੈਨੇਡਾ ਦੇ ਚੋਣ ਨਿਯਮਾਂ ਵਿੱਚ ਹੋਵੇਗੀ ਫੇਰਬਦਲ

ਪਿਛਲੀਆਂ ਚੋਣਾਂ ਵਿੱਚ ਗੁੰਮਰਾਹਕੁੰਨ ਟੈਲੀਫੋਨ ਕਾਲਜ਼ ਦੀਆਂ ਸ਼ਿਕਾਇਤਾਂ ਵਰਗੇ ਮਾਮਲੇ ਭਵਿੱਖ ਵਿੱਚ ਰੋਕਣ ਲਈ ਕੰਜ਼ਰਵੇਟਿਵ ਸਰਕਾਰ ਨੇ ਕੈਨੇਡਾ ਦੇ ਚੋਣ ਕਾਨੂੰਨ ਵਿੱਚ ਸੋਧ ਕਰਨ ਦੀ ਕਵਾਇਦ ਕੀਤੀ ਜਾਵੇਗੀ। ਚੀਫ ਇਲੈਕਟੋਰਲ ਅਧਿਕਾਰੀ ਮਾਰਕ ਮੇਰੈਂਡ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਸਰਕਾਰ ਕਾਰਵਾਈ ਨਹੀਂ ਕਰਦੀ ਉਦੋਂ ਤੱਕ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ ਤੇ ਅਗਲੀਆਂ ਚੋਣਾਂ ਵਿੱਚ ਇਸ ਤਰ੍ਹਾਂ ਦੀਆਂ ਰੋਬੋਕਾਲਜ਼ ਦੇ ਹੋਰ ਮਾਮਲੇ ਵੀ ਸਾਹਮਣੇ ਆਉਣਗੇ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵੱਲੋਂ ਚੋਣ ਨਿਯਮਾਂ ਵਿੱਚ ਸੁਧਾਰ ਕਰਨ ਦਾ ਕੀਤਾ ਗਿਆ ਵਾਅਦਾ ਹੁਣ ਪੂਰਾ ਹੋਣ ਵਾਲਾ ਹੈ। ਮੇਰੈਂਡ ਨੇ ਵੀਰਵਾਰ ਨੂੰ ਆਖਿਆ ਕਿ ਹੁਣ ਕੈਨੇਡਾ ਇਲੈਕਸ਼ਨ ਐਕਟ ਨੂੰ ਅਪਡੇਟ ਕਰਨਾ ਸਰਕਾਰ ਲਈ ਹੋਰ ਜ਼ਰੂਰੀ ਹੋ ਗਿਆ ਹੈ। ਬੁੱਧਵਾਰ ਨੂੰ ਮੇਰੈਂਡ ਵੱਲੋਂ ਸੰਸਦ ਵਿੱਚ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿੱਚ ਆਟੋਮੇਟਿਡ ਫੋਨ ਕਾਲਜ਼ ਤੇ ਵੋਟਰ ਡਾਟਾਬੇਸ ਵਰਗੀਆਂ ਨਵੀਆਂ ਤਕਨਾਲੋਜੀਜ਼ ਨਾਲ ਰਾਬਤਾ ਰੱਖਣ ਲਈ ਇਸ ਕਾਨੂੰਨ ਵਿੱਚ ਤਬਦੀਲੀ ਕਰਨ ਵਾਸਤੇ ਸਿਫਾਰਿਸ਼ਾਂ ਕੀਤੀਆਂ ਗਈਆ ਹਨ। ਸਿਫਾਰਿਸ਼ਾਂ ਵਿੱਚ ਆਖਿਆ ਗਿਆ ਹੈ ਕਿ ਸਿਆਸੀ ਪਾਰਟੀਆਂ ਲਈ ਨਵੇਂ ਨਿਯਮ ਲਾਗੂ ਕੀਤੇ ਜਾਣ, ਜੁਰਮਾਨਿਆਂ ਵਿੱਚ ਵਾਧਾ ਕੀਤਾ ਜਾਵੇ ਤੇ ਜੇ ਇਸ ਤਰ੍ਹਾਂ ਦੀਆਂ ਗੜਬੜਾਂ ਦੀਆਂ ਸ਼ਿਕਾਇਤਾਂ ਮਿਲਦੀਆਂ ਹਨ ਤਾਂ ਉਨ੍ਹਾਂ ਦੀ ਜਾਂਚ ਲਈ ਇਲੈਕਸ਼ਨਜ਼ ਕੈਨੇਡਾ ਦੇ ਜਾਂਚਕਾਰਾਂ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਜਾਣ। ਇਸ ਸਮੇਂ ਇਲੈਕਸ਼ਨਜ਼ ਕੈਨੇਡਾ ਗਿਊਲਫ ਵਿੱਚ ਹੋਈਆਂ ਰੋਬੋਕਾਲਜ਼ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਇਸ ਤੋਂ ਇਲਾਵਾ 246 ਹੋਰਨਾਂ ਇਲਾਕਿਆਂ ਤੋਂ ਮਿਲੀਆਂ 1,400 ਸ਼ਿਕਾਇਤਾਂ ਦੇ ਮੁੱਦੇ ਦੀਵੀ ਜਾਂਚ ਕਰ ਰਹੀ ਹੈ। ਮਾਰਚ 2012 ਵਿੱਚ ਜਦੋਂ ਰੋਬੋਕਾਲਜ਼ ਦਾ ਇਹ ਘਪਲਾ ਪੂਰੀ ਚਰਚਾ ਵਿੱਚ ਸੀ ਤਾਂ ਕੰਜ਼ਰਵੇਟਿਵਾਂ ਨੇ ਐਨਡੀਪੀ ਵੱਲੋਂ ਛੇ ਮਹੀਨੇ ਦੇ ਅੰਦਰ ਅੰਦਰ ਸੁਧਾਰ ਲਿਆਉਣ ਦੇ ਮਤੇ ਦਾ ਸਮਰਥਨ ਕੀਤਾ ਸੀ। ਹੁਣ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਬਾਅਦ ਸਰਕਾਰ ਅਜੇ ਵਾਅਦੇ ਮੁਤਾਬਕ ਕਾਨੂੰਨ ਵਿੱਚ ਸੋਧ ਕਰਨ ਦੀ ਤਿਆਰੀ ਹੀ ਕਰ ਰਹੀ ਹੈ।

# ਕੈਨੇਡਾ ਵਿੱਚ ਮਹਿੰਗਾਈ ਦੀ ਦਰ ਫਰਵਰੀ ਦੌਰਾਨ ਤੇਜ਼ੀ ਨਾਲ ਵਧੀ

ਫਰਵਰੀ ਦੇ ਮਹੀਨੇ ਕੈਨੇਡਾ ਵਿੱਚ ਮਹਿੰਗਾਈ ਦੀ ਦਰ ਵਿੱਚ 1.2 ਫੀ ਸਦੀ ਦੇ ਹਿਸਾਬ ਨਾਲ ਤੇਜ਼ੀ ਨਾਲ ਵਾਧਾ ਹੋਇਆ। ਜਨਵਰੀ 1991 ਵਿੱਚ ਓਟਵਾ ਵੱਲੋਂ ਜੀਐਸਟੀ ਲਾਏ ਜਾਣ ਤੋਂ ਬਾਅਦ ਗੈਸੋਲੀਨ ਦੀਆਂ ਕੀਮਤਾਂ ਵਿੱਚ ਮਹੀਨਾ ਦਰ ਮਹੀਨਾ ਹੋਏ ਥੋੜ੍ਹੇ ਥੋੜ੍ਹੇ ਵਾਧੇ ਕਾਰਨ ਮਹਿੰਗਾਈ ਦਰ ਵਿੱਚ ਵਾਧਾ ਹੋਇਆ। ਇੱਕ ਮਹੀਨੇ ਦੇ ਵਾਧੇ ਨਾਲ ਕੈਨੇਡਾ ਦੀ ਸਲਾਨਾ ਮਹਿੰਗਾਈ ਦਰ 0.7 ਅੰਕਾਂ ਤੱਕ ਵੱਧ ਗਈ ਤੇ ਇਹ ਹੁਣ 1.2 ਫੀ ਸਦੀ ਉੱਤੇ ਅੱਪੜ ਗਈ ਹੈ। ਇਸ ਨਾਲ ਜਨਵਰੀ ਦੇ ਮਹੀਨੇ ਸਲਾਨਾ ਤੌਰ ਉੱਤੇ ਮਹਿੰਗਾਈ ਦਰ ਵਿੱਚ ਆਈ 0.5 ਫੀ ਸਦੀ ਕਮੀ ਦਾ ਰੁਝਾਨ ਉਲਟਾ ਪੈ ਗਿਆ, ਜਨਵਰੀ ਵਿੱਚ ਆਈ ਗਿਰਾਵਟ ਤਿੰਨ ਸਾਲਾਂ ਵਿੱਚ ਸੱਭ ਤੋਂ ਘੱਟ ਸੀ। ਅਰਥਸ਼ਾਸਤਰੀਆਂ ਨੇ ਗੈਸੋਲੀਨ ਦੀਆਂ ਵੱਧ ਰਹੀਆਂ ਕੀਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮਹਿੰਗਾਈ ਦਰ ਵਿੱਚ 0.8 ਫੀ ਸਦੀ ਵਾਧਾ ਹੋਣ ਤੇ ਮਹੀਨਾ ਦਰ ਮਹੀਨਾ 0.7 ਫੀ ਸਦੀ ਵਾਧਾ ਹੋਣ ਦੀ ਪੇਸ਼ੀਨਿਗੋਈ ਕੀਤੀ ਸੀ। ਮਹਿੰਗਾਈ ਕਾਰਨ ਇੱਕ ਮਹੀਨੇ ਦੇ ਝਟਕੇ ਦੇ ਬਾਵਜੂਦ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕੈਨੇਡੀਅਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ਤੇ ਹੋ ਸਕਦਾ ਹੈ ਕਿ ਬੈਂਕ ਆਫ ਕੈਨੇਡਾ ਇਸ ਰਿਪੋਰਟ ਨੂੰ ਬੇਤਰਤੀਬੀ ਵਾਲੀ ਦੱਸ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਹਿੰਗਾਈ ਦਰ ਵਿੱਚ ਆ ਰਹੇ ਉਤਰਾਅ-ਚੜ੍ਹਾਅ ਲਈ ਆਰਜ਼ੀ ਕਾਰਕ ਜ਼ਿੰਮੇਵਾਰ ਹਨ। ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਕਈ ਹੋਰ ਵੰਨਗੀਆਂ ਵਿੱਚ ਕੀਮਤਾਂ ਵਿੱਚ ਵਾਧਾ ਹੋਇਆ ਹੈ ਤੇ ਇਸ ਨਾਲ ਬੈਂਕ ਆਫ ਕੈਨੇਡਾ ਦਾ ਮਹਿੰਗਾਈ ਸਬੰਧੀ ਸੂਚਕ-ਅੰਕ ਲੱਗਭਗ ਅੱਧਾ ਅੰਕ ਭਾਵ 1.4 ਫੀ ਸਦੀ ਤੱਕ ਉੱਪਰ ਉੱਠਣ ਦੀ ਸੰਭਾਵਨਾ ਹੈ। ਅਰਥਸ਼ਾਸਤਰੀਆਂ ਨੂੰ ਆਸ



ਸੀ ਕਿ ਇਹ ਦਰ 1.0 ਫੀ ਸਦੀ ਤੱਕ ਰਹੇਗੀ। ਗੈਸੋਲੀਨ ਤੇ ਕਾਰਾਂ ਤੋਂ ਇਲਾਵਾ ਕੱਪੜੇ ਹੀ ਜਨਵਰੀ ਤੋਂ ਫਰਵਰੀ ਦਰਮਿਆਨ ਪੰਜ ਫੀ ਸਦੀ ਤੱਕ ਮਹਿੰਗੇ ਹੋ ਗਏ, ਤਾਜ਼ਾ ਸਬਜ਼ੀਆਂ ਦੀਆਂ ਕੀਮਤਾਂ ਵਿੱਚ 6.4 ਫੀ ਸਦੀ ਵਾਧਾ ਹੋਣ ਨਾਲ ਖਾਣ ਪੀਣ ਦਾ ਸਮਾਨ 0.9 ਫੀ ਸਦੀ ਮਹਿੰਗਾ ਹੋ ਗਿਆ, ਆਵਾਜਾਈ ਦੌਰਾਨ ਰਿਹਾਇਸ਼ 4.5 ਫੀ ਸਦੀ ਮਹਿੰਗੀ ਹੋਈ, ਰੈਸਟੋਰੈਂਟ ਵਿੱਚ ਖਾਣਾ 2.2 ਫੀ ਸਦੀ, ਖੁਰਾਕੀ ਵਸਤਾਂ 1.9 ਫੀ ਸਦੀ, ਕਿਰਾਇਆ 1.6 ਫੀ ਸਦੀ, ਹੋਮਓਨਰ ਰੀਪਲੇਸਮੈਂਟ ਕੌਸਟ 2.3 ਫੀ ਸਦੀ ਤੇ ਸ਼ਰਾਬ, ਤੰਬਾਕੂ ਆਦਿ ਵਿੱਚ 2.3 ਫੀ ਸਦੀ ਦਾ ਵਾਧਾ ਹੋਇਆ ਹੈ।

# ਇੰਟਰਨੈੱਟ 'ਤੇ ਹੁਣ ਤਕ ਦਾ ਸੱਭ ਤੋਂ ਵੱਡਾ ਹਮਲਾ

ਵਸ਼ਿੰਗਟਨ : ਇੰਟਰਨੈੱਟ 'ਤੇ ਹੁਣ ਤਕ ਦਾ ਸੱਭ ਤੋਂ ਵੱਡਾ ਹਮਲਾ ਹੋਇਆ ਹੈ ਜਿਸ ਕਾਰਨ ਦੁਨੀਆਂ ਭਰ 'ਚ ਇੰਟਰਨੈੱਟ ਦੀ ਰਫ਼ਤਾਰ ਬੇਹੱਦ ਮੱਠੀ ਪੈ ਗਈ ਹੈ। ਕਿਹਾ ਜਾ ਰਿਹਾ ਹੈ ਕਿ ਸਪੈਮ ਨਾਲ ਲੜਨ ਵਾਲੀ ਕੰਪਨੀ ਅਤੇ ਵੈਬ ਹੋਸਟਿੰਗ ਕੰਪਨੀ ਦੇ ਆਪਸੀ ਮਤਭੇਦਾਂ ਕਾਰਨ ਅਜਿਹਾ ਹੋ ਰਿਹਾ ਹੈ ਕਿਉਂਕਿ ਦੋਵੇਂ ਕੰਪਨੀਆਂ ਇਕ-ਦੂਜੇ 'ਤੇ ਹਮਲੇ ਕਰਨ ਲੱਗ ਪਈਆਂ ਹਨ। ਮਾਹਰਾਂ ਨੂੰ ਫ਼ਿਕਰ ਹੈ ਕਿ ਜੇ ਇਸ ਹਮਲੇ ਨੂੰ ਰੋਕਿਆ ਨਾ ਗਿਆ ਤਾਂ ਬੈਂਕਿੰਗ ਅਤੇ ਈ-ਮੇਲ ਸਹੂਲਤਾਂ 'ਤੇ ਵੀ ਖ਼ਤਰਨਾਕ ਅਸਰ ਪੈ ਸਕਦਾ ਹੈ। ਪੰਜ ਦੇਸ਼ਾਂ ਦੀ ਸਾਈਬਰ ਪੁਲਿਸ ਇਨ੍ਹਾਂ ਹਮਲਿਆਂ ਦੀ ਜਾਂਚ ਵਿਚ ਜੁਟ ਗਈ ਹੈ। ਇਸ ਹਮਲੇ 'ਚ ਲੰਡਨ ਅਤੇ ਜੈਨੇਵਾ ਦੀ ਸੰਸਥਾ ਸਪੈਮਹਾਊਸ ਦੇ ਡੋਮੇਨ ਨੇਮ ਸਿਸਟਮ ਸਰਵਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਹ

## ਈ-ਮੇਲ ਸੇਵਾ ਠੱਪ ਹੋਣ ਦਾ ਡਰ

ਸਰਵਰ ਉਹ ਹੁੰਦੇ ਹਨ ਜੋ ਡੋਮੇਨ ਨਾਵਾਂ ਨੂੰ ਵੈਬਸਾਈਟ ਦੇ ਇੰਟਰਨੈੱਟ ਪਤੇ ਨਾਲ ਜੋੜਦੇ ਹਨ। ਸਪੈਮਹਾਊਸ ਦੇ ਮੁੱਖ ਅਧਿਕਾਰੀ ਸਟੀਵ ਲਿਨਫ਼ੌਰਡ ਨੇ ਇਸ ਨੂੰ ਅਣਕਿਆਸਿਆ ਹਮਲਾ ਕਰਾਰ ਦਿਤਾ ਹੈ। ਉਨ੍ਹਾਂ ਕਿਹਾ ਕਿ ਇਸ ਹਮਲੇ ਦਾ ਅਸਰ ਪੂਰੀ ਦੁਨੀਆਂ 'ਚ ਇੰਟਰਨੈੱਟ ਦੀਆਂ ਸੇਵਾਵਾਂ 'ਤੇ ਪੈ ਰਿਹਾ ਹੈ ਹਾਲਾਂਕਿ ਇਸ ਹਮਲੇ ਦੇ ਸਰੋਤ ਦਾ ਹਾਲੇ ਤਕ ਪਤਾ ਨਹੀਂ ਲਗਿਆ। ਮਾਹਰਾਂ ਨੂੰ ਸ਼ੱਕ ਹੈ ਕਿ ਹਾਲੈਂਡ ਦੀ ਵੈਬ ਹੋਸਟਿੰਗ ਸਾਈਟ ਸਾਈਬਰਬੰਕਰ ਨੇ ਪੂਰਬੀ ਯੂਰਪ ਦੇ ਸਾਈਬਰ ਅਪਰਾਧੀਆਂ ਨਾਲ ਮਿਲ ਕੇ ਇਸ ਹਮਲੇ ਨੂੰ ਅੰਜਾਮ ਦਿਤਾ ਹੈ।

# ਸਾਈਬਰ ਹਮਲੇ ਕਾਰਨ ਟੀਡੀ ਬੈਂਕ ਦੀਆਂ ਆਨਲਾਈਨ ਸੇਵਾਵਾਂ ਵਿੱਚ ਪਿਆ ਵਿਘਨ

ਟੀਡੀ ਬੈਂਕ ਦੀਆਂ ਕਈ ਸੇਵਾਵਾਂ ਵੀਰਵਾਰ ਨੂੰ ਅਚਾਨਕ ਬੰਦ ਹੋ ਗਈਆਂ। ਇਸ ਨਾਲ ਗਾਹਕਾਂ ਨੂੰ ਕਈ ਘੰਟਿਆਂ ਤੱਕ ਆਪਣੀਆਂ ਆਨਲਾਈਨ ਤੇ ਮੋਬਾਈਲ ਬੈਂਕਿੰਗ ਸੇਵਾਵਾਂ ਦੀ ਵਰਤੋਂ ਕਰਨ ਵਿੱਚ ਦਿੱਕਤ ਪੇਸ਼ ਆਈ। ਬੈਂਕ ਦੀ ਤਰਜ਼ਮਾਨ ਬਾਰਬਰਾ ਟਿਮਿੰਨਜ਼ ਨੇ ਇਸ ਲਈ ਮੁਆਫੀ ਮੰਗੀ ਤੇ ਦੱਸਿਆ ਕਿ ਵੈੱਬਸਾਈਟ ਉੱਤੇ ਟਰੈਫਿਕ ਵਧ ਜਾਣ ਕਾਰਨ ਅਜਿਹਾ ਹੋਇਆ। ਟਿਮਿੰਨਜ਼ ਨੇ ਸੰਕੇਤ ਦਿੱਤਾ ਕਿ ਬੈਂਕ ਉੱਤੇ ਬਾਹਰੋਂ ਸਾਈਬਰ ਅਟੈਕ ਹੋਇਆ ਹੈ ਜਿਸ ਕਾਰਨ ਇਸ ਦਾ ਸਿਸਟਮ ਮੱਠਾ ਪੈ ਗਿਆ। ਦੁਪਹਿਰ ਬਾਅਦ ਬੈਂਕ ਨੇ ਟਵੀਟ ਕਰਕੇ ਦੱਸਿਆ ਕਿ ਵੱਡੀ ਪੱਧਰ ਉੱਤੇ ਸੇਵਾ ਬਹਾਲ ਕਰ ਦਿੱਤੀ ਗਈ ਹੈ। ਪਰ ਉਨ੍ਹਾਂ ਇਹ ਵੀ ਦੱਸਿਆ ਕਿ ਕਈ ਗਾਹਕਾਂ ਨੂੰ ਅਜੇ ਵੀ ਆਪਣੇ ਆਨਲਾਈਨ ਅਕਾਊਂਟਸ ਤੱਕ ਪਹੁੰਚ ਕਰਨ ਵਿੱਚ ਦਿੱਕਤ ਪੇਸ਼ ਆ ਸਕਦੀ ਹੈ। ਟਿਮਿੰਨਜ਼ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਹਮਲੇ ਲਈ ਬੈਂਕ ਦੇ ਬਾਹਰੋਂ ਕੋਈ ਜ਼ਿੰਮੇਵਾਰ ਸੀ ਪਰ ਇਹ ਸਾਫ ਤੌਰ ਉੱਤੇ ਆਖਿਆ ਨਹੀਂ ਜਾ ਸਕਦਾ ਕਿ ਇਹ ਕੌਣ ਸੀ। ਟੀਡੀ ਬੈਂਕ ਨੇ ਇਹ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦੇ ਕਲਾਇੰਟਸ ਸਬੰਧੀ ਜਾਣਕਾਰੀ ਸੁਰੱਖਿਅਤ ਰਹੇਗੀ ਤੇ ਇਸ ਤਰ੍ਹਾਂ ਦੇ ਵਿਘਨ ਕਾਰਨ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਇਸ ਨਾਲ ਏਟੀਐਮ, ਟੈਲੀਫੋਨ ਬੈਂਕਿੰਗ ਤੇ ਵਾਕ ਇਨ ਬੈਂਕਿੰਗ ਉੱਤੇ ਕੋਈ ਅਸਰ ਨਹੀਂ ਹੋਵੇਗਾ ਪਰ ਫੋਨ ਬੈਂਕਿੰਗ ਵਿੱਚ ਥੋੜ੍ਹੀ ਦੇਰ ਹੋ ਸਕਦੀ ਹੈ। ਬੈਂਕ ਨੇ ਆਖਿਆ ਕਿ ਉਹ ਸਾਰੀਆਂ ਸੇਵਾਵਾਂ ਨੂੰ ਆਮ ਕਰਨ ਲਈ ਨਿੱਠ ਕੇ ਕੰਮ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਟੀਡੀ ਦੇ 9 ਮਿਲੀਅਨ ਆਨਲਾਈਨ ਕਸਟਮਰ ਹਨ ਤੇ ਇਸ ਬੈਂਕ ਕੋਲ 818 ਮਿਲੀਅਨ ਡਾਲਰ ਦੀ ਸੰਪਤੀ ਹੈ।

Maple
DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Dr. Sandeep Dhaliwal
DMD
Take Home Whitening Kits
with new patient exams & cleaning !
Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm
Accepting New Patients
Appointments @ 780-440-5001
4444-36 Ave NW Edmonton, AB T6L 3S1

## ਅਲਬਰਟਾ ਦਾ ਬਜਟ 2013

# ਉੱਚ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਖੇਤਰ 'ਚ ਵੱਡੀ ਕਟੌਤੀ

ਐਡਮਿੰਟਨ (ਨਦਬ) ਪਿਛਲੇ ਦਿਨੀਂ ਅਲਬਰਟਾ ਸਰਕਾਰ ਵੱਲੋਂ ਸਾਲ 2013 ਦਾ ਬਜਟ ਜਾਰੀ ਕੀਤਾ ਗਿਆ, ਜਿਸ ਤੋਂ ਅਲਬਰਟਾ ਵਾਸੀ ਕਾਫ਼ੀ ਨਿਰਾਸ਼ ਹੋਏ। ਸਭ ਤੋਂ ਵੱਧ ਨਿਰਾਸ਼ ਕਰਨ ਵਾਲੀ ਗੱਲ ਇਹ ਹੈ ਕਿ ਸੂਬਾ ਵਾਸੀਆਂ ਦੇ ਸਿਰ 'ਤੇ ਕਟੌਤੀ ਦਾ ਹਥੌੜਾ ਅਚਾਨਕ ਵੱਜਿਆ ਹੈ। ਇਸ ਗੱਲ ਦੀ ਕਿਸੇ ਨੂੰ ਵੀ ਉਮੀਦ ਨਹੀਂ ਸੀ ਕਿ ਸਰਕਾਰ ਵੱਲੋਂ ਅਜਿਹੇ ਸਖ਼ਤ ਕਦਮ ਉਠਾਏ ਜਾਣਗੇ, ਜਦੋਂਕਿ ਪ੍ਰੀਮੀਅਰ ਐਲੀਸਨ ਰੈਡਫੋਰਡ ਵੱਲੋਂ ਲੋਕਾਂ ਨਾਲ ਸਿਹਤ, ਸਿੱਖਿਆ ਅਤੇ ਹੋਰ ਦੇ ਖੇਤਰਾਂ ਦੇ ਵਿਕਾਸ ਨਾਲ ਜੁੜੇ ਅਨੇਕਾਂ ਵਾਅਦੇ ਕੀਤੇ ਗਏ ਸਨ। ਸਰਕਾਰ ਵੱਲੋਂ ਇਹਨਾਂ ਖੇਤਰਾਂ ਦੇ ਵਿਕਾਸ ਲਈ ਜਾਰੀ ਹੋਣ ਵਾਲੇ ਫੰਡਾਂ 'ਤੇ ਵੱਡੀਆਂ ਕਟੌਤੀਆਂ ਲਾਉਣ ਨਾਲ ਲੋਕਾਂ ਦੀ ਭਲਾਈ ਲਈ ਆਰੰਭੀਆਂ ਬਹੁਤ ਸਾਰੀਆਂ ਯੋਜਨਾਵਾਂ ਦਮ ਤੋੜ ਦੇਣਗੀਆਂ।

ਰੈਡਫੋਰਡ ਸਰਕਾਰ ਵੱਲੋਂ ਸਿਹਤ ਸੇਵਾਵਾਂ ਨਾਲ ਜੁੜੇ ਫੰਡ ਵਿੱਚ ਤਿੰਨ ਪ੍ਰਤੀਸ਼ਤ ਦਾ ਵਾਧਾ ਕਰਕੇ ਇਹ ਦਰਸਾਇਆ ਗਿਆ ਹੈ ਕਿ ਸਿਹਤ ਸੇਵਾਵਾਂ ਦੇ ਖੇਤਰ ਨੂੰ ਉਹ ਪਹਿਲ ਦੇ ਆਧਾਰ 'ਤੇ ਲੈ ਰਹੀ ਹੈ ਪਰ ਇਹ ਦਿਖਾਵੇ ਤੋਂ ਵੱਧ ਕੁੱਝ ਨਹੀਂ ਹੈ। ਸਰਕਾਰ ਵੱਲੋਂ ਕੀਤਾ ਗਿਆ ਇਹ ਵਾਧਾ ਬਿਲਕੁੱਲ ਤੁੱਛ ਹੈ, ਕਿਉਂਕਿ ਜੇਕਰ ਆਬਾਦੀ ਦੇ ਵਾਧੇ ਨੂੰ ਤੇ ਆਬਾਦੀ ਵਿੱਚ ਬੁੱਢਿਆਂ ਦੀ ਵੱਧ ਰਹੀ ਗਿਣਤੀ ਨੂੰ ਦੇਖਿਆ ਜਾਵੇ ਤਾਂ ਇਸ ਨਾਲ ਲੋਕਾਂ ਦਾ ਕੁੱਝ ਭਲਾ ਹੋਣ ਵਾਲਾ ਨਹੀਂ। ਰੈਡਫੋਰਡ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਨਵੇਂ ਹਸਪਤਾਲ ਉਸਾਰੇ ਜਾਣਗੇ ਪਰ ਸਰਕਾਰ ਵੱਲੋਂ ਜਾਰੀ ਹੋਣ ਵਾਲੇ ਫੰਡਾਂ ਨਾਲ ਨਾ ਪਹਿਲਾਂ ਵਾਲੇ ਹਸਪਤਾਲ ਵੀ ਮੁਸ਼ਕਿਲ ਨਾਲ ਚੱਲਣਗੇ। ਇਸ ਤਰ੍ਹਾਂ ਹੀ ਰੈਡਫੋਰਡ ਵੱਲੋਂ ਸਿੱਖਿਆ, ਮਨੁੱਖੀ ਸੇਵਾਵਾਂ ਅਤੇ ਹੋਰ ਖੇਤਰਾਂ ਵਿੱਚ ਮੀਲ ਪੱਥਰ ਸਥਾਪਿਤ ਕਰਨ ਦੀ ਗੱਲ ਕਹੀ ਗਈ ਸੀ ਪਰ ਇਸ ਬਜਟ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਗੱਲਾਂ ਰੈਡਫੋਰਡ ਵੱਲੋਂ ਆਪਣੇ ਸਿਆਸੀ ਹਿੱਤ ਧਿਆਨ ਵਿੱਚ ਰੱਖ ਕੇ ਕੀਤੀਆਂ ਗਈਆਂ ਸਨ।

ਬਜਟ ਜਾਰੀ ਹੋਣ ਤੋਂ ਪਹਿਲਾਂ ਲੋਕਾਂ ਨੂੰ ਉਮੀਦ ਸੀ ਕਿ ਸੂਬਾ ਸਰਕਾਰ ਦੇ ਕਹਿਣ ਮੁਤਾਬਿਕ ਇਹ ਬਜਟ ਲੋਕਾਂ ਦੀਆਂ ਸਮੱਸਿਆ ਨੂੰ ਧਿਆਨ ਵਿੱਚ ਰੱਖ ਤਿਆਰ ਕੀਤਾ ਗਿਆ ਹੋਵੇਗਾ, ਜਿਸ ਨਾਲ ਲੋਕਾਂ ਵਿੱਚ ਪੈਦਾ ਹੋਇਆ ਆਰਥਿਕ ਪਾੜਾ ਥੋੜ੍ਹਾ ਬਹੁਤ ਘਟੇਗਾ ਤੇ ਸੂਬੇ ਦੀ ਆਰਥਿਕ ਸਥਿਤੀ ਵਿੱਚ ਕੁੱਝ ਸੁਧਾਰ ਆਵੇਗਾ। ਉਮੀਦ ਸੀ ਕਿ ਸਰਕਾਰ ਆਪਣੀ ਟੈਕਸ ਨੀਤੀ ਵਿੱਚ ਸੁਧਾਰ ਕਰੇਗੀ। ਜਿਸ ਨਾਲ ਸਰਕਾਰ ਦੀ ਆਮਦਨ ਵਿੱਚ ਕੁੱਝ ਵਾਧਾ ਹੋਵੇਗਾ। ਪਰ ਇਸ ਦੇ ਉਲਟ ਸਰਕਾਰ ਨੇ ਵੱਖ-ਵੱਖ ਖੇਤਰਾਂ ਨੂੰ ਜਾਰੀ ਹੋਣ ਵਾਲੇ ਫੰਡਾਂ 'ਤੇ ਵੱਡੇ ਕੱਟ ਲਾ ਦਿੱਤੇ ਹਨ ਜਿਸ ਨਾਲ ਲੋਕਾਂ ਦੀਆਂ ਸਮੱਸਿਆਵਾਂ ਹੋਰ ਵਧਣ ਜਾ ਰਹੀਆਂ ਹਨ। ਸੂਬਾ ਸਰਕਾਰ ਤੇਲ ਅਤੇ ਹੋਰ ਕੁਦਰਤੀ ਸੋਮਿਆਂ ਦੀ ਮਾਰਕੀਟਿੰਗ ਸਹੀ ਢੰਗ ਨਾਲ ਨਹੀਂ ਕਰ ਪਾ ਰਹੀ, ਜੇਕਰ ਉਹ ਇਸ ਖੇਤਰ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰੇ ਤਾਂ ਨਿਸ਼ਚਿਤ ਹੀ ਸਰਕਾਰ ਦੀ ਆਮਦਨ ਵਿੱਚ ਵਾਧਾ ਹੋ ਸਕਦਾ ਹੈ ਪਰ ਬਜਟ ਤਿਆਰ ਕਰਦੇ ਵਕਤ ਇਹਨਾਂ ਗੱਲਾਂ ਨੂੰ ਬਿਲਕੁੱਲ ਵੀ ਵਿਚਾਰਿਆ ਨਹੀਂ ਗਿਆ।

ਬਜਟ ਵਿੱਚ ਸਿੱਖਿਆ ਖੇਤਰ 'ਚ ਜਾਰੀ ਹੋਣ ਵਾਲੇ ਫੰਡਾਂ 'ਤੇ ਵੱਡੀ ਕਟੌਤੀ ਲਾਈ ਗਈ ਹੈ। ਇਸਦੀ ਮਾਰ ਉੱਚ ਸਿੱਖਿਆ ਸੰਸਥਾਵਾਂ 'ਤੇ ਵੱਧ ਪਈ ਹੈ। ਪਿਛਲੇ ਇੱਕ ਦਹਾਕੇ ਤੋਂ ਇਸ ਖੇਤਰ ਵਿੱਚ ਸਾਲਾਨਾ 7.3 ਪ੍ਰਤੀਸ਼ਤ ਦਾ ਵਾਧਾ ਹੁੰਦਾ ਆ ਰਿਹਾ ਸੀ ਪਰ 2013 ਦੇ ਬਜਟ ਵਿੱਚ ਇਹ ਵਾਧਾ ਜ਼ੀਰੋ ਪ੍ਰਤੀਸ਼ਤ ਰਿਹਾ ਹੈ। ਅਜਿਹਾ ਹੋਣ ਨਾਲ ਸਰਕਾਰ ਵੱਲੋਂ ਕੀਤੇ ਬਹੁਤ ਸਾਰੇ ਵਾਅਦੇ ਟੁੱਟ ਗਏ ਹਨ, ਕਿਉਂਕਿ ਉੱਚ ਸਿੱਖਿਆ ਨਾਲ ਸਬੰਧਿਤ ਬਹੁਤ ਸਾਰੀਆਂ ਯੋਜਨਾਵਾਂ ਫੰਡ ਨਾ ਹੋਣ ਕਾਰਣ ਦਮ ਤੋੜ ਦੇਣਗੀਆਂ।

ਅਲਬਰਟਾ ਯੂਨੀਵਰਸਿਟੀ ਨੂੰ ਇੱਕ ਯੋਜਨਾ ਅਧੀਨ ਕੈਂਪਸ ਅਲਬਰਟਾ ਗਰਾਂਟ ਜਾਰੀ ਕੀਤੀ ਜਾਂਦੀ ਸੀ। ਇਸਦੀ ਸ਼ੁਰੂਆਤ ਪਿਛਲੇ ਸਾਲ 2012 ਵਿੱਚ ਕੀਤੀ ਗਈ ਸੀ ਤੇ ਯੋਜਨਾ ਇਹ ਸੀ ਕਿ ਹਰ ਸਾਲ ਇਸ ਸਕੀਮ ਤਹਿਤ ਜਾਰੀ ਹੋਣ ਵਾਲੇ ਫੰਡ ਵਿੱਚ ਦੋ ਪ੍ਰਤੀਸ਼ਤ ਦਾ ਵਾਧਾ ਜਰੂਰ ਕੀਤਾ ਜਾਵੇਗਾ। ਪਰ ਹੁਣ ਬਜਟ ਵਿੱਚ ਸਰਕਾਰ ਆਪਣੇ ਇਸ ਵਾਅਦੇ ਤੋਂ ਮੁੱਕਰ ਗਈ ਹੈ। ਜ਼ਿਕਰਯੋਗ ਹੈ ਕਿ ਉੱਚ ਸੰਸਥਾਵਾਂ ਨਾਲ ਜੁੜੇ 550 ਮਿਲੀਅਨ ਦੇ ਫੰਡਾਂ ਵਿੱਚ ਲਗਭਗ 43 ਮਿਲੀਅਨ ਦੀ ਕਟੌਤੀ ਕੀਤੀ ਗਈ ਹੈ।




ਇਸ ਕਟੌਤੀ ਨਾਲ ਨਾ ਸਿਰਫ਼ ਸਿੱਖਿਆ ਦੇ ਮਿਆਰ 'ਤੇ ਅਸਰ ਪਵੇਗ ਸਗੋਂ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕਟੌਤੀ ਅਲਬਰਟਾ ਯੂਨੀਵਰਸਿਟੀ ਦੇ ਮਿਆਰ ਵੀ ਨੂੰ ਪ੍ਰਭਾਵਿਤ ਕਰੇਗੀ। ਇਸ ਕਟੌਤੀ ਕਾਰਣ ਯੂਨੀਵਰਸਿਟੀ ਵੱਲੋਂ ਆਰੰਭੇ ਖੋਜ ਕਾਰਜਾਂ 'ਤੇ ਅਸਰ ਪਵੇਗਾ ਵਿਦਿਆਰਥੀਆਂ ਦੀਆਂ ਫੀਸਾਂ ਵਿੱਚ ਵਾਧਾ ਹੋਵੇਗਾ ਤੇ ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਪ੍ਰਸ਼ਾਸਨ ਨੂੰ ਹੋਰ ਵੀ ਬਹੁਤ ਸਾਰੀਆਂ ਵਿੱਤੀ ਕਾਰਣਾਂ ਕਰਕੇ ਪੈਦਾ ਹੋਈਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਏਗਾ।

ਬਜਟ 'ਤੇ ਕੱਟ ਲੱਗਣ ਕਾਰਣ ਯੂਨੀਵਰਸਿਟੀ ਵੱਲੋਂ ਤਿਆਰ ਕੀਤਾ ਕੌਂਪਰੀਹੈਨਸਿਵ ਇੰਸਟੀਟਿਊਸ਼ਨਲ ਪਲਾਨ (ਸੀਆਈਪੀ) ਮੁੜ ਤੋਂ ਵਿਚਾਰਿਆ ਜਾਵੇਗਾ, ਕਿਉਂਕਿ ਇਸਦਾ ਡਰਾਫਟ ਸਰਕਾਰ ਦੇ ਵਾਅਦੇ ਮੁਤਾਬਿਕ ਫੰਡ ਵਿੱਚ ਸਾਲਾਨਾ ਦੋ ਪ੍ਰਤੀਸ਼ਤ ਦੇ ਵਾਧੇ ਵਾਲੀ ਮੱਦ ਨੂੰ ਆਧਾਰ ਬਣਾ ਕੇ ਤਿਆਰ ਕੀਤਾ ਗਿਆ ਸੀ।

ਇਸ ਯੋਜਨਾ ਸਬੰਧੀ ਟਿੱਪਣੀ ਕਰਦਿਆਂ ਪ੍ਰਧਾਨ ਇੰਦਰਾ ਸਮਰਸੇਖ਼ਰਾ ਨੇ ਕਿਹਾ ਕਿ ਅਸੀਂ ਯੋਜਨਾ ਤਿਆਰ ਕਰਨ ਤੋਂ ਪਹਿਲਾਂ ਸਰਕਾਰ ਨੂੰ ਕਿਹਾ ਸੀ ਕਿ ਸਾਨੂੰ ਫੰਡ ਬਾਰੇ ਉਚਿਤ ਜਾਣਕਾਰੀ ਦੇਵੇ ਤਾਂ ਜੋ ਡਰਾਫਟ ਸਹੀ ਢੰਗ ਨਾਲ ਤਿਆਰ ਕੀਤਾ ਜਾ ਸਕੇ। ਪਰ ਸਰਕਾਰ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਦੂਜੇ ਪਾਸੇ ਸਬੰਧਿਤ ਵਿਭਾਗ ਦੇ ਮੁਖੀ ਅਤੇ ਡਿਪਟੀ ਪ੍ਰੀਮੀਅਰ ਥੋਮਸ ਲੁਕਾਸਜ਼ੁਕ ਦਾ ਕਹਿਣਾ ਹੈ ਕਿ ਮੈਂ ਕਈ ਮੌਕਿਆਂ 'ਤੇ ਸੰਸਥਾਵਾਂ ਦੇ ਪ੍ਰਧਾਨਾਂ ਨੂੰ ਅਜਿਹੇ ਸੰਕੇਤ ਦਿੱਤੇ ਹਨ ਤੇ ਉਹਨਾਂ ਨੂੰ ਦੱਸਿਆ ਗਿਆ ਸੀ ਕਿ ਬਜਟ ਵਿੱਚ ਕਈ ਮਹੱਤਵਪੂਰਨ ਬਦਲਾਅ ਹੋ ਸਕਦੇ ਹਨ। ਜ਼ਿਕਰਯੋਗ ਹੈ ਕਿ ਫੰਡਾਂ ਵਿੱਚ ਕਟੌਤੀ ਨੂੰ ਲੈ ਕੇ ਵਿਦਿਆਰਥੀਆਂ ਦੇ ਨਾਲ-ਨਾਲ ਪ੍ਰਸ਼ਾਸਨਿਕ ਅਧਿਕਾਰੀ ਵੀ ਪੂਰੇ ਰੋਹ ਵਿੱਚ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਸੀਆਈਪੀ 'ਤੇ 31 ਮਈ ਤੱਕ ਰੋਕ ਲਗਾ ਦਿੱਤੀ ਗਈ ਹੈ ਤਾਂ ਜੋ ਇਸ ਸਮੇਂ ਦੌਰਾਨ ਯੋਜਨਾ ਨੂੰ ਮੁੜ ਤੋਂ ਵਿਚਾਰਿਆ ਜਾ ਸਕੇ। ਅਜਿਹੀਆਂ 26 ਉੱਚ ਸੰਸਥਾਵਾਂ ਹਨ ਜਿਨ੍ਹਾਂ 'ਤੇ ਇਹਨਾਂ ਕਟੌਤੀਆਂ ਦਾ ਪ੍ਰਭਾਵ ਪਏਗਾ।

ਸਰਕਾਰ ਦਾ ਕਹਿਣਾ ਹੈ ਕਿ ਸਾਰੀਆਂ ਉੱਚ ਸੰਸਥਾਵਾਂ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਹਨਾਂ ਸੰਸਥਾਵਾਂ ਨੂੰ ਵਿੱਤੀ ਸਮੱਸਿਆਵਾਂ ਦਾ ਘੱਟ ਸਾਹਮਣੇ ਕਰਨ ਪਵੇ। ਸਰਕਾਰ ਅਨੁਸਾਰ ਜੇਕਰ 26 ਉੱਚ ਸੰਸਥਾਵਾਂ ਮਿਲ ਕੇ ਕੰਮ ਕਰਨ ਤਾਂ ਨਿਸ਼ਚਿਤ ਹੀ ਨਤੀਜੇ ਸਾਕਾਰਾਤਮਕ ਸਾਹਮਣੇ ਆਉਣਗੇ, ਜਦੋਂਕਿ ਹੁਣ ਇਹਨਾਂ ਸੰਸਥਾਵਾਂ ਵਿੱਚ ਬਹੁਤ ਘੱਟ ਤਾਲਮੇਲ ਹੈ। ਕਟੌਤੀਆਂ ਕਾਰਣ ਵੱਡੀ ਗਿਣਤੀ ਵਿੱਚ ਉਹ ਵਿਦਿਆਰਥੀ ਵੀ ਪ੍ਰਭਾਵਿਤ ਹੋਣਗੇ ਜਿਨ੍ਹਾਂ ਨੂੰ ਵਜੀਫ਼ਿਆਂ ਤੇ ਹੋਰ ਵੱਖ-ਵੱਖ ਢੰਗਾਂ ਰਾਹੀਂ ਪੜ੍ਹਾਈ ਕਰਨ ਲਈ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਸੀ। ਲੋੜ ਮੁਤਾਬਿਕ ਇਸ ਖੇਤਰ ਵਿੱਚ ਘੱਟੋ-ਘੱਟ 58 ਪ੍ਰਤੀਸ਼ਤ ਵਾਧੇ ਦੀ ਜਰੂਰਤ ਸੀ।

ਕਟੌਤੀ ਕਾਰਣ ਸਟੂਡੈਂਟ ਟੈਂਪਰੇਰੀ ਇੰਪਲਾਈਮੈਂਟ ਯੋਜਨਾ ਵੀ ਪ੍ਰਭਾਵਿਤ ਹੋਵੇਗੀ, ਜਿਸ ਤਹਿਤ ਵਿਦਿਆਰਥੀਆਂ ਨੂੰ ਗਰਮੀਆਂ ਦੇ ਦਿਨਾਂ ਵਿੱਚ ਕੰਮ ਮਿਲਦਾ ਸੀ। ਇਸ ਖੇਤਰ ਵਿੱਚ ਸੱਤ ਮਿਲੀਅਨ ਦਾ ਕੱਟ ਲੱਗਿਆ ਹੈ ਤੇ ਇਹ ਕੱਟ ਲਾਉਣ ਵਾਲਾ ਅਲਬਰਟਾ ਕਨੇਡਾ ਦਾ ਇੱਕੋ-ਇੱਕ ਸੂਬਾ ਹੈ।

ਕੁੱਲ ਮਿਲਾ ਕੇ ਕਟੌਤੀਆਂ ਨੇ ਵਿਦਿਆਰਥੀਆਂ ਲਈ ਸਮੱਸਿਆਵਾਂ ਖੜੀਆਂ ਕਰ ਦਿੱਤੀਆਂ ਹਨ। ਸਰਕਾਰੀ ਸਹਾਇਤਾ ਦੀ ਬਜਾਏ ਉਹਨਾਂ ਨੂੰ ਫੀਸਾਂ ਵਧਣ ਦਾ ਡਰ ਸਤਾ ਰਿਹਾ ਹੈ। ਇਸ ਬਜਟ ਦੀ ਪਹਿਲੀ ਮਹੱਤਵਪੂਰਨ ਗੱਲ ਇਹ ਹੈ ਕਿ ਇਸਨੇ ਉੱਚ ਸਿੱਖਿਆ ਸੰਸਥਾਵਾਂ ਦਾ ਮਾਡਲ ਹੀ ਬਦਲ ਦੇਣਾ ਹੈ। ਦੂਜੀ ਗੱਲ ਇਹ ਕਿ ਹੁਣ 26 ਸੰਸਥਾਵਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਆਖ਼ਰੀ ਗੱਲ ਇਹ ਹੈ ਕਿ ਵਿਦਿਆਰਥੀਆਂ ਦੇ ਸਿਰ 'ਤੇ ਭਾਰ ਹੁਣ ਹੋਰ ਵਧ ਗਿਆ ਹੈ।

ਇਹਨਾਂ ਕਟੌਤੀਆਂ ਸਬੰਧੀ ਪ੍ਰੀਮੀਅਰ ਐਲੀਸਨ ਰੈਡਫੋਰਡ ਦਾ ਕਹਿਣਾ ਹੈ ਕਿ ਅਸੀਂ ਹਰ ਇੱਕ ਵਿਅਕਤੀ ਨੂੰ ਸਬਸਿਡੀ ਦੇ ਰਹੇ ਹਾਂ ਤੇ ਮੈਨੂੰ ਨਹੀਂ ਲੱਗਦਾ ਕਿ ਇਹ ਚੰਗੀ ਨੀਤੀ ਹੈ।

ਐਨਡੀਪੀ ਦੇ ਆਗੂ ਬਰੇਨ ਮੈਸਨ ਨੇ ਬਜਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਵਾਅਦਿਆਂ ਨੂੰ ਤੋੜਨ ਵਾਲਾ ਬਜਟ ਹੈ। ਉਹਨਾਂ ਕਿਹਾ ਕਿ ਬਜਟ ਤੋਂ ਲੋਕ ਕਾਫ਼ੀ ਨਿਰਾਸ਼ ਹੋਏ ਹਨ। ਸਰਕਾਰ ਵੱਲੋਂ ਬਜਟ ਵਿੱਚ ਪਰਿਵਾਰ ਭਲਾਈ ਲਈ ਦਿੱਤੀ ਜਾਂਦੀ ਹਰ ਤਰ੍ਹਾਂ ਦੀ ਸਹਾਇਤਾ ਰਾਸ਼ੀ 'ਤੇ ਕੱਟ ਲਾਇਆ ਗਿਆ ਹੈ। ਉਹਨਾਂ ਕਿਹਾ ਕਿ ਸੂਬਾ ਹਰ ਆਦਮੀ ਬਜਟ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ ਪਰ ਫੇਰ ਵੀ ਸਰਕਾਰ ਨੇ ਘਾਟੇ ਵਾਲਾ ਬਜਟ ਪੇਸ਼ ਕੀਤਾ ਹੈ। ਅਸਲ ਵਿੱਚ ਇਹ ਸਰਕਾਰ ਦਾ ਵਿੱਤੀ ਦੁਰਪ੍ਰਬੰਧ ਹੈ। ਵਾਈਲਡਰੋਜ਼ ਲੀਡਰ ਡੈਨੀਅਲ ਸਮਿਥ ਦਾ ਕਹਿਣਾ ਹੈ ਕਿ ਪ੍ਰੀਮੀਅਰ ਨੇ ਮੁੜ ਤੋਂ ਸੂਬੇ ਨੂੰ ਕਰਜ਼ੇ ਵਿੱਚ ਡੁਬੋ ਦਿੱਤਾ ਹੈ। ਲਿਬਰਲ ਆਗੂ ਰਾਜ ਸ਼ਰਮਨ ਦਾ ਕਹਿਣਾ ਹੈ ਕਿ ਸਰਕਾਰ ਨੂੰ ਪ੍ਰੋਗਰੈਸਿਵ ਆਮਦਨ ਕਰ ਅਤੇ ਮੁੜ ਤੋਂ ਉਦਯੋਗਿਕ ਕਰਾਂ ਵਿੱਚ ਵਾਧਾ ਲਾਗੂ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਲਬਰਟਾ ਦੀ ਆਰਥਿਕਤਾ ਮਜ਼ਬੂਤ ਹੈ ਪਰ ਇਸਦੇ ਬਾਵਜੂਦ ਵੀ ਰੈਡਫੋਰਡ ਸਰਕਾਰ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਦੇਣ ਵਿੱਚ ਕਿਉਂ ਅਸਮਰੱਥ ਹੈ।

## ਬਜਟ ਦੀਆਂ ਹੋਰ ਮਹੱਤਵਪੂਰਨ ਮਦਾਂ

1. ਆਮਦਨ ਕਰ ਅਤੇ ਵਿਕਰੀ ਕਰ ਵਿੱਚ ਕੋਈ ਬਦਲਾਅ ਨਹੀਂ
2. ਬਜਟ ਵਿੱਚ ਅਧਿਆਪਕ, ਡਾਕਟਰ ਅਤੇ ਹੋਰ ਸਿਹਤ ਸੇਵਾਵਾਂ ਨਾਲ ਸਬੰਧਿਤ ਸਟਾਫ਼ ਰੱਖਣ ਲਈ ਕੋਈ ਧਨ ਰਾਖਵਾਂ ਨਹੀਂ ਰੱਖਿਆ ਗਿਆ।
3. 2013-14 ਦੇ ਉਸਾਰੀ ਨਾਲ ਸਬੰਧਿਤ ਪ੍ਰੋਜੈਕਟਾਂ ਲਈ 5.2 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ ਜਿਸ ਵਿੱਚੋਂ 4.3 ਬਿਲੀਅਨ ਡਾਲਰ ਕਰਜ਼ੇ ਦੇ ਰੂਪ ਵਿੱਚ ਦਿੱਤੇ ਜਾਣਗੇ।
4. ਸੀਨੀਅਰ ਪ੍ਰੋਪਰਟੀ ਟੈਕਸ ਪ੍ਰੋਗਰਾਮ ਨੂੰ ਹਟਾ ਕੇ ਇਸਦੀ ਥਾਂ 'ਤੇ ਸੀਨੀਅਰ ਸਕੂਲ ਪ੍ਰੋਪਰਟੀ ਟੈਕਸ ਅਸਿਸਟੈਂਟ ਪ੍ਰੋਗਰਾਮ ਲਾਗੂ ਕੀਤਾ ਗਿਆ ਹੈ।
5. ਨਾਨ ਪ੍ਰੋਫਿਟ ਸੰਸਥਾਵਾਂ ਨੂੰ ਦਿੱਤੇ ਜਾਣ ਵਾਲੇ ਫੰਡ 'ਤੇ ਕੱਟ ਲਾਇਆ।
6. ਕਲਾਸਰੂਮਾਂ ਨੂੰ ਹੋਰ ਬਿਹਤਰ ਕਰਨ ਲਈ ਸਿੱਖਿਆ ਗਰਾਂਟਾਂ ਵਿੱਚ 110 ਮਿਲੀਅਨ ਦਾ ਵਾਧਾ।
7. ਰੋਜ਼ਾਨਾ ਖਰਚਿਆਂ ਦੇ ਬਜਟ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਪਰ ਰੈਵਿਨਿਊ ਵਿੱਚ ਕਟੌਤੀ ਦਾ 2 ਬਿਲੀਅਨ ਦਾ ਘਾਟਾ ਹੈ।
8. ਕੁੱਲ ਬਜਟ 38.6 ਬਿਲੀਅਨ ਦਾ ਹੈ।
9. ਇਸ ਸਾਲ ਜਨਸੰਖਿਆ ਵਿੱਚ 99000 ਹਜ਼ਾਰ ਦਾ ਵਾਧਾ ਹੋਣ ਦੀ ਸੰਭਾਵਨਾ।
10. 45000 ਕਿਸਾਨ ਤੇਲ 'ਤੇ ਪ੍ਰਤੀ ਲਿਟਰ ਛੇ ਪ੍ਰਤੀਸ਼ਤ ਛੋਟ ਨਹੀਂ ਲੈ ਸਕਨਗੇ।

# ਕਨੇਡਾ ਬਜਟ 2013

# ਜਿਮ ਨੇ 25.9 ਬਿਲੀਅਨ ਦੇ ਘਾਟੇ ਵਾਲਾ ਬਜਟ ਪੇਸ਼ ਕੀਤਾ

ਓਟਾਵਾ (ਨਦਬ) : ਕਨੇਡਾ ਦੇ ਵਿੱਤ ਮੰਤਰੀ ਜਿਮ ਫਲਾਹਰਟੀ ਵੱਲੋਂ 2013 ਦਾ ਬਜਟ ਪੇਸ਼ ਕੀਤਾ ਗਿਆ ਹੈ ਜਿਸ ਬਾਰੇ ਸਮਾਜ ਦੇ ਵੱਖ-ਵੱਖ ਵਰਗਾਂ ਨੇ ਵੱਖਰੀ-ਵੱਖਰੀ ਪ੍ਰਤੀਕਿਰਿਆ ਪ੍ਰਗਟਾਈ ਹੈ। ਇਸ ਸਾਲ 25.9 ਬਿਲੀਅਨ ਦਾ ਘਾਟੇ ਵਾਲਾ ਬਜਟ ਹੈ ਅਤੇ ਇਸ ਨਾਲ ਫੈਡਰਲ ਬਜਟ ਦਾ ਕੁੱਲ ਘਾਟਾ 609 ਬਿਲੀਅਨ ਹੋ ਗਿਆ ਹੈ। ਕੁੱਝ ਲੋਕਾਂ ਦਾ ਮੰਨਣਾ ਹੈ ਕਿ ਇਸ ਬਜਟ ਵਿੱਚ ਵਾਅਦਿਆਂ ਦੀ ਥਾਂ ਭਵਿੱਖਮੁਖੀ ਯੋਜਨਾਵਾਂ ਹਨ ਤੇ ਕੁੱਝ ਕੁ ਲੋਕਾਂ ਦਾ ਕਹਿਣਾ ਹੈ ਕਿ ਬਜਟ ਵਿੱਚ ਬਹੁਤ ਜ਼ਿਆਦਾ ਤਰੁੱਟੀਆਂ ਹਨ ਜਿਨ੍ਹਾਂ ਬਾਰੇ ਸਰਕਾਰ ਨੂੰ ਮੁੜ ਤੋਂ ਵਿਚਾਰ ਕਰਨਾ ਚਾਹੀਦਾ ਹੈ।

ਇਸ ਬਜਟ ਵਿੱਚ ਆਮ ਕਨੇਡੀਅਨ ਉੱਤੇ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ ਹੈ ਤੇ ਨਾ ਹੀ ਕਿਸੇ ਤਰ੍ਹਾਂ ਦੀ ਕਟੌਤੀ ਕੀਤੀ ਗਈ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹ ਬਜਟ ਆਗਾਮੀ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਬਜਟ ਰਾਹੀਂ ਜਿਮ ਫਲਾਹਰਟੀ ਨੇ ਜਿੱਥੇ ਆਉਂਦੇ ਸਾਲਾਂ ਤੱਕ ਬਜਟ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਉੱਥੇ ਹੀ ਇਕਨਾਮਿਕ ਐਕਸ਼ਨ ਪਲਾਨ 2013 ਨੂੰ ਵੀ ਅੱਗੇ ਵਧਾਇਆ ਹੈ। ਵਿੱਤ ਮੰਤਰੀ ਨੇ ਬਜਟ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਸਾਡੀ ਯੋਜਨਾ ਮੁਤਾਬਿਕ 2015-16 ਤੱਕ ਬਜਟ ਘਾਟਾ ਖਤਮ ਹੋ ਜਾਵੇਗਾ। ਸਰਕਾਰ ਨੇ ਆਸ ਪ੍ਰਗਟਾਈ ਹੈ ਕਿ ਟੈਕਸ ਚੋਰੀ ਸਬੰਧੀ ਸਖ਼ਤ ਕਾਨੂੰਨ ਬਣਾ ਕੇ ਅਗਲੇ ਛੇ ਸਾਲਾਂ ਵਿੱਚ 6.7 ਬਿਲੀਅਨ ਟੈਕਸ ਹੋਰ ਇਕੱਤਰ ਕਰੇਗੀ। ਬਜਟ ਅਨੁਸਾਰ ਆਉਂਦੇ ਦਸ ਸਾਲਾਂ ਵਿੱਚ 47 ਬਿਲੀਅਨ ਡਾਲਰ ਖਰਚੇ ਜਾਣਗੇ, ਇਸ ਰਾਸ਼ੀ ਵਿੱਚੋਂ ਦਸ ਬਿਲੀਅਨ ਡਾਲਰ ਦੀ ਰਕਮ ਰਾਸ਼ਟਰੀ ਅਤੇ ਖੇਤਰੀ ਪ੍ਰੋਜੈਕਟਾਂ ਲਈ ਰਾਖਵੀਂ ਗਈ ਹੈ। ਸਰਕਾਰ ਵੱਲੋਂ ਉਦਯੋਗਪਤੀਆਂ ਨੂੰ ਅਗਲੇ ਚਾਰ ਸਾਲਾਂ ਲਈ 1.4 ਬਿਲੀਅਨ ਡਾਲਰ ਟੈਕਸ ਦੀ ਛੋਟ ਦਿੱਤੀ ਗਈ ਹੈ ਤਾਂ ਜੋ ਉਹ ਰੁਜ਼ਗਾਰ ਦੇ ਹੋਰ ਵੱਧ ਮੌਕੇ ਪੈਦਾ ਕਰ ਸਕਣ, ਸਰਕਾਰ ਅਨੁਸਾਰ ਇਸ ਤਰ੍ਹਾਂ ਕਰਨ ਬੇਰੁਜ਼ਗਾਰੀ ਘਟੇਗੀ। ਇਸ ਤਰ੍ਹਾਂ ਹੀ ਦਾਨ ਦੇਣ ਵਾਲਿਆਂ ਨੂੰ ਵੀ ਸਰਕਾਰ ਨੇ ਟੈਕਸ ਤੋਂ ਛੋਟ ਦਿੱਤੀ ਹੈ। ਸਪੋਰਟਸ ਅਤੇ ਬੱਚਿਆਂ ਦਾ ਸਸਤਾ ਕਰਨ ਲਈ 7.6 ਮਿਲੀਅਨ ਡਾਲਰ ਦੀ ਸਾਲਾਨਾ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਤਰ੍ਹਾਂ ਦਾ ਸਮਾਨ ਖਰੀਦਣ ਲਈ ਬਹੁਤ ਸਾਰੇ ਕਨੇਡੀਅਨ ਅਮਰੀਕਾ ਜਾਂਦੇ ਹਨ ਪਰ ਹੁਣ ਕਨੇਡਾ ਵਿੱਚ ਹੀ ਇਹ ਸਮਾਨ ਸਸਤਾ ਹੋ ਜਾਵੇਗਾ। ਦੂਸਰੇ ਪਾਸੇ ਕਨੇਡਾ ਦੀ ਨਵੀਂ ਆਰਥਿਕ ਰਣਨੀਤੀ ਤਹਿਤ ਹੁਣ ਭਾਰਤ, ਚੀਨ ਸਮੇਤ 70 ਮੁਲਕਾਂ ਦੀਆਂ ਵਸਤਾਂ ਹੋਰ ਮਹਿੰਗੀਆਂ ਹੋ ਜਾਣਗੀਆਂ।

ਇਸ ਬਜਟ ਵਿੱਚ ਕਨੇਡੀਅਨ ਅੰਤਰਰਾਸ਼ਟਰੀ ਵਿਕਾਸ ਏਜੰਸੀ ਦਾ ਅਜ਼ਾਦਾਨਾ ਹੋਂਦ ਖਤਮ ਕਰਕੇ ਇਸਨੂੰ ਵਿਦੇਸ਼ ਮੰਤਰਾਲੇ ਅਤੇ ਇੰਟਰਨੈਸ਼ਨਲ ਟਰੇਡ ਦਾ ਹੀ ਹਿੱਸਾ ਬਣਾ ਦਿੱਤਾ ਗਿਆ ਹੈ। ਬਜਟ ਵਿੱਚ ਬੇਘਰਿਆਂ ਨੂੰ ਘਰ ਪ੍ਰਦਾਨ ਕਰਨ ਲਈ 600 ਮਿਲੀਅਨ ਡਾਲਰ ਦੀ ਰਕਮ ਰਾਖਵੀਂ ਰੱਖੀ ਗਈ ਹੈ। ਮੂਲਵਾਸੀ ਨੌਜਵਾਨਾਂ ਨੂੰ ਮੁੱਖ ਧਾਰਾ ਨਾਲ ਜੋੜਨ ਲਈ 241 ਮਿਲੀਅਨ ਡਾਲਰ ਦੀ ਰਕਮ ਰਾਖਵੀਂ ਰੱਖੀ ਗਈ ਹੈ।

ਬਜਟ ਵਿੱਚ 23 ਮਿਲੀਅਨ ਡਾਲਰ ਦੀ ਰਕਮ ਬਾਹਰਲੇ ਮੁਲਕਾਂ ਦੇ ਵਿਦਿਆਰਥੀਆਂ ਨੂੰ ਕਨੇਡਾ ਵਿੱਚ ਪੜ੍ਹਨ ਲਈ ਉਤਸ਼ਾਹਿਤ ਕਰਨ ਅਧੀਨ ਮਸ਼ਹੂਰੀ ਕਰਨ ਲਈ ਰਾਖਵੀਂ ਰੱਖੀ ਗਈ ਹੈ। ਜ਼ਿਕਰਯੋਗ ਹੈ ਕਿ ਮੰਤਰੀ ਜੇਸਨ ਕੈਨੀ ਕਈ ਵਾਰੀ ਇਹ ਗੱਲ ਕਹਿ ਚੁੱਕੇ ਹਨ ਕਿ ਅੰਤਰਰਾਸ਼ਟੀ ਵਿਦਿਆਰਥੀਆਂ ਕਨੇਡਾ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਹੈ।

ਅਗਲੇ ਦਸ ਸਾਲਾਂ ਵਿੱਚ ਸਰਕਾਰ ਨੇ ਸਥਾਨਕ ਪੱਧਰ 'ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 10.4 ਬਿਲੀਅਨ ਡਾਲਰ ਦੀ ਰਕਮ ਰਾਖਵੀਂ ਰੱਖੀ ਗਈ ਹੈ। ਪਰ ਇਸ ਸਬੰਧੀ ਸਰਕਾਰ ਨੂੰ ਸੁਚੇਤ ਰਹਿਣਾ ਹੋਵੇਗਾ ਕਿ ਸਿਰਫ਼ ਕਨੇਡਾ ਦੇ ਵੱਡੇ ਸ਼ਹਿਰ ਹੀ ਨਿਗਲ ਜਾਣ। ਫੈਡਰਲ ਵਿੱਤ ਮੰਤਰੀ ਜਿਮ ਫਲਾਹਰਟੀ ਨੇ ਬਜਟ ਦੀ ਤਾਰੀਫ਼ ਕਰਦਿਆਂ ਕਿਹਾ ਕਿ ਬਜਟ ਬਾਰੇ ਸਾਨੂੰ ਬਹੁਤਾ ਕੁੱਝ ਕਹਿਣ ਦੀ ਲੋੜ ਨਹੀਂ ਕਿਉਂਕਿ ਲੋਕਾਂ ਦੀਆਂ ਮੁਢਲੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ ਤੇ ਸੇਵਾਵਾਂ 'ਤੇ ਕੱਟ ਨਹੀਂ ਲਾਏ ਗਏ। ਦੂਜੇ ਪਾਸੇ ਵਿਰੋਧੀਆਂ ਦਾ ਕਹਿਣਾ ਹੈ ਕਿ ਹਾਰਪਰ ਸਰਕਾਰ ਲੋਕਾਂ ਨੂੰ ਬਜਟ ਰਾਹੀਂ ਖੁਸ਼ ਕਰਨ ਵਿੱਚ ਅਸਫ਼ਲ ਰਹੀ ਹੈ ਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਬਹੁਤ ਸਾਰੇ ਵਿੱਤੀ ਮਸਲੇ ਸੂਬਾ ਸਰਕਾਰਾਂ ਨਾਲ ਗੱਲਬਾਤ ਕਰਕੇ ਨਜਿੱਠਣੇ ਚਾਹੀਦੇ ਸਨ ਪਰ ਫੈਡਰਲ ਸਰਕਾਰ ਨੇ ਅਜਿਹਾ ਕਰਨਾ ਜਰੂਰੀ ਨਹੀਂ ਸਮਝਿਆ।

## ਬਜਟ ਦੀਆਂ ਕੁੱਝ ਹੋਰ ਮਹੱਤਵਪੂਰਨ ਮਦਾਂ

1. ਟੈਕਸ ਚੋਰੀ ਨੂੰ ਕਾਨੂੰਨ ਰਾਹੀਂ ਨਜਿੱਠ ਕੇ 400 ਮਿਲੀਅਨ ਡਾਲਰ ਦੀ ਆਮਦਨ ਦਾ ਵਾਧਾ ਕੀਤਾ ਜਾਵੇਗਾ.
2. ਨਵੇਂ ਖਰਚਿਆਂ ਸਬੰਧੀ ਬਜਟ ਵਿੱਚ 900 ਮਿਲੀਅਨ ਰਾਖਵਾਂ ਰੱਖਿਆ ਗਿਆ ਹੈ ਤੇ ਬਜਟ ਵਿੱਚ ਨਾ ਕੋਈ ਨਵਾਂ ਟੈਕਸ ਲਾਇਆ ਗਿਆ ਹੈ ਤੇ ਨਾ ਹੀ ਹਟਾਇਆ ਗਿਆ ਹੈ।
3. ਅਗਲੇ ਸਾਲ ਤੋਂ ਕਾਮਿਆਂ ਨੂੰ ਸਿੱਖਿਅਤ ਕਰਨ ਲਈ ਕਨੇਡਾ ਜੌਬ ਗਰਾਂਟ ਯੋਜਨਾ ਸ਼ੁਰੂ ਕੀਤੀ ਜਾਵੇਗੀ.
4. ਫਸਟ ਨੇਸ਼ਨ ਸਕਿਲ ਟਰੇਨਿੰਗ ਲਈ ਬਜਟ ਵਿੱਚ 241 ਮਿਲੀਅਨ ਡਾਲਰ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ।
5. 2014 ਤੋਂ ਦਸ ਸਾਲਾਂ ਲਈ 14.4 ਮਿਲੀਅਨ ਦਾ ਦਾ ਫੰਡ ਸਾਜ਼ੋ-ਸਾਮਾਨ ਲਈ ਨਿਸਚਿਤ ਕੀਤਾ ਗਿਆ ਹੈ।
6. ਪੰਜ ਸਾਲਾਂ ਵਿੱਚ ਐਰੋਸਪੇਸ ਉਦਯੋਗ ਅਤੇ ਇਸ ਖੇਤਰ ਵਿੱਚ ਖੋਜ ਕਾਰਜਾਂ 'ਤੇ ਇੱਕ ਬਿਲੀਅਨ ਡਾਲਰ ਖਰਚਿਆ ਜਾਵੇਗਾ।
7. ਸ਼ਹਿਰਾਂ ਦੇ ਗੈਸ ਟੈਕਸ ਫੰਡ ਹਰ ਸਾਲ ਦੋ ਪ੍ਰਤੀਸ਼ਤ ਵਾਧਾ ਲਾਗੂ ਹੋਵੇਗਾ।
8. ਛੋਟੇ ਵਪਾਰੀਆਂ ਨੂੰ ਈ ਆਈ ਕਰੈਡਿਟ ਤਹਿਤ ਹੋਰ ਵੱਧ ਛੋਟ ਦਿੱਤੀ ਗਈ ਹੈ।
9. ਦਾਨ ਦੇਣ ਵਾਲਿਆਂ ਨੂੰ ਉਤਸ਼ਾਹਿਤ ਕਰਨ ਲਈ ਸੁਪਰ ਟੈਕਸ ਕਰੈਡਿਟ ਯੋਜਨਾ ਬਣਾਈ ਗਈ ਹੈ।
10. ਟਰਾਂਟੋ ਮੇਸੀ ਹਾਲ ਕਨਸਰਟ ਵੈਨਿਊ ਦੀ ਮੁਰੰਮਤ ਅਤੇ ਇਸਨੂੰ ਹੋਰ ਸੋਹਣਾ ਬਣਾਉਣ ਲਈ ਬਜਟ ਵਿੱਚ ਅੱਠ ਮਿਲੀਅਨ ਡਾਲਰ ਰਾਖਵੀਂ ਰੱਖੀ ਗਈ ਹੈ।

# ਦਵਾਈਆਂ ਦੀਆਂ ਕੀਮਤਾਂ 'ਚ ਕੀਤੀ ਜਾਣ ਵਾਲੀ ਕਟੌਤੀ ਖ਼ਿਲਾਫ਼ ਫ਼ਾਰਮਾਸਿਸਟਾਂ ਵਲੋਂ ਰੋਸ ਪ੍ਰਦਰਸ਼ਨ



ਐਡਮਿੰਟਨ (ਨਦਬ) : ਸਰਕਾਰ ਵਲੋਂ ਜੈਨੇਰਿਕ ਦਵਾਈਆਂ ਦੀਆਂ ਕੀਮਤਾਂ 'ਚ ਸਰਕਾਰ ਵਲੋਂ ਬਣਾਈ ਜਾ ਰਹੀ ਯੋਜਨਾ ਦੇ ਵਿਰੋਧ ਵਿਚ ਸੂਬੇ ਦੇ 300 ਦੇ ਕਰੀਬ ਫ਼ਾਰਮਾਸਿਸਟਾਂ ਤੇ ਫ਼ਾਰਮੇਸੀ ਦੇ ਵਿਦਿਆਰਥੀਆਂ ਨੇ ਵਿਧਾਨ ਸਭਾ ਦੇ ਬਾਹਰ ਬਰਫ਼ੀਲੇ ਤੂਫ਼ਾਨ ਦੌਰਾਨ ਰੋਸ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸ਼ਨ ਦੌਰਾਨ ਆਪਣਾ ਸਫ਼ੇਦ ਰੰਗ ਦਾ ਲੈਬ ਕੋਟ ਪਹਿਨ ਕੇ ਪਹੁੰਚੀ ਫ਼ਾਰਮਾਸਿਸਟ ਰੀਟਾ ਲਾਇਸਟਰ ਨੇ ਕਿਹਾ ਕਿ ਰੋਸ ਪ੍ਰਦਰਸ਼ਨ ਕਰ ਕੇ ਅਸੀਂ ਸੂਬਾ ਸਰਕਾਰ ਨੂੰ ਇਹ ਸੰਦੇਸ਼ ਦੇਣਾ ਚਾਹੁੰਦੇ ਹਾਂ ਕਿ ਜੈਨੇਰਿਕ ਦਵਾਈਆਂ ਦੀਆਂ ਕੀਮਤਾਂ ਵਿਚ ਕਟੌਤੀ ਕਰਨ ਨਾਲ ਫ਼ਾਰਮਾਸਿਸਟਾਂ ਤੇ ਉਨ੍ਹਾਂ ਦੇ ਮਰੀਜ਼ਾਂ ਉਪਰ ਮਾੜਾ ਅਸਰ ਪਵੇਗਾ। ਪ੍ਰਦਰਸ਼ਨਕਾਰੀਆਂ ਨੇ ਬਰਫ਼ ਨਾਲ ਭਰੇ ਵਿਧਾਨ ਸਭਾ ਦੇ ਮੈਦਾਨ ਉਪਰ ਇਕ ਸੁਰ ਹੋ ਕੇ ਨਾਅਰੇ ਲਾਉਣੇ ਸ਼ੁਰੂ ਕੀਤੇ 'ਮਰੀਜ਼ਾਂ ਦੀ ਦੇਖਭਾਲ ਸਭ ਤੋਂ ਅਹਿਮ।' ਕਈ ਪ੍ਰਦਰਸ਼ਨਕਾਰੀਆਂ ਨੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਉਪਰ ਲਿਖਿਆ ਸੀ, 'ਸਾਡੀ ਸਹਾਇਤਾ ਅਲਬਰਟਾ ਵਾਸੀਆਂ ਦੀ ਸਹਾਇਤਾ'। ਅਲਬਰਟਾ ਫ਼ਾਰਮੇਸੀ ਸਟੂਡੈਂਟਸ ਐਸੋਸੀਏਸ਼ਨ ਦੀ ਪ੍ਰਧਾਨ ਤੇ ਰੈਲੀ ਦੀ ਪ੍ਰਬੰਧਕ ਲੌਰਾ ਕੋਲਮੈਨ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਮਸਲੇ ਦਾ ਸਾਰਥਕ ਹੱਲ ਗੱਲਬਾਤ ਰਾਹੀਂ ਕਰਨਾ ਚਾਹੀਦਾ ਹੈ। ਉਸ ਨੇ ਕਿਹਾ ਕਿ ਸਰਕਾਰ ਵਲੋਂ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਕਾਰਨ ਫ਼ਾਰਮੇਸੀ ਕਰਨ ਵਾਲੇ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ ਹੋ ਜਾਵੇਗਾ। ਦੱਸਣਯੋਗ ਹੈ ਕਿ ਸਰਕਾਰ ਨੇ ਜੈਨੇਰਿਕ ਦਵਾਈਆਂ ਦੀਆਂ ਕੀਮਤਾਂ ਘੱਟ ਕਰਨ ਦੀ ਯੋਜਨਾ ਬਣਾਈ ਹੈ। ਵਰਣਨਯੋਗ ਹੈ ਕਿ ਬਹੁਤ ਸਾਰੇ ਫ਼ਾਰਮਾਸਿਸਟ ਖਾਸ ਪ੍ਰਬੰਧ ਕਰ ਕੇ ਪੈਸਾ ਕਮਾਉਂਦੇ ਹਨ, ਜਦੋਂ ਉਹ ਦਵਾਈਆਂ ਸਪਲਾਈ ਕਰਨ ਵਾਲੀਆਂ ਕੰਪਨੀਆਂ ਨਾਲ ਸੌਦਾ ਕਰਦੇ ਹਨ। ਜੇਕਰ ਉਹ ਜ਼ਿਆਦਾ ਦਵਾਈਆਂ ਖਰੀਦਦੇ ਹਨ ਤਾਂ ਸਪਲਾਇਰ ਉਨ੍ਹਾਂ ਵਲੋਂ ਖਰੀਦ ਕੀਤੀਆਂ ਦਵਾਈਆਂ ਦੀ ਰਾਸ਼ੀ ਦਾ 40-50 ਫ਼ੀਸਦੀ ਵਾਪਸ ਕਰ ਦਿੰਦੇ ਹਨ ਪਰ ਹੁਣ ਸਰਕਾਰ ਨੇ ਦਵਾਈਆਂ ਦੀਆਂ ਕੀਮਤਾਂ ਘਟਾ ਦਿੱਤੀਆਂ ਹਨ, ਜਿਸ ਨਾਲ ਹੁਣ ਸਪਲਾਇਰ ਫ਼ਾਰਮਾਸਿਸਟਾਂ ਨੂੰ ਇਸ ਤਰ੍ਹਾਂ ਦੀਆਂ ਆਫ਼ਰਾਂ ਨਹੀਂ ਦੇ ਸਕਣਗੇ। ਫ਼ਾਰਮਾਸਿਸਟਾਂ ਦਾ ਕਹਿਣਾ ਹੈ ਕਿ ਦਵਾਈਆਂ ਦੀਆਂ ਕੀਮਤਾਂ ਘੱਟਣ ਨਾਲ ਉਨ੍ਹਾਂ ਦੀ ਆਮਦਨੀ ਘਟੇਗੀ, ਜਿਸ ਦਾ ਅਸਰ ਮਰੀਜ਼ਾਂ ਉਪਰ ਪਵੇਗਾ ਕਿਉਂਕਿ ਫ਼ਾਰਮਾਸਿਸਟਾਂ ਨੂੰ ਆਪਣੇ ਕਾਰੋਬਾਰ ਬੰਦ ਕਰਨ ਲਈ ਮਜਬੂਰ ਹੋਣਾ ਪਵੇਗਾ ਜਾਂ ਸਟਾਫ਼ ਘੱਟ ਕਰਨ ਤੇ ਉਨ੍ਹਾਂ ਦੇ ਕੰਮ ਦਾ ਸਮਾਂ ਘਟਾਉਣਾ ਪਵੇਗਾ।

Emergency Service 24x7
Free Estimate with Treatment
GOLDEN ARROW PEST CONTROL INC.

CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਗ਼ਦਰ ਲਹਿਰ ਦਾ ਭਗਤ ਸਿੰਘ 'ਤੇ ਪ੍ਰਭਾਵ' ਵਿਸ਼ੇ 'ਤੇ ਸੈਮੀਨਾਰ












*ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਅੰਦੋਲਨ ਸਹੀ ਮਾਅਨਿਆਂ ਵਿਚ ਭਾਰਤ ਦੀ ਆਜ਼ਾਦੀ ਦਾ ਕ੍ਰਾਂਤੀਕਾਰੀ ਸੰਘਰਸ਼ ਸੀ। ਉਨ੍ਹਾਂ ਲਈ ਇਸ ਅੰਦੋਲਨ ਦਾ ਧਰਮ ਨਿਰਪੱਖ ਤੱਤ ਬਹੁਕੀਮਤੀ ਸੀ, ਖਾਸ ਤੌਰ 'ਤੇ ਇਸ ਕਰ ਕੇ ਕਿਉਂਕਿ ਉਸ ਵੇਲੇ ਆਜ਼ਾਦੀ ਲਈ ਸੰਘਰਸ਼ ਕਰ ਰਹੇ ਹੋਰ ਕਈ ਗਰੁੱਪ ਧਰਮ ਤੇ ਰਹੱਸਵਾਦ ਵੱਲ ਝੁਕੇ ਹੋਏ ਸਨ।*

ਐਡਮਿੰਟਨ (ਨਦਬ) ਭਗਤ ਸਿੰਘ ਭਾਰਤ ਦੇ ਪਹਿਲੇ ਕ੍ਰਾਂਤੀਕਾਰੀਆਂ ਵਿਚੋਂ ਇਕ ਸੀ, ਜਿਸ ਨੇ ਆਪਣੇ ਮੁਲਕ ਲਈ ਸਮਤਾਵਾਦੀ ਰਸਤਾ ਅਖ਼ਤਿਆਰ ਕੀਤਾ ਸੀ। ਉਸ ਦੀਆਂ ਆਪਣੀਆਂ ਲਿਖਤਾਂ, ਸਿਆਸੀ ਕਾਰਕੁੰਨ ਵਜੋਂ ਉਹਦਾ ਸਫ਼ਰ, ਉਹਦੇ ਸਮਕਾਲੀਆਂ ਦੀਆਂ ਯਾਦਾਂ ਰਾਹੀਂ ਅਤੇ ਬਾਅਦ ਦੇ ਅਧਿਐਨਾਂ ਤੋਂ ਪਤਾ ਲਗਦਾ ਹੈ ਕਿ ਨਿਸਚਤ ਤੌਰ 'ਤੇ ਵਿਚਾਰਾਧਾਰਾ ਦੀ ਖੋਜ ਲਈ ਉਹ ਜਮਹੂਰੀਅਤ, ਸਮਾਜਵਾਦ ਤੇ ਧਰਮ ਨਿਰਪੱਖ ਪਰੰਪਰਾ ਦਾ ਪੋਸ਼ਣ ਕਰ ਰਿਹਾ ਸੀ।

ਸ਼ਹੀਦ ਭਗਤ ਸਿੰਘ ਭਾਰਤ ਦੀ ਆਜ਼ਾਦੀ ਲਹਿਰ ਦਾ ਪ੍ਰਤੀਕ ਸੀ, ਜਿਸ ਨੇ 23 ਮਾਰਚ 1931 ਨੂੰ ਲਾਹੌਰ ਕੇਂਦਰੀ ਜੇਲ੍ਹ ਵਿਚ ਰਾਜਗੁਰੂ ਤੇ ਸੁਖਦੇਵ ਨਾਲ ਸ਼ਹਾਦਤ ਪਾਈ ਸੀ। ਉਹ ਤੇ ਉਸ ਦੇ ਸਾਥੀ ਆਜ਼ਾਦੀ ਦੇ ਨਾਇਕ ਸਨ ਅਤੇ ਉਨ੍ਹਾਂ ਆਪਣੇ ਮਹਾਨ ਬਲੀਦਾਨ ਰਾਹੀਂ ਦੇਸ਼ ਵਿਚ ਹਲਚਲ ਪੈਦਾ ਕਰ ਦਿੱਤੀ ਸੀ। ਰਾਸ਼ਟਰ ਦੀ ਇਹ ਸਰਗਰਮੀ ਹੀ ਉਨ੍ਹਾਂ ਦਾ ਇਕਮਾਤਰ ਉਦੇਸ਼ ਸੀ। ਲਗਭਗ 1928 ਦੇ ਅੰਤ ਤਕ ਜਦੋਂ ਉਹ ਮਾਰਕਸਵਾਦੀ ਵਿਚਾਰਧਾਰਾ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਦੋਂ ਉਹ ਵੱਖ ਵੱਖ ਗ਼ੈਰ-ਮਾਰਕਸਵਾਦੀ ਚਿੰਤਕਾਂ ਦੇ ਵਿਚਾਰਾਂ ਅਤੇ ਸੁਝਾਵਾਂ ਨੂੰ ਇਕਜੁੱਟ ਕਰਨ ਦਾ ਯਤਨ ਵੀ ਕਰਦਾ ਹੈ। ਉਸ ਨੇ ਮਾਰਕਸ, ਏਂਗਲਸ, ਲੈਨਿਨ ਅਤੇ ਟਰੋਟਸਕੀ ਨੂੰ ਪੜ੍ਹਿਆ ਤੇ ਨਾਲ ਦੀ ਨਾਲ ਹੋਰ ਵੀ ਬਹੁਤ ਸਾਰਾ ਸਾਹਿਤ ਪੜ੍ਹਿਆ ਜੋ ਉਸਨੂੰ ਆਰਥਿਕਤਾ, ਕਾਨੂੰਨ ਤੇ ਨਿਆਂ, ਰਾਸ਼ਟਰ ਤੇ ਸਿਆਸਤ, ਜਮਹੂਰੀਅਤ, ਧਰਮ, ਹੋਰ ਵਿਚਾਰਧਾਰਾਵਾਂ ਅਤੇ ਸਾਹਿਤ ਵਰਗੇ ਵੱਖ ਵੱਖ ਮੁੱਦਿਆਂ 'ਤੇ ਆਪਣੀ ਸਮਝ ਪੁਖ਼ਤਾ ਕਰਨ ਵਿਚ ਸਹਾਈ ਹੋਇਆ। ਇਥੋਂ ਤਕ ਕਿ ਜੇਲ੍ਹ ਵਿਚ ਆਪਣੀ ਜ਼ਿੰਦਗੀ ਦੇ ਆਖ਼ਰੀ ਪਲਾਂ ਤਕ ਸਾਮੰਤੀ ਤੇ ਪੂੰਜੀਵਾਦੀ ਪ੍ਰਣਾਲੀਆਂ ਸਮੇਤ ਵਰਗ ਸਮਾਜਾਂ ਪ੍ਰਤੀ ਉਹਦੀ ਆਲੋਚਨਾਤਮਕ ਸੋਚ ਪਰਪੱਕ ਹੋ ਜਾਂਦੀ ਹੈ। ਦੁਨੀਆ ਭਰ ਵਿਚ ਬੈਠੇ ਭਾਰਤੀ ਇਸ ਵਰ੍ਹਾ ਗ਼ਦਰ ਅੰਦੋਲਨ (1913-2013) ਦੀ ਸ਼ਾਨਦਾਰ ਸ਼ਤਾਬਦੀ ਵਜੋਂ ਮਨਾ ਰਹੇ ਹਨ ਜਿਸ ਤਹਿਤ ਸੈਮੀਨਾਰ, ਕਵੀ ਦਰਬਾਰ ਤੇ ਨਾਟਕ ਮੇਲੇ ਕਰਵਾਏ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਗ਼ਦਰ ਲਹਿਰ ਦੀ ਅਮੀਰ ਵਿਰਾਸਤ ਨੂੰ ਉਭਾਰਿਆ ਜਾ ਰਿਹਾ ਹੈ ਜੋ ਸਮਾਜਕ ਨਿਆਂ ਅਤੇ ਬਰਾਬਰੀ ਨਾਲ ਸਿਆਸੀ ਆਜ਼ਾਦੀ ਦੀਆਂ ਕਦਰਾਂ-ਕੀਮਤਾਂ ਦੀ ਪੁਸ਼ਟੀ ਕਰਦਾ ਹੈ। ਇਸੇ ਸੰਦਰਭ ਵਿਚ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਦੀ ਯਾਦ ਵਿਚ 'ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ' ਵਲੋਂ 30 ਮਾਰਚ ਨੂੰ ਮਹਾਰਾਜਾ ਬੈਂਕੇਟ ਹਾਲ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਵਿਸ਼ਾ 'ਗ਼ਦਰ ਲਹਿਰ ਦਾ ਭਗਤ ਸਿੰਘ 'ਤੇ ਪ੍ਰਭਾਵ' ਸੀ। ਇਸ ਵਿਸ਼ੇ 'ਤੇ ਵਿਚਾਰ ਪੇਸ਼ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਦੇ ਸਾਬਕਾ ਮੁਖੀ ਅਤੇ ਪੰਜਾਬੀ ਸਾਹਿਤ ਦੇ ਵਿਦਵਾਨ ਪ੍ਰੋ. ਤੇਜਵੰਤ ਸਿੰਘ ਗਿੱਲ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ। ਜਦਕਿ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਤੇਜਵੰਤ ਸਿੰਘ ਗਿੱਲ, ਪ੍ਰੋ. ਰਾਜ ਪੰਨੂ, ਡਾ. ਪੀ.ਆਰ. ਕਾਲੀਆ, ਦਲਬੀਰ ਸਾਂਗੀਆਣ, ਬਖ਼ਸ਼ ਸੰਘਾ ਅਤੇ ਪ੍ਰੋ. ਹਰਭਜਨ ਸਿੰਘ ਸ਼ਾਮਲ ਸਨ

ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪ੍ਰੋ. ਗਿੱਲ ਨੇ ਕਿਹਾ, ''ਭਗਤ ਸਿੰਘ ਨੇ ਵੱਖ-ਵੱਖ ਪੱਧਰਾਂ ਉਤੇ ਵੱਖਰੇ-ਵੱਖਰੇ ਢੰਗਾਂ ਰਾਹੀਂ ਗ਼ਦਰ ਦਾ ਪ੍ਰਭਾਵ ਕਬੂਲਿਆ। ਅਜਿਹਾ ਕਰਦੇ ਸਮੇਂ ਉਹ ਪੂਰੀ ਤਰ੍ਹਾਂ ਸੁਚੇਤ ਅਤੇ ਦ੍ਰਿੜ ਸੀ ਕਿ ਉਹ ਗ਼ਦਰੀਆਂ ਦੀ ਮਹਿਜ਼ ਨਕਲ ਹੀ ਨਾ ਕਰੇ। ਸਪਸ਼ਟ ਤੌਰ 'ਤੇ ਉਹ ਇਨ੍ਹਾਂ ਵਿਚੋਂ ਕੁਝ ਦੀ ਪ੍ਰਸੰਸਾ ਕਰਦਾ ਸੀ, ਸਭ ਤੋਂ ਵੱਧ ਕਰਤਾਰ ਸਿੰਘ ਸਰਾਭਾ ਦੀ, ਜਿਸ ਦੀ ਤਸਵੀਰ ਉਹ ਹਮੇਸ਼ਾ ਆਪਣੇ ਬਟੂਏ ਵਿਚ ਰੱਖਦਾ ਸੀ। ਜਦੋਂ ਗ਼ਦਰ ਪਾਰਟੀ ਨੇ ਬਸਤੀਵਾਦੀ ਹਕੂਮਤ ਖ਼ਿਲਾਫ਼ ਜੰਗ ਵਿੱਢਣ ਦਾ ਸੰਕਲਪ ਲਿਆ, ਤਾਂ ਇਨ੍ਹਾਂ ਗ਼ਦਰੀਆਂ ਵਿਚੋਂ ਪੰਜਾਬ ਪੁੱਜਣ ਵਾਲਾ ਕਰਤਾਰ ਸਿੰਘ ਸਰਾਭਾ ਪਹਿਲਾ ਸ਼ਖ਼ਸ ਸੀ। ਭਗਤ ਸਿੰਘ ਦੀ ਆਪਣੇ ਆਦਰਸ਼ ਵਜੋਂ ਸਰਾਭਾ ਦੀ ਪਸੰਦ ਬੇਹੱਦ ਤਰਕਸੰਗਤ ਸੀ।''

ਉਨ੍ਹਾਂ ਕਿਹਾ ''ਵਿਸ਼ਵੀ ਵਿਚਾਰਾਂ ਤੇ ਭਗਤ ਸਿੰਘ ਦੇ ਵਿਚਾਰਾਂ , ਦੋਵਾਂ ਨੇ ਗ਼ਦਰ ਢਾਂਚੇ ਦੀ ਨਿਰੰਤਰਤਾ ਦੀ ਪ੍ਰਤੀਨਿਧਤਾ ਕੀਤੀ। ਗ਼ਦਰੀ ਕਾਰਵਾਈਆਂ ਕਰਨ ਵਾਲੇ ਸਨ, ਨਾ ਕਿ ਵਿਚਾਰਕ। ਉਹ ਇਕਮਤ ਜਾਂ ਵਿਰੋਧੀ ਸਿਆਸੀ ਵਿਚਾਰਾਂ ਅਤੇ ਤੌਰ-ਤਰੀਕਿਆਂ ਵਿਚਾਲੇ ਸਾਫ਼ ਚੋਣ ਕਰਨ ਦੀ ਮੰਗ ਤੋਂ ਬਿਲਕੁਲ ਵੀ ਪ੍ਰੇਸ਼ਾਨ ਨਹੀਂ ਸਨ। ਪਰ ਦੂਜੇ ਪਾਸੇ ਭਗਤ ਸਿੰਘ ਵਿਚਾਰਕ ਤੌਰ 'ਤੇ ਤਰਕਸ਼ੀਲਤਾ ਨੂੰ ਪ੍ਰਣਾਇਆ ਹੋਇਆ ਸੀ। ਭਗਤ ਸਿੰਘ ਵਿਚਾਰਕ ਪੱਧਰ 'ਤੇ ਕਾਲਪਨਿਕ ਸਮਾਜਵਾਦੀ ਵਿਚਾਰਾਂ ਤੋਂ ਵਿਗਿਆਨਕ ਸਮਾਜਵਾਦ ਵੱਲ, ਰੁਮਾਂਚਕ ਕਰਾਂਤੀਕਾਰੀ ਰਾਸ਼ਟਰਵਾਦੀ ਵਿਚਾਰਾਂ ਤੋਂ ਮਾਰਕਸ ਤੇ ਲੈਨਿਨ ਦੇ ਵਿਚਾਰਾਂ ਵੱਲ ਅਤੇ ਅਰਾਜਕਤਾਵਾਦੀ ਤੇ ਦਹਿਸ਼ਤਵਾਦੀ ਵਿਚਾਰਧਾਰਾ ਤੋਂ ਨਿਖੜ ਕੇ ਜਨ ਸੰਘਰਸ਼ ਲਈ, ਮਜ਼ਦੂਰਾਂ ਤੇ ਕਿਸਾਨਾਂ ਨੂੰ ਜਥੇਬੰਦ ਕਰਨ ਲਈ ਸੁਚੇਤ ਤੌਰ 'ਤੇ ਯਤਨਸ਼ੀਲ ਸੀ। ਉਹ ਮਜ਼ਦੂਰਾਂ ਅਤੇ ਕਿਸਾਨਾਂ ਸਮੇਤ ਵੱਡੀ ਗਿਣਤੀ ਵਿਚ ਲੋਕਾਂ ਨੂੰ ਜਾਗਰੂਕ ਕਰਨ ਲਈ ਗਾਂਧੀਵਾਦੀ ਸੰਘਰਸ਼ ਦੇ ਯੋਗਦਾਨ ਨੂੰ ਵੀ ਮਾਨਤਾ ਦਿੰਦਾ ਸੀ, ਜਦਕਿ ਉਨ੍ਹਾਂ ਦੀ ਅਹਿੰਸਾਵਾਦੀ ਸੋਚ ਨੂੰ ਰੱਦ ਕਰਦਾ ਸੀ। ਉਹਦੇ ਲਈ ਆਪਣੇ ਆਦਰਸ਼ ਕਰਤਾਰ ਸਿੰਘ ਸਰਾਭਾ ਦਾ ਕਰਾਂਤੀਕਾਰੀ ਰਾਸ਼ਟਰਵਾਦ ਦਾ ਜਾਦੂ ਹਮੇਸ਼ਾ ਬਣਿਆ ਰਿਹਾ।''

ਆਪਣੀਆਂ ਤਰਜੀਹਾਂ ਤੈਅ ਕਰਨ ਵਿਚ ਭਗਤ ਸਿੰਘ ਦ੍ਰਿੜਤਾ ਨਾਲ ਮਹਿਸੂਸ ਕਰਦਾ ਸੀ ਕਿ ਕੌਮੀ ਅਤੇ ਕੌਮਾਂਤਰੀ ਘਟਨਾਵਾਂ ਸਥਿਤੀ ਵਿਚ ਹੈਰਾਨੀਜਨਕ ਤਬਦੀਲੀਆਂ ਲਿਆ ਸਕਦੀਆਂ ਹਨ। ਜਲ੍ਹਿਆਂਵਾਲਾ ਬਾਗ਼ ਕਤਲੇਆਮ ਪੰਜਾਬ ਵਿਚ ਬਰਤਾਨਵੀ ਹਕੂਮਤ ਖ਼ਿਲਾਫ਼ ਵਿਆਪਕ ਵਿਦਰੋਹ ਦਾ ਕਾਰਨ ਬਣਿਆ ਸੀ। ਬੱਬਰ ਅਕਾਲੀ ਲਹਿਰ ਨੇ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਪ੍ਰੇਰਿਆ। ਗੁਰਦੁਆਰਾ ਲਹਿਰ ਨੇ ਪੇਂਡੂ ਲੋਕਾਂ ਨੂੰ ਡਰ ਵਿਚੋਂ ਬਾਹਰ ਨਿਕਲਣ ਲਈ ਜਾਗਰੂਕ ਕੀਤਾ ਜੋ ਡੂੰਘਾਈ ਤਕ ਉਨ੍ਹਾਂ ਦੇ ਮਨਾਂ ਵਿਚ ਵਸਿਆ ਹੋਇਆ ਸੀ। ਕਈ ਤਤਕਾਲੀਨ ਗ਼ਦਰੀ ਹਾਲੇ ਤਕ ਵੱਖਰੇ ਵੱਖਰੇ ਕਾਰਨਾਂ ਕਰ ਕੇ ਸਰਗਰਮ ਹੋ ਚੁੱਕੇ ਸਨ।''

ਸ਼੍ਰੀ ਗਿੱਲ ਨੇ ਅੱਗੇ ਕਿਹਾ ਕਿ ''ਭਗਤ ਸਿੰਘ ਦੇ ਬੇਚੈਨ ਮਨ ਨੂੰ ਇਹ ਲੱਗ ਰਿਹਾ ਸੀ ਕਿ ਗਾਂਧੀਵਾਦੀ ਸਿਆਸਤ ਕੋਈ ਹੱਲ ਨਹੀਂ ਹੈ ਸੀ ਹਾਲਾਂਕਿ ਉਸ ਦਾ ਆਪਣਾ ਪਿਤਾ ਇਸ ਪ੍ਰਤੀ ਨਰਮ ਰਵੱਈਆ ਰੱਖਦਾ ਸੀ। ਗ਼ਦਰੀਆਂ ਨੇ ਜੋ ਰਣਨੀਤੀ ਅਪਣਾਈ ਸੀ, ਉਹ ਵੀ ਸਫਲ ਨਹੀਂ ਸੀ ਹੋ ਸਕਦੀ। ਸੋ, ਵੱਖਰੇ ਕਿਸਮ ਦੀ ਰਣਨੀਤੀ, ਜੋ ਵਧੇਰੇ ਸਰਲ ਅਤੇ ਸ਼ਾਨਦਾਰ ਸੀ, ਨੂੰ ਤਿਆਰ ਅਤੇ ਵਿਕਸਤ ਕੀਤਾ ਗਿਆ। ਉਸ ਦਾ ਬੇਚੈਨ ਤੇ ਸਾਹਸੀ ਮਨ 19ਵੀਂ ਸਦੀ ਦੇ ਅੱਧ ਵਿਚ ਸਰਗਰਮ ਅਰਾਜਕਤਾਵਾਦੀ-ਸਹਿ-ਨਾਈਲਿਸਟ ਵਿਚਾਰਕਾਂ ਦੀਆਂ ਲਿਖਤਾਂ ਵਿਚਲੀ ਰਣਨੀਤੀ ਦੇ ਸਿਧਾਂਤਕ ਰੂਪ ਨੂੰ ਡੀਕੋਡ ਕਰਦਾ ਹੈ। ਬੈਕੂਨਿਨ ਦੀਆਂ ਲਿਖਤਾਂ ਤੋਂ ਭਗਤ ਸਿੰਘ ਮੰਤਰ ਮੁਗਧ ਹੋ ਜਾਂਦਾ ਸੀ। ਜਦੋਂ ਲਾਲਾ ਹਰਿਦਿਆਲ ਗ਼ਦਰ ਦੇ ਅਹਿਮ ਸਮਰਥਕ ਸਨ, ਤਾਂ ਉਹ ਵੀ ਉਨ੍ਹਾਂ ਦੀਆਂ ਲਿਖਤਾਂ ਪ੍ਰਤੀ ਆਕਰਸ਼ਤ ਹੋ ਜਾਂਦਾ ਸੀ।''ਉਹਨਾਂ ਕਿਹਾ ਕਿ ''ਵਿਹਾਰਕ ਤੌਰ 'ਤੇ ਉਹ ਆਈਰਿਸ਼ ਦੇਸ਼ ਭਗਤਾਂ ਦੀਆਂ ਗਤੀਵਿਧੀਆਂ ਤੋਂ ਵੀ ਪ੍ਰਭਾਵਤ ਹੁੰਦਾ ਸੀ, ਜੋ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਸਨ। ਕਿਰਤੀ ਗ਼ਦਰ ਲਹਿਰ ਦੇ ਸੱਚੇ ਉਤਰਾਧਿਕਾਰੀ ਸਨ। ਭਗਤ ਸਿੰਘ ਉਨ੍ਹਾਂ ਦੇ ਬਹੁਤ ਹੀ ਨੇੜੇ ਹੋ ਗਿਆ ਤੇ ਉਸ ਨੇ 'ਕਿਰਤੀ' ਪੱਤ੍ਰਿਕਾ ਲਈ ਲਿਖਣਾ ਸ਼ੁਰੂ ਕਰ ਦਿੱਤਾ।''






ਡਾ. ਗਿੱਲ ਦੇ ਮੁੱਖ ਭਾਸ਼ਣ ਤੋਂ ਤੁਰੰਤ ਬਾਅਦ ਪ੍ਰੋ. ਰਾਜ ਪੰਨੂ ਨੇ ਖਾਸ ਤੌਰ 'ਤੇ ਨੌਜਵਾਨਾਂ ਨੂੰ ਅੰਗਰੇਜ਼ੀ ਵਿਚ ਸੰਬੋਧਨ ਕਰਦਿਆਂ ਗ਼ਦਰ ਲਹਿਰ ਦੇ ਸਮਾਜਕ-ਰਾਜਸੀ ਪਿਛੋਕੜ ਬਾਰੇ ਦੱਸਿਆ। ਉਨ੍ਹਾਂ ਨੇ ਉਸ ਸੱਚ ਬਾਰੇ ਖੁਲਾਸਾ ਕੀਤਾ ਕਿ ਭਾਰਤੀ ਪਰਵਾਸੀਆਂ ਨੂੰ, ਜੋ ਬਾਅਦ ਵਿਚ 20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਵਿਦਰੋਹ ਦੇ ਯਤਨਾਂ ਦੇ ਮੁੱਖ ਆਧਾਰ ਬਣੇ, ਉਨ੍ਹਾਂ ਨੇ ਉਸ ਵੇਲੇ ਇਹ ਨਹੀਂ ਦੇਖਿਆ ਕਿ ਜਿਨ੍ਹਾਂ ਆਰਥਕ ਤੰਗੀਆਂ ਦਾ ਉਹ ਸਾਹਮਣਾ ਕਰ ਰਹੇ ਹਨ, ਉਸ ਦਾ ਸਬੰਧ ਬਰਤਾਨਵੀ ਬਸਤੀਵਾਦੀ ਨੀਤੀਆਂ ਨਾਲ ਹੈ। ਪਰ ਇਤਿਹਾਸਕ ਸੰਦਰਭ ਅਤੇ ਵਿਹਾਰ ਨੇ ਉਨ੍ਹਾਂ ਨੂੰ ਇਹ ਮਹਿਸੂਸ ਕਰਵਾਇਆ ਕਿ ਉਨ੍ਹਾਂ ਨੂੰ ਗ਼ੁਲਾਮ ਬਣਾਇਆ ਗਿਆ ਹੈ। ਇਨ੍ਹਾਂ ਹਾਲਤਾਂ ਵਿਚ ਹੀ ਗ਼ਦਰ ਪਾਰਟੀ ਹੋਂਦ ਵਿਚ ਆਈ। ਪ੍ਰੋਗਰਾਮ ਦੇ ਸ਼ੁਰੂਆਤ ਵਿਚ ਬਹਿਸ ਦੇ ਵਿਸ਼ੇ 'ਤੇ ਚਾਨਣਾ ਪਾਉਂਦਿਆਂ ਡਾ. ਪੀ.ਆਰ. ਕਾਲੀਆ ਨੇ ਕਿਹਾ, ''ਭਗਤ ਸਿੰਘ ਦੀ ਸਮਾਜਕ-ਰਾਜਸੀ ਸੋਚ ਨੂੰ ਆਕਾਰ ਦੇਣ ਲਈ ਕਈ ਕਾਰਕਾਂ ਨੇ ਯੋਗਦਾਨ ਪਾਇਆ। ਸਭ ਤੋਂ ਪਹਿਲਾਂ ਉਸ ਦਾ ਪਰਿਵਾਰਕ ਮਾਹੌਲ, ਫੇਰ ਗ਼ਦਰ ਲਹਿਰ ਤੇ ਫੇਰ ਮਹਾਤਮਾ ਗਾਂਧੀ ਵਲੋਂ ਗ਼ੈਰ-ਮਿਲਵਰਤਣ ਲਹਿਰ (1920-22) ਦਾ ਅਚਾਨਕ ਮੁਲਤਵੀ ਕਰਨਾ, ਜਿਸ ਨੇ ਭਾਰਤ ਦੇ ਨੌਜਵਾਨਾਂ ਨੂੰ ਨਿਰਾਸ਼ ਕਰ ਦਿੱਤਾ ਸੀ। ਇਨ੍ਹਾਂ ਹਾਲਤਾਂ ਵਿਚ ਭਗਤ ਸਿੰਘ ਧਰਮ ਤੇ ਸਮਾਜ, ਨਾਸਤਿਕਤਾ, ਧਰਮ ਨਿਰਪੱਖਤਾ ਅਤੇ ਵੱਖ ਵੱਖ ਸਮਾਜਕ-ਰਾਜਸੀ ਮੁੱਦਿਆਂ ਦੀ ਜਟਿਲਤਾ ਨੂੰ ਸਮਝਣ ਦਾ ਯਤਨ ਕਰਦਾ ਹੈ। ਉਨ੍ਹਾਂ ਦੀਆਂ ਲਿਖਤਾਂ ਅਤੇ ਤਸੱਲੀਬਖ਼ਸ਼ ਕੰਮ 'ਤੇ ਨੇੜਿਓਂ ਝਾਤ ਮਾਰਿਆਂ ਪਤਾ ਚੱਲਦਾ ਹੈ ਕਿ ਕੱਟੜਪੰਥੀ ਸਾਹਿਤ ਦਾ ਗੰਭੀਰ ਵਿਦਿਆਰਥੀ ਹੋਣ ਦੇ ਨਾਤੇ ਭਗਤ ਸਿੰਘ ਸਮਾਜਕ-ਰਾਜਸੀ ਵਿਸ਼ਿਆਂ 'ਤੇ ਚੰਗੀਆਂ ਕਿਤਾਬਾਂ ਅਤੇ ਕਿਤਾਬਚੇ ਪੜ੍ਹਦਾ ਸੀ, ਜੋ ਖਾਸ ਤੌਰ 'ਤੇ ਸਰਦਾਰ ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦ ਤੇ ਲਾਲਾ ਹਰਿਦਿਆਲ ਵਲੋਂ ਲਿਖੀਆਂ ਹੁੰਦੀਆਂ ਸਨ। ਲਾਲਾ ਹਰਿਦਿਆਲ ਗ਼ਦਰ ਪਾਰਟੀ ਦੇ ਬਾਨੀਆਂ ਵਿਚ ਇਕ ਵਜੋਂ ਜਾਣੇ ਜਾਂਦੇ ਸਨ। ਭਾਰਤ ਵਿਚ ਉਹ ਇਕੱਲੇ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਕਾਰਲ ਮਾਰਕਸ 'ਤੇ ਵਿਸਥਾਰ ਵਿਚ ਲੇਖ (ਕਾਰਲ ਮਾਰਕਸ: ਏ ਮਾਡਰਨ ਰਿਸ਼ੀ ਇਨ ਮਾਡਰਨ ਰਿਵਿਊ, ਮਾਰਚ 1912 ਵਿਚ ਪ੍ਰਕਾਸ਼ਤ) ਲਿਖਿਆ ਸੀ। ਇਨ੍ਹਾਂ ਸਾਰੀਆਂ ਲਿਖਤਾਂ ਤੋਂ ਭਗਤ ਸਿੰਘ ਨੇ ਜਮਹੂਰੀਅਤ, ਸਮਾਜਵਾਦ ਤੇ ਬੁੱਧਵਾਦ ਦੇ ਵਿਚਾਰ ਗ੍ਰਹਿਣ ਕੀਤੇ, ਜਿਨ੍ਹਾਂ ਨੇ ਅਸਲ ਵਿਚ ਉਸ ਦੀ ਰਾਜਸੀ ਤੇ ਸਮਾਜਕ ਦਾਰਸ਼ਨਿਕਤਾ ਦਾ ਸਿਧਾਂਤ ਬਣਾਇਆ। ਇਸ ਪ੍ਰਕਿਰਿਆ ਰਾਹੀਂ ਉਸ ਨੇ ਆਪਣੇ ਆਦਰਸ਼ਵਾਦੀ ਸੰਸਾਰ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਨੂੰ ਸਮਾਜ ਦੇ ਸਮਤਾਵਾਦੀ ਦ੍ਰਿਸ਼ਟੀਕੋਣ ਵਿਚ ਵਿਕਸਤ ਕਰਨ ਲਈ ਸਮਰਥ ਬਣਾਉਣ ਦਾ ਯਤਨ ਕੀਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ 'ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਣ ਨੇ ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਮਨਾਉਣ ਲਈ ਸੰਸਥਾ ਵਲੋਂ ਸਾਲ ਭਰ ਤੋਂ ਕੀਤੀ ਜਾ ਰਹੀ ਤਿਆਰੀ ਬਾਰੇ ਵਿਸਥਾਰ ਵਿਚ ਦੱਸਿਆ।

ਇਹ ਪ੍ਰੋਗਰਾਮ ਦੇਖ ਕੇ ਬਹੁਤ ਚੰਗਾ ਲੱਗਾ ਕਿ ਇਸ ਮੁੱਦੇ 'ਤੇ ਪੇਸ਼ ਵੱਖ ਵੱਖ ਵਿਚਾਰਾਂ ਨੇ ਹਾਜ਼ਰ ਲੋਕਾਂ ਨੂੰ ਬਹੁਤ ਪ੍ਰਭਾਵਤ ਕੀਤਾ। ਉਨ੍ਹਾਂ ਦੀ ਗੰਭੀਰਤਾ ਨਾਲ ਸੈਮੀਨਾਰ ਪੂਰੀ ਤਰ੍ਹਾਂ ਸਫਲ ਰਿਹਾ। ਸਰੋਤਿਆਂ ਵਿਚ ਹਾਜ਼ਰ ਨੌਜਵਾਨਾਂ ਨੇ ਅੱਜ ਦੇ ਭਾਰਤ ਅਤੇ ਵਿਦੇਸ਼ਾਂ ਵਿਚ ਭਗਤ ਸਿੰਘ ਦੀ ਸਿਆਸੀ ਵਿਚਾਰਧਾਰਾ ਅਤੇ ਗ਼ਦਰ ਲਹਿਰ ਦੀ ਮਹੱਤਤਾ ਬਾਰੇ ਸਵਾਲ ਕੀਤੇ। ਉਹ ਅੱਜ ਦੇ ਆਲਮੀ ਮੁੱਦਿਆਂ ਖਾਸ ਤੌਰ 'ਤੇ ਸੰਸਾਰ ਭਰ ਵਿਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਦੋ-ਤਿਹਾਈ ਆਬਾਦੀ ਦੀਆਂ ਚਿੰਤਾਵਾਂ ਬਾਰੇ ਜਾਣਨ ਲਈ ਉਤਾਵਲੇ ਨਜ਼ਰ ਆਏ। ਪ੍ਰੋ. ਤੇਜਵੰਤ ਸਿੰਘ ਗਿੱਲ ਨੇ ਖ਼ੂਬਸੂਰਤ ਅੰਦਾਜ਼ ਵਿਚ ਨੌਜਵਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ।

ਇਹ ਪ੍ਰੋਗਰਾਮ ਸੁਰਿੰਦਰ ਦਿਓਲ, ਜੋਗਿੰਦਰ ਰੰਧਾਵਾ, ਲਾਡੀ ਸੂਸ, ਜਸਬੀਰ ਸੰਘਾ ਤੇ ਪਰਮਿੰਦਰ ਧਾਲੀਵਾਲ ਦੀਆਂ ਕਵਿਤਾਵਾਂ ਨਾਲ ਸ਼ੁਰੂ ਹੋਇਆ, ਜੋ ਭਗਤ ਅਤੇ ਉਨ੍ਹਾਂ ਦੇ ਸਾਥੀਆਂ ਦੀ ਵਿਚਾਰਧਾਰਾਂ 'ਤੇ ਕੇਂਦਰਤ ਸਨ।

ਪ੍ਰੋਗਰਾਮ ਨੂੰ ਸਮੇਟਦਿਆਂ ਸਟੇਜ ਸਕੱਤਰ ਗੁਰਸੇਵਕ ਮਾਨ ਨੇ ਗ਼ਦਰੀ ਬਾਬਿਆਂ ਅਤੇ ਭਗਤ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਵਿਚਾਰਧਾਰਾ ਹਾਲੇ ਵੀ ਭਾਰਤ ਦੇ ਸੰਘਰਸ਼ਸ਼ੀਲ ਲੋਕਾਂ ਲਈ ਸ਼ਕਤੀ ਦਾ ਪ੍ਰਤੀਕ ਹੈ। ਇਹ ਅੱਜ ਵੀ ਸਾਮਰਾਜਵਾਦ, ਪੂੰਜੀਵਾਦ, ਸਾਮੰਤਵਾਦ, ਫਿਰਕੂਵਾਦ ਅਤੇ ਜਾਤੀਵਾਦ ਖ਼ਿਲਾਫ਼ ਕਈ ਹੋਰਨਾਂ ਵਿਕਾਸਸ਼ੀਲ ਮੁਲਕਾਂ ਲਈ ਪ੍ਰੇਰਣਾ ਸਰੋਤ ਹਨ। ਇਨ੍ਹਾਂ ਵਿਚਾਰਾਂ ਦੀ ਅੱਜ ਵੀ ਕਿਤੇ ਜ਼ਿਆਦਾ ਮਹੱਤਤਾ ਹੈ। ਉਨ੍ਹਾਂ ਨੇ ਸਾਰੇ ਬੁਲਾਰਿਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਸੰਖੇਪ ਵਿਚ, ਹਾਲਾਂਕਿ ਭਗਤ ਸਿੰਘ ਆਪਣਾ ਰਸਤਾ ਖੁਦ ਤਲਾਸ਼ਣ ਦੀ ਪ੍ਰਕਿਰਿਆ ਵਿਚ ਸੀ, ਜੋ ਉਸ ਦੇ ਜੀਵਨ ਕਾਲ ਦੌਰਾਨ ਆਕਾਰ ਨਾ ਲੈ ਸਕਿਆ ਪਰ ਸਮਾਜਵਾਦ ਪ੍ਰਤੀ ਆਪਣੀ ਤਰਜੀਹ (ਪੈਦਾਵਾਰ ਦੀ ਸਮਾਜਕ ਮਲਕੀਅਤ, ਪੈਦਾਵਾਰ ਦੀ ਕਾਮਾ ਪ੍ਰਬੰਧਨ ਅਤੇ ਬਰਾਬਰਤਾ) ਨੂੰ ਆਪਣੇ ਆਖ਼ਰੀ ਸਮੇਂ ਤਕ ਵੀ ਲਾਗੂ ਕਰਨ ਦੇ ਯਤਨਾਂ ਵਿਚ ਰਿਹਾ। ਉਸ ਦੀ ਪ੍ਰੇਰਨਾ ਦਾ ਮੁੱਖ ਸਰੋਤ ਗ਼ਦਰ ਲਹਿਰ ਤੇ ਮਾਰਕਸਵਾਦ ਸੀ। ਸੋ, ਭਗਤ ਸਿੰਘ ਦੇ ਵਿਚਾਰਾਂ ਦੀ ਭਾਰਤ ਅਤੇ ਖਾਸ ਤੌਰ 'ਤੇ ਵੱਡੇ ਪੱਧਰ 'ਤੇ ਅਵਿਕਸਤ ਮੁਲਕਾਂ ਨੂੰ ਲੋੜ ਹੈ, ਜੋ ਅਮਰੀਕਾ ਦੀਆਂ ਸਾਮਰਾਜਵਾਦ ਦੀਆਂ ਵਧਦੀਆਂ ਨੀਤੀਆਂ ਹੇਠ ਦਰੜੇ ਜਾ ਰਹੇ ਹਨ। ਅੱਜ ਲੱਖਾਂ ਮਜ਼ਦੂਰ, ਕਿਸਾਨ ਤੇ ਮੱਧ ਵਰਗੀ ਜਮਾਤ ਇਨ੍ਹਾਂ ਨਵ-ਉਦਾਰਵਾਦੀ ਨੀਤੀਆਂ ਦੇ ਨਿਸ਼ਾਨੇ 'ਤੇ ਹਨ। ਨਵ-ਬਸਤੀਵਾਦੀ ਨੀਤੀਆਂ ਵਲੋਂ ਸੰਸਾਰ ਪੱਧਰ 'ਤੇ ਆਰਥਕ ਤੇ ਰਾਜਸੀ ਚੁਣੌਤੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ। ਅੱਜ ਹਰ ਤਰ੍ਹਾਂ ਦਾ ਫ਼ਿਰਕੂਵਾਦ ਤੇ ਦਹਿਸ਼ਤੀ ਤਾਕਤਾਂ ਵੱਡੇ ਪੱਧਰ 'ਤੇ ਏਕਤਾ ਅਤੇ ਅਖੰਡਤਾ ਲਈ ਖ਼ਤਰਾ ਬਣੀ ਖੜੀਆਂ ਹਨ। ਅੱਜ ਦੇ ਦੌਰ ਵਿਚ ਅਜਿਹੇ ਸੈਮੀਨਾਰ ਨੌਜਵਾਨ ਪੀੜ੍ਹੀ ਨੂੰ ਸਮਾਜਕ-ਰਾਜਸੀ ਮੁਹਾਂਦਰੇ ਵਿਚ ਸਿੱਖਿਅਤ ਕਰਨ ਲਈ ਬੇਹੱਦ ਲੋੜੀਂਦੇ ਹਨ।

## ਸਫ਼ਾ ਇਕ ਦੀ ਬਾਕੀ

ਨੋਵਰਟੀਜ਼ ਦੀ ਪਟੀਸ਼ਨ ਦਾ ਵਿਰੋਧ ਕਰਨ ਵਾਲੀਆਂ ਦੋ ਭਾਰਤੀ ਦਵਾ-ਉਤਪਾਦਕ ਕੰਪਨੀਆਂ- ਰਨਬੈਕਸੀ ਤੇ ਸਿਪਲਾ ਦੀ ਵਕੀਲ ਪ੍ਰਤਿਭਾ ਸਿੰਘ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ ਸਪਸ਼ਟ ਕਰ ਦਿੱਤਾ ਹੈ ਕਿ ਪੇਟੈਂਟ ਸਿਰਫ ਨਵੀਂ ਖੋਜੀ ਦਵਾਈ 'ਤੇ ਦਿੱਤਾ ਜਾ ਸਕਦਾ ਹੈ, ਪਹਿਲਾਂ ਤੋਂ ਖੋਜੀ ਦਵਾਈ ਦੇ ਸੁਧਰੇ ਜਾਂ ਨਵ-ਸਿਰਜਿਤ ਰੂਪ 'ਤੇ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਵਿਦੇਸ਼ੀ ਕੰਪਨੀਆਂ ਦੀਆਂ ਦਵਾਈਆਂ ਨੂੰ ਨਵੀਆਂ ਖੋਜਾਂ ਦੇ ਆਧਾਰ 'ਤੇ ਪੇਟੈਂਟ ਹਾਸਲ ਹੈ, ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ। ਆਪਣੇ ਫੈਸਲੇ ਵਿਚ ਬੈਂਚ ਨੇ ਕਿਹਾ ਕਿ 'ਇਮੈਟੀਨਿਬ ਮੈਸੀਲੇਟ' ਨੂੰ ਗਲਾਈਵੈਕ ਵਿਚ ਮੁੱਖ ਤੱਤ ਵਜੋਂ ਵਰਤਿਆ ਗਿਆ ਹੈ। ਇਹ ਪਹਿਲਾਂ ਤੋਂ ਜਾਣਿਆ-ਪਛਾਣਿਆ ਤੱਤ ਹੈ ਅਤੇ ਨੋਵਰਟੀਜ਼ ਇਹ ਨਹੀਂ ਕਹਿ ਸਕਦੀ ਹੈ ਕਿ ਇਹ ਤੱਤ ਉਸ ਨੇ ਖੋਜਿਆ ਹੈ। ਨੋਵਰਟੀਜ਼ ਨੇ 2006 ਵਿਚ ਗਲਾਈਵੈਕ ਲਈ ਪੇਟੈਂਟ ਵਾਸਤੇ ਅਰਜ਼ੀ ਦਿੱਤੀ ਸੀ। ਇਸ ਅਰਜ਼ੀ ਨੂੰ ਚੇਨਈ ਸਥਿਤ ਇੰਟਕਚੂਅਲ ਪ੍ਰਾਪਰਟੀ ਐਪੇਲੇਟ ਬੋਰਡ ਨੇ 2009 ਵਿਚ ਰੱਦ ਕਰ ਦਿੱਤਾ। ਇਸ 'ਤੇ ਸਵਿੱਸ ਕੰਪਨੀ ਨੇ ਇਸ ਬੋਰਡ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ। ਸੁਪਰੀਮ ਕੋਰਟ ਵਿਚ ਨੋਵਰਟੀਜ਼ ਦੇ ਦਾਅਵਿਆਂ ਦਾ ਕਈ ਭਾਰਤੀ ਫਾਰਮਾਸਿਊਟੀਕਲ ਕੰਪਨੀਆਂ ਨੇ ਵਿਰੋਧ ਕੀਤਾ।

### ਕੀ ਸੀ ਕਾਨੂੰਨੀ ਲੜਾਈ

* ਨੋਵਰਟੀਜ਼ ਬਲੱਡ ਕੈਂਸਰ ਦੇ ਪੀੜਤਾਂ ਲਈ ਗਲਾਈਵੈਕ ਨਾਮੀ ਦਵਾਈ ਤਿਆਰ ਕਰਦੀ ਹੈ ਜੋ ਕਿ ਇਮੈਟੀਨਿਬ ਮੈਸੀਲੇਟ ਨਾਮੀ ਤੱਤ 'ਤੇ ਆਧਾਰਤ ਹੈ।
* ਕੰਪਨੀ ਦਾ ਦਾਅਵਾ ਸੀ ਕਿ ਇਹ ਦਵਾਈ ਉਸ ਦੀ ਖੋਜ ਸੀ। ਇਸ ਲਈ ਇਸ ਦਾ ਪੇਟੈਂਟ ਉਸ ਨੂੰ ਮਿਲਣਾ ਚਾਹੀਦਾ ਹੈ ਅਤੇ ਉਸ ਦੀ ਸਹਿਮਤੀ ਤੋਂ ਬਿਨਾਂ ਕੋਈ ਹੋਰ ਕੰਪਨੀ ਭਾਰਤ ਵਿਚ ਇਹ ਦਵਾਈ ਤਿਆਰ ਨਹੀਂ ਕਰ ਸਕਦੀ।
* ਇਸ ਦਾਅਵੇ ਨੂੰ ਸੁਪਰੀਮ ਕੋਰਟ ਨੇ ਅਸਵੀਕਾਰ ਕੀਤਾ। ਸਰਵ-ਉੱਚ ਅਦਾਲਤ ਦਾ ਕਹਿਣਾ ਸੀ ਕਿ ਪੇਟੈਂਟ ਤਦੋਂ ਬਣਦਾ ਸੀ, ਜੇਕਰ 'ਇਮੈਟੀਨਿਬ ਮੈਸੀਲੇਟ' ਦੀ ਖੋਜ ਨੋਵਰਟੀਜ਼ ਨੇ ਕੀਤੀ ਹੁੰਦੀ। ਪਰ ਇਹ ਤੱਤ ਤਾਂ ਬਹੁਤ ਪਹਿਲਾਂ ਖੋਜਿਆ ਜਾ ਚੁੱਕਾ ਸੀ ਅਤੇ ਕਈ ਦਵਾਈਆਂ ਵਿਚ ਵਰਤਿਆ ਜਾ ਰਿਹਾ ਸੀ।

# ਸੀਨੀਅਰ ਸੈਂਟਰ ਨੇ ਆਪਣਾ 30ਵਾਂ ਸਥਾਪਨਾ ਦਿਵਸ ਮਨਾਇਆ

### ਸੂਬਾ ਸਰਕਾਰ ਵੱਲੋਂ 35100 ਡਾਲਰ ਦੀ ਗ੍ਰਾਂਟ




ਐਡਮਿੰਟਨ (ਨਦਬ) ਐਡਮਿੰਟਨ ਦੀ ਮਿੱਲਵੁਡ ਰਿਟਾਇਰਡ ਤੇ ਸੈਮੀ ਰਿਟਾਇਰਡ ਸੁਸਾਇਟੀ ਆਫ ਅਲਬਰਟਾ ਵੱਲੋਂ ਆਪਣਾ 30 ਸਥਾਪਨਾ ਦਿਵਸ ਮਨਾਇਆ ਗਿਆ ਜਿਸ ਵਿਚ ਅਲਬਰਟਾ ਸਰਕਾਰ ਦੇ ਤਿੰਨ ਪੰਜਾਬੀ ਐਮ.ਐਲ.ਏ. ਪੀਟਰ ਸੰਧੂ,ਨਰੇਸ਼ ਭਾਰਦਵਾਜ, ਸੁਹੇਲ ਕਾਦਰੀ, ਕੌਂਸਲਰ ਅਮਰਜੀਤ ਸੋਹੀ ਪਹੁੰਚੇ ਹੋਏ ਸਨ। ਇਸ ਪ੍ਰੋਗਰਾਮ ਵਿਚ ਲਾਡੀ ਸੂਸਾਂ ਵਾਲਾ, ਰਣਜੀਤ ਸਿੰਘ ਖਹਿਰਾ, ਮਹਿੰਦਰ ਸਿੰਘ ਭੂਲਰ, ਜਰਨੈਲ ਕੌਰ ਧਾਲੀਵਾਲ, ਦਿਆਲ ਸਿੰਘ ਨੇ ਗੀਤ, ਕਵਿਤਾਵਾਂ ਪੇਸ਼ ਕੀਤੀਆਂ ਅਤੇ ਭਗਤ ਸਿੰਘ ਨੂੰ ਸ਼ਰਧਾਂਜਲੀਆਂ ਵੀ ਭੇਟ ਕੀਤੀਆਂ ਗਈਆਂ। ਇਸ ਵਿਚ ਪੰਜਾਬੀ ਕਲਚਰਲ ਐਸੋਸੀਏਸ਼ਨ ਤੋਂ ਬਖਸ਼ ਸੰਘਾ, ਗੁਰਚਰਨ ਬਰਾੜ, ਗੁਰਦੇਵ ਸਿੰਘ ਬੈਂਸ ਵਕੀਲ, ਰੰਜੀਵ ਭੱਲਾ ਵਕੀਲ, ਹੈਰੀ ਗਰੇਵਾਲ, ਡਾ.ਮਿਰਜਾ, ਹਰਚੰਦ ਸਿੰਘ ਗਰੇਵਾਲ, ਬਲਬੀਰ ਸਿੰਘ ਚਾਨਾ, ਪਰਮਜੀਤ ਸਿੰਘ ਉੱਭੀ, ਸ਼ੀਤਲ ਸਿੰਘ ਨੰਨੂਆਂ, ਕਸ਼ਮੀਰ ਸਿੰਘ ਗਿੱਲ, ਬਲਜਿੰਦਰ ਸਿੰਘ ਗਿੱਲ, ਜੋਰਾ ਸਿੰਘ ਝੱਜ, ਦਲਬੀਰ ਸਗਿਆਂਲ, ਮੇਵਾ ਸਿੰਘ ਬਿਲਾਸਪੁਰ, ਮੱਘਰ ਸਿੰਘ ਉੱਭੀ, ਏਸ਼ੀਅਨ ਟ੍ਰਿਬਿਊਨ ਤੋਂ ਯਸ ਸ਼ਰਮਾ, ਜਗਦੀਸ਼ ਸਿੰਘ ਤੁਲੀ, ਜਰਨੈਲ ਸਿੰਘ ਬਸੋਤਾ ਪਹੁੰਚੇ ਹੋਏ ਸਨ। ਤਿੰਨਾਂ ਪੰਜਾਬੀ ਵਿਧਾਇਕਾਂ ਨੇ ਸਰਕਾਰ ਵੱਲੋਂ 35100 ਡਾਲਰ ਦੀ ਗ੍ਰਾਂਟ ਰਾਸ਼ੀ ਸੁਸਾਇਟੀ ਦੇ ਪ੍ਰਧਾਨ ਨਿਰਮਲ ਸਿੰਘ ਵੜੈਚ, ਜੋਰਾ ਸਿੰਘ ਝੱਜ ਵਾਈਸ ਪ੍ਰਧਾਨ ਨੂੰ ਸੌਂਪੀ ਗਈ ਸੀ। ਇੱਕ ਗੱਲ ਦੀ ਸਮਝ ਨਹੀਂ ਆਈ ਕਿ ਸਰਕਾਰ ਕੋਲ ਡਾਕਟਰਾਂ, ਨਰਸਾਂ, ਟੀਚਰਾਂ, ਵਿਦਿਆਰਥੀਆਂ, ਸਰਕਾਰੀ ਮੁਲਾਜ਼ਮਾਂ, ਸਕੂਲਾਂ, ਸਿਹਤ ਮਹਿਕਮੇ, ਬਜ਼ੁਰਗਾਂ ਨੂੰ ਸੰਭਾਲਣ ਵਾਲਿਆਂ ਲਈ ਤਾਂ 2013 ਦੇ ਬੱਜਟ ਵਿਚ ਪੈਸੇ ਨਹੀਂ ਹਨ ਤੇ ਕਟੌਤੀਆਂ ਕਰਨ ਕਰ ਕੇ ਲਗਾਤਾਰ ਧਰਨੇ ਮੁਜ਼ਾਹਰੇ ਹੋ ਰਹੇ ਹਨ ਪਰ ਇਨ੍ਹਾਂ ਸੁਸਾਇਟੀਆਂ ਲਈ ਪਤਾ ਨਹੀਂ ਪੈਸਾ ਕਿੱਥੋਂ ਆ ਰਿਹਾ ਹੈ? ਕਿਤੇ ਇਹ ਪੰਜਾਬ ਵਾਗੂੰ ਵੋਟਾਂ ਇਕੱਠੀਆਂ ਕਰਨ ਦਾ ਸੰਟਟ ਤਾਂ ਨਹੀਂ ਹੈ?

## VAISAKHI NAGAR KIRTAN COMMITTEE, EDMONTON

Gurdwara Millwoods - Gurdwara Siri Guru Singh Sabha – Siri Guru Nanak Sikh Gurdwara of Alberta

ਅਲਬਰਟਾ ਨਿਵਾਸੀ ਸਾਧ ਸੰਗਤ ਜੀ:

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਖ਼ਾਲਸੇ ਦਾ ਸਿਰਜਨਾ ਦਿਵਸ ਮਨਾਉਣ ਲਈ ਐਡਮਿੰਟਨ ਸ਼ਹਿਰ ਵਿਖੇ ਵੈਸਾਖੀ ਨਗਰ ਕੀਰਤਨ ਦਾ ਪ੍ਰਬੰਧ ਐਤਵਾਰ, 19 ਮਈ 2013 ਨੂੰ ਉਤਸ਼ਾਹ, ਸ਼ਰਧਾ, ਅਤੇ ਸਤਿਕਾਰ ਸਹਿਤ ਕੀਤਾ ਜਾ ਰਿਹਾ ਹੈ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਸ ਮਹਾਨ ਦਿਹਾੜੇ ਤੇ ਪਰਵਾਰ ਸਮੇਤ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਜੀ। ਇਸ ਸਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਸਿਰੀ ਗੁਰੂ ਸਿੰਘ ਸਭਾ ਤੋਂ ਬਾਅਦ ਦੁਪਹਿਰ 12:30 ਵਜੇ ਅਰੰਭ ਹੋਵੇਗਾ, ਅਤੇ ਵੱਡੀ ਸਟੇਜ ਗੁਰਦੁਆਰਾ ਮਿੱਲਵੁਡਜ਼ ਸਾਹਿਬ ਵਿਖੇ ਸਜਾਈ ਜਾਵੇਗੀ। ਨਗਰ ਕੀਰਤਨ ਦੀ ਸਮਾਪਤੀ ਦੀ ਅਰਦਾਸ ਸ਼ਾਮ 5 ਬਜੇ ਗੁਰਦੁਆਰਾ ਸਾਹਿਬ ਸਿਰੀ ਗੁਰੂ ਸਿੰਘ ਸਭਾ ਵਾਪਿਸ ਪੁਹੰਚਣ ਤੇ ਹੋਵੇਗੀ। ਇਸ ਸਾਰੇ ਮਹਾਨ ਕਾਰਜ ਲਈ ਸਾਨੂੰ ਵਾਲੰਟੀਅਰ ਸੇਵਾਦਾਰਾਂ ਦੀ ਲੋੜ ਹੈ। ਜੋ ਵੀ ਸੱਜਨ ਸੇਵਾ ਵਿੱਚ ਹਿੱਸਾ ਪਾਉਣ ਲਈ ਸਮਾਂ ਕੱਢ ਸਕਦੇ ਹਨ ਉਹ ਨਗਰ ਕੀਰਤਨ ਕਮੇਟੀ ਨਾਲ ਸੰਪਰਕ ਕਰਨ ਜੀ।

ਖ਼ਾਲਸੇ ਦੇ ਸਾਜਨਾਂ ਦਿਵਸ ਦੇ ਸਬੰਧ ਵਿੱਚ ਹੀ ਸਨਿੱਚਰਵਾਰ 13 ਅਪ੍ਰੈਲ, 2013 ਨੂੰ ਗੁਰਦੁਆਰਾ ਮਿੱਲਵੁਡਜ਼ ਸਾਹਿਬ 5 ਬਜੇ ਅੰਮ੍ਰਿਤ ਵੇਲੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸਿੱਖ ਨੂੰ ਜੀਵਨ ਵਿੱਚ ਅਨੁਸ਼ਾਸਣ ਲਿਆਉਣ ਲਈ, ਸ਼ਬਦ-ਨਾਮ ਦੀ ਦੀਖਿਆ ਲੈ ਕੇ ਜੀਵਨ ਯਾਤਰਾ ਸਫ਼ਲ ਕਰਨ ਲਈ, ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਣ ਲਈ, ਅਤੇ ਸੰਤ-ਸਿਪਾਹੀ ਦੇ ਆਦ੍ਰਸ਼ਿਕ ਜੀਵਨ ਵੱਲ ਤੁਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਜ਼ਰੂਰੀ ਹੈ। ਅੰਮ੍ਰਿਤ ਅਭਿਲਾਖ਼ੀਆਂ ਪਾਸ ਬੇਨਤੀ ਹੈ ਕਿ ਆਪਣੇ ਨਾਮ ਛੇਤੀ ਤੋਂ ਛੇਤੀ ਕਿਸੇ ਵੀ ਲੋਕਲ ਗੁਰਦੁਆਰਾ ਸਾਹਿਬ ਦੀ ਕਮੇਟੀ ਪਾਸ ਦੇਣ ਦੀ ਕ੍ਰਿਪਾਲਤਾ ਕਰਨੀ ਜੀ। ਲੋੜੀਂਦੇ ਕਕਾਰ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।




VAISAKHI NAGAR KIRTAN COMMITTEE
Edmonton, Alberta
Email: nagarkirtanedmonton@gmail.com

| | |
|---|---|
| Gurdwara Millwoods | Tel: (780) 450-3844 |
| Gurdwara Siri Guru Singh Sabha | Tel: (780) 462-7454 |
| Siri Guru Nanak Sikh Gurdwara | Tel: (780)-451-4519 |

ਸੰਗਤਾਂ ਦੇ ਦਾਸ

ਗੁਰਚਰਨ ਸਿੰਘ ਸੰਘਾ
(ਸਕੱਤਰ)
ਫੋਨ: (780) 462-0292

ਪਾਲ ਸਿੰਘ ਪੁਰੇਵਾਲ
(ਚੇਅਰਮੈਨ)
ਫੋਨ: (780) 463-2306

ਕੌਮਾਂਤਰੀ ਪੰਜਾਬੀ ਇਲਮ (ਰਜਿ:) ILAM

'ਹੁਣ' ਦੇ ਬਾਨੀ ਸੰਪਾਦਕ, ਕਵੀ ਅਵਤਾਰ ਜੰਡਿਆਲਵੀ ਦੀ ਯਾਦ ਵਿਚ
ਕੌਮਾਂਤਰੀ ਪੰਜਾਬੀ ਇਲਮ (ਰਜਿ:) ਵੱਲੋਂ
ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਪੰਜਾਬ ਦੇ ਸਹਿਯੋਗ ਨਾਲ
ਪਿੰਡ ਜੰਡਿਆਲਾ ਵਿਖੇ
ਗ਼ਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ

## ਪੰਜਾਬ ਨੂੰ ਕੀ ਹੋ ਰਿਹੈ?

ਵਿਸ਼ੇ ਉੱਪਰ ਵਿਚਾਰ ਚਰਚਾ ਅਤੇ

## ਸੂਬਾ ਪੱਧਰੀ ਕਵੀ ਦਰਬਾਰ

**ਪ੍ਰੋਗਰਾਮ**

ਮਿਤੀ : ਮਿਤੀ 28 ਅਪਰੈਲ 2013 ਦਿਨ ਐਤਵਾਰ
ਸਮਾਂ : ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ
ਸਥਾਨ : ਪ੍ਰੀਤ ਪੈਲੇਸ, ਜਲੰਧਰ ਰੋਡ, ਜੰਡਿਆਲਾ

**ਪਹਿਲਾ ਸ਼ੈਸ਼ਨ : 10.00 ਵਜੇ ਤੋਂ 12.00 ਵਜੇ ਤੱਕ**

ਮੁੱਖ ਮਹਿਮਾਨ : **ਡਾ. ਰਵੇਲ ਸਿੰਘ,** ਸਕੱਤਰ, ਪੰਜਾਬੀ ਅਕਾਦਮੀ, ਦਿੱਲੀ
ਪ੍ਰਧਾਨਗੀ : **ਸ਼੍ਰੀਮਤੀ ਰਘਵੀਰ ਕੌਰ,** ਜ.ਸਕੱਤਰ, ਦੇਸ ਭਗਤ ਯਾਦਗਾਰ ਕਮੇਟੀ
ਪ੍ਰਧਾਨਗੀ ਮੰਡਲ : ਡਾ. ਦੀਪਕ ਮਨਮੋਹਨ ਸਿੰਘ, ਬਲਦੇਵ ਸਿੰਘ ਸੜਕਨਾਮਾ, ਡਾ. ਸੁਖਦੇਵ ਸਿੰਘ ਸਿਰਸਾ, ਕੁਲਵੰਤ ਸਿੰਘ ਸੰਧੂ, ਡਾ. ਕਰਮਜੀਤ ਸਿੰਘ, ਡਾ. ਨਵਜੀਤ ਜੌਹਲ, ਤਲਵਿੰਦਰ ਸਿੰਘ, ਜਸਵਿੰਦਰ ਢੇਸੀ
ਮੁੱਖ ਭਾਸ਼ਣ : **ਸਾਥੀ ਮੰਗਤ ਰਾਮ ਪਾਸਲਾ** (ਟਰੱਸਟੀ, ਦੇਸ ਭਗਤ ਯਾਦਗਾਰ ਕਮੇਟੀ)
ਚਰਚਾ : ਹਾਜ਼ਰ ਵਿਦਵਾਨ

ਇਸ ਮੌਕੇ ਸਾਹਿਤਕ ਰਸਾਲਾ 'ਹੁਣ' ਦਾ 24ਵਾਂ ਅੰਕ ਲੋਕ-ਅਰਪਣ ਕੀਤਾ ਜਾਵੇਗਾ

**ਦੂਸਰਾ ਸ਼ੈਸ਼ਨ : 12.00 ਵਜੇ ਤੋਂ 2.00 ਵਜੇ ਤੱਕ**

ਮੁੱਖ ਮਹਿਮਾਨ : ਪਦਮਸ਼੍ਰੀ ਸੁਰਜੀਤ ਪਾਤਰ
ਪ੍ਰਧਾਨਗੀ : ਸ਼੍ਰੀ ਹਰਭਜਨ ਸਿੰਘ ਹੁੰਦਲ
ਪ੍ਰਧਾਨਗੀ ਮੰਡਲ : ਪ੍ਰੋ. ਅਨੂਪ ਵਿਰਕ, ਜਸਵਿੰਦਰ (ਰੋਪੜ), ਡਾ. ਲਖਵਿੰਦਰ ਜੌਹਲ, ਡਾ. ਬਰਜਿੰਦਰ ਚੌਹਾਨ, ਸੁਲੱਖਣ ਸਰਹੱਦੀ
ਪ੍ਰਮੁੱਖ ਕਵੀ : ਸੁਖਵਿੰਦਰ ਅੰਮ੍ਰਿਤ, ਜਸਵੰਤ ਜ਼ਫ਼ਰ, ਜਨਮੇਜਾ ਜੌਹਲ, ਬਲਵਿੰਦਰ ਸੰਧੂ, ਕਵਿੰਦਰ ਚਾਂਦ, ਮੱਖਣ ਕੋਹਾੜ, ਤ੍ਰਿਲੋਚਨ ਲੋਚੀ, ਗਗਨਦੀਪ ਸ਼ਰਮਾ, ਅਨੂ ਬਾਲਾ, ਹਰਵਿੰਦਰ ਭੰਡਾਲ, ਜਗਸੀਰ ਜੀਦਾ

ਉਡੀਕਵਾਨ — ਆਪ ਜੀ ਨੂੰ ਇਸ ਸਮਾਗਮ ਵਿਚ ਪਹੁੰਚਣ ਲਈ ਹਾਰਦਿਕ ਸੱਦਾ ਹੈ ਜੀ।

| | | |
|---|---|---|
| **ਦਰਸ਼ਨ ਬੁੱਟਰ** ਪ੍ਰਧਾਨ | **ਮੱਖਣ ਪੱਲਣ** ਮੁੱਖ ਪ੍ਰਬੰਧਕ | **ਗੋਪਾਲ ਸਿੰਘ ਬੁੱਟਰ** ਕਨਵੀਨਰ-ਜਲੰਧਰ |
| **ਸੁਸ਼ੀਲ ਦੁਸਾਂਝ** ਜਨਰਲ ਸਕੱਤਰ | **ਡਾ. ਜੈਨਿੰਦਰ ਚੌਹਾਨ** ਪ੍ਰੋਗਰਾਮ ਕਨਵੀਨਰ | **ਜਗੀਰ ਸਿੰਘ ਪ੍ਰੀਤ** ਕਨਵੀਨਰ-ਫਿਲੌਰ |

ਸੰਪਰਕ ਨੰ: 98728-23110, 97813-60066, 98720-42538




**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:
**ANJALI AGARWAL** AMP, BA
Senior Mortgage Advisor

TMG

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ **780-934-7217 (Cell)** or Email anjali.agarwal@mortgagegroup.com

# ਲਹਿੰਦਾ ਪੰਜਾਬ

ਲਾਹੌਰਨਾਮਾ

# ਪੰਜਾਬ ਦੀ ਵੰਡ ਲਈ ਉਤਾਵਲੇ ਲੋਕ

ਲੁਚ-ਤੱਲੀਆਂ

ਚਾਚਾ ਖ਼ਾਮਖ਼ਾ

ਮਸ਼ਕੂਕ ਡਿਗਰੀਆਂ ਰੱਖਣ ਵਾਲੇ ਸਾਡੇ ਇਜ਼ਤਦਾਰ ਅਸੰਬਲੀ ਮੈਂਬਰ ਅੱਜ ਕਲ੍ਹ ਏਸ ਮਾਮਲੇ ਬਾਰੇ ਸੋਚ ਵਿਚਾਰ ਫ਼ਰਮਾਵਣਗੇ ਕਿ ਪੰਜਾਬ ਦੀ ਧੌਣ ਉੱਤੇ ਛੁਰੀ ਕਿਵੇਂ ਚਲਾਈ ਜਾਵੇ ਤੇ ਇਹਦੇ ਹਿੱਸੇ ਬਖ਼ਰੇ ਕਿਵੇਂ ਖਾਦੇ ਜਾਵਣ। ਇੰਝ ਉਹ ਸਾਜ਼ਿਸ਼ ਜਿਹੜੀ ਕੋਈ ਚਾਲ੍ਹੀ ਪੰਤਾਲੀ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ' ਉਹਨੂੰ ਅਮਲੀ ਰੂਪ ਦੇਣ ਦਾ ਜਤਨ ਕੀਤਾ ਜਾਵੇਗਾ। ਨੈਸ਼ਨਲ ਅਸੰਬਲੀ ਤੇ ਸੈਨੱਟ ਦੇ ਬਾਅਦ ਇਹਦਾ ਬਿਲ ਪੰਜਾਬ ਅਸੰਬਲੀ ਵਿਚ ਪੇਸ਼ ਹੋਵੇਗਾ ਜਿੱਥੇ ਸਾਡੇ ਪੰਜਾਬੀ ਨੁਮਾਇੰਦੇ ਇਸ ਕੰਮ ਵਿਚ (ਫ਼ਿਲਹਾਲ) ਰੁਕਾਵਟ ਪੈਦਾ ਕਰਨ ਦਾ ਜਤਨ ਕਰਣਗੇ। ਮਸਅਲਾ ਸਾਰਾ ਸਿਆਸੀ ਏ ਜਿਹਦੇ ਪਾਰੋਂ ਵਿਚਾਰਾ ਬੇ-ਕਸੂਰ ਪੰਜਾਬ ਵੱਢ ਟੁੱਕ ਦਾ ਨਿਸ਼ਾਨਾ ਬਣ ਰਿਹਾ ਏ। ਪੰਜਾਬੀ ਜ਼ੁਬਾਨ ਦੇ ਟੋਟੇ ਕਰਕੇ ਇਹਨੂੰ ਕਮਜ਼ੋਰ ਬਣਾਉਣ ਦਾ ਜਤਨ 1962 ਤੋਂ ਸ਼ੁਰੂ ਏ। ਪਹਿਲਾਂ ਮੁਖ਼ਤਲਿਫ਼ ਲਹਿਜਿਆਂ ਨੂੰ 'ਕੱਠਾ ਕਰਕੇ ਇਸ ਗੱਲ ਦੀ ਸ਼ਕਲ ਦਿੱਤੀ ਗਈ ਕਿ ਤੁਸੀਂ ਅਪਣੀ "ਜ਼ੁਬਾਨ" ਨੂੰ ਵੱਖਰਾ ਕਰੋ। ਫਿਰ ਉਹਨੂੰ ਪੰਜਾਬੀ ਦੇ ਮੁਕਾਬਲੇ ਉੱਤੇ ਖਲ੍ਹਾਰ ਕੇ ਸੁਕਣਾਪਾ ਪੈਦਾ ਕੀਤਾ ਗਿਆ ਤੇ ਪੰਜਾਬੀਆਂ ਦੀ ਈ ਤਾਕਤ ਪੰਜਾਬੀ ਦੀ ਮੁਖ਼ਾਲਫ਼ਤ ਉੱਤੇ ਖ਼ਰਚ ਹੋਣ ਲੱਗੀ। ਸੁਕਣਾਪਾ ਇਹ ਨਹੀਂ ਸੀ ਕਿ ਸਾਨੂੰ ਹੱਕ ਦਿਓ' ਮੁਤਾਲਬਾ ਇਹ ਸੀ ਕਿ ਪੰਜਾਬੀ ਨੂੰ ਇਥੋਂ ਕੱਢੋ। ਤੇ ਪੰਜਾਬੀ ਵਿਚਾਰੀ ਹੈ ਕਿੱਥੇ ਸੀ ਕਿ ਉਥੋਂ ਕੱਢੀ ਜਾਂਦੀ?

ਫਿਰ ਕੁਰਪਟ ਲੋਕਾਂ ਦਾ ਦੌਰ ਆਇਆ। ਅਪਣੀ ਸਾਰੀ ਲੁੱਟ-ਮਾਰ' ਖਾਣ ਪੀਣ ਤੇ ਲੋਕਾਂ ਦੀਆਂ ਮਹਿਰੂਮੀਆਂ ਦਾ ਸਾਰਾ ਮਲਬਾ ਉਹਨਾਂ ਨੇ 'ਤਖ਼ਤ ਲਾਹੌਰ' ਉੱਤੇ ਪਾ ਦਿੱਤਾ। "ਤੁਸੀਂ ਗ਼ਰੀਬ ਇਸ ਲਈ ਓ ਕਿ ਤਖ਼ਤ ਲਾਹੌਰ ਤੁਹਾਡੇ ਹੱਕ ਖਾ ਗਿਆ ਏ" ਲਾਹੌਰ ਵਿਚਾਰਾ ਤਾਂ ਇਕ ਸ਼ਹਿਰ ਸੀ ਜਿਹਨੇ ਹਰ ਭੁੱਖੇ ਨੂੰ ਰੋਟੀ ਤੇ ਬੇ-ਪੱਤ ਨੂੰ ਇੱਜ਼ਤ ਦੇਣ ਦਾ ਚਾਰਾ ਕੀਤਾ। ਮਾੜੇ ਤਾਂ ਹੁਕਮਰਾਨ ਹੁੰਦੇ ਨੇਂ' ਸ਼ਹਿਰ ਤੇ ਇਮਾਰਤਾਂ ਨਹੀਂ। ਤਖ਼ਤ ਲਾਹੌਰ ਦੇ ਹੁਕਮਰਾਨ ਵੀ ਏਨੇ ਸਿਆਣੇ ਨਹੀਂ ਸਨ ਕਿ ਅਪਣੀ ਜ਼ੁਬਾਨ ਨੂੰ ਈ ਅਪਨਾ ਕੇ ਆਪਣੇ ਆਪ ਨੂੰ ਪੰਜਾਬ ਦਾ ਸਹੀ ਵਾਲੀ-ਵਾਰਿਸ ਸਾਬਤ ਕਰਦੇ। ਉਨ੍ਹਾਂ ਨੇ ਪੰਜਾਬੀ ਬੋਲਣਾ ਵੀ ਅਪਣੀ ਤੌਹੀਨ ਸਮਝਿਆ। ਨਤੀਜਾ ਵਿਚਾਰੇ ਪੰਜਾਬ ਨੇ ਭੁਗਤਿਆ। ਅਚੱਰਜ ਗੱਲ ਏ ਕਿ ਪੰਜਾਬ ਵਿੱਚ ਆਕੇ ਅਕਬਰ ਬੁਗਟੀ ਤੇ ਆਸਿਫ਼ ਜ਼ਰਦਾਰੀ ਵੀ ਪੰਜਾਬੀ ਵਿੱਚ ਤਕਰੀਰ ਕਰ ਗਏ ਪਰ "ਪੰਜਾਬੀ" ਹੁਕਮਰਾਨਾਂ ਨੂੰ ਪੰਜਾਬੀ ਬੋਲਣ ਦੀ ਕਦੀ ਤੌਫ਼ੀਕ ਨਾ ਹੋਈ।

ਨਾਲਾਇਕ ਹੁਕਮਰਾਨਾਂ ਦੀ ਇਹੋ ਉਚੇਚਤਾ ਹੁੰਦੀ ਏ ਕਿ ਅਪਣੀਆਂ ਨਾਲਾਇਕੀਆਂ ਦਾ ਮਲਬਾ ਨਾਨ ਇਸ਼ੂਜ਼ ਵੱਡੇ ਇਸ਼ੂ ਬਣਾਕੇ ਪਾ ਦਿੰਦੇ ਨੇਂ। ਗਿਲਾਨੀ ਸਰਕਾਰ ਨੇ ਵੀ ਇਹੋ ਕੀਤਾ। ਮੁਲਕ ਭਰ ਵਿਚ ਸੈਲਾਬ ਵਾਂਗ ਖਿੱਲਰੀ ਕੁਰੱਪਸ਼ਨ ਦੀ ਬਜਾਏ ਪੰਜਾਬ ਦੀ ਵੰਡ ਦਾ ਛਣਕਣਾ ਲੋਕਾਂ ਨੂੰ ਫੜਾ ਦਿੱਤਾ ਗਿਆ ਕਿ ਵਜਾਂਦੇ ਰਹਿਣ। ਲੋਕ ਵਿਚਾਰੇ ਵੀ ਕਿੱਥੇ' ਪੰਜਾਬ ਦਾ ਆਮ ਬੰਦਾ ਭਾਵੇਂ ਉਤਰ ਦਾ ਹੋਵੇ' ਭਾਵੇਂ ਦੱਖਣ ਦਾ ਤੇ ਭਾਵੇਂ ਵਿਚਕਾਰਲੇ ਪੰਜਾਬ ਦਾ' ਸਦਾ ਤੋਂ ਜਨੌਰਾਂ ਵਰਗਾ ਰਿਹਾ ਏ। ਬੇਅਕਲ' ਬੇਇਲਮ ਤੇ ਜਜ਼ਬਾਤੀ। ਅਪਣੇ ਕੰਨ ਨੂੰ ਹੱਥ ਲਾ ਕੇ ਵੇਖਣ ਦੀ ਬਜਾਏ ਕੁੱਤੇ ਮਗਰ ਨੱਸਣ ਵਾਲਾ।




ਇਹਦੇ ਬਾਵਜੂਦ ਪੰਜਾਬ ਦੀ ਵੰਡ ਦੀ ਗੱਲ ਆਮ ਲੋਕਾਂ ਨੂੰ ਨਹੀਂ ਪੋਹਂਦੀ। ਵੰਡ ਦੇ ਹਵਾਲੇ ਨਾਲ ਜਿੰਨੇ ਵੀ ਜਲੂਸ ਤੇ ਵਿਖਾਲੇ ਕਢਵਾਏ ਗਏ' ਕਿਸੇ ਵਿਚ ਵੀ ਲੋਕਾਂ ਦੀ ਗਿਣਤੀ ਹਜ਼ਾਰਾਂ ਤੇ ਕੀ' ਸੈਂਕੜੇ ਵੀ ਨਹੀ ਸੀ। ਅਲਬੱਤਾ ਫ਼ਸਾਦੀ ਉਰਦੂ ਅਖ਼ਬਾਰਾਂ ਵਿੱਚ ਕਾਫ਼ੀ ਕਾਂ ਰੌਲੀ ਪਵਾਈ ਗਈ। ਉੱਤੋਂ ਲੀਗ ਦੇ ਸਿਆਸੀ ਸੂਝ ਤੋਂ ਵਾਂਝੇ ਵਡੀਆਰਾਂ ਪਾਰੋਂ ਇਨ੍ਹਾਂ ਨੇ ਪੰਜਾਬ ਦੀ ਵੰਡ ਬਾਰੇ ਦੋ ਤਾਂ ਕੀ ਤਿੰਨ ਵੰਡਾਂ ਦੀਆਂ ਕਰਾਰਦਾਦਾਂ ਮਨਜ਼ੂਰ ਕਰਵਾ ਕੇ ਸਾਬਤ ਕਰ ਦਿੱਤਾ ਕਿ ਪੰਜਾਬੀਆਂ ਦੀ ਗ਼ੈਰਤ ਸੁੱਤੀ ਨਹੀਂ ਸਗੋਂ ਮਰ ਚੱਕੀ ਏ।

ਅੱਜ ਪੰਜਾਬੀ ਉਸੇ ਫ਼ਸਲ ਦੀ ਵਾਢੀ ਕਰਨ ਵਾਲੇ ਨੇਂ। ਸਾਜ਼ਿਸ਼ ਮੁਕੰਮਲ ਏ' ਕਾਮਯਾਬ ਹੁੰਦੀ ਏ ਯਾਂ ਨਹੀਂ' ਇਹ ਤੇ ਪੰਜਾਬ ਦੀ ਕਿਸਮਤ ਏ। ਤਵਾਰੀਖ਼ ਤਾਂ ਇਹੋ ਦੱਸਦੀ ਏ ਕਿ ਪੰਜਾਬੀਆਂ ਨੂੰ ਪੰਜਾਬੀ ਅਖਵਾਣ ਉੱਤੇ ਸਦਾ ਤੋਂ ਸ਼ਰਮਿੰਦਗੀ ਮਹਿਸੂਸ ਹੁੰਦੀ ਰਹੀ ਏ। ਇਹ ਛਾਲ ਮਾਰ ਕੇ ਪੰਜਾਬੀਅਤ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲਣ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਨੇਂ।

ਅੱਜ ਪੰਜਾਬ ਦੀ ਪੰਜ ਹਜ਼ਾਰ ਸਾਲ ਪੁਰਾਣੀ ਤਵਾਰੀਖ਼ ਵਿਚ ਕਿਸੇ ਹਸ਼ਰ ਦਿਹਾੜੇ ਵਾਂਗ ਏ। ਇਹੋ ਜਿਹੀ ਤਵਾਰੀਖ਼ 1947 ਦੀ ਵੰਡ ਮਗਰੋਂ ਚੜ੍ਹਦੇ ਪੰਜਾਬ ਵਿੱਚ ਵੀ ਲਿਖੀ ਗਈ ਸੀ ਜਦੋਂ ਪੰਜਾਬ ਨੂੰ ਸਿਆਸੀ ਦੁਸ਼ਮਣੀ ਪਾਰੋਂ ਵੱਢ ਕੇ ਹਰਿਆਣਾ ਤੇ ਹਿਮਾਚਲ ਬਣਾਏ ਗਏ। ਪਰ ਉਸ ਵੱਢ-ਟੁੱਕ ਵਿਚ ਵੀ ਪੰਜਾਬ ਦਾ ਭਲਾ ਇਹ ਹੋਇਆ ਕਿ ਪੰਜਾਬੀ ਸੂਬੇ ਵਿਚ ਪੰਜਾਬੀ ਜ਼ੁਬਾਨ ਘਰ ਦੀ ਰਾਣੀ ਬਣੀ। ਤਾਲੀਮੀ' ਦਫ਼ਤਰੀ ਤੇ ਅਦਾਲਤੀ ਜ਼ੁਬਾਨ ਬਣਕੇ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਨ ਲੱਗੀ। ਇੱਥੇ ਲਹਿੰਦੇ ਪੰਜਾਬ ਵਿੱਚ ਤਾਂ ਇਹ ਵੀ ਹੁੰਦਾ ਨਹੀਂ ਨਜ਼ਰ ਆਉਂਦਾ।

ਜਨੂਬੀ ਪੰਜਾਬ ਵੱਖਰਾ ਸੂਬਾ ਬਣਦਾ ਏ ਯਾਂ ਨਹੀਂ' ਇਹ ਗੱਲ ਅਜੇ ਭਲੱਕ ਦੇ ਅਨ੍ਹੇਰੇ ਵਿਚ ਏ। ਪਰ ਦੋ ਚਾਰ ਹਕੀਕਤਾਂ ਜੋ ਵਿਚਾਰਣ ਵਾਲੀਆਂ ਨੇਂ' ਉਹ ਇਹ ਕਿ ਪੰਜਾਬ ਦੀ ਵੰਡ ਹੋ ਕੇ ਵੀ ਮੋਚੀ ਦਾ ਪੁਤਰ ਮੋਚੀ ਈ ਰਵੇਗਾ। ਮੁਮਕਿਨ ਨਹੀਂ ਕਿ ਨਵੇਂ ਸੂਬੇ ਵਿਚ ਉਹੀ ਗਿਲਾਨੀ, ਲਗ਼ਾਰੀ, ਮਜ਼ਾਰੀ, ਦਸਤੀ ਤੇ ਹੋਰ ਹੁਕਮਰਾਨੀ ਨਾ ਕਰਨ' ਵੱਡੇ ਵਜ਼ੀਰ ਤੇ ਗਵਰਨਰ ਨਾ ਬਣਨ। ਲੋਕਾਂ ਨੂੰ ਅੱਜ ਨਵੇਂ ਸੂਬੇ ਦਾ ਲਾਲਚ ਦੇ ਕੇ ਜਿਹੜੀਆਂ ਦੁਧ ਦੀਆਂ ਨਹਿਰਾਂ ਵਗਾ ਦੇਵਣ ਦੀ ਪੱਟੀ ਪੜ੍ਹਾਈ ਜਾ ਰਹੀ ਏ' ਕਲ੍ਹ ਨੂੰ ਸਾਬਿਤ ਹੋ ਜਾਵੇਗਾ ਕਿ ਇਹ ਪੱਟੀ ਪੜ੍ਹਾਈ ਨਹੀਂ ਗਈ ਸਗੋਂ ਅੱਖਾਂ ਉੱਤੇ ਬੰਨ੍ਹੀ ਗਈ ਸੀ ਜਿਹਦੇ ਪਾਰੋਂ ਲੋਕਾਂ ਨੂੰ ਅੰਨ੍ਹੇ ਕਰਕੇ ਮਨ-ਮਰਜ਼ੀ ਦੇ ਕਸਬ ਕਰ ਲਏ ਗਏ।

ਨਾ ਈ ਇਸ ਗੱਲ ਦਾ ਇਮਕਾਨ ਏ ਕਿ ਜਨੂਬੀ ਪੰਜਾਬ ਵਿੱਚ ਪੰਜਾਬੀ ਦਾ ਕੋਈ ਲਹਿਜਾ ਲਾਗੂ ਹੋ ਜਾਵੇਗਾ। ਅਲਬੱਤਾ ਨਫ਼ਰਤ ਦੀ ਜਿਹੜੀ ਫ਼ਿਜ਼ਾ ਪੈਦਾ ਕੀਤੀ ਜਾ ਰਹੀ ਏ' ਉਹ ਜ਼ਰੂਰ ਕੁੱਝ ਸਾਲ ਬਾਅਦ ਰੰਗ ਲਿਆਵੇਗੀ ਤੇ ਮੁਕਾਮੀ ਤੇ ਗ਼ੈਰ ਮੁਕਾਮੀ ਦੇ ਚੱਕਰ ਵਿੱਚ ਨਸਲੀ ਫ਼ਸਾਦਾਂ ਰਾਹੀਂ ਕਰਾਚੀ ਦੇ ਮੰਜ਼ਰ ਵੇਖਣ ਨੂੰ ਮਿਲਣਗੇ।

ਵਿਚਾਰੇ ਪੰਜਾਬੀ! ਨਾ ਤਾਲੀਮ' ਨਾ ਰੁਜ਼ਗਾਰ' ਘਰੋਂ ਬੇ-ਘੱਰ'ਬੇ-ਜ਼ੁਬਾਨ। ਪਰ ਅਪਣੇ ਸੂਬੇ ਦੀ ਵੰਡ ਨੂੰ ਉਤਾਵਲੇ। ਅੱਜ ਕਿਸੇ ਕੌਮ ਉੱਤੇ ਰੱਬੀ ਅਜ਼ਾਬ ਪੱਥਰ' ਗੱੜੇ' ਜ਼ਲਜ਼ਲੇ ਦੀ ਸੂਰਤ ਵਿਚ ਨਹੀਂ ਆਉਂਦਾ। ਖ਼ੁਦਾ ਸਿਰਫ਼ ਉਸ ਕੌਮ ਤੋਂ ਸੋਚ ਸਮਝ ਕੇ ਫ਼ੈਸਲੇ ਕਰਨ ਦੀ ਸਲਾਹੀਅਤ ਖੋਹ ਲੈਂਦਾ ਏ।

# ਜਨੂੰਨ ਤੇ ਦੀਵਾਨਗੀ ਦੀ ਬਦਤਰੀਨ ਤਸਵੀਰ

ਆਸਿਫ਼ ਰਜ਼ਾ



ਇਹ ਦੋ ਸ਼ਹਿਰਾਂ ਦੀ ਕਹਾਣੀ ਹੈ। ਇਕ ਤਾਂ ਇਸ ਸ਼ਹਿਰ ਲਾਹੌਰ ਦੀ ਜਿਥੇ ਦੇ ਲਿਖਾਰੀਆਂ ਨੇ ਆਪਣੇ ਪੁਰਾਣੇ ਤੇ ਮਸ਼ਹੂਰ ਪਾਕ ਟੀ ਹਾਊਸ ਦਾ ਨਵਾਂ ਜਨਮ ਮਨਾਇਆ ਤੇ ਅਗਲੇ ਦਿਹਾੜੇ ਈ ਇਸ ਸ਼ਹਿਰ ਦੇ ਭੂਤਰੇ ਲੋਕਾਂ ਨੇ ਜਿਹੜੇ ਨਫ਼ਰਤ ਦੇ ਜਜ਼ਬਾਤ ਦੇ ਭਰੇ ਹੋਏ ਸਨ, ਈਸਾਈਆਂ ਦੇ ਇਕ ਮੁਹੱਲੇ ਵਿਚ ਦਰਜਨਾਂ ਮਕਾਨਾਂ ਨੂੰ ਲੂਹ ਦਿਤਾ।

ਪਿਛਲੇ ਦਿਨੀਂ ਲਾਹੌਰ ਜਨੂੰਨ ਤੇ ਦੀਵਾਨਗੀ ਦੀ ਬਦਤਰੀਨ ਤਸਵੀਰ ਪੇਸ਼ ਕਰ ਰਿਹਾ ਸੀ। ਲਾਹੌਰ ਦਾ ਪਾਕ ਟੀ ਹਾਊਸ (ਜੋ 80 ਸਾਲ ਤੋਂ ਚੱਲ ਰਿਹਾ ਸੀ ਤੇ ਫਿਰ 13 ਸਾਲ ਤੋਂ ਉਸ ਨੂੰ ਕਿਸੇ ਠੇਕੇਦਾਰ ਨੇ ਟਾਇਰਾਂ ਦੀ ਦੁਕਾਨ ਬਣਾ ਦਿਤਾ ਤੇ ਸ਼ਾਇਰਾਂ ਸਾਹਿਤਕਾਰਾਂ ਦੇ ਬਹਿਣ ਦੀ ਕੋਈ ਥਾਂ ਨਹੀਂ ਸੀ) ਏਸ ਦੀ ਮੁੜ ਉਸਾਰੀ 'ਤੇ ਲਿਖਾਰੀਆਂ ਨੇ ਜਸ਼ਨ ਮਨਾਇਆ। ਇਸੇ ਸ਼ਹਿਰ ਵਿਚ ਉਨ੍ਹਾਂ ਦਿਨਾਂ 'ਚ ਇਕ ਹੋਣੀ ਹੋਰ ਵਾਪਰੀ, ਇਕ ਫ਼ਿਰਕੇ ਦੇ ਡਾਕਟਰ ਨੂੰ ਉਸ ਦੇ ਬਾਲ ਸਮੇਤ ਮੌਤ ਦੀ ਨੀਂਦਰ ਸਵਾਂ ਦਿਤਾ ਗਿਆ।

ਲਾਹੌਰ ਦੇ ਅਦਬੀ ਸਿਤਾਰੇ ਅਜੇ ਆਪਣੇ ਵੈਟੀਕਨ ਸਿਟੀ ਦੇ ਨਵੇਂ ਜਨਮ ਦੀਆਂ ਖ਼ੁਸ਼ੀਆਂ ਮਨਾਂ ਈ ਰਹੇ ਸਨ ਕਿ ਉਸ ਸਮੇ ਇਕ ਹਜੂਮ ਨੇ ਲਾਹੌਰ ਦੇ ਅਸਲ ਵਾਸੀ ਈਸਾਈ ਮੁਹੱਲੇ 'ਤੇ ਹਮਲਾ ਕਰਕੇ ਉਨ੍ਹਾਂ ਦੇ 200 ਤੋਂ ਵੱਧ ਘੱਰ ਸਾੜ ਸਵਾਹ ਕਰ ਦਿਤੇ।

ਲਾਹੌਰ ਬਦਮਾਮੀ ਬਾਗ਼ ਵਿਚ ਜੋਜ਼ਫ਼ ਕਲੋਨੀ ਦੀ ਈਸਾਈ ਅਬਾਦੀ ਜਾਨ ਬਚਾਣ ਖ਼ਾਤਿਰ ਆਪਣਾ ਨਿੱਕ-ਸੁੱਕ ਛੱਡਕੇ ਭੱਜਣ ਤੇ ਮਜਬੂਰ ਹੋ ਗਈ। ਹਜੂਮ ਨੇ ਪੂਰੀ ਕਲੋਨੀ ਨੂੰ ਤਹਿਸ-ਨਹਿਸ ਕਰ ਦਿਤਾ। ਏਸੇ ਅੱਗ ਦੀਆਂ ਲਪਟਾਂ ਵਿਚ ਖ਼ੌਰੇ ਕਿੰਨੀਆਂ ਧੀਆਂ ਦਾ ਦਾਜ ਵੀ ਆਸਾਂ ਸੱਧਰਾਂ ਸਮੇਤ ਸਵਾਹ ਹੋ ਗਿਆ। ਇਸੇ ਅੱਗ ਵਿਚ ਇਕ ਪੜ੍ਹਿਆਰ (ਵਿਦਿਆਰਥੀ) ਦੇ ਸਾਰੇ ਤਾਲੀਮੀ ਕਾਗ਼ਜ਼ਾਤ ਵੀ ਸੜ ਗਏ ਜਿਸ ਦਾ ਅਗਲੇ ਦਿਨ ਇਮਤਿਹਾਨ ਸੀ। ਇਹ ਸੱਭ ਕੁੱਝ ਇਕ ਧਾਰਮਿਕ ਮੁੱਦੇ ਦੇ ਨਾਂ 'ਤੇ ਕੀਤਾ ਗਿਆ। ਪੰਜਾਬ ਹਕੂਮਤ ਨੇ ਜਾਂਚ ਦਾ ਹੁਕਮ ਦਿੱਤਾ ਜਦ ਕਿ ਪੰਜਾਬ ਦੇ ਵੱਡੇ ਵਜ਼ੀਰ ਸ਼ਹਿਬਾਜ਼ ਸ਼ਰੀਫ਼ ਨੇ ਈਸਾਈਆਂ 'ਤੇ ਹੋਣ ਵਾਲੇ ਜ਼ੁਲਮ ਨੂੰ ਨਿੰਦਿਆ ਵੀ ਤੇ ਉਨ੍ਹਾਂ ਵਾਸਤੇ ਕੁਝ ਉਪਾਅ ਕਰਨ ਦਾ ਸੋਚਿਆ ਵੀ।



ਇਹ 2009 ਦੀ ਗੱਲ ਹੈ ਕਿ ਗੋਜਰਾ (ਜ਼ਿਲ੍ਹਾ ਲਾਇਲਪੁਰ) ਵਿਖੇ ਕੱਟੜਪੰਥੀ ਲੋਕਾਂ ਈਸਾਈਆਂ ਦੇ ਘੱਰ ਸਾੜੇ ਤੇ ਉਨ੍ਹਾਂ 'ਤੇ ਹਮਲੇ ਕੀਤੇ। ਉਸ ਦੰਗੇ ਵਿਚ 9 ਬੇ-ਗੁਨਾਹ ਈਸਾਈ ਜਿਉਂਦੇ ਸਾੜ ਦਿਤੇ ਗਏ ਇਸ ਤੋਂ ਇਲਾਵਾ ਇਕ ਗਿਰਜਾਘਰ ਸਮੇਤ ਕਈ ਮਕਾਨਾਂ ਨੂੰ ਲੂਹ ਦਿਤਾ ਗਿਆ। ਉਸ ਸਮੇਂ ਵੀ ਪੰਜਾਬ ਹਕੂਮਤ ਨੇ ਇਹੋ ਜਿਹਾ ਈ ਐਲਾਨ ਕੀਤਾ ਸੀ ਕਿ ਮਨਾਰਟੀ ਦੀ ਰੱਖਿਆ ਸਟੇਟ ਦੀ ਜ਼ਿੰਮਾਦਾਰੀ ਹੈ । ਹੁਣ ਉਸ ਹੋਣੀ ਨੂੰ ਚਾਰ ਵਰ੍ਹੇ ਬੀਤ ਚੁਕੇ ਨੇਂ ਅਜੇ ਤੱਕ ਕਿਸੇ ਮੁਜਰਮ 'ਤੇ ਗੋਜਰਾ ਦੇ ਦੰਗਿਆਂ ਦੇ ਹਵਾਲੇ ਨਾਲ ਕੋਈ ਮੁਕੱਦਮਾ ਨਹੀਂ ਚਲਿਆ। ਸਗੋਂ ਹਕੂਮਤ ਤਾਂ ਉਸ ਰਿਪੋਰਟ ਨੂੰ ਵੀ ਲੋਕਾਂ ਸਾਹਮਣੇ ਨਹੀਂ ਲਿਆਣਾ ਚਾਹੁੰਦੀ। ਇਸ ਤੋਂ ਬਾਅਦ ਮਨਾਰਟੀ ਦਾ ਇਤਬਾਰ ਸਟੇਟ ਤੋਂ ਇਲਾਵਾ ਅਦਾਲਤਾਂ ਤੋਂ ਵੀ ਮੁਕਦਾ ਗਿਆ।

ਇਹੋ ਜਿਹੀਆਂ ਹਰਕਤਾਂ ਨੂੰ ਏਥੋਂ ਦੀ ਪੁਲਿਸ ਵੀ ਆਪਣਾ ਪੂਰਾ ਜ਼ੋਰ ਲਾਣ ਦੇ ਬਾਵਜੂਦ ਨਹੀਂ ਰੋਕ ਸਕੀ ਇਸ ਦੀ ਬੁਨਿਆਦੀ ਵਜ੍ਹਾ ਕੀ ਏ?

ਪਿਛਲੇ ਦਿਨੀਂ ਸੂਬਾ ਸਿੰਧ ਦੇ ਇਕ ਸ਼ਹਿਰ ਦਾਦੂ ਵਿਚ ਗੁਸਤਾਖ਼ੇ ਰਸੂਲ (ਜਿਸ ਨੇ ਮੁਸਲਮਾਨਾਂ ਦੇ ਆਖ਼ਰੀ ਨਬੀ ਬਾਰੇ ਉਨ੍ਹਾਂ ਦੀ ਸ਼ਾਨ ਵਿਚ ਗੁਸਤਾਖ਼ੀ ਕੀਤੀ ਹੋਵੇ) ਦੇ ਨਾਂ ਤੇ ਇਕ ਡਰਾਮਾ ਰਚਿਆ ਗਿਆ। ਜਦ ਕਿ ਉਹ ਮੁਲਜ਼ਮ (ਮੁਸਲਮਾਨ) ਈ ਸੀ। ਉਸ ਨੂੰ ਥਾਣੇ ਦੀ ਹਵਾਲਾਤ ਤੋਂ ਕੱਢ ਕੇ ਸ਼ਹਿਰ ਦੇ ਚੌਂਕ ਵਿਚ ਜਿਊਂਦਾ ਸਾੜ ਦਿਤਾ ਗਿਆ। ਇਸ ਕਾਨੂਨ ਦੇ ਤਹਿਤ ਹਜ਼ਾਰਾਂ ਬੇ-ਗੁਨਾਹਾਂ ਨਾਲ ਇਹ ਨਿਤ ਦੀ ਵਾਪਰੀ ਹੈ ।

ਲਾਕਾਨੂੰਨੀ ਨੇ ਪਾਕਿਸਤਾਨ ਦੀ ਲੋਕਾਈ ਨੂੰ ਇਕ ਜਨੂੰਨੀ ਹਜੂਮ ਵਿਚ ਬਦਲਕੇ ਰੱਖ ਦਿਤਾ ਹੈ। ਸਿੱਧਾ ਵੇਖੀਏ ਤਾਂ ਲਗਦਾ ਹੈ ਕਿ ਪਾਕਿਸਤਾਨੀ ਸਮਾਜ ਦਾ ਮਜ਼ਲੂਮ ਤਬਕਾ ਹੀ ਅਵਾਮ ਦੇ ਕੱਟੜ ਪੁਣੇ ਤੇ ਜਨੂੰਨ ਦਾ ਨਿਸ਼ਾਨਾ ਬਣ ਰਿਹਾ ਏ ਪਰ ਸੱਚ ਇਹ ਹੈ ਕਿ ਹੁਣ ਕੋਈ ਵੀ ਇਨ੍ਹਾਂ ਜਨੂੰਨੀਆਂ ਤੋਂ ਸੁਰੱਖਿਅਤ ਨਹੀਂ ਭਾਵੇਂ ਉਹ ਮੁਸਲਮਾਨ ਹੋਵੇ ਜਾਂ ਮਨਾਰਟੀ। ਇਹ ਜਨੂੰਨੀ ਲੋਕ ਅੰਨ੍ਹੇ ਵਾਹ ਕਿਸੇ ਗੱਲ ਨੂੰ ਗੋਖੇ ਸਮਝੇ ਜਾਂਚ ਪੜਤਾਲ ਕੀਤੇ ਬਗ਼ੈਰ ਜਜ਼ਬਾਤੀ ਹੋ ਜਾਂਦੇ ਨੇਂ। ਪਿਛਲੇ ਦਿਨੀਂ ਤੇ ਪੰਜਾਬ ਦੇ ਗਵਰਨਰ ਤੱਕ ਨੂੰ ਇਨ੍ਹਾਂ ਜਨੂੰਨੀਆਂ ਦਾ ਨਿਸ਼ਾਨਾ ਬਣਨਾ ਪੈ ਗਿਆ ਤੇ ਉਸ ਦੇ ਆਪਣੇ ਹੀ ਇਕ ਜਾਹਿਲ ਗਾਰਡ ਨੇ ਗੋਲੀਆਂ ਮਾਰ ਦਿਤੀਆਂ। ਹੁਣ ਸਵਾਲ ਇਹ ਉਠਦਾ ਹੈ ਕਿ ਇਸੇ ਹੀ ਸ਼ਹਿਰ ਵਿਚ ਜਿਥੇ ਭਗਤ ਸਿੰਘ ਤੇ ਗੰਗਾ ਰਾਮ ਜਿਹੇ ਜੀਆਂ ਦਾ ਜਨਮ ਦਿਨ ਮਨਾਇਆ ਜਾਂਦਾ ਹੈ ਓਸੇ ਸ਼ਹਿਰ ਇਹ ਜਨੂੰਨੀਅਤ ਦਿਨੋਂ ਦਿਨ ਘਟਣ ਦੀ ਥਾਂ ਵੱਧ ਕਿਉਂ ਰਹੀ ਹੈ।

ਇਸ ਦਾ ਅਸਲ ਜਵਾਬ ਤੇ ਹੁਕਮਰਾਨ ਯਾਂ ਪਾਲਿਸੀ ਮੇਕਰ ਹੀ ਦੇ ਸਕਦੇ ਨੇਂ। ਪਰ ਮੇਰੇ ਗੋਚਰੇ ਇਹ ਸੱਭ ਦੀ ਬੁਨਿਆਦੀ ਵਜ੍ਹਾ ਸਿਰਫ਼ ਤੇ ਸਿਰਫ਼ ਇੱਕੋ ਹੈ। ਇਸ ਦਾ ਤਾਲੀਮੀ ਨਿਜ਼ਾਮ : ਸਾਡੇ ਕੋਰਸ ਦੀਆਂ ਕਿਤਾਬਾਂ ਵਿਚ ਉਹ ਮੁਸਲਿਮ ਧਾੜਵੀ ਜੋ ਇਸ ਪਾਕ ਧਰਤੀ ਨੂੰ ਆਪਣੇ ਪੈਰਾਂ ਥੱਲੇ ਮਧੋਲ ਕੇ ਇਸ ਦੀ ਇੱਜ਼ਤ ਤਾਰ ਤਾਰ ਕਰਦੇ ਰਹੇ ਉਨ੍ਹਾਂ ਨੂੰ ਹੀਰੋ ਬਣਾ ਦਿਤਾ ਗਿਆ। ਅੱਜ ਉਹੀ ਹੀਰਵਾਂ ਦੇ ਮੰਨਣ ਵਾਲੇ ਜਨੂੰਨੀਅਤ ਦੇ ਨਸ਼ੇ ਵਿਚ ਪਾਗਲ ਹੋਈ ਫਿਰਦੇ ਨੇਂ। ਦੂਜਾ ਇਥੋਂ ਦੀਆਂ ਮਸੀਤਾਂ ਨਾਲ ਜੁੜੇ ਮਦਰਸਿਆਂ ਦੀ ਸਿੱਖਿਆ ਈ ਮਜ਼੍ਹਬੀ ਜਨੂੰਨੀਅਤ ਨੂੰ ਜਨਮ ਦਿੰਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਇਨ੍ਹਾਂ ਕੱਟੜਤਾ ਦੀਆਂ ਫ਼ੈਕਟਰੀਆਂ ਨੂੰ ਬੰਦ ਕਰਕੇ ਇਨ੍ਹਾਂ ਦਾ ਕੋਰਸ ਠੀਕ ਕੀਤਾ ਜਾਵੇ ਤੇ ਇਲਮ ਨੂੰ ਜਜ਼ਬਾਤ ਦੀਆਂ ਅੱਖਾਂ ਤੋਂ ਹਟਾ ਕੇ ਹਕੀਕਤ ਦੇ ਰਾਹ 'ਤੇ ਪਾਇਆ ਜਾਵੇ। ਨਹੀਂ ਤੇ ਅੱਜ ਦਾ ਇਹ ਪਾਗਲਪਨ ਸਾਡਾ ਸਾਰਾ ਕੁਝ ਸਾੜ ਕੇ ਸਵਾਹ ਕਰ ਦਵੇਗਾ ਜਿਹੜੀ ਅੱਗ ਅੱਜ ਅਸੀਂ ਮਨਾਰਟੀ ਲਈ ਬਾਲੀ ਹੈ ਕਲ੍ਹ ਨੂੰ ਇਸੇ ਅੱਗ ਨੇ ਸਾਡੇ ਕੀਤੇ ਕਰਾਏ ਨੂੰ ਸਾੜ ਸਵਾਹ ਕਰਨਾ ਹੈ।

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਐਡਵੋਕੇਟ ਜਨਰਲ ਆਫ਼ਿਸ ਵਿਚ ਕੋਟਾ ਲਾਗੂ ਨਾ ਹੋਣ ਨਾਲ ਕਮੇਟੀ ਖ਼ਫ਼ਾ

ਐਡਵੋਕੇਟ ਜਨਰਲ ਪੰਜਾਬ ਦੇ ਕਾਰਜਕਾਲ ਵਿਚ ਭਰਤੀ ਦੇ ਮਾਮਲੇ ਵਿਚ ਰਾਖਵਾਂਕਰਨ ਦੀ ਨੀਤੀ ਲਾਗੂ ਨਾ ਕਰਨ ਦਾ ਵਿਧਾਨ ਸਭਾ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਕਮੇਟੀ ਨੇ ਆਪਣੀ ਰਿਪੋਰਟ ਵਿਚ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦੇ ਰਵੱਈਏ ਪ੍ਰਤੀ ਵੀ ਨਰਾਜ਼ਗੀ ਵੀ ਪ੍ਰਗਟਾਈ ਹੈ। ਅਨੁਸੂਚਿਤ ਜਾਤੀਆਂ 'ਤੇ ਅਧਾਰਤ ਕਮੇਟੀ ਨੇ ਆਪਣੀ 38ਵੀਂ ਰਿਪੋਰਟ ਪੇਸ਼ ਕਰਦੇ ਹੋਏ ਕਿਹਾ ਹੈ ਕਿ ਬੇਸ਼ੱਕ ਐਡਵੋਕੇਟ ਜਨਰਲ ਆਫ਼ਿਸ ਵਿਚ ਕੰਟ੍ਰੈਕਟ ਦੇ ਆਧਾਰ 'ਤੇ ਭਰਤੀ ਹੁੰਦੀ ਹੋਵੇ ਤਾਂ ਵੀ ਰਾਖਵਾਂਕਰਨ ਜ਼ਰੂਰੀ ਹੈ, ਕਿਉਂਕਿ ਉਹ ਸਰਕਾਰੀ ਖਜ਼ਾਨੇ ਵਿਚ ਤਨਖ਼ਾਹ ਲੈਂਦੇ ਹਨ। ਅਜਿਹੇ ਵਿਚ ਕਾਨੂੰਨ ਅਫ਼ਸਰਾਂ ਨੂੰ ਰੱਖਣ ਦੇ ਮਾਮਲੇ ਵਿਚ ਰਾਖਵਾਂਕਰਨ ਜ਼ਰੂਰੀ ਹੈ। ਕਮੇਟੀ ਦੇ ਸਭਾਪਤੀ ਹਰਪ੍ਰੀਤ ਸਿੰਘ ਵਲੋਂ ਵਿਧਾਨ ਸਭਾ ਵਿਚ ਰੱਖੀ ਰਿਪੋਰਟ ਅਨੁਸਾਰ ਵਿਭਾਗੀ ਅਧਿਕਾਰੀ ਇਸ ਗੱਲ ਦਾ ਜਵਾਬ ਨਹੀਂ ਦੇ ਸਕੇ ਕਿ ਜੇਕਰ ਉਹ ਐਕਟ ਅਧੀਨ ਆਉਂਦੇ ਹਨ ਤਾਂ ਸੂਬੇ ਦੀ ਰਾਖਵਾਂਕਰਨ ਨੀਤੀ ਦੇ ਮੁਤਾਬਕ ਭਰਤੀ ਕਿਉਂ ਨਹੀਂ ਕੀਤੀ ਗਈ? ਰਿਪੋਰਟ ਵਿਚ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਵਲੋਂ ਭੇਜੇ ਗਏ ਜਵਾਬ 'ਤੇ ਵੀ ਕਮੇਟੀ ਨੇ ਨਾਰਾਜ਼ਗੀ ਪ੍ਰਗਟਾਈ ਹੈ। ਕਮੇਟੀ ਦੇ ਸਭਾਪਤੀ ਨੇ ਕਿਹਾ ਕਿ ਗ੍ਰਹਿ ਵਿਭਾਗ ਨੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਕਮੇਟੀ ਵਲੋਂ ਮੰਗੀ ਗਈ ਸੂਚਨਾ ਐਡਵੋਕੇਟ ਦੇ ਦਫ਼ਤਰ ਤੋਂ ਹੀ ਮੰਗਵਾ ਕੇ ਕਮੇਟੀ ਦੇ ਸਾਹਮਣੇ ਪੇਸ਼ ਕਰ ਦਿੱਤੀ ਗਈ। ਵਿਭਾਗ ਨੇ ਕਮੇਟੀ ਨੂੰ ਇਸ ਗੱਲ ਦੀ ਵੀ ਜਾਣਕਾਰੀ ਨਹੀਂ ਦਿੱਤੀ ਕਿ ਐਡਵੋਕੇਟ ਜਨਰਲ ਆਫ਼ਿਸ ਵਿਚ ਕਿੰਨੇ ਮੁਲਾਜ਼ਮ ਹਨ? ਕਮੇਟੀ ਨੇ ਕਿਹਾ, ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਰੱਖੇ ਗਏ, ਉਨ੍ਹਾਂ ਕਾਨੂੰਨ ਅਫ਼ਸਰਾਂ ਦਾ ਵੀ ਨੋਟਿਸ ਲਿਆ ਗਿਆ ਹੈ, ਜਿਨ੍ਹਾਂ ਵਿਰੁੱਧ ਕੇਸ ਚੱਲ ਰਹੇ ਹਨ। ਹਾਲਾਂਕਿ ਵਿਭਾਗ ਨੇ ਇਸ ਦੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਵਿਭਾਗੀ ਅਧਿਕਾਰੀਆਂ ਨੇ ਕਿਹਾ ਕਿ ਇਸ ਸਬੰਧੀ ਜਾਣਕਾਰੀ ਕਮੇਟੀ ਨੂੰ ਭੇਜ ਦਿੱਤੀ ਜਾਵੇਗੀ। ਕਮੇਟੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਕਈ ਆਸਾਮੀਆਂ ਨੂੰ ਡੀ-ਰਿਜ਼ਰਵ ਕਰਨ ਦਾ ਸਖ਼ਤ ਨੋਟਿਸ ਲਿਆ ਹੈ। ਕਮੇਟੀ ਨੇ ਜਿਨ੍ਹਾਂ ਕਾਨੂੰਨ ਅਫ਼ਸਰਾਂ ਵਿਰੁੱਧ ਫ਼ੌਜਦਾਰੀ ਮਾਮਲੇ ਚੱਲ ਰਹੇ ਹਨ, ਉਨ੍ਹਾਂ ਨੂੰ ਤੁਰੰਤ ਅਹੁਦੇ ਤੋਂ ਹਟਾਉਣ ਅਤੇ ਜਿਹੜੇ ਕਾਨੂੰਨ ਅਫ਼ਸਰ ਪਿਛਲੇ ਦੋ ਸਾਲਾਂ ਵਿਚ ਅਦਾਲਤਾਂ ਵਿਚ ਪੇਸ਼ ਨਹੀਂ ਹੋਏ, ਉਨ੍ਹਾਂ ਦੀ ਤਨਖ਼ਾਹ ਵਿਚ ਕਟੌਤੀ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਇਸ ਤੋਂ ਇਲਾਵਾ ਕਮੇਟੀ ਨੇ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਰਾਖਵਾਂਕਰਨ ਐਕਟ ਦੇ ਸੈਕਸ਼ਨ 2 ਸੀ ਅਤੇ 7 ਅਨੁਸਾਰ ਐਡਵੋਕੇਟ ਜਨਰਲ ਆਫ਼ਿਸ ਵਿਚ ਰਾਖਵਾਂਕਰਨ ਨੀਤੀ ਲਾਗੂ ਕੀਤੀ ਜਾਵੇ।

## ਪੰਜਾਬ ਦੇ ਵੀ.ਆਈ.ਪੀ. ਸੁਰੱਖਿਆ ਵਧਵਾਉਣੀ ਚਾਹੁੰਦੇ ਹਨ

### ਸੁਰੱਖਿਆ ਦੇ ਮਾਮਲੇ ਵਿਚ ਪੰਜਾਬ ਤੋਂ ਬਾਅਦ ਦਿੱਲੀ



ਸੂਬਿਆਂ ਵਲੋਂ ਵੀ.ਆਈ.ਪੀਜ਼ ਨੂੰ ਦਿੱਤੀ ਜਾਣ ਵਾਲੀ ਸੁਰੱਖਿਆ ਘਟਾਉਣ ਦੇ ਫ਼ੈਸਲੇ ਨਾਲ ਗ੍ਰਹਿ ਮੰਤਰਾਲੇ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਕਿਹਾ ਕਿ ਮੰਤਰਾਲੇ ਵਿਚ ਸੁਰੱਖਿਆ ਦੀ ਮੰਗ ਕਰਨ ਵਾਲਿਆਂ ਦੀਆਂ ਅਰਜ਼ੀਆਂ ਦਾ ਹੜ੍ਹ ਆ ਗਿਆ ਹੈ। ਉਤਰ ਪ੍ਰਦੇਸ਼ ਅਤੇ ਪੰਜਾਬ ਸਰਕਾਰਾਂ ਨੇ ਇਨ੍ਹਾਂ ਦੀ ਸੁਰੱਖਿਆ ਦੀ ਸਮੀਖਿਆ ਕੀਤੀ ਹੈ। ਰਾਜਨੀਤੀ ਅਤੇ ਕਈ ਹੋਰ ਪੇਸ਼ਿਆਂ ਨਾਲ ਜੁੜੇ ਕਈ ਲੋਕਾਂ ਦੀ ਸੁਰੱਖਿਆ ਘਟਾ ਦਿੱਤੀ ਗਈ ਹੈ। ਹੁਣ ਇਹ ਲੋਕ ਸੁਰੱਖਿਆ ਕਵਰ ਦੇਣ ਲਈ ਗ੍ਰਹਿ ਮੰਤਰਾਲੇ ਨਾਲ ਸੰਪਰਕ ਕਰ ਰਹੇ ਹਨ। ਸ਼ਿੰਦੇ ਨੇ ਕਿਹਾ ਕਿ ਮੰਤਰਾਲੇ ਨੇ ਫ਼ਿਲਹਾਲ ਵੀ.ਆਈ.ਪੀ. ਸੁਰੱਖਿਆ ਲੈਣ ਵਾਲਿਆਂ ਦੀ ਗਿਣਤੀ ਨਹੀਂ ਵਧਾਈ। ਅਰਜ਼ੀਆਂ 'ਤੇ ਫ਼ੈਸਲਾ ਕਰਨ ਲਈ ਪਹਿਲਾਂ ਅਰਜ਼ੀਆਂ ਦੇਣ ਵਾਲਿਆਂ 'ਤੇ ਸੰਭਾਵੀ ਖ਼ਤਰੇ ਨੂੰ ਦੇਖਿਆ ਜਾਵੇਗਾ। ਹਾਲ ਹੀ ਵਿਚ ਜ਼ੈੱਡ ਪਲਸ ਸੁਰੱਖਿਆ ਲੈਣ ਵਾਲੇ ਸਿਆਸੀ ਨੇਤਾਵਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਇਨ੍ਹਾਂ ਵਿਚ ਤਿੰਨ ਨਾਮ- ਕੇਂਦਰੀ ਲੋਹਾ ਮੰਤਰੀ ਬੇਨੀ ਪ੍ਰਸ਼ਾਦ ਵਰਮਾ ਅਤੇ ਬਸਪਾ ਸੰਸਦ ਮੈਂਬਰ ਬ੍ਰਜੇਸ਼ ਪਾਠਕ ਦੇ ਹਨ।

ਵੀ.ਆਈ.ਪੀ. ਡਿਊਟੀ 'ਤੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਦੀ ਗਿਣਤੀ ਦੇ ਮਾਮਲੇ ਵਿਚ ਪੰਜਾਬ ਤੋਂ ਬਾਅਦ ਦਿੱਲੀ ਦਾ ਨੰਬਰ ਆਉਂਦਾ ਹੈ। ਬਿਊਰੋ ਆਫ਼ ਪੁਲੀਸ ਰਿਸਰਚ ਐਂਡ ਡਿਵੈਲਪਮੈਂਟ ਦੇ ਅੰਕੜਿਆਂ ਅਨੁਸਾਰ ਦਿੱਲੀ ਵਿਚ ਪ੍ਰਤੀ 253 ਲੋਕਾਂ ਲਈ ਇਕ ਪੁਲੀਸ ਮੁਲਾਜ਼ਮ ਮੌਜੂਦ ਹੈ। ਜਦਕਿ 427 ਵੀ.ਆਈ.ਵੀ. ਲੋਕਾਂ ਨੂੰ ਸੁਰੱਖਿਆ ਦੇਣ ਲਈ 5,183 ਪੁਲੀਸ ਮੁਲਾਜ਼ਮ ਤਾਇਨਾਤ ਹਨ। ਦੇਸ਼ ਭਰ ਵਿਚ 14 ਹਜ਼ਾਰ 842 ਲੋਕਾਂ ਦੀ ਸੁਰੱਖਿਆ ਲਈ 47 ਹਜ਼ਾਰ 557 ਪੁਲੀਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਦਾਖ਼ਲ ਕੀਤੇ ਹਲਫ਼ਨਾਮੇ ਵਿਚ ਕਿਹਾ ਹੈ ਕਿ ਮੌਜੂਦਾ ਵਿੱਤੀ ਸਾਲ ਵਿਚ ਵੀ.ਆਈ.ਪੀ. ਸੁਰੱਖਿਆ ਦਾ ਉਸ ਦਾ ਬਜਟ 341 ਕਰੋੜ ਰੁਪਏ ਹੈ।

## ਨਹੀਂ ਸੁਧਰੇਗੀ ਪੰਜਾਬ ਪੁਲੀਸ



ਤਰਨਤਾਰਨ ਵਿਚ ਚਾਰ ਮਾਰਚ ਨੂੰ ਛੇੜਛਾੜ ਦੀ ਸ਼ਿਕਾਇਤ ਦਰਜ ਕਰਵਾਉਣ ਵਾਲੀ ਲੜਕੀ ਨੂੰ ਪੁਲੀਸ ਮੁਲਾਜ਼ਮਾਂ ਨੇ ਸ਼ਰੇਆਮ ਕੁੱਟਿਆ। ਇਸ ਘਟਨਾ ਦੀ ਵੀਡੀਓ ਟੀ.ਵੀ. ਚੈਨਲਾਂ 'ਤੇ ਜਾਰੀ ਹੋਣ ਤੋਂ ਬਾਅਦ ਇਸ ਦਾ ਸੁਪਰੀਮ ਕੋਰਟ ਨੇ ਨੋਟਿਸ ਲਿਆ। ਆਪਣੀ ਐਨੀ ਆਲੋਚਨਾ ਹੋਣ ਤੋਂ ਬਾਅਦ ਵੀ ਪੰਜਾਬ ਪੁਲੀਸ ਨੇ ਕੋਈ ਸਬਕ ਨਹੀਂ ਸਿੱਖਿਆ। ਬਠਿੰਡਾ ਵਿਚ ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੀਆਂ ਅਨ-ਏਡਡ ਸਕੂਲ ਸਟਾਫ਼ ਦੀਆਂ ਮੈਂਬਰ ਔਰਤਾਂ ਨੂੰ ਪੁਲੀਸ ਘਸੀਟਦੇ ਹੋਏ ਪੁਲੀਸ ਵੈਨ ਵਿਚ ਸੁੱਟ ਕੇ ਥਾਣੇ ਲੈ ਗਈ। ਮਹਿਲਾ ਪੁਲੀਸ ਮੁਲਾਜ਼ਮਾਂ ਨੇ ਮਹਿਲਾ ਅਧਿਆਪਕਾਂ 'ਤੇ ਪੂਰੇ ਬਲ ਦੀ ਵਰਤੋਂ ਕੀਤੀ। ਏਹੀ ਨਹੀਂ ਐਸ.ਐਚ.ਓ. ਜਸਪਾਲ ਸਿੰਘ ਨੇ ਇਕ ਔਰਤ ਦਾ ਹੱਥ ਫੜ ਲਿਆ। ਇਹ ਸਭ ਐਸ.ਐਚ.ਓ. ਕਰਮਜੀਤ ਸਿੰਘ, ਡੀ.ਐਸ.ਪੀ. ਸਿਟੀ ਗੁਰਮੀਤ ਸਿੰਘ ਕਿੰਗਰਾ ਅਤੇ ਡੀ.ਐਸ.ਪੀ. ਸਕਿਊਰਿਟੀ ਦੀ ਮੌਜੂਦਗੀ ਵਿਚ ਹੋਇਆ। ਹਾਲਾਂਕਿ ਬਾਅਦ ਵਿਚ ਡੀ.ਐਸ.ਪੀ. ਕਿੰਗਰਾ ਨੇ ਕਿਹਾ ਕਿ ਇਨ੍ਹਾਂ ਅਧਿਆਪਕਾਵਾਂ ਨੂੰ ਫੜਨ ਲਈ ਮਹਿਲਾ ਪੁਲੀਸ ਤਾਇਨਾਤ ਕੀਤੀ ਗਈ ਸੀ। ਜੇਕਰ ਐਸ.ਐਚ.ਓ. ਜਸਪਾਲ ਸਿੰਘ ਨੇ ਮਹਿਲਾ ਅਧਿਆਪਕਾਵਾਂ ਨੂੰ ਫੜਿਆ ਹੈ ਤਾਂ ਇਸ ਦੀ ਜਾਂਚ ਕਰਵਾਈ ਜਾਵੇਗੀ ਅਤੇ ਦੋਸ਼ੀ ਹੋਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਤੋਂ ਯੂ.ਕੇ. ਅਤੇ ਕਨੇਡਾ ਭੇਜੀ ਜਾਂਦੀ ਹੈ ਡਰੱਗਸ

ਬੀਤੇ ਦਿਨੀਂ ਪੰਜਾਬ ਵਿਚ ਤਿੰਨ ਥਾਵਾਂ ਤੋਂ ਫੜੀ ਗਈ ਡਰੱਗਸ ਯੂ.ਕੇ. ਹਾਲੈਂਡ ਅਤੇ ਕਨੇਡਾ ਭੇਜੀ ਜਾਣੀ ਸੀ। ਹੈਰੋਇਨ ਨੂੰ ਪਾਕਿਸਤਾਨ-ਅਫ਼ਗਨਿਸਤਾਨ ਰਾਹੀਂ ਭਾਰਤ ਵਿਚ ਜਗਦੀਸ਼ ਸਿੰਘ ਭੋਲਾ ਲਿਆਉਂਦਾ ਸੀ। ਪੰਜਾਬ ਪੁਲੀਸ ਨੇ ਦੱਸਿਆ ਕਿ ਇਸ ਨੂੰ ਦਿੱਲੀ ਤੋਂ ਮੁੰਬਈ ਏਅਰ ਕਾਰਗੋ ਰਾਹੀਂ ਤਸਕਰੀ ਕਰਨ ਵਾਲੇ ਇਕ ਗਰੁੱਪ ਨੂੰ ਭੇਜਿਆ ਜਾਂਦਾ ਹੈ। ਜਿਥੋਂ ਇਹ ਪਾਣੀ ਦੇ ਜਹਾਜ਼ ਰਾਹੀਂ ਮੁੰਬਈ ਤੋਂ ਕਨੇਡਾ, ਹਾਲੈਂਡ ਅਤੇ ਯੂ.ਕੇ. ਭੇਜੀ ਜਾਂਦੀ ਹੈ। ਇਹ ਸਾਰਾ ਕੰਮ ਕੁਲਵੰਤ ਸਿੰਘ ਅਤੇ ਪਰਮਜੀਤ ਸਿੰਘ ਕਰਦੇ ਹਨ। ਯੂ.ਕੇ. ਵਿਚ ਪਾਕਿਸਤਾਨੀ ਨਾਗਰਿਕ ਲਤੀਫ਼ ਖੇਪ ਰਸੀਵ ਕਰਦਾ ਹੈ। ਕਨੇਡਾ ਦੇ ਟੋਰਾਂਟੋ ਵਿਚ ਕੁਲਵੰਤ ਸਿੰਘ ਦਾ ਸਹੁਰਾ ਨਿਰੰਕਾਰ ਸਿੰਘ ਢਿੱਲੋਂ ਖੇਪ ਨੂੰ ਰਸੀਵ ਕਰਦਾ ਹੈ। ਹਾਲੈਂਡ ਵਿਚ ਸੇਮ ਅਤੇ ਗੈਰੀ ਨਾਮ ਦੇ ਦੋ ਵਿਅਕਤੀ ਇਹ ਡਰੱਗਸ ਹਾਸਲ ਕਰਦੇ ਹਨ, ਜਿਹੜੇ ਕਿ ਮੂਲ ਰੂਪ ਨਾਲ ਪੰਜਾਬੀ ਹਨ ਅਤੇ ਰਿੰਗ ਲੀਡਰ ਮਨਪ੍ਰੀਤ ਸਿੰਘ ਉਰਫ਼ ਮਨੀ ਦੇ ਸਾਥੀ ਹਨ। ਹੁਣ ਤਕ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਇਨ੍ਹਾਂ ਵਿਚੋਂ ਦੋ ਕਨੇਡੀਅਨ ਅਤੇ ਇਕ ਯੂ.ਕੇ. ਨਾਗਰਿਕ ਵੀ ਹੈ। ਜਦਕਿ 25 ਹੋਰ ਲੋਕ ਜੋ ਇਸ ਨੈੱਟਵਰਕ ਵਿਚ ਸ਼ਾਮਲ ਹਨ, ਦੀ ਭਾਲ ਜਾਰੀ ਹੈ। ਇਨ੍ਹਾਂ ਨੂੰ ਫੜਨ ਲਈ ਪੁਲੀਸ ਪਾਰਟੀਆਂ ਯੂ.ਪੀ., ਦਿੱਲੀ ਅਤੇ ਮੁੰਬਈ ਦੇ ਵੱਖ ਵੱਖ ਇਲਾਕਿਆਂ ਵਿਚ ਛਾਪੇ ਮਾਰ ਰਹੀਆਂ ਹਨ।

## ਗੋਆ ਵਿਚ ਚਿੰਤਨ ਕੈਂਪ ਅਕਾਲੀ ਵਿਚਾਰਧਾਰਾ ਦੇ ਵਿਰੁੱਧ

ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਾਰੇ ਵਿਧਾਇਕਾਂ, ਵਿਧਾਨ ਸਭਾ ਦੇ ਉਮੀਦਵਾਰਾਂ, ਸੰਸਦ ਮੈਂਬਰਾਂ, ਪਾਰਟੀ ਦੀ ਰਾਜਨੀਤਕ ਮਾਮਲਿਆਂ ਦੀ ਕਮੇਟੀ ਦੇ ਮੈਂਬਰਾਂ, ਵਰਕਿੰਗ ਕਮੇਟੀ ਦੇ ਮੈਂਬਰਾਂ ਅਤੇ ਸਬੰਧਤ ਜਨ ਸੰਗਠਨਾਂ ਦੇ ਮੁਖੀਆਂ ਦਾ ਚਿੰਤਨ ਕੈਂਪ ਗੋਆ ਵਿਚ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਇਹ ਕੈਂਪ ਅਕਾਲੀ ਦਲ ਦੀ ਮੂਲ ਵਿਚਾਰਧਾਰਾ ਦੇ ਖ਼ਿਲਾਫ਼ ਹੈ। ਉਨ੍ਹਾਂ ਨੇ ਕਿਹਾ ਕਿ ਗੋਆ ਗੰਭੀਰ ਵਿਚਾਰ ਚਰਚਾ ਦਾ ਸਥਾਨ ਨਹੀਂ ਹੈ ਬਲਕਿ ਕੈਸੀਨੋ ਕਾਰਨ ਮਸ਼ਹੂਰ ਹੈ। ਪੰਥਕ ਰਾਜਨੀਤੀ ਦੀ ਵਕਾਲਤ ਕਰਨ ਵਾਲੇ ਅਕਾਲੀ ਦਲ ਨੂੰ ਇਸ ਦੇ ਬਾਰੇ ਵਿਚ ਸੋਚਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੰਜਾਬ 80 ਹਜ਼ਾਰ ਕਰੋੜ ਰੁਪਏ ਦਾ ਕਰਜ਼ਈ ਹੈ।

## ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਸਟਾਫ਼ ਨੂੰ 'ਪੇਡ ਡਿਨਰ' ਦੀ ਜਾਣਕਾਰੀ ਨਹੀਂ

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਫ਼ੋਟੋ ਵਾਲੇ ਇਸ਼ਤਿਹਾਰ ਰਾਹੀਂ ਪੈਸੇ ਲੈ ਕੇ ਉਨ੍ਹਾਂ ਨਾਲ ਡਿਨਰ ਕਰਵਾਏ ਜਾਣ ਬਾਰੇ ਉਪ ਮੁੱਖ ਮੰਤਰੀ ਦੇ ਦਫ਼ਤਰ ਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਸਕੱਤਰ ਐਸ.ਕੇ. ਸੰਧੂ ਵੀ ਅਜਿਹੇ ਕਿਸੇ ਡਿਨਰ ਤੋਂ ਇਨਕਾਰ ਕਰ ਰਹੇ ਹਨ। ਉਪ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸੁਰਿੰਦਰ ਮਲਿਕ ਨੇ ਕਿਹਾ ਕਿ ਇਹ ਖ਼ਬਰਾਂ ਛਪਣ ਤੋਂ ਬਾਅਦ ਸਾਰੀਆਂ ਥਾਵਾਂ 'ਤੇ ਚੈਕ ਕਰਵਾਇਆ ਗਿਆ ਹੈ। ਉਪ ਮੁੱਖ ਮੰਤਰੀ ਦਾ ਅਜਿਹੇ ਕਿਸੇ ਪ੍ਰੋਗਰਾਮ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਕੌਣ ਕਰ ਰਿਹਾ ਹੈ।

ਅਮਰੀਕਾ ਦੇ ਇਕ ਅਖ਼ਬਾਰ 'ਹਾਈ ਇੰਡੀਆ' ਵਿਚ ਗੁਜਰਾਤ ਦੇ ਮੁੱਖ ਮੰਤਰੀ ਅਤੇ ਸੁਖਬੀਰ ਸਿੰਘ ਬਾਦਲ ਦੀ ਫ਼ੋਟੋ ਨਾਲ ਇਸ਼ਤਿਹਾਰ ਛਪਿਆ ਸੀ। ਇਸ ਵਿਚ ਭਾਰਤ ਦੌਰੇ ਲਈ ਅਮਰੀਕੀ ਦਲ ਤੋਂ ਪ੍ਰਤੀ ਵਿਅਕਤੀ ਡੇਢ ਲੱਖ ਤੋਂ 9 ਲੱਖ ਰੁਪਏ ਵਸੂਲੇ ਗਏ। ਇਸ ਵਿਚ 6 ਅਪ੍ਰੈਲ ਨੂੰ ਬਾਦਲ ਨਾਲ ਡਿਨਰ ਦਾ ਪ੍ਰੋਗਰਾਮ ਵੀ ਹੈ। ਚਾਰ ਅਮਰੀਕੀ ਸੰਸਦ ਮੈਂਬਰਾਂ ਸਮੇਤ 28 ਵਿਅਕਤੀਆਂ ਦਾ ਇਹ ਅਮਰੀਕੀ ਵਫ਼ਦ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਨੂੰ ਮਿਲ ਚੁੱਕਾ ਹੈ। ਇਸ ਯਾਤਰਾ ਦਾ ਮਕਸਦ ਸ਼ਿਕਾਗੋ ਸਥਿਤ ਨੈਸ਼ਨਲ ਇੰਡੀਅਨ ਅਮਰੀਕੀ ਪਬਲਿਕ ਪਾਲਸੀ ਇੰਸਟੀਚਿਊਟ (ਐਨ.ਆਈ.ਏ.ਪੀ.ਪੀ.ਆਈ.) ਹੈ।

## ਪੰਜਾਬ ਵਿਚ ਰੈਗੂਲਰ ਹੋਣਗੀਆਂ 2 ਹਜ਼ਾਰ ਨਾਜਾਇਜ਼ ਕਾਲੋਨੀਆਂ

ਪੰਜਾਬ ਵਿਚ ਤਕਰੀਬਨ 2 ਹਜ਼ਾਰ ਨਾਜਾਇਜ਼ ਕਾਲੋਨੀਆਂ ਨੂੰ ਰੈਗੂਲਰ ਕੀਤਾ ਜਾਵੇਗਾ। ਵਿਧਾਨ ਸਭਾ ਵਿਚ ਪੰਜਾਬ ਲਾਅ (ਸਪੈਸ਼ਲ ਪ੍ਰੋਵਿਜ਼ਨ) ਬਿਲ 2013 ਪਾਸ ਹੋ ਗਿਆ ਹੈ। ਸੂਬੇ ਦੇ ਵੱਡੇ ਸ਼ਹਿਰਾਂ ਦੇ ਨੇੜੇ-ਤੇੜੇ ਬਣੀਆਂ ਨਾਜਾਇਜ਼ ਕਾਲੋਨੀਆਂ ਨੂੰ ਰੈਗੂਲਰ ਕਰਨ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਵਿਚ ਕਿਹਾ ਕਿ ਇਸ ਫ਼ੈਸਲੇ ਨਾਲ ਸਰਕਾਰ ਨੂੰ 400 ਕਰੋੜ ਰੁਪਏ ਦਾ ਫ਼ਾਇਦਾ ਹੋਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਛੇਤੀ ਹੀ ਹਾਊਸਿੰਗ ਪਾਲਸੀ ਲਿਆਉਣ ਜਾ ਰਹੀ ਹੈ, ਇਸ ਨਾਲ ਭਵਿੱਖ ਵਿਚ ਨਾਜਾਇਜ਼ ਕਾਲੋਨੀਆਂ ਨਹੀਂ ਬਣ ਸਕਣਗੀਆਂ। ਬਿਲਡਰ ਕਾਲੋਨੀਆਂ ਵੇਚ ਦਿੰਦੇ ਹਨ ਪਰ ਉਸ ਨਾਲ ਸਰਕਾਰ ਨੂੰ ਟੈਕਸ ਨਹੀਂ ਮਿਲਦਾ ਸੀ। ਜਦਕਿ ਮੁਢਲੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। 2014 ਦੀਆਂ ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਸਰਕਾਰ ਦਾ ਇਹ ਵੱਡਾ ਦਾਅ ਮੰਨਿਆ ਜਾ ਰਿਹਾ ਹੈ। ਸਾਰੀਆਂ ਨਾਜਾਇਜ਼ ਕਾਲੋਨੀਆਂ ਸ਼ਹਿਰਾਂ ਦੇ ਨਾਲ ਲਗਦੀਆਂ ਹਨ, ਜਿਥੇ ਭਾਜਪਾ ਦੀ ਚੰਗੀ ਪਕੜ ਹੈ, ਇਸ ਲਈ ਖਾਸ ਮੁਹਿੰਮ ਵੀ ਚਲਾਈ ਗਈ ਸੀ। ਪੰਜਾਬ ਵਿਚ 6 ਮਹੀਨੇ ਤੋਂ ਸਰਕਾਰ ਨੇ ਨਾਜਾਇਜ਼ ਕਾਲੋਨੀਆਂ ਵਿਚ ਇਮਾਰਤਾਂ ਦੀ ਰਜਿਸਟ੍ਰੇਸ਼ਨ ਬੰਦ ਕਰ ਦਿੱਤੀ ਸੀ। ਲੋਕ ਮਕਾਨ ਨਹੀਂ ਵੇਚ ਰਹੇ ਸਨ। ਜਿਨ੍ਹਾਂ ਲੋਕਾਂ ਨੇ ਖਰੀਦ ਲਈ ਐਗਰੀਮੈਂਟ ਕਰ ਰੱਖੇ ਸਨ, ਉਨ੍ਹਾਂ ਦਾ ਕੰਮ ਵੀ ਰੁਕ ਗਿਆ ਸੀ। ਉਹ ਸਰਕਾਰ 'ਤੇ ਲਗਾਤਾਰ ਦਬਾਅ ਬਣਾ ਰਹੇ ਸਨ। ਮੁਹਾਲੀ, ਜ਼ੀਰਕਪੁਰ, ਖਰੜ, ਡੇਰਾਬੱਸੀ, ਨਯਾਗਾਉਂ ਆਦਿ ਵਿਚ 250 ਤੋਂ ਜ਼ਿਆਦਾ ਨਾਜਾਇਜ਼ ਕਾਲੋਨੀਆਂ ਹਨ। ਜ਼ਿਆਦਾਤਰ ਵਿਚ ਹੁਣ ਤਕ ਸੀਵਰੇਜ, ਸੜਕ ਵਰਗੀਆਂ ਮੁਢਲੀਆਂ ਸਹੂਲਤਾਂ ਨਹੀਂ ਸਨ। ਸਰਕਾਰ ਦੇ ਫ਼ੈਸਲੇ ਤੋਂ ਬਾਅਦ ਹੁਣ ਇਥੇ ਮੁਢਲੀਆਂ ਸਹੂਲਤਾਂ ਮਿਲਣਗੀਆਂ ਅਤੇ ਰਜਿਸਟ੍ਰੇਸ਼ਨ ਨਾਲ ਸਰਕਾਰ ਦੀ ਆਮਦਨ ਵਿਚ ਵਾਧਾ ਵੀ ਹੋਵੇਗਾ।

## ਅੰਨਾ ਹਜ਼ਾਰੇ ਨੇ ਅੰਮ੍ਰਿਤਸਰ ਤੋਂ ਵਜਾਇਆ ਬਿਗਲ



ਭ੍ਰਿਸ਼ਟਾਚਾਰ ਵਿਰੁੱਧ ਅਲਖ ਜਗਾਉਣ ਵਾਲੇ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਭਵਿੱਖ ਦੀ ਰਾਜਨੀਤੀ ਤੈਅ ਕਰਨ ਲਈ ਅੰਮ੍ਰਿਤਸਰ ਤੋਂ ਬਿਗਲ ਵਜਾ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੇ ਵਰਕਰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਨਾ ਤਾਂ ਸਿੱਧਾ ਹਿੱਸਾ ਲੈਣਗੇ ਅਤੇ ਨਾ ਹੀ ਕਿਸੇ ਦਾ ਸਮਰਥਨ ਕਰਨਗੇ। ਯੋਗ ਵਿਅਕਤੀਆਂ ਨੂੰ ਚੋਣ ਲੜਨ ਦੀ ਅਪੀਲ ਕੀਤੀ ਜਾਵੇਗੀ। ਅੰਨਾ ਨੇ ਭ੍ਰਿਸ਼ਟਾਚਾਰ ਵਿਰੁੱਧ ਦੇਸ਼-ਵਿਆਪੀ ਜਨਤੰਤਰ ਯਾਤਰਾ ਸ਼ੁਰੂ ਕੀਤੀ ਹੈ। ਯਾਤਰਾ ਦਾ ਮੁੱਖ ਮਕਸਦ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਵਾਉਣਾ, ਜਨ ਲੋਕਪਾਲ ਬਿਲ ਲਾਗੂ ਕਰਵਾਉਣ ਲਈ ਸਾਫ਼ ਅਕਸ ਵਾਲੇ ਲੋਕਾਂ ਨੂੰ ਜਨਪ੍ਰਤੀਨਿਧ ਬਣਾਉਣਾ, ਈ.ਵੀ.ਐਮ. 'ਤੇ ਰਿਜੈਕਟ ਬਟਨ ਵੀ ਲਾਇਆ ਜਾਵੇ। ਵੋਟਰ ਨੂੰ ਰਿਜੈਕਸ਼ਨ ਦਾ ਅਧਿਕਾਰ ਦਿਵਾਉਣਾ ਅਤੇ ਰਾਈਟ ਟੂ ਸਰਵਿਸ ਐਕਟ ਨੂੰ ਪੂਰੇ ਦੇਸ਼ ਵਿਚ ਲਾਗੂ ਕਰਵਾਉਣ ਲਈ ਦਬਾਅ ਬਣਾਉਣਾ ਹੈ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7′ x 12′ ONLY 00.50 ¢/SQ FT
CARPET REM OVER 7′ x 12′ ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8″ 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5″ x 13.5″ 1.29/SF (8870 IN STOCK) 2 COLORS TO CHOOSE
PORCELEIN TILE 13″ x 13″ 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!



# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

Who We Are

Western Canada's

Biggest Brokers Team, designed to serve Canadians' with solutions for your personal and professional insurance needs.

When Time and Money Matters

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them



What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

◈ ਕਾਰ, ਮੋਟਰਸਾਈਕਲ ਇੰਸ਼ੋਰੈਂਸ
◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
◈ ਟਰੱਕ: ਲੌਂਗਹਾਲ ਅਤੇ ਗਰੈਵਲ
◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
◈ ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

Discounts up to 60%

Payment Options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Hindi & Urdu**

Edmonton: 780-465-6900
ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ

Calgary: 403-775-2100
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes New & Re-Roof Specialists
- Condominums Welcome
- Steep Roofs Welcome Licaenced & Insured
- Pine Shake Replacement
- Roof Top Snow removel
- FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873



G Driving School Ltd. Pride in Safety

DRIVING SCHOOL LTD.

Authorised teach Certification Course


Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




Male & Female Instructors are available

VEHICLE PROVIDE FOR ROAD TEST

Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com



PIZZA99

Serving for over 16 years


ਪਰਮਜੀਤ ਸਿੰਘ ਬਾਠ



Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.



Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful, durable and fire resistant cladding.


Harinder Dhaliwal

All kind of Stucco
Acrylic & Rain Screen (780) 297-9165



EconoLodge BY CHOICE HOTELS

Red Deer Econo Lodge Inn & Suites

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca


Varinder Sidhu
President

37433 Highway 2 South, East Side Gasoline Alley
Red Deer, Alberta T4E 1B3



$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com


We wish you a very
Happy Baisakhi!
ROB ANDERSON
MLA, Airdrie
Wildrose Official Opposition House Leader &
Critic for Finance & Treasury Board
Phone: (403) 948-8741
Email: airdrie@assembly.ab.ca
BRUCE MCALLISTER
MLA, Chestermere-Rockyview
Wildrose Official Opposition Deputy Whip &
Critic for Education
Phone: (403) 207-9889
Email: chestermere.rockyview@assembly.ab.ca


Global Market Development Corp.
We build strategies
Website: www.gmdcorporation.com
Email: gmdcorporation@gmail.com
Phone: (780) 901-2966
May this be the beginning of a prosperous year ahead!
Wishing you all
HAPPY BAISAKHI!


HARRY'S EXCAVATING
Ph 780-918-2252
Specialist in : Digging Basements
& All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ


WILDROSE MASONARY & STONE WORKS
Commertial & Residential
Ph: 780 340 1400
Off: 780 450 1413
Fax: 780 490 4888
Dave Johal
Culture Stone
Bricks
Blocks
Glass Blocks
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ
email:wildrosemasonary@live.ca
1404-69th St. SW Edmonton, AB T6L 1L4


DASHMESH TIRE & LUBE
All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
ਲੌਂਗਹਾਲ, ਗਰੈਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.
Enough Parking Space


STP ELECTRIC LTD.
stpelectric@hotmail.com
Offering Full Range of Electrical Services of
C. 780.984 2356
F. 780.463 6276
Residential
Commercial
Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ

# ਮਰਦ ਪ੍ਰਧਾਨ ਸਮਾਜ ਨੂੰ ਬਦਲਣ ਵਾਸਤੇ ਔਰਤ ਦਾ ਮੰਡੀਕਰਨ ਬੰਦ ਕਰਨਾ ਜ਼ਰੂਰੀ : ਬਖ਼ਸ਼ ਸੰਘਾ



ਐਡਮਿੰਟਨ (ਨਦਬ) : ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਗਦਰ ਸ਼ਤਾਬਦੀ ਨੂੰ ਸਮਰਪਿਤ 'ਕੌਮਾਂਤਰੀ ਮਹਿਲਾ ਦਿਵਸ' ਸਥਾਨਕ ਮਹਾਰਾਜਾ ਬੈਂਕੁਇਟ ਹਾਲ ਵਿਚ ਮਨਾਇਆ ਗਿਆ। ਇਸ ਦੀ ਸ਼ੁਰੂਆਤ ਕਰਦਿਆਂ ਟਿਪੀ ਗਿੱਲ ਨੇ ਕਿਹਾ ਕਿ ਸਮਾਜ ਨੂੰ ਔਰਤਾਂ ਪ੍ਰਤੀ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ। ਮੈਡਮ ਬਖ਼ਸ਼ ਸੰਘਾ ਨੇ ਕਿਹਾ ਕਿ ਨਾਰੀ ਮੁਕਤੀ ਅੰਦੋਲਨ ਕੇਵਲ ਔਰਤ ਦਾ ਅੰਦੋਲਨ ਹੀ ਨਹੀਂ ਹੈ ਸਗੋਂ ਇਸ ਅੰਦੋਲਨ ਵਿਚ ਮਰਦ ਦਾ ਵੀ ਪੂਰਾ ਪੂਰਾ ਸਾਥ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਔਰਤ, ਮਰਦ ਦੀ ਵਿਰੋਧੀ ਨਹੀਂ ਹੈ ਬਲਕਿ ਮਰਦ ਪ੍ਰਧਾਨ ਸਮਾਜ ਨੂੰ ਬਦਲਣ ਵਾਸਤੇ ਮਰਦ ਦਾ ਸਾਥ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਔਰਤ ਅੱਜ ਘਰ ਅੰਦਰ ਰੱਖੀ ਹੋਈ ਸਜਾਵਟੀ ਵਸਤੂ ਨਹੀਂ ਸਗੋਂ ਹਰ ਖੇਤਰ ਵਿਚ ਮਰਦ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇ ਰਹੀ ਹੈ ਪਰ ਔਰਤ ਨੂੰ ਉਸ ਦਾ ਬਣਦਾ ਸਥਾਨ ਉਦੋਂ ਤਕ ਨਹੀਂ ਮਿਲੇਗਾ ਜਦੋਂ ਤਕ ਔਰਤ ਦਾ ਮੰਡੀਕਰਨ ਬੰਦ ਨਹੀਂ ਹੁੰਦਾ। ਇਹ ਹੀ ਨਾਰੀ ਮੁਕਤੀ ਦੀ ਪਹਿਲੀ ਸ਼ਰਤ ਹੈ।

ਇਸ ਤੋਂ ਚਰਚਾ ਨੂੰ ਅੱਗੇ ਤੋਰਦਿਆਂ ਮੈਡਮ ਇੰਦਰਾ ਸਰੋਆ ਨੇ ਔਰਤ ਦੇ ਮੌਜੂਦਾ ਹਾਲਾਤ 'ਤੇ ਚਾਨਣਾ ਪਾਇਆ ਅਤੇ ਔਰਤ ਵਲੋਂ ਕੌਮਾਂਤਰੀ ਪੱਧਰ 'ਤੇ ਹਰ ਖੇਤਰ ਵਿਚ ਪਾਏ ਗਏ ਯੋਗਦਾਨ ਤੇ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਪਣੇ ਭਾਸ਼ਣ ਵਿਚ ਕਿਹਾ ਕਿ ਔਰਤ ਨੂੰ ਸਿਰਫ਼ ਦੇਹ ਦੀ ਦ੍ਰਿਸ਼ਟੀ ਤੋਂ ਦੇਖਣਾ ਔਰਤ ਦੀ ਤੌਹੀਨ ਹੈ।

ਉਨ੍ਹਾਂ ਕਿਹਾ ਕਿ ਔਰਤ ਸਿਰਫ਼ ਦੇਹ ਨਹੀਂ ਸ੍ਰਿਸ਼ਟੀ ਹੈ ਤੇ ਇਸ ਸੰਸਾਰ ਦੀ ਸਾਰੀ ਕਾਰਜਸ਼ਕਤੀ ਔਰਤ ਦੀ ਤਾਕਤ ਵਿਚ ਲੁੱਕੀ ਹੋਈ ਹੈ। ਉਨ੍ਹਾਂ ਨਾਲ ਹੀ ਜੋੜਿਆ ਕਿ ਔਰਤ ਦੀਆਂ ਮੁਸੀਬਤਾਂ ਦੀ ਅਸਲ ਜੜ੍ਹ ਮਰਦ ਪ੍ਰਧਾਨ ਸਮਾਜ ਦੀ ਉਹ ਮਾਨਸਿਕਤਾ ਹੈ ਜਿਸ ਤਹਿਤ ਔਰਤ ਨੂੰ ਸਦਾ ਹੀ ਦੋਇਮ ਦਰਜੇ 'ਤੇ ਰੱਖਿਆ ਜਾਂਦਾ ਹੈ।

ਇਸ ਮੌਕੇ ਕੁਲਜੀਤ ਬਰਾੜ ਨੇ ਔਰਤਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਔਰਤਾਂ ਲਈ ਆਜ਼ਾਦੀ ਮਨਪਸੰਦ ਪਹਿਰਾਵਾ ਤੇ ਖਾਣ ਪੀਣ ਨਹੀਂ। ਔਰਤ ਵਲੋਂ ਲਏ ਗਏ ਫ਼ੈਸਲਿਆਂ ਨੂੰ ਮਾਨਤਾ ਦੇਣੀ ਹੀ ਉਸ ਦੀ ਅਸਲ ਆਜ਼ਾਦੀ ਹੈ। ਉਨ੍ਹਾਂ ਕਿਹਾ ਕਿ ਅਫ਼ਸੋਸ ਇਹ ਹੈ ਕਿ ਔਰਤ ਆਪਣੇ ਫ਼ੈਸਲੇ ਲੈਣ ਦੀ ਤਾਕਤ ਨੂੰ ਜਗਾ ਨਹੀਂ ਰਹੀ। ਉਨ੍ਹਾਂ ਕਿਹਾ ਕਿ ਇਸਤਰੀ ਸਮਾਜ ਇਸ ਸਮੁੱਚੇ ਮਨੁੱਖੀ ਸਮਾਜ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ ਪਰ ਇਸ ਦੇ ਬਾਵਜੂਦ ਇਸਤਰੀ ਨੂੰ 'ਜਿਵੇਂ ਹੈ ਉਵੇਂ ਹੀ' ਰੱਖੇ ਜਾਣ ਦੀਆਂ ਸਾਜ਼ਿਸ਼ਾਂ ਰੱਚੀਆਂ ਜਾਂਦੀਆਂ ਹਨ। ਇਸ ਵਰਤਾਰੇ ਦਾ ਤੋੜ ਨਾਰੀ ਅੰਦੋਲਨ ਵਿਚ ਪਿਆ ਹੈ, ਜਿਸ ਨੂੰ ਤਿੱਖਾ ਕੀਤੇ ਬਿਨਾ ਮਸਲੇ ਹੱਲ ਨਹੀਂ ਹੋ ਸਕਦੇ। ਇਸ ਮੌਕੇ ਨਿੱਪੀ ਹੰਸ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ ਪਰ ਸੱਚ ਇਹ ਹੈ ਕਿ ਇਹ ਵੀ ਮਰਦ ਪ੍ਰਧਾਨ ਸਮਾਜ ਦੀ ਸਾਜ਼ਿਸ਼ ਹੀ ਹੈ ਕਿ ਔਰਤ ਨੂੰ ਔਰਤ ਦੀ ਦੁਸ਼ਮਣ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜਦਕਿ ਔਰਤ ਜੇ ਇਸ ਤਰ੍ਹਾਂ ਦਾ ਕੋਈ ਫ਼ੈਸਲਾ ਲੈਂਦੀ ਹੈ, ਜੋ ਔਰਤ ਦੇ ਹੱਕ ਵਿਚ ਨਹੀਂ ਜਾਂਦਾ ਤਾਂ ਉਹ ਫ਼ੈਸਲਾ ਵੀ ਮਰਦ ਪ੍ਰਧਾਨ ਸਮਾਜ ਦੇ ਭਾਰੀ ਦਬਾਅ ਕਰ ਕੇ ਹੀ ਲਿਆ ਜਾਂਦਾ ਹੈ। ਇਸੇ ਕਰ ਕੇ ਕੁੜੀ ਦੇ ਜਨਮ ਸਮੇਂ ਸਭ ਤੋਂ ਪਹਿਲਾਂ ਔਰਤ ਵਲੋਂ ਹੀ ਅਫ਼ਸੋਸ ਜਿਤਾਇਆ ਜਾਂਦਾ ਹੈ। ਇਸ ਪ੍ਰੋਗਰਾਮ ਦੌਰਾਨ ਸਾਦੀਆ ਅਨਵਰ ਨੇ ਔਰਤਾਂ ਦੇ ਬ੍ਰੈਸਟ ਕੈਂਸਰ, ਇਸ ਦੀ ਰੋਕਥਾਮ ਬਾਰੇ ਵਿਚਾਰ ਪ੍ਰਗਟ ਕੀਤੇ।

ਇਸ ਤੋਂ ਇਲਾਵਾ ਮਿਸਜ਼ ਪੰਨੂੰ, ਸ਼ਾਲੂ ਨਿੱਝਰ ਤੇ ਛੋਟੀ ਬੱਚੀ ਅਵਨੀਤ ਰੰਧਾਵਾ ਨੇ ਭਰੂਣ ਹੱਤਿਆ, ਆਪਸੀ ਪਰਿਵਾਰਕ ਰਿਸ਼ਤਿਆਂ ਬਾਰੇ ਗੱਲ ਕੀਤੀ ਅਤੇ ਲੜਕੀਆਂ ਨੂੰ ਪੜ੍ਹਾਈ ਲਿਖਾਈ ਅਤੇ ਆਪਣੇ ਫ਼ਰਜ਼ਾਂ ਪ੍ਰਤੀ ਉਤਸ਼ਾਹਿਤ ਕੀਤਾ। ਇਨ੍ਹਾਂ ਬੁਲਾਰਿਆਂ ਨੇ ਔਰਤ ਦੇ ਜਜ਼ਬਿਆਂ ਦੀ ਕਦਰ ਕਰਨ ਦਾ ਹੋਕਾ ਦਿੰਦਿਆਂ ਕਿਹਾ ਕਿ ਜੇ ਔਰਤ ਹੈ ਤਾਂ ਇਹ ਸੰਸਾਰ ਹੈ ਤੇ ਸੰਸਾਰ ਦੀ ਜਨਨੀ ਦਾ ਨਿਰਾਦਰ ਕਰ ਕੇ ਇਸ ਸੰਸਾਰ ਨੂੰ ਬਚਾਇਆ ਨਹੀਂ ਜਾ ਸਕਦਾ। ਸਾਰੇ ਬੁਲਾਰਿਆਂ ਨੇ ਇਕ ਸੁਰ ਵਿਚ ਔਰਤ ਨੂੰ ਬਾਜ਼ਾਰ ਦੀ ਵਸਤ ਵਾਂਗ ਪੇਸ਼ ਕੀਤੇ ਜਾਣ ਦੀ ਸਖ਼ਤ ਨਿੰਦਾ ਕਰਦਿਆਂ ਔਰਤ ਦੇ ਮਾਣ ਸਤਿਕਾਰ ਨੂੰ ਬਹਾਲ ਕਰਨ ਵਾਸਤੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।

# ਤਰਕਸ਼ੀਲ ਸੋਸਾਇਟੀ ਵਲੋਂ ਇਸਤਰੀ ਦਿਵਸ 'ਤੇ ਕੀਤੇ ਸੈਮੀਨਾਰ ਨੂੰ ਭਰਵਾਂ ਹੁੰਗਾਰਾ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਵਲੋਂ ਅੰਤਰਰਾਸ਼ਟਰੀ ਇਸਤਰੀ ਦਿਵਸ ਦੇ ਸਬੰਧ ਵਿਚ ਇੱਕ ਸੈਮੀਨਾਰ ਕੀਤਾ ਗਿਆ। ਪ੍ਰੋਗਰਾਮ ਦੀ ਮੁੱਖ ਬੁਲਾਰੀ ਪ੍ਰੋਫੈਸਰ ਅਤੇ ਵਕੀਲ ਸਾਰਾ ਇਬਰਾਹਮ ਨੇ ਅਪਣੇ ਬੜੇ ਹੀ ਪ੍ਰਭਾਵਸ਼ਾਲੀ ਭਾਸ਼ਣ ਵਿਚ ਕਿਹਾ ਕਿ ਔਰਤਾਂ ਨੂੰ ਅਜ਼ਾਦੀ, ਉਨ੍ਹਾਂ ਨੂੰ ਬਰਾਬਰ ਦੀਆਂ ਪੜ੍ਹਨ ਲਿਖਣ ਤੇ ਕੰਮ ਕਰਨ ਦੀਆਂ ਸਹੂਲਤਾਂ ਦੇਣ ਨਾਲ ਨਾਲ ਸਾਰੀ ਮਨੁੱਖਤਾ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਬਰੈਂਪਟਨ, ਮਿਸੀਸਾਗਾ ਤੇ ਟੋਰਾਂਟੋ ਦੇ ਇਤਿਹਾਸ 'ਤੇ ਝਾਤ ਮਾਰਦਿਆਂ ਇਥੋਂ ਦੇ ਸਥਾਨਕ ਵਸਨੀਕਾਂ ਤੋਂ ਦੋ ਸੌ ਸਾਲ ਪਹਿਲਾਂ ਧੋਖੇ ਨਾਲ ਅੰਗਰੇਜ਼ਾਂ ਦੁਆਰਾ ਹੱਥ ਹੇਠ ਕੀਤੀਆਂ ਜ਼ਮੀਨਾਂ ਦੇ ਮਾਮਲੇ ਨੂੰ ਅਜੋਕੇ ਭਾਰਤ ਵਿਚ ਸਰਕਾਰ ਵਲੋਂ ਕਿਸਾਨਾ ਤੋਂ ਜ਼ਬਰਦਸਤੀ ਜ਼ਮੀਨਾ ਲਏ ਜਾਣ ਨਾਲ ਜੋੜਦਿਆਂ, ਕਿਸਾਨਾਂ ਦੇ ਹੱਕਾਂ ਦੀ ਗੱਲ ਵੀ ਕੀਤੀ ਤੇ ਕਿਹਾ ਕਿ ਜਿਸ ਤਰ੍ਹਾਂ ਕਬੀਲਿਆਂ ਦੇ ਇਲਾਕਿਆਂ 'ਤੇ ਕਬਜ਼ਾ ਕੀਤੇ ਜਾਣ ਨਾਲ ਉਨ੍ਹਾਂ ਦੇ ਰਹਿਣ ਦੇ ਤੌਰ ਤਰੀਕੇ ਵੀ ਤਾਰ ਤਾਰ ਹੋ ਗਏ, ਇਸੇ ਤਰ੍ਹਾਂ ਦੋ ਦੋ ਚਾਰ ਚਾਰ ਏਕੜ ਦੇ ਮਾਲਕ ਕਿਸਾਨ ਜੋ ਅਪਣੇ ਪ੍ਰੀਵਾਰਾਂ ਨੂੰ ਔਖੇ ਸੌਖੇ ਪਾਲ ਰਹੇ ਹਨ, ਇਨ੍ਹਾਂ ਜ਼ਮੀਨਾਂ ਦੇ ਚਲੇ ਜਾਣ ਨਾਲ ਬੇਜ਼ਮੀਨੇ ਮਜ਼ਦੂਰ ਬਣ ਕੇ ਹੀ ਰਹਿ ਜਾਂਦੇ ਹਨ, ਜਿਨ੍ਹਾਂ ਦੇ ਟੱਬਰਾਂ ਦਾ ਟਿਕਾਣਾ ਆਖਿਰ ਝੁਗੀਆਂ ਝੌਂਪੜੀਆਂ ਵਿਚ ਜਾ ਹੁੰਦਾ ਹੈ। ਜਿਸ ਤਰ੍ਹਾਂ ਅਨੀਸ਼ਨਬੇਗ ਕਬੀਲੇ ਦੀ ਜਮੀਨ ਵਿਚ ਸਥਾਪਤ ਪਿੰਡ ਦਾ ਨਾ ਵੀ 1834 ਵਿਚ ਜੌਹਨ ਇਲੀਅਟ ਨੇ ਅਪਣੇ ਇੰਗਲੈਂਡ ਵਿਚਲੇ ਪਿੰਡ ਬਰੈਂਪਟਨ ਦੇ ਨਾਂ 'ਤੇ ਰੱਖ ਲਿਆ ਅਤੇ ਅਸਲੀ ਵਾਸ਼ਿੰਦਿਆਂ ਦੀ ਪਹਿਚਾਣ ਵੀ ਮਿਟਾ ਦਿੱਤੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਿੰਡਾਂ ਦੇ ਪਿੰਡ ਪੰਜਾਬ ਤੇ ਹੋਰ ਥਾਂਵਾਂ ਤੋਂ ਅਲੋਪ ਹੋ ਰਹੇ ਹਨ ਤੇ ਉਨ੍ਹਾਂ ਪਿੰਡਾਂ ਦੀ ਥਾਂ 'ਤੇ ਫੱਟੇ ਲੱਗ ਜਾਂਦੇ ਹਨ, ਵੱਡੀਆਂ ਕੰਪਨੀਆਂ ਦੇ ਨਾਵਾਂ ਦੇ। ਪ੍ਰੋਫੈਸਰ ਸਾਰਾ ਦੇ ਅੰਗਰੇਜ਼ੀ ਲੈਕਚਰ ਦਾ ਬਲਰਾਜ ਸ਼ੌਕਰ ਨੇ ਵਧੀਆ ਪੰਜਾਬੀ ਅਨੁਵਾਦ ਦਰਸ਼ਕਾਂ ਨਾਲ ਸਾਂਝਾ ਕੀਤਾ।

ਉਪਰੰਤ ਹਰਪ੍ਰੀਤ ਬਰਾੜ ਨੇ ਔਰਤਾਂ ਦੇ ਹੱਕਾਂ ਦੀ ਬੜੀ ਧੜੱਲੇਦਾਰ ਤਰੀਕੇ ਨਾਲ ਵਕਾਲਤ ਕਰਦਿਆਂ, ਅਪਣੀ ਕਵਿਤਾ ਵਿਚ ਕਿਹਾ ਕਿ ਅਜੋਕੀ ਔਰਤ ਕਿਸੇ ਤੋਂ ਅਪਣੇ ਹੱਕਾਂ ਲਈ ਭੀਖ ਨਹੀਂ ਮੰਗਦੀ, ਸਗੋਂ ਅਪਣੇ ਹੱਕਾਂ ਲਈ ਲੜਨਾ ਜਾਣਦੀ ਹੈ। ਸੁਰਜੀਤ ਕੌਰ ਤੇ ਪ੍ਰਮਜੀਤ ਦਿਓਲ ਦੀਆਂ ਕਵਿਤਾਵਾਂ ਵੀ ਸ਼ਲਾਘਾ ਯੋਗ ਸਨ। ਹਰਪ੍ਰੀਤ ਦੀ ਆਪ ਬੀਤੀ ਦਿਲ ਟੁੰਬਣ ਵਾਲੀ ਸੀ, ਜਿਸ ਤੋਂ ਪਤਾ ਲਗਦਾ ਸੀ ਕਿ ਵਿਆਹ ਵੇਲੇ ਪੂਰੀ ਜਾਣਕਾਰੀ ਨਾ ਦੇਣ ਅਤੇ ਲੜਕੇ ਦੇ ਨਸ਼ੱਈ ਹੋਣ ਵਰਗੇ ਦੋਸ਼ ਲੁਕੋਣ ਨਾਲ ਵਿਆਹ ਤੋਂ ਬਾਅਦ ਘਰੇਲੂ ਲੜਾਈ ਨਾਲ ਪਰਿਵਾਰ ਟੁੱਟ ਜਾਂਦੇ ਹਨ ਅਤੇ ਬੱਚੇ ਮਾਂ ਬਾਪ ਦੇ ਸਾਂਝੇ ਪਿਆਰ ਤੋਂ ਵਿਹੂਣੇ ਹੋ ਜਾਂਦੇ ਹਨ। ਅਮਨਦੀਪ ਤੇ ਹਰਿੰਦਰ ਸਹੋਤਾ ਨੇ ਪੰਜਾਬੀ ਕਮਿਉਨਿਟੀ ਹੈਲਥ ਸਰਵਿਸ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ ਕਿ ਕਿਸ ਤਰ੍ਹਾਂ ਇਹ ਸੰਸਥਾ ਸਰਕਾਰ ਦੀ ਸਹਾਇਤਾ ਨਾਲ ਪੰਜਾਬੀ ਭਾਈਚਾਰੇ ਵਿਚਲੇ ਨਸ਼ੇ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਸਾਰਥੱਕ ਸਹਾਇਤਾ ਕਰ ਰਹੀ ਹੈ। ਪਰ ਉਨ੍ਹਾਂ ਸ਼ਿਕਵਾ ਜਾਹਿਰ ਕੀਤਾ ਕਿ ਸੰਸਥਾ ਕੋਲ ਪਰਿਵਾਰ ਉਸ ਵੇਲੇ ਆਉਂਦੇ ਹਨ, ਜਦ ਪਾਣੀ ਸਿਰ ਤੋਂ ਟੱਪ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਇਸ ਪ੍ਰੋਗਰਾਮ ਵਿਚ, ਪ੍ਰੋਫੈਸਰ ਗੁਰਬੱਖਸ਼ ਭੰਡਾਲ, ਡਾ ਗਰਨਾਮ ਕੌਰ, ਲਵੀਨ ਗਿੱਲ, ਬਲਜਿੰਦਰ ਗੋਲਾਟੀ, ਡਾ ਬਲਜਿੰਦਰ ਸੇਖੋਂ, ਪ੍ਰੋਫੈਸਰ ਤਲਵਿੰਦਰ ਮੰਡ, ਪ੍ਰੋਫੈਸਰ ਮੈਰੀ ਵੈਲਿਸ ਨੇ ਵੀ ਅਪਣੇ ਵਿਚਾਰ ਰੱਖੇ। ਸਟੇਜ ਦੀ ਜਿਮੇਵਾਰੀ ਨੂੰ ਮਿਸਜ਼ ਸੁਰਿੰਦਰ ਅਤੇ ਬਲਦੇਵ ਰਹਿਪਾ ਨੇ ਬਾਖੂਬੀ ਨਿਭਾਇਆ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮਿਲਣੀ ਇਸਤ੍ਰੀ ਦਿਵਸ ਨੂੰ ਸਮਰਪਤ

ਕੈਲਗਰੀ (ਡਾ. ਹਰਭਜਨ ਸਿੰਘ ਢਿੱਲੋਂ): ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਰਚ ਮਹੀਨੇ ਮੀਟਿੰਗ ਸਤਨਾਮ ਸਿੰਘ ਢਾਅ ਅਤੇ ਕੁਲਦੀਪ ਕੌਰ ਘਟੌੜਾ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿੱਚ ਹੋਈ। ਹਰਮਿੰਦਰ ਕੋਰ ਢਿੱਲੋਂ ਨੇ ਆਪਣੀ ਇੱਕ ਕਵਿਤਾ 'ਔਰਤ' ਸੁਣਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਕਮਲਜੀਤ ਕੌਰ ਸ਼ੇਰਗਿੱਲ ਨੇ ਮਾਰਚ ਮਹੀਨੇ ਵਿੱਚ ਹੋਏ ਸ਼ਹੀਦਾਂ ਬਾਰੇ ਜਾਣਕਾਰੀ ਦਿੰਦਿਆਂ ਇੱਕ ਕਵਿਤਾ 'ਦਿਲ' ਸੁਣਾਈ। ਪਰਮਿੰਦਰ ਗਰੇਵਾਲ ਨੇ ਸਿਹਤ ਸੰਬੰਧੀ ਬਹੁ-ਮੁੱਲੀ ਜਾਣਕਾਰੀ ਦਿੱਤੀ। ਚਰਨ ਕੌਰ ਬਾਸੀ ਨੇ ਨਾਰੀ ਦੀ ਆਜ਼ਾਦੀ ਬਾਰੇ ਇੱਕ ਕਵਿਤਾ ਸੁਣਾਈ। ਕੁੰਦਨ ਸਿੰਘ ਸ਼ੇਰਗਿੱਲ ਨੇ ਵੀ 'ਧਰਮ ਦਾ ਉਹਲਾ' ਨਾਂ ਦੀ ਵਿਅੰਗ ਮਈ ਕਵਿਤਾ ਸਾਂਝੀ ਕੀਤੀ। ਪ੍ਰਸ਼ੋਤਮ ਭਾਰਜਦਵਾਜ ਨੇ ਅੰਤਰਰਾਸ਼ਟਰੀ ਨਾਰੀ ਦਿਵਸ ਦਾ ਇਤਿਹਾਸ ਦੱਸਿਆ ਤੇ ਨਾਲ ਹੀ ਚਰਨ ਸਿੰਘ ਸ਼ਹੀਦ ਸੁਥਰਾ ਦੀਆਂ ਸਤਰਾਂ ਨਾਲ ਇੱਕ ਹਲੂਣਾ ਵੀ ਦੇ ਗਏ।

ਦੂਜੇ ਦੌਰ ਵਿਚ ਮਨਜੋਤ ਗਿੱਲ ਨੇ ਆਪਣੀ ਕਵਿਤਾ ਸੁਣਾਈ। ਕੇਸਰ ਸਿੰਘ ਨੀਰ ਨੇ 'ਹੁਣ' ਮੈਗਜ਼ੀਨ ਵਿੱਚ ਛਪੀਆਂ ਮਿਰਜ਼ਾ ਗ਼ਾਲਿਬ ਅਤੇ ਕਾਰਲ ਮਾਰਕਸ ਦੀਆਂ ਇੱਕ ਦੂਜੇ ਨੂੰ ਲ਼ਿਖੀਆਂ ਚਿੱਠੀਆਂ ਪੜ੍ਹ ਕੇ ਸੁਣਾਈਆਂ ਜੋ ਸਰੋਤਿਆਂ ਨੇ ਬਹੁਤ ਦਿਲਚਸਪੀ ਨਾਲ ਸੁਣੀਆਂ। ਗੁਰਚਰਨ ਕੌਰ ਥਿੰਦ ਨੇ ਵੀ ਔਰਤ ਨਾਲ ਹੋ ਰਹੀ ਬੇਇਨਸਾਫ਼ੀ ਦੀ ਗੱਲ ਕਰਦਿਆਂ ਆਖਿਆ ਕਿ ਸਾਨੂੰ ਆਪਣੀ ਸੋਚ ਨੂੰ ਬਦਲਣ ਦੀ ਲੋੜ੍ਹ ਹੈ। ਅਜੈਬ ਸਿੰਘ ਸੇਖੋਂ ਨੇ ਕਵਿਤਾ ਸੁਣਾ ਕੇ ਸਰੋਤਿਆਂ ਨੂੰ ਹਲੂਣਿਆਂ। ਮਾ. ਭਜਨ ਗਿੱਲ ਨੇ ਇਸਤਰੀ ਜਾਤੀ ਨਾਲ ਹੋ ਰਹੇ ਅਨਿਆਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕੀਤੀ। ਕੁਲਦੀਪ ਕੌਰ ਘਟੌੜਾ ਨੇ ਅਮਰਜੀਤ ਕੌਰ ਜੌਹਲ ਦੀ ਲਿਖੀ 'ਤਵਾਇਫ਼' ਨਾਂ ਦੀ ਕਵਿਤਾ ਸੁਣਾਈ। ਇਸ ਮੀਟਿੰਗ ਵਿੱਚ ਤੇਜਾ ਸਿੰਘ ਥਿਆੜਾ, ਸੁਖਦੇਵ ਕੌਰ ਢਾਅ, ਮਹਿੰਦਰ ਕੌਰ ਕਾਲੀਰਾਏ, ਸੁਖਪਾਲਵੀਰ ਸਿੰਘ, ਸੁਰਜੀਤ ਸਿੰਘ ਮਾਨ, ਹਰਬੰਸ ਸਿੰਘ ਸੰਧੂ, ਰਣਜੀਤ ਸਿੰਘ, ਅਰਸ਼ਦੀਪ ਘਟੌੜਾ, ਜੀਤ ਸਿੰਘ, ਹਰਬਖ਼ਸ਼ ਸਿੰਘ ਸਰੋਆ, ਸੰਦਲ ਕੌਰ ਕਾਲ਼ੀਰਾਏ, ਸੰਗਤਾਰ ਸਿੰਘ ਕਾਲੀਰਾਏ ਨੇ ਆਪਣੀ ਭਰਪੂਰ ਹਾਜ਼ਰੀ ਲਗਵਾਈ। ਅਖ਼ੀਰ ਤੇ ਸਤਨਾਮ ਸਿੰਘ ਢਾਅ ਨੇ ਜੋਗਾ ਸਿੰਘ ਜੋਗੀ ਦੇ ਜਥੇ ਦੇ ਆਗੂ ਗੁਰਮੁਖ ਸਿੰਘ ਐੱਮ.ਏ. ਦੀ ਲਿਖੀ ਇੱਕ ਕਵਿਤਾ ਸਾਂਝੀ ਕੀਤੀ। ਇਕਬਾਲ ਖ਼ਾਨ ਨੇ ਧੰਨਵਾਦੀ ਸ਼ਬਦ ਆਖੇ।





# ਇੰਡੋ ਅਮੈਰੀਕਨ ਹੈਰੀਟੇਜ ਫ਼ੋਰਮ ਫ਼ਰਿਜਨੋ ਵਲੋਂ ਗ਼ਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਮੇਲਾ

ਫਰਿਜ਼ਨੋ( ਧਾਲੀਆ / ਮਾਛੀਕੇ / ਹੇਅਰ )-ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਇੰਡੋ ਅਮੈਰਕਿਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਅਣਥੱਕ ਮੈਬਰਾਂ ਵੱਲੋ ਪਿਛਲੇ 12 ਸਾਲਾ ਤੋ ਲਗਾਤਾਰ ਸਲਾਨਾਂ ਮੇਲੇ ਕਰਵਾ ਕੇ ਨਵੀ ਪੀੜੀ ਨੂੰ ਗਦਰ ਲਹਿਰ ਦੀ ਸੋਚ ਤੋ ਜਾਣੂ ਕਰਵਾਇਆ ਜਾ ਰਿਹਾ ਹੈ।ਇਸੇ ਮਕਸਦ ਨਾਲ ਸੰਸਥਾ ਨੇ ਪਿਛਲੇ ਹਫਤੇ ਕੈਲੇਫੋਰਨੀਆਂ ਸਟੇਟ ਦੇ ਪੰਜਾਬੀਆਂ ਦੀ ਸੰਘਣੀ ਵਸੋ ਵਾਲੇ ਸ਼ਹਿਰ ਫਰਿਜ਼ਨੋ ਵਿਖੇ ਗਦਰ ਲਹਿਰ ਦੀ 100 ਵੀ ਵਰ੍ਹੇਗੰਢ ਨੂੰ ਸਮਰਪਤਿ ਦੋ ਦਿਨਾਂ ਯਾਦਗਾਰੀ 13 ਵਾਂ ਮੇਲਾ ਕਰਵਾਇਆ ਗਿਆ। 23 ਮਾਰਚ ਵਾਲੇ ਦਿਨ ਦਾ ਪ੍ਰੋਗਰਾਮ ਇਕ ਸੈਮੀਨਾਰ ਦੇ ਰੂਪ ਵਿਚ ਸੀ ਜਿਸ ਵਿਚ ਡਾਕਟਰ ਗੁਰਮੇਲ ਸਿੰਘ ਸਿੱਧੂ ਹੁਣਾ ਨੇ ਗਦਰ ਲਹਿਰ ਦੇ ਮੀਡੀਏ ਅਤੇ ਕਵਿਤਾ ਤੇ ਇਕ ਖੋਜ ਭਰਪੂਰ ਪੇਪਰ ਪੇਸ਼ ਕੀਤਾ ਜਿਸ ਤੇ ਪ੍ਰੋ ਰਾਜ ਪਨੂੰ, ਪ੍ਰੋ ਨਰਿੰਜਨ ਸਿੰਘ ਢੇਸੀ ਅਤੇ ਇੰਦਰ ਸਿੰਘ ਹੁਣਾਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਭਾਸ਼ਨ ਮੁਕਾਬਲੇ ਵੀ ਕਰਵਾਏ ਗਏ, ਜੋ ਕੇ ਨਵੀ ਪੀੜੀ ਨੂੰ ਗਦਰ ਪਾਰਟੀ ਤੇ ਗਦਰ ਲਹਿਰ ਨਾਲ ਜੋੜਣ ਲਈ ਆਪਣੀ ਕਿਸਮ ਦਾ ਪਹਿਲਾਂ ਉਦਮ ਸੀ ਅਤੇ ਇਸ ਪ੍ਰੋਗਰਾਮ ਲਈ ਮਿਲੇ ਭਰਪੂਰ ਹੁੰਗਾਰੇ ਤੇ ਤਸੱਲੀ ਪਰਗਟ ਕਰਦਿਆਂ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸ੍ਰ ਗੁਰਦੀਪ ਸਿੰਘ ਅਣਖੀ ਹੁਰਾਂ ਇਲਾਕੇ ਦੇ ਸਮੂਹ ਲੋਕਾਂ ਅਤੇ ਖਾਸ ਕਰ ਇਸ ਵਿੱਚ ਹਿਸਾ ਲੈਣ ਵਾਲੇ ਵਿਦਿਆਰਥੀਆ ਅਤੇ ਉਨਾਂ ਦੇ ਮਾਪਿਆ ਦਾ ਧੰਨਵਾਦ ਕੀਤਾ। ਇਹ ਸਾਰਾ ਪ੍ਰੋਗਰਾਮ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੂੰ ਸਮਰਪਤ ਸੀ ਅਤੇ ਇਸ ਪ੍ਰੋਗਰਾਮ ਨੂੰ ਹਰਜਿੰਦਰ ਢੇਸੀ ਨੇ ਬੜੇ ਸੁਚੱਜੇ ਤਰੀਕੇ ਨਾਲ ਚਲਾਇਆ।

ਦੂਸਰੇ ਦਿਨ ਦਾ ਸਮਾਗਮ ਖੂਬਸੂਰਤ ਰੀਜੈਸੀ ਹਾਲ ਫਰਿਜ਼ਨੋ ਵਿਖੇ ਸ਼ਹੀਦਾਂ ਨੂੰ ਸ਼ਰਧਾ ਪੂਰਕ ਸ਼ਰਧਾਜਲੀ ਦੇਣ ਨਾਲ ਸ਼ੁਰੂ ਹੋਇਆ। ਸ਼ੁਰੂਆਤ ਵਿਚ ਸ. ਗੁਰਦੀਪ ਸਿੰਘ ਘੋਲੀਆ ਦੀ ਪ੍ਰਧਾਨਗੀ ਹੇਠ ਸਮੂਹ ਕੌਮੀ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਨ ਉਪਰੰਤ ਰਾਸ਼ਟਰੀ ਗੀਤ ਤੇ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ ਗਈ। ਜਿਸ ਤੋਂ ਬਾਅਦ ਸੂਰੂ ਹੋਏ ਮੇਲੇ ਦੇ ਅਗਾਜ ਵਿੱਚ ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਜੀ ਨੇ ਸਹੀਦੀ ਵਾਰ ਗਾਕੇ ਸਹੀਦਾ ਨੂੰ







ਸਰਧਾ ਦੇ ਫੁਲ ਭੇਟ ਕੀਤੇ।ਕਵੀਸ਼ਰ ਭਾਈ ਮਨਜੀਤ ਸਿੰਘ ਪੱਤਰ ਅਤੇ ਸਾਥੀ ਕਵੀਸ਼ਰ ਭਾਈ ਅਮਨ ਸਿੰਘ ਰੋਡੇ ਨੇ ਕਵੀਸਰੀ ਦੇ ਰੰਗ ਵਿੱਚ ਪੰਡਾਲ ਨੂੰ ਰੰਗਿਆਂ ।ਭਾਈ ਗੁਰਦੇਵ ਸਿੰਘ ਸਾਹੋਕੇ ਦੇ ਕਵਿਸ਼ਰੀ ਜਥੇ ਨੇ ਵੀ ਕਵੀਸ਼ਰੀ ਨਾਲ ਸ਼ਹੀਦਾ ਨੂੰ ਯਾਦ ਕਰਕੇ ਚੰਗਾ ਰੰਗ ਬੰਨਿਆਂ।

ਇਸੇ ਦੌਰਾਨ ਮੁਖ ਮਹਿਮਾਨ ਪ੍ਰੋ. ਰਾਜ ਪੰਨੂੰ (ਸਾਬਕਾ ਐਮ ਐਲ ਏ ਕਨੇਡਾ )ਅਤੇ ਮੁਖ ਬੁਲਾਰਿਆਂ ਵਿੱਚ ਪ੍ਰੋ. ਸੁਰਿੰਦਰ ਕੌਰ, ਪ੍ਰੋ. ਨਰੰਜਨ ਸਿੰਘ ਢੇਸੀ, ਡਾ. ਗੁਰਮੇਲ ਸਿੱਧੂ, ਸ. ਗੁਰਦੀਪ ਸਿੰਘ ਅਣਖੀ ਆਦਿ ਨੇ ਪਰਭਾਵਸ਼ਾਲੀ ਭਾਸ਼ਨ ਨਾਲ ਲੋਕਾਂ ਨੂੰ ਕੀਲੀ ਰੱਖਿਆ।

ਮੇਲੇ ਦੇ ਸੱਭਿਆਚਾਰਕ ਹਿਸੇ ਵਿੱਚ ਲੋਕ ਪ੍ਰਸਿਧ ਗਾਇਕ ਗਿੱਲ ਹਰਦੀਪ, ਜਤਿੰਦਰ ਜਰਗੀਆ ਅਤੇ ਸੁਖਦੇਵ ਸਾਹਿਲ ਨੇ ਆਪਣੀ ਗਾਇਕੀ ਦਾ ਲੋਹਾ ਬਾਖੂਬੀ ਮਨਵਾਇਆ। ਮੇਲੇ ਵਿੱਚ ਲੋਕ ਗਾਇਕਾਂ ਨੂੰ ਸਮਾਂ ਲੇਟ ਦੇਣ ਦੇ ਬਾਵਜੂਦ ਵੀ ਹਜ਼ਾਰਾ ਲੋਕੀ ਮੇਲੇ ਦੇ ਅਖੀਰ ਤੱਕ ਬੈਠ ਕੇ ਪ੍ਰੋਗਰਾਮ ਦਾ ਅਨੰਦ ਮਾਣਦੇ ਰਹੇ।ਇਸ ਤੋ ਇਲਾਵਾ ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਅਤੇ ਹੇਅਰ ਮੀਡੀਏ ਵਲੋਂ ਤਿਆਰ ਕਰਵਾਈਆਂ ਬੱਚਿਆ ਦੀਆਂ ਗਿਧੇ ਭੰਗੜੇ ਦੀਆ ਟੀਮਾਂ ਨੇ ਵੀਰ ਗਥਾਵਾਂ ਅਤੇ ਵਿਰਾਸ਼ਤੀ ਰੰਗ ਪੇਸ਼ ਕਰਦੇ ਹੋਏ ਆਪਣੀ ਕਲਾ ਦੇ ਨਮੂਨੇ ਪੇਸ਼ ਕੀਤੇ ਅਤੇ ਦਰਸ਼ਕਾ ਦੀ ਵਾਹ ਵਾਹ ਖੱਟੀ।

ਇਸ ਮੇਲੇ ਦੌਰਾਨ ਵਿਦਿਆ ਵਿਚ ਵਧੀਆ ਪੁਜੀਸ਼ਨ ਲੈਣ ਵਾਲੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆ। ਭਾਸ਼ਨ ਮੁਕਾਬਲੇ ਵਿਚ ਹਿਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ ਅਤੇ ਜੇਤੂਆਂ ਨੂੰ ਨਗਦ ਇਨਾਮ ਦਿਤੇ ਗਏ। ਇਸੇ ਦਿਨ ਲਗਾਈ ਗਈ ਸ਼ਹੀਦਾਂ ਦੀਆਂ ਫੋਟੋਆ ਦੀ ਪ੍ਰਦਰਸ਼ਨੀ ਵੀ ਬਹੁਤ ਪਰਭਾਵਸ਼ਾਲੀ ਰਹੀ।ਇਸ ਤੋਂ ਇਲਾਵਾ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਇਕ ਗਦਰ ਲਹਿਰ ਬਾਰੇ ਜਾਣਕਾਰੀ ਭਰਪੂਰ ਇਕ ਸੋਵੀਨੀਅਰ ਅਤੇ ਗਦਰ ਇਤਿਹਾਸ ਨਾਲ ਸਬੰਧਤ ਇਕ ਇਤਿਹਾਸਕ ਕਲੈਂਡਰ ਵੀ ਰਲੀਜ ਕੀਤਾ ਗਿਆ।ਸਮੁਚੇ ਮੇਲੇ ਦੌਰਾਨ ਸਟੇਜ ਸੰਚਾਲਕ ਕੁਆਰਡੀਨੇਸ਼ਨ ਦੀ ਭੂਮਿਕਾ ਸ. ਦਲਜੀਤ ਸਿੰਘ ਰਿਆੜ, ਸੁਰਿੰਦਰ ਸਿੰਘ ਮੰਢਾਲੀ, ਹਰਜਿੰਦਰ ਸਿੰਘ ਢੇਸੀ ਅਤੇ ਅਮਰੀਕਾ ਦੀਆਂ ਸਟੇਜਾ ਦੀ ਮਲਿਕਾ ਬੀਬੀ ਆਸ਼ਾ ਸ਼ਰਮਾ ਜੀ ਨੇ ਬਾਖੂਬੀ ਨਿਭਾਈ। ਤਕਰੀਬਨ ਛੇ ਘੰਟੇ ਤੋ ਵਧੀਕ ਚੱਲਿਆ ਇਹ ਮੇਲਾ ਹਜ਼ਾਰਾਂ ਲੋਕਾਂ ਵਲੋਂ ਮਿਲੇ ਭਰਪੂਰ ਹੁੰਗਾਰੇ ਅਤੇ ਇਸ ਵਿਚ ਪੇਸ਼ ਕੀਤੇ ਗਏ ਮਿਆਰੀ ਪ੍ਰੋਗਰਾਮਾ ਕਾਰਨ ਇਕ ਅਮਿੱਟ ਛਾਪ ਛੱਡ ਗਿਆ।

# ਔਰਤਾਂ ਨੂੰ ਬਰਾਬਰਤਾ ਦੇ ਹੱਕ ਪ੍ਰਾਪਤ ਕਰਨ ਅਤੇ ਜਥੇਬੰਦ ਹੋਣ ਦਾ ਸੱਦਾ

ਕੈਲਗਰੀ (ਨਦਬ) : ਕੈਲਗਰੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਜੈਨਸਿਸ ਸੈਟਰ ਨਾਰਥ ਈਸਟ ਵਿਖੇ ਔਰਤ ਦਿਵਸ ਨੂੰ ਸਮਰਪਤ ਔਰਤਾਂ ਨੂੰ ਆਪਣੇ ਖਿਲਾਫ ਹੋ ਰਹੇ ਧੱਕਿਆਂ ਅਤੇ ਔਰਤ ਜਾਤੀ ਨੂੰ ਬਰਾਬਰੀ ਵਾਲੇ ਹੱਕ ਪ੍ਰਾਪਤ ਕਰਨ ਲਈ ਸੱਦਾ ਦਿੰਦੀ ਸਫਲ ਕਨਵੈਨਸ਼ਨ ਕੀਤੀ ਗਈ। ਜਿਸ ਵਿੱਚ ਔਰਤਾਂ ਨੇ ਭਰਵੀਂ ਸਮੂਲੀਅਤ ਕੀਤੀ। ਇਸ ਔਰਤ ਕਨਵੈਨਸ਼ਨ ਦੀ ਵਿਲੱਖਣਤਾ ਇਸ ਗੱਲ ਤੋ' ਨੋਟ ਕਰਨ ਵਾਲੀ ਹੈ ਕਿ ਸੱਭ ਪ੍ਰਬੰਧਾਂ ਦੀ ਦੇਖ ਰੇਖ ਨੌਜਵਾਨ ਲੜਕੀਆਂ ਅਤੇ ਔਰਤਾਂ ਨੇ ਹੀ ਕੀਤੀ। ਐਸੋਸੀਏਸ਼ਨ ਦੀ ਅਡੀਟਰ ਕਮਲਪ੍ਰੀਤ ਪੰਧੇਰ ਨੇ ਮੰਚ ਸੰਚਾਲਨ ਸੰਭਾਲਦਿਆਂ ਔਰਤ ਜਾਤੀ ਦੇ ਸੰਘਰਸ਼ਾਂ ਅਤੇ ਇਤਿਹਾਸ ਬਾਰੇ ਵਿਸਥਾਰਤ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਪ੍ਰਧਾਨ ਸੋਹਣ ਮਾਨ ਨੇ ਦਸਿਆ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਨੇ ਹਮੇਸ਼ਾਂ ਹੀ ਔਰਤਾਂ ਨੂੰ ਬਰਾਬਰੀ ਦੇ ਹੱਕ ਦਿਵਾਉਣ ਦੀ ਅਮਲੀ ਰੂਪ ਚ ਚਲਦੇ ਸੰਘਰਸ਼ਾਂ ਦੀ ਹਮੇਸ਼ਾਂ ਹਮਾਇਤ ਕੀਤੀ ਹੈ।

ਕਨਵੈਨਸ਼ਨ ਦੀ ਸ਼ੁਰੂਆਤ ਨਵਕਿਰਨ ਕੌਰ ਦੀ ਔਰਤ ਜਾਤੀ ਨੂੰ ਸੰਘਰਸ਼ਾਂ ਦੇ ਮੈਦਾਨ ਚ ਮਸ਼ਾਲਾਂ ਬਾਲ ਕੇ ਅੱਗੇ ਵਧਣ ਦਾ ਸੰਦੇਸ਼ ਦਿੰਦੀ ਖੁੱਲ੍ਹੀ ਕਵਿਤਾ ਸੀ। ਉਪਰੰਤ ਗੁਰਚਰਨ ਕੌਰ ਥਿੰਦ ਨੇ ਕਿਹਾ ਕਿ ਧੱਕੇ ਦੀਆਂ ਸ਼ਿਕਾਰ ਹਮੇਸ਼ਾਂ ਹੇਠਲੇ ਵਰਗ ਦੀਆਂ ਔਰਤਾਂ ਹੀ




ਹੁੰਦੀਆਂ ਹਨ। ਮੱਧ ਵਰਗ ਸੁਚੇਤ ਹੋਣ ਕਾਰਨ ਅੱਜ ਸੜਕਾਂ 'ਤੇ ਆ ਰਿਹਾ ਹੈ। ਉਚ ਵਰਗ ਦੀਆਂ ਔਰਤਾਂ ਸਦਾ ਹੀ ਮਹਿਫੂਜ ਰਹਿੰਦੀਆਂ ਹਨ।

ਪ੍ਰੋਗਰੈਸਿਵ ਕਲਾ ਮੰਚ ਦੀ ਬੇਹਤਰੀਨ ਅਦਾਕਾਰਾ ਹਰਲੀਨ ਗਰੇਵਾਲ ਨੇ ਔਰਤਾਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦੀ ਬਹੁਤ ਹੀ ਪ੍ਰਵਾਭਸ਼ਾਲੀ ਕਵਿਤਾਂ ਰਾਹੀ' ਸਰੋਤਿਆਂ ਨੂੰ ਜਜ਼ਬਾਤੀ ਕਰ ਦਿਤਾ। ਰਾਇਲ ਵੋਮੈਨ ਦੀ ਪ੍ਰਧਾਨ ਗੁਰਮੀਤ ਸਰਪਾਲ ਨੇ ਵੀ ਵਿਚਾਰ ਪੇਸ਼ ਕੀਤੇ। ਕਮਲਜੀਤ ਸ਼ੇਰਗਿਲ ਨੇ ਔਰਤਾਂ ਨੂੰ ਸਮਰਪਿਤ ਕਵਿਤਾ ਸਾਂਝੀ ਕੀਤੀ। ਰਾਜਿੰਦਰ ਕੌਰ ਚੋਹਕਾ ਨੇ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਸਬੰਧੀ ਪੇਪਰ ਪੜਿਆ। ਸਮਾਗਮ ਵਿਚ ਸਭ ਤੋ' ਛੋਟੀ ਬੇਟੀ ਪ੍ਰਭਲੀਨ ਗਰੇਵਾਲ ਦੀ ਕਵਿਤਾ ਨੇ ਸਰੋਤਿਆਂ 'ਤੇ ਗਹਿਰਾ ਪ੍ਰਭਾਵ ਛੱਡਿਆ।

ਇਸ ਮੌਕੇ ਸੁਰਿਦਰ ਕੌਰ ਗਿੱਲ ਨੇ ਕਿਹਾ ਕਿ ਸਦੀਆਂ ਤੋ' ਔਰਤਾਂ ਨਾਲ ਹੋ ਰਹੇ ਜੁਲਮਾਂ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਉਨ੍ਹਾਂ ਇਸ ਵਿਰੁੱਧ ਸੰਘਰਸ਼ ਦਾ ੱਦਾ ਦਿੱਤਾ। ਦੀਪ ਸ਼ਿਖਾ ਬਰਾੜ ਨੇ ਕਿਹਾ ਕਿ ਔਰਤ ਜਾਤੀ ਨੂੰ ਸਵੈ ਮਾਣ ਅਤੇ ਅਣਖ ਨਾਲ ਜਿਉਣ ਲਈ ਖੁਦ ਅੱਗੇ ਆਉਣਾ ਪਵੇਗਾ। ਸੁਰਿੰਦਰ ਕੌਰ ਬਰਾੜ ਰਿਟਾਇਰਡ ਡੀ. ਐਸ. ਪੀ. ਪੰਜਾਬ ਪੁਲਿਸ ਨੇ ਆਪਣੀ ਸਰਵਿਸ ਦੇ ਤਜਰਬੇ ਸਾਂਝੇ ਕੀਤੇ। ਗੁਰਦੀਪ ਕੌਰ ਪਰਹਾਰ ਨੇ ਕਿਹਾ ਕਿ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦਕ ਸ਼ਘਰਸ਼ ਤੋ' ਬਿਨਾਂ ਕੋਈ ਚਾਰਾ ਨਹੀ'। ਕਮਲਪ੍ਰੀਤ ਕੌਰ ਪੰਧੇਰ ਨੇ ਕਿਹਾ ਕਿ ਕਿਰਨਜੀਤ ਕੌਰ ਬਲਾਤਕਾਰ ਅਤੇ ਕਤਲ ਕਾਂਡ ਮਹਿਲ ਕਲਾਂ ਖਿਲਾਫ ਲਾ ਮਿਸ਼ਾਲ ਲੋਕ ਸੰਘਰਸ਼ ਦੀ ਜਿਤ ਤੋ' ਸਾਨੂੰ ਪਰੇਰਨਾ ਲੈਣ ਦੀ ਲੋੜ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਤਿਆਰ ਗਦਰ ਸ਼ਤਾਬਦੀ ਨੂੰ ਸਮਰਪਤ ਕਲੰਡਰ ਸੁਰਿੰਦਰ ਕੌਰ ਗਿੱਲ, ਗੁਰਦੀਪ ਪਰਹਾਰ, ਵਿੱਦਿਆ, ਦਰਸ਼ਨ ਜੱਸਲ, ਸਿਮਰ ਚੀਮਾਂ ਅਤੇ ਹਰਜਿੰਦਰ ਬਰਾੜ ਵੱਲੋ' ਜਾਰੀ ਕੀਤਾ ਗਿਆ। ਪੰਜਾਬੀ ਲਿਖਾਰੀ ਸਭਾ ਦੇ ਜਨਰਲ ਸਕੱਤਰ ਬਲਜਿੰਦਰ ਸੰਘਾ ਨੇਵੀ ਆਪਣੇ ਵਿਚਾਰ ਸਾਂਝੇ ਕੀਤੇ। ਮਾਸਟਰ ਭਜਨ ਗਿੱਲ ਜਨਰਲ ਸਕੱਤਰ ਪ੍ਰੋ: ਕਲਚਰਲ ਐਸੋਸੀਏਸ਼ਨ ਨੇ ਵਿਸ਼ੇਸ ਤੌਰ 'ਤੇ ਹਰਚਰਨ ਪ੍ਰਹਾਰ, ਮਨਪ੍ਰੀਤ ਬਰਾਡ, ਮਨਜੀਤ ਪਿਆਸਾ, ਪਰਮਜੀਤ ਸਰੀ ਅਤੇ ਸਖਵੀਰ ਗਰੇਵਾਲ ਦਾ ਜ਼ਿਕਰ ਕਰਦਿਆਂ ਸਭ ਦਾ ਧੰਨਵਾਦ ਕੀਤਾ।


K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਸਰਕਾਰਾਂ ਦਾ ਸ਼ੇਖ਼ਚਿੱਲੀਪਣ

ਦੁਨੀਆ ਭਰ ਦੀਆਂ ਸਰਕਾਰਾਂ ਸ਼ੇਖ਼ਚਿੱਲੀ ਹੋ ਗਈਆਂ ਹਨ। ਇਹ ਆਵਾਮ ਨੂੰ 'ਮੁੰਗੇਰੀ ਲਾਲ ਦੇ ਹੁਸੀਨ ਸੁਪਨੇ' ਦਿਖਾਉਂਦੀਆਂ ਹਨ। 'ਸ਼ੇਖ਼ਚਿੱਲੀ' ਦੀਆਂ ਫੜ੍ਹਾਂ ਅਤੇ 'ਮੁੰਗੇਰੀ ਲਾਲ ਦੇ ਸੁਪਨੇ' ਕਦੇ ਹਕੀਕਤ ਨਹੀਂ ਬਣਿਆ ਕਰਦੇ। ਸਰਕਾਰਾਂ ਦੀਆਂ ਯੋਜਨਾਵਾਂ ਵਿਚ ਅਸੀਮ ਆਸਥਾ ਹੈ। ਅਕਸਰ ਬਿਨਾਂ ਕਿਸੇ ਯੋਜਨਾ ਦੇ ਹੀ ਯੋਜਨਾਵਾਂ ਘੜੀਆਂ ਜਾਂਦੀਆਂ ਹਨ। ਹਰ ਨਵੀਂ ਯੋਜਨਾ ਦਾ ਖ਼ੂਬ ਪ੍ਰਚਾਰ/ਪ੍ਰਸਾਰ ਹੁੰਦਾ ਹੈ; ਪਰ ਯੋਜਨਾ ਕਿਸੇ ਦਾ ਕੁਝ ਵੀ ਸੰਵਾਰ ਨਹੀਂ ਪਾਉਂਦੀ। ਸਰਕਾਰਾਂ ਦਾ ਕੰਮ ਤਾਂ ਸਕੀਮਾਂ ਬਣਾਉਣਾ ਹੈ; ਇਹ ਸਕੀਮਾਂ ਲੋਕਾਂ ਦਾ ਭਲਾ ਕਰਦੀਆਂ ਹਨ ਜਾਂ ਉਲਟਾ ਹੋਰ ਨੁਕਸਾਨ ਕਰ ਦਿੰਦੀਆਂ ਹਨ; ਇਸ ਨਾਲ ਮੁਲਕਾਂ ਦੇ ਰਣਨੀਤੀਕਾਰਾਂ ਦਾ ਕੋਈ ਲੈਣ-ਦੇਣ ਨਹੀਂ ਹੈ। ਸਰਕਾਰਾਂ ਦੇ ਸ਼ੇਖ਼ਚਿੱਲੀ ਜਾਂ ਮੁੰਗੇਰੀ ਲਾਲ ਬਣਦੇ ਜਾਣ ਦੀਆਂ ਕਨਸੋਆਂ ਇਨ੍ਹਾਂ ਦੇ ਸਾਲਾਨਾ ਬਜਟਾਂ ਵਿਚੋਂ ਸੁਣਾਈ ਦਿੰਦੀਆਂ ਹਨ। ਬਜਟ ਭਾਵੇਂ ਕਨੇਡਾ ਦਾ ਹੋਵੇ ਜਾਂ ਭਾਰਤ ਦਾ ਜਾਂ ਫੇਰ ਇਨ੍ਹਾਂ ਦੇ ਵੱਖ ਵੱਖ ਸੂਬਿਆਂ ਦਾ।

ਇਨ੍ਹਾਂ ਬਜਟਾਂ ਦੀ ਸਾਂਝੀ ਤੰਦ ਹੈ ਵੱਖ ਵੱਖ ਖੇਤਰਾਂ ਵਿਚ ਜ਼ਬਰਦਸਤ ਕਟੌਤੀਆਂ। ਲਗਭਗ ਹਰ ਬਜਟ ਵਿਚ ਆਖਿਆ ਜਾਂਦਾ ਹੈ ਕਿ ਸਰਕਾਰੀ ਖ਼ਜ਼ਾਨੇ ਨੂੰ ਹੋਣ ਵਾਲੀ ਆਮਦਨ ਦਾ ਨੁਕਸਾਨ ਹਰ ਸਾਲ ਵਧਦਾ ਹੀ ਜਾ ਰਿਹਾ ਹੈ; ਇਸ ਲਈ ਸਰਕਾਰਾਂ ਕਟੌਤੀਆਂ ਲਈ ਮਜਬੂਰ ਹਨ। ਇਸ ਵਾਰ ਦੇ ਅਲਬਰਟਾ ਦੇ ਬਜਟ ਵਿਚ ਵੀ ਅੰਕੜਿਆਂ ਦੀ ਜਾਦੂਗਰੀ ਤੋਂ ਬਿਨਾਂ ਕੁਝ ਵੀ ਨਹੀਂ ਹੈ। ਸਰਕਾਰ ਦੀ ਆਮਦਨ ਅਤੇ ਖਰਚ ਵਿਚਾਲੇ ਫ਼ਰਕ ਨੂੰ ਵੀ ਇਵੇਂ ਉਲਝਾ ਦਿੱਤਾ ਗਿਆ ਹੈ ਕਿ ਆਮ ਨਾਗਰਿਕ ਸੋਚਦਾ ਹੈ ਕਿ ਇਥੇ ਵੀ ਸਿਰ ਖਪਾਈ ਕਰ ਕੇ ਕੀ ਮਿਲਣਾ ਹੈ? ਲੋਕਾਂ ਦੀ ਉਮੀਦ ਰਹਿੰਦੀ ਹੈ ਕਿ ਸਰਕਾਰ ਉਨ੍ਹਾਂ ਦੇ ਰੋਜ਼ਾਨਾ ਜੀਵਨ ਨੂੰ ਸੌਖਿਆਂ ਕਰਨ ਵਾਲਾ ਬਜਟ ਲੈ ਕੇ ਆਵੇ ਹੈ ਪਰ ਹੁੰਦਾ ਹਮੇਸ਼ਾ ਉਲਟ ਹੀ ਹੈ। ਉਮੀਦਾਂ ਹਰ ਵਾਰ ਮਿੱਟੀ ਹੋ ਜਾਂਦੀਆਂ ਹਨ। ਜੇ ਬਜਟ ਵਿਚ ਕਰੋੜਾਂ ਡਾਲਰ ਦਾ ਘਾਟਾ ਦਰਸਾਇਆ ਗਿਆ ਹੈ ਤਾਂ ਜ਼ਾਹਰ ਹੈ ਇਹ ਘਾਟਾ ਲੋਕਾਂ ਦੀਆਂ ਜੇਬਾਂ ਨੂੰ ਹੌਲਿਆਂ ਕਰ ਕੇ ਹੀ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ। ਬਿਨਾਂ ਸ਼ੱਕ ਅਲਬਰਟਾ ਸਰਕਾਰ ਦਾ ਇਹ ਬਜਟ ਆਰਥਕ ਨਾ-ਬਰਾਬਰੀ ਦੀ ਖਾਈ ਨੂੰ ਹੋਰ ਡੂੰਘੇਰਾ ਕਰੇਗਾ ਤੇ ਆਰਥਕ ਸੰਕਟ ਨਾਲ ਜੂਝ ਰਹੇ ਅਲਬਰਟਾ ਵਾਸੀਆਂ ਦਾ ਕਾਫ਼ੀਆ ਹੋਰ ਤੰਗ ਕਰੇਗਾ।

### ਭਾਰਤ ਦਾ ਬਜਟ

ਭਾਰਤ ਸਰਕਾਰ ਦਾ 2013-14 ਦਾ ਬਜਟ ਵੀ ਪੂਰੀ ਤਰ੍ਹਾਂ ਦਾਅਵਿਆਂ ਤੇ ਵਾਅਦਿਆਂ ਦਾ ਹੀ ਬਜਟ ਹੈ। ਸਰਕਾਰ ਨੇ ਇਕ ਹੱਥ ਨਾਲ ਨਿਗੂਣੀਆਂ ਰਾਹਤਾਂ ਦੇ ਕੇ ਅੱਠਾਂ ਹੱਥਾਂ ਨਾਲ ਭਾਰਤੀ ਆਵਾਮ ਦੀਆਂ ਜੇਬਾਂ 'ਤੇ ਕੈਂਚੀ ਚਲਾ ਦਿੱਤੀ ਹੈ। ਭਾਰਤ ਸਰਕਾਰ ਦੀ ਟੈਕਸ ਨੀਤੀ ਏਨੀ ਗ਼ੈਰ-ਵਿਗਿਆਨਕ ਹੈ ਕਿ ਟੈਕਸਾਂ ਦਾ ਸਾਰਾ ਬੋਝ ਹੀ ਆਮ ਲੋਕਾਂ 'ਤੇ ਪਾ ਦਿੱਤਾ ਗਿਆ ਹੈ ਜਦਕਿ ਮੁਨਾਫ਼ਾ ਕਾਰਪੋਰੇਟ ਘਰਾਣਿਆਂ ਨੂੰ ਅੰਤਾਂ ਦੀਆਂ ਟੈਕਸਾਂ ਰਾਹਤਾਂ ਦੇ ਦਿੱਤੀਆਂ ਗਈਆਂ ਹਨ। ਭਾਰਤ ਸਰਕਾਰ ਨੇ ਪਿਛਲੇ ਬਜਟਾਂ ਵਾਂਗ ਹੀ ਇਸ ਵਾਰ ਵੀ ਕਾਰਪੋਰੇਟ ਘਰਾਨਿਆਂ ਦੇ ਕਰੋੜਾਂ ਰੁਪਏ ਦੇ ਆਮਦਨ ਟੈਕਸ ਮੁਆਫ਼ ਕਰ ਦਿੱਤੇ ਹਨ। ਤੱਥ ਇਹ ਹੈ ਕਿ ਭਾਰਤ ਸਰਕਾਰ ਔਸਤਨ ਰੋਜ਼ ਕਾਰਪੋਰੇਟ ਸੰਸਾਰ ਦਾ ਢਾਈ ਸੌ ਕਰੋੜ ਰੁਪਏ ਆਮਦਨ ਟੈਕਸ ਮੁਆਫ਼ ਕਰ ਰਹੀ ਹੈ। ਯਾਦ ਰੱਖਣ ਵਾਲੀ ਗੱਲ ਹੈ ਕਿ ਇਹ ਉਹ ਸਰਕਾਰ ਹੈ ਜਿਸ ਕੋਲ ਆਪਣੀ ਜਨਤਕ ਵੰਡ ਪ੍ਰਣਾਲੀ ਨੂੰ ਲੋਕ ਮੁਖੀ ਬਣਾਉਣ ਲਈ ਵੀ ਪੈਸਾ ਨਹੀਂ ਹੈ ਤੇ ਇਹ ਉਹੀ ਸਰਕਾਰ ਹੈ ਜਿਸ ਨੇ ਹਰ ਮਨੁੱਖੀ ਸਮਾਜ ਲਈ ਬੁਨਿਆਦੀ ਜ਼ਰੂਰਤਾਂ ਸਿੱਖਿਆ ਤੇ ਸਿਹਤ 'ਤੇ ਜ਼ਬਰਦਸਤ ਕੱਟ ਲਾ ਦਿੱਤੇ ਹਨ ਤੇ ਰੱਖਿਆ ਬਜਟ ਦੇ ਨਾਂ 'ਤੇ ਲਗਭਗ 37 ਫੀਸਦੀ ਖਰਚ ਕਰਨ ਦਾ ਦਾਇਆ ਮਿੱਥ ਲਿਆ ਹੈ। ਇਸ ਤੋਂ ਭਲੀ-ਭਾਂਤ ਭਾਰਤ ਸਰਕਾਰ ਦੀਆਂ ਤਰਜੀਹਾਂ ਦਾ ਪਤਾ ਲੱਗ ਜਾਂਦਾ ਹੈ।

ਭਾਰਤ ਜਿੰਨਾ ਵੱਡਾ ਸਾਡਾ ਮੁਲਕ ਹੈ, ਓਨੀਆਂ ਹੀ ਵੱਡੀਆਂ ਅਤੇ ਗੰਭੀਰ ਸਾਨੂੰ ਸਮਸਿਆਵਾਂ ਦਰਪੇਸ਼ ਹਨ। ਸਾਡਾ ਕੋਈ ਵੀ ਖੇਤਰ ਅਜਿਹਾ ਨਹੀਂ ਹੈ, ਜਿਥੇ ਸਭ ਕੁਝ ਠੀਕ-ਠੀਕ ਚੱਲ ਰਿਹਾ ਹੋਵੇ। ਪੈਰ-ਪੈਰ 'ਤੇ ਨਵੀਆਂ ਚੁਣੌਤੀਆਂ ਨਾਲ ਦੋ-ਚਾਰ ਹੋਣ ਵਾਲੇ ਮੁਲਕ ਲਈ ਤਾਂ ਸਾਫ-ਸੁਥਰੀ, ਪਾਰਦਰਸ਼ੀ ਅਤੇ ਇਮਾਨਦਾਰ ਸਿਆਸਤ ਹੋਰ ਵੀ ਵਧੇਰੇ ਲੋੜੀਂਦੀ ਹੈ ਪਰ ਇਹ ਸਾਡੇ ਸਵਾ ਅਰਬ ਦੇ ਮੁਲਕ ਦੇ ਦੁਰਭਾਗ ਹੀ ਕਹੇ ਜਾ ਸਕਦੇ ਹਨ ਕਿ ਸਾਡੀ ਹਰ ਸਮੱਸਿਆ ਦੀ ਜੜ ਹੀ ਗੰਦਲੀ ਅਤੇ ਭ੍ਰਿਸ਼ਟ ਰਾਜਨੀਤੀ ਹੈ।

### ਪੰਜਾਬੀਆਂ ਨਾਲ ਵੀ ਧੋਖਾ

ਭਾਰਤ ਸਰਕਾਰ ਵਾਂਗ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਵੀ ਲੋਕਾਂ ਨਾਲ ਵੱਡਾ ਧੋਖਾ ਕੀਤਾ ਹੈ। ਪੰਜਾਬ ਸਰਕਾਰ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵਲੋਂ ਪੇਸ਼ ਬਜਟ ਪੂਰੀ ਤਰ੍ਹਾਂ ਦਿਸ਼ਾਹੀਣ ਹੈ। ਇਸ ਲੋਕ ਵਿਰੋਧੀ ਬਜਟ ਨੇ ਪੰਜਾਬੀਆਂ ਦੀਆਂ ਮੁਸੀਬਤਾਂ ਵਿਚ ਚੋਖਾ ਵਾਧਾ ਕਰ ਦੇਣਾ ਹੈ। ਬਜਟ ਦੱਸਦਾ ਹੈ ਕਿ ਕਿਵੇਂ ਸਰਕਾਰੀ ਕਰਜ਼ਾ ਇਕ ਲੱਖ ਕਰੋੜ ਰੁਪਏ ਤੋਂ ਵੀ ਵੱਧ ਗਿਆ ਹੈ। ਪਹਿਲੀ ਅਪ੍ਰੈਲ ਤੋਂ ਲਾਗੂ ਹੋਏ ਇਸ ਬਜਟ ਨੇ ਆਮ ਲੋਕਾਂ 'ਤੇ ਮਹਿੰਗਾਈ ਦਾ ਬੋਝ ਮਨਮੂੰਹੀ ਵਧਾ ਦਿੱਤਾ ਹੈ। ਇਸ ਬਜਟ ਮੁਤਾਬਕ ਪੰਜਾਬ ਸਰਕਾਰ ਕੁੱਲ ਮਿਲਾ ਕੇ 15 ਰੁਪਏ ਦੀ ਛੋਟ ਦੇ ਰਹੀ ਹੈ। ਪਰ ਦੂਜੇ ਪਾਸੇ 180 ਕਰੋੜ ਰੁਪਏ ਤੋਂ ਜ਼ਿਆਦਾ ਦੀ ਟੈਕਸ ਵਸੂਲੀ ਕਰਨ ਜਾ ਰਹੀ ਹੈ। ਇਹ ਉਵੇਂ ਹੀ ਹੈ ਜਿਵੇਂ ਊਠ ਦੇ ਮੂੰਹ ਵਿਚ ਜੀਰਾ ਰੱਖ ਦਿੱਤਾ ਜਾਵੇ। ਬਜਟ ਨੇ ਪੰਜਾਬੀ ਕਿਸਾਨੀ ਤੇ ਉਦਯੋਗ ਨੂੰ ਲਗਭਗ ਵਿਸਾਰ ਹੀ ਦਿੱਤਾ ਹੈ। ਸਿੱਖਿਆ ਤੇ ਸਿਹਤ ਖੇਤਰ ਲਈ ਵੀ ਸਰਕਾਰ ਕੋਲ ਪੈਸਾ ਨਹੀਂ ਹੈ।

ਪੰਜਾਬ ਦੀਆਂ ਸਮਸਿਆਵਾਂ ਦਾ ਸਰਕਾਰ ਕੋਲ ਕੋਈ ਹਲ ਨਹੀਂ ਹੈ। ਸਰਕਾਰ ਜਾਣਦੀ ਹੈ ਕਿ ਜਿਹੜੀਆਂ ਆਰਥਕ ਨੀਤੀਆਂ ਮੁਲਕ ਭਰ ਵਿਚ ਲਾਗੂ ਕੀਤੀਆਂ ਜਾ ਰਹੀਆਂ ਹਨ , ਉਨ੍ਹਾਂ ਨਾਲ ਸਮਸਿਆਵਾਂ ਹੱਲ ਤਾਂ ਕੀ ਹੋਣੀਆਂ ਸਗੋਂ ਹਰ ਖੇਤਰ ਵਿਚ ਨਵੀਆਂ ਤੋਂ ਨਵੀਆਂ ਮੁਸ਼ਕਲਾਂ ਪੈਦਾ ਹੋਣੀਆਂ ਹਨ ਤੇ ਸਰਕਾਰ ਇਹ ਵੀ ਭਲੀ-ਭਾਂਤ ਜਾਣਦੀ ਹੈ ਕਿ ਜਦੋਂ ਰੁਜ਼ਗਾਰ ਖੁੱਸਣੇ ਹਨ, ਨਵੇਂ ਰੁਜ਼ਗਾਰ ਮਿਲਣੇ ਨਹੀਂ, ਖੇਤੀ ਬਰਬਾਦ ਹੋਣੀ ਹੈ, ਮਜ਼ਦੂਰਾਂ ਨੂੰ ਕੰਮ ਨਹੀਂ ਮਿਲਣਾ, ਸਰਕਾਰੀ ਮੁਲਾਜ਼ਮਾਂ 'ਤੇ ਨਿੱਤ ਨਵੀਆਂ ਕਟੌਤੀਆਂ ਲਾਗੂ ਹੋਣੀਆਂ ਹਨ, ਨੌਜਵਾਨਾਂ ਨੂੰ ਕਿਸੇ ਕੰਮ ਨਹੀਂ ਲਾਇਆ ਜਾ ਸਕਣਾ, ਤਾਂ ਇਸ ਵਿਹਲੀ ਲੋਕਾਈ ਨੇ ਅੰਤ ਸਰਕਾਰ ਦੇ ਗਲ ਹੀ ਪੈਣਾ ਹੈ। ਇਸੇ ਕਰਕੇ ਬਜਟ ਵਿਚ ਵਾਅਦਿਆਂ ਦੇ ਛੁਣਛਣਿਆਂ ਦੀ ਭਰਮਾਰ ਰਹਿੰਦੀ ਹੈ।

ਕੁੱਲ ਮਿਲਾ ਕੇ ਦੁਨੀਆ ਭਰ ਵਿਚ ਸੰਸਾਰ ਨੂੰ ਇਕ ਪਿੰਡ ਬਣਾਉਣ ਦੇ ਸਾਜ਼ਿਸ਼ੀ ਸੁਪਨੇ ਵੇਚ ਕੇ ਸਰਕਾਰਾਂ ਲੋਕਾਂ ਨਾਲ ਵੱਡਾ ਦਗਾ ਕਮਾਉਣ ਦੇ ਕੁਰਾਹੇ ਪੈ ਚੁੱਕੀਆਂ ਹਨ। ਲੋਕ ਸ਼ਕਤੀ ਦੀ ਇਕਮੁੱਠਤਾ ਤੇ ਸਹੀ ਰਾਜਨੀਤਕ ਦਿਸ਼ਾ ਹੀ ਸਰਕਾਰਾਂ ਦੀਆਂ ਇਨ੍ਹਾਂ ਕੁਚਾਲਾਂ ਨੂੰ ਠੱਲ੍ਹ ਪਾ ਸਕਦੀ ਹੈ।

# ਕੀ ਇਹ ਬਹੁਗਿਣਤੀ ਲੋਕਾਂ ਦੀ ਸਰਕਾਰ ਹੈ ?

## ਨਿਰਾਸ਼ਾਜਨਕ ਹੀ ਰਿਹਾ ਅਲਬਰਟਾ ਬਜਟ 2013



ਰਿਕਾਰਡੋ ਐਕਨਾ
ਐਗਜ਼ੈਕਟਿਵ ਡਾਇਰੈਕਟਰ
ਪਾਰਕਲੈਂਡ ਇੰਸਟੀਚਿਊਟ
Email : racuna@ualberta.ca

ਅਲਬਰਟਾ ਦਾ 2013 ਦਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਡੀ. ਹੋਰਨਰ ਨੇ ਇਸ ਨੂੰ ਬੇਹੱਦ ਮੁੜ-ਉਸਾਰੂ ਐਲਾਨਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਬਜਟ ਅਲਬਰਟਾ ਦੇ ਲੋਕਾਂ ਦੀਆਂ ਤਰਜੀਹਾਂ ਤੇ ਉਮੀਦਾਂ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਗਿਆ ਹੈ। ਅਲਬਰਟਾ ਵਾਸੀ ਚਾਹੁੰਦੇ ਸਨ ਕਿ ਸਰਕਾਰ ਜ਼ਿੰਮੇਵਾਰ, ਸੰਤੁਲਤ ਤੇ ਆਰਥਕ ਵਿਕਾਸ ਦੀਆਂ ਸਹੂਲਤਾਂ ਵਾਲਾ ਬਜਟ ਪੇਸ਼ ਕਰੇ। ਖ਼ੈਰ ਬਜਟ ਦੇ ਦਸਤਾਵੇਜ਼ਾਂ ਨੂੰ ਡੂੰਘਾਈ ਨਾਲ ਘੰਟਿਆਂ ਬੱਧੀ ਘੋਖਿਆਂ ਅਜਿਹਾ ਕੋਈ ਵੀ ਸਬੂਤ ਨਹੀਂ ਮਿਲਦਾ ਜੋ ਇਸ ਬਿਆਨਬਾਜ਼ੀ ਦੀ ਹਮਾਇਤ ਕਰਦਾ ਹੋਵੇ।

ਹਾਂ, ਇਸ ਬਜਟ ਦਾ ਇਕੋ ਇਕ ਉਸਾਰੂ ਪਹਿਲੂ ਹੈ ਕਿ ਇਸ ਨੂੰ ਇਕ ਦੀ ਥਾਂ ਸਰਕਾਰ ਨੇ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਹੈ। ਭਾਵ ਕਾਰਜਕਾਰੀ ਬਜਟ, ਪੂੰਜੀ ਯੋਜਨਾ ਤੇ ਬਚਤ ਬਜਟ। ਇਨ੍ਹਾਂ ਤਿੰਨਾ ਵਰਗਾਂ ਨੂੰ ਪੇਸ਼ ਕਰਦਿਆਂ ਇਹ ਜ਼ੋਰਦਾਰ ਦਲੀਲ ਦਿੱਤੀ ਗਈ ਹੈ ਕਿ ਇਨ੍ਹਾਂ ਤਿੰਨਾਂ ਖੇਤਰਾਂ ਨੂੰ ਵੱਖੋ-ਵੱਖ ਕਰ ਕੇ ਮਹਿਸੂਸ ਕਰਨ ਦੀ ਲੋੜ ਹੈ। ਹਰੇਕ ਖੇਤਰ ਲਈ ਵੱਖਰੀਆਂ ਵੱਖਰੀਆਂ ਰਣਨੀਤੀਆਂ ਤੇ ਟੀਚਿਆਂ ਦੀ ਲੋੜ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਹਰ ਇਕ ਖੇਤਰ ਆਪਣੇ ਵੱਖਰੇ ਬਜਟ ਦੀ ਲੋੜ ਰੱਖਦਾ ਹੈ।

ਬੇਸ਼ੱਕ, ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਪ੍ਰੋਵਿਨਸੀਕਲ ਬਜਟ ਨੂੰ ਤਿੰਨ ਵੱਖਰੇ ਦਸਤਾਵੇਜ਼ਾਂ ਵਿਚ ਵੰਡ ਕੇ ਕੰਜ਼ਰਵੇਟਿਵਾਂ ਵਲੋਂ ਚਲਾਕੀ ਨਾਲ ਤੱਥ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੰਜ਼ਰਵੇਟਿਵਾਂ ਨੇ ਬਜਟ ਨੂੰ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਕੁਝ ਸਾਲਾਨਾ ਘਾਟੇ ਤੇ ਕਰਜ਼ੇ ਬਾਰੇ ਪਤਾ ਹੀ ਨਾ ਚੱਲ ਸਕੇ ਅਤੇ ਇਹ ਸਮਝਣਾ ਵੀ ਮੁਸ਼ਕਲ ਕਰ ਦਿੱਤਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਖਰਚ ਅਤੇ ਆਮਦਨ ਕਿੰਨੀ ਹੋਈ ਹੈ।



ਇਹ ਬਜਟ ਨੰਬਰਾਂ ਦੀ ਖੇਡ ਤੋਂ ਬਿਨਾਂ ਕੁਝ ਵੀ ਨਹੀਂ ਹੈ। ਇਹ ਮੌਜੂਦਾ ਸੰਕਟ ਵਿਚ ਕੋਈ ਵੀ ਮਹੱਤਵਪੂਰਨ ਰਾਹ ਅਖ਼ਤਿਆਰ ਕਰਦਾ ਨਜ਼ਰ ਨਹੀਂ ਆਉਂਦਾ। ਅਸੀਂ ਹਾਲੇ ਵੀ ਵਿੱਤੀ ਢਾਂਚੇ ਨਾਲ ਜੂਝ ਰਹੇ ਹਾਂ ਜੋ ਬੁਰੀ ਤਰ੍ਹਾਂ ਗੈਰ-ਮੁੜ ਨਵਿਆਉਣ ਵਾਲੇ ਸਰੋਤਾਂ, ਮਾਲੀਆ, ਸਿੱਖਿਆ ਤੇ ਸਿਹਤ ਸਹੂਲਤਾਂ 'ਤੇ ਨਿਰਭਰ ਕਰਦਾ ਹੈ। ਮਨੁੱਖੀ ਸੇਵਾਵਾਂ ਪੂਰ ਤਰ੍ਹਾਂ ਤੇਲ ਕੀਮਤਾਂ 'ਤੇ ਨਿਰਭਰ ਹਨ। ਅਸੀਂ ਅਲਬਰਟਾ ਦੇ ਬਹੁਗਿਣਤੀ ਲੋਕਾਂ ਦੇ ਹਿਤਾਂ ਨਾਲ ਸਮਝੌਤਾ ਕਰ ਰਹੇ ਹਾਂ। ਇਹ ਸਾਰੀਆਂ ਚੀਜ਼ਾਂ ਉਦੋਂ ਸੱਚ ਸਿੱਧ ਹੁੰਦੀਆਂ ਸਨ, ਜਦੋਂ 1993 ਵਿਚ ਰਫ਼ ਕੇਲੀਨ ਨੇ ਪ੍ਰੋਵਿਨਸ਼ੀਕਲ ਬਜਟ ਪੇਸ਼ ਕੀਤਾ ਸੀ ਤੇ ਅੱਜ ਵੀ ਓਨੀਆਂ ਹੀ ਸੱਚ ਹਨ। ਜਿਵੇਂ ਕਿ ਇਸ ਨੂੰ ਅਲਬਰਟਾ ਵਾਸੀਆਂ ਦੀਆਂ ਇਛਾਵਾਂ ਕਿਹਾ ਗਿਆ ਹੈ, ਇਹ ਸੱਚਮੁਚ ਤੈਅ ਕਰਨਾ ਮੁਸ਼ਕਲ ਹੈ ਕਿ ਸਰਕਾਰ ਨੇ ਆਪਣਾ ਭਾਸ਼ਣ ਸੁਣਾਉਣ ਲਈ ਕਿਹੜੇ ਲੋਕਾਂ ਦੀ ਚੋਣ ਕੀਤੀ ਹੈ।

ਸੱਜੇ ਤੇ ਖੱਬੇ ਪੱਖ ਦੇ ਆਰਥਕ ਮਾਹਰ ਛੇ ਮਹੀਨਿਆਂ ਤਕ ਹਰ ਇਕ ਨੂੰ ਇਹ ਸਮਝਾਉਂਦੇ ਰਹੇ ਕਿ ਉਨ੍ਹਾਂ ਨੂੰ ਇਹ ਸੁਣਨਾ ਪਵੇਗਾ ਕਿ ਅਲਬਰਟਾ ਵਿੱਤੀ ਭਵਿੱਖੀ ਪ੍ਰੋਵਿਨਸ ਦੀਆਂ ਮਾਲੀਆ ਸਮੱਸਿਆਵਾਂ ਤੈਅ ਕਰਨ 'ਤੇ ਨਿਰਭਰ ਕਰਦਾ ਹੈ। ਸੱਜੇ ਪੱਖੀ ਜੈਕ ਮਿੰਟਜ਼ ਵਾਰ-ਵਾਰ ਸੇਲ ਟੈਕਸਾਂ ਦੀ ਦੁਹਾਈ ਦਿੰਦਾ ਰਿਹਾ ਹੈ ਤਾਂ ਜੋ ਸਾਡੀਆਂ ਜਨਤਕ ਸੇਵਾਵਾਂ ਲਈ ਢੁਕਵਾਂ ਫ਼ੰਡ ਯਕੀਨੀ ਬਣਾਇਆ ਜਾ ਸਕੇ। ਪਾਰਕਲੈਂਡ ਇੰਸਟੀਚਿਊਟ ਵਰਗੇ ਖੱਬੇ ਪੱਖੀ ਵਿਕਾਸਮੁਖੀ ਟੈਕਸ ਢਾਂਚਾ ਉਸਾਰਨ ਦਾ ਸੰਕੇਤ ਦਿੰਦੇ ਰਹੇ ਅਤੇ ਕਾਰਪੋਰੇਟ ਟੈਕਸਾਂ ਵਿਚ ਵਾਧਾ ਕਰਨ ਦੀ ਵਕਾਲਤ ਕਰਦੇ ਰਹੇ। ਕੁਲ ਮਿਲਾ ਕੇ ਸਾਰੇ ਇਕ ਮਤ ਸਨ ਕਿ ਅਲਬਰਟਾ ਮਾਲੀਆ ਸਮੱਸਿਆ ਨਾਲ ਜੂਝ ਰਿਹਾ ਹੈ ਤੇ ਇਸ ਨੂੰ ਨਿਸਚਿਤ ਕੀਤਾ ਜਾਣਾ ਚਾਹੀਦਾ ਹੈ।

ਆਰਥਕ ਮਾਹਰਾਂ ਤੇ ਚਿੰਤਕਾਂ ਤੋਂ ਇਲਾਵਾ ਅਲਬਰਟਾ ਵਾਸੀਆਂ ਨੇ ਵੀ ਕਈ ਵਾਰ ਆਪਣੀਆਂ ਵਿੱਤੀ ਤਰਜੀਹਾਂ ਬਾਰੇ ਸਪੱਸ਼ਟ ਕੀਤਾ ਹੈ। ਪਾਰਲੈਂਡ ਇੰਸਟੀਚਿਊਟ ਵਲੋਂ ਪ੍ਰੀ-ਬਜਟ ਰਿਲੀਜ਼ ਕੀਤੀ ਗਈ ਸੀ, ਜਿਸ ਵਿਚ ਯੂਨੀਵਰਸਿਟੀ ਆਫ਼ ਅਲਬਰਟਾਜ਼ ਪਾਪੂਲੇਸ਼ਨ ਰਿਸਰਚ ਲੈਬੋਰਟਰੀ ਦੁਆਰਾ ਇਕੱਤਰ ਪੋਲਿੰਗ ਡਾਟਾ ਵੀ ਸ਼ਾਮਲ ਸੀ। ਇਸ ਰਿਪੋਰਟ ਅਨੁਸਾਰ ਅਲਬਰਟਾ ਦੇ 60 ਫੀਸਦੀ ਲੋਕ ਮਜ਼ਬੂਤੀ ਨਾਲ ਇਸ ਗੱਲ ਦੇ ਹੱਕ ਵਿਚ ਸਨ ਕਿ ਸਾਡੀ ਟੈਕਸ ਪ੍ਰਣਾਲੀ ਵਿਚ ਕੁਝ ਵਿਕਾਸਮੁਖੀ ਪੱਧਰ ਜੋੜਿਆ ਜਾਣਾ ਚਾਹੀਦਾ ਹੈ। ਅਲਬਰਟਾ ਫ਼ੈਡਰੇਸ਼ਨ ਆਫ਼ ਲੇਬਰ ਵਲੋਂ ਕਾਇਮ ਐਨਵਾਇਰੋਨਿਕਸ ਪੋਲ ਨੇ ਵੀ ਇਸ ਰਿਪੋਰਟ ਦੀ ਹਮਾਇਤ ਕੀਤੀ ਸੀ। ਇਹ ਵੀ ਇਸ ਹੱਕ ਵਿਚ ਸੀ ਕਿ 72 ਫ਼ੀਸਦੀ ਅਲਬਰਟੀਅਨ ਵਿਕਾਸ ਮੁਖੀ ਟੈਕਸ ਦੇ ਪੱਖ ਵਿਚ ਹਨ ਅਤੇ 77 ਫ਼ੀਸਦੀ ਦੀ ਰਾਏ ਹੈ ਕਿ ਕਾਰਪੋਰੇਸ਼ਨ ਟੈਕਸਾਂ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਵਿੱਤੀ ਹਾਲਤ ਸੁਧਰੇਗੀ। ਇਸੇ ਪੋਲ ਵਿਚ ਇਹ ਵੀ ਦੇਖਿਆ ਗਿਆ ਕਿ 70 ਫ਼ੀਸਦੀ ਅਲਬਰਟੀਅਨਾਂ ਨੇ ਜਨਤਕ ਸੇਵਾਵਾਂ ਵਿਚ ਕੱਟ ਲਾਉਣ ਦੇ ਰੁਝਾਨ ਦਾ ਸਖ਼ਤ ਵਿਰੋਧ ਕੀਤਾ ਹੈ।

ਪੋਲਿੰਗ ਨੇ ਇਕ ਵਾਰ ਫੇਰ ਅਲਬਰਟਾ ਦੇ ਵਿੱਤੀ ਢਾਂਚੇ ਵਿਚ ਤਬਦੀਲੀਆਂ ਦੀ ਲੋੜ ਬਾਰੇ ਅਲਬਰਟਾ ਵਾਸੀਆਂ ਵਿਚਾਲੇ ਸਪੱਸ਼ਟ ਸਹਿਮਤੀ ਦਰਸਾਈ ਹੈ। ਸਰਕਾਰ ਦਾਅਵਾ ਤਾਂ ਇਹ ਕਰਦੀ ਹੈ ਕਿ ਉਸ ਨੇ ਆਰਥਕ ਮਾਹਰਾਂ ਤੇ ਵੱਡੀ ਗਿਣਤੀ ਵਿਚ ਅਲਬਰਟਾ ਵਾਸੀਆਂ ਦੀ ਰਾਏ ਲਈ ਹੈ ਜਦਕਿ ਉਸ ਨੇ ਪ੍ਰੋਵਿਨਸ ਦੇ ਆਮਦਨ ਸਰੋਤਾਂ, 'ਤਰਜੀਹੀ' ਖੇਤਰਾਂ ਲਈ ਫ਼ੰਡਾਂ ਵਿਚ ਬਿਨਾਂ ਤਬਦੀਲੀਆਂ ਵਾਲਾ ਬਜਟ ਪੇਸ਼ ਕਰਨ ਦਾ ਫ਼ੈਸਲਾ ਕੀਤਾ। ਇਹ ਅਰਬਾਂ ਡਾਲਰਾਂ ਦੇ ਘਾਟੇ ਵਾਲਾ ਬਜਟ ਹੈ ਕਿ ਆਬਾਦੀ ਅਤੇ ਮਹਿੰਗਾਈ ਦਰ ਨਾਲ ਤਾਲਮੇਲ ਰੱਖਣ ਵਿਚ ਬੁਰੀ ਤਰ੍ਹਾਂ ਅਸਫ਼ਲ ਰਿਹਾ ਹੈ।

ਬਜਟ 2013, ਬਿਨਾ ਸ਼ੱਕ ਪ੍ਰੋਵਿਨਸੀਕਲ ਸਰਕਾਰ ਲਈ ਅਜਿਹਾ ਮੌਕਾ ਸੀ ਕਿ ਉਹ ਅਲਬਰਟਾ ਵਾਸੀਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੀ ਅਤੇ ਪ੍ਰੋਵਿਨਸ ਦੇ ਵਿੱਤੀ ਢਾਂਚੇ ਨੂੰ ਮਜ਼ਬੂਤ ਕਰਦੀ ਹੈ। ਪਰ ਇਸ ਸਭ ਦੇ ਉਲਟ ਸਰਕਾਰ ਨੇ ਆਪਣੀਆਂ ਨਾਕਾਮੀਆਂ ਜਾਰੀ ਰੱਖਦਿਆਂ ਮੌਕਾ ਹੱਥੋਂ ਖੁੰਝਾ ਲਿਆ। ਅਲਬਰਟਾ ਵਾਸੀਆਂ ਦਾ ਆਪਣੇ ਆਪ ਤੋਂ ਅੱਜ ਇਹ ਸਵਾਲ ਪੁੱਛਣਾ ਬਣਦਾ ਹੈ, 'ਕਿਉਂ?' ਤੇ ਲੋਕਾਂ ਨੂੰ ਇਸ ਸਵਾਲ ਦਾ ਇਹੋ ਜਵਾਬ ਮਿਲੇਗਾ ਕਿ ਆਖ਼ਰ ਇਹ ਸਰਕਾਰ ਕਿਹੜੇ ਲੋਕਾਂ ਲਈ ਕੰਮ ਕਰ ਰਹੀ ਹੈ, ਕਿਹੜੀ ਧਿਰ ਦੀ ਸੁਣਵਾਈ ਕਰ ਰਹੀ ਹੈ ਕਿਉਂਕਿ ਜ਼ਾਹਰਾ ਤੌਰ 'ਤੇ ਇਹ ਸਾਡੀ ਬਹੁਗਿਣਤੀ ਦੀ ਸਰਕਾਰ ਨਹੀਂ ਹੋ ਸਕਦੀ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗੁਜਰਾਤ ਦੇ ਵਿਕਾਸ ਦਾ ਸੱਚ

ਅਜੇ ਕੁਮਾਰ

ਅਮਿਤਾਭ ਬੱਚਨ ਜਦੋਂ ਵੀ ਰੇਡੀਓ ਅਤੇ ਟੈਲੀਵਿਜ਼ਨ 'ਤੇ ਇਕ ਇਸ਼ਤਿਹਾਰ ਵਿਚ 'ਖੁਸ਼ਬੂ ਗੁਜਰਾਤ ਕੀ' ਕਹਿੰਦੇ ਹਨ ਤਾਂ ਉਨ੍ਹਾਂ ਦੀ ਦਿਲਕਸ਼ ਆਵਾਜ਼ ਅਤੇ ਅੰਦਾਜ਼ ਤੋਂ ਇਕ ਵਾਰ ਤਾਂ ਮਨ ਕਰਦਾ ਹੈ ਕਿ 'ਗੁਜਰਾਤ 2002' ਨੂੰ ਭੁੱਲ ਕੇ ਇਕ ਆਮ ਸੈਲਾਨੀ ਦੀ ਤਰ੍ਹਾਂ ਗੁਜਰਾਤ ਘੁੰਮਿਆ ਜਾਵੇ। ਨਰਿੰਦਰ ਮੋਦੀ ਨੇ 'ਵਿਸ਼ੇਸ਼ ਕਰਕੇ 2002 ਦੇ ਬਾਅਦ' ਮੀਡੀਆ ਵਿਚ ਆਪਣਾ ਅਤੇ ਗੁਜਰਾਤ ਦਾ ਅਕਸ਼ ਸੁਧਾਰਨ ਵਿਚ ਕੋਈ ਕਸਰ ਨਹੀਂ ਛੱਡੀ। ਦਰਅਸਲ, 2002 ਦੇ ਦੰਗਿਆਂ ਦੇ ਇਕ ਸਾਲ ਬਾਅਦ ਤਕ, ਵਿਦੇਸ਼ੀ ਸੈਲਾਨੀ ਤਾਂ ਦੂਰ, ਭਾਰਤੀ ਸੈਲਾਨੀਆਂ ਨੇ ਵੀ ਗੁਜਰਾਤ ਜਾਣ ਤੋਂ ਮੂੰਹ ਮੋੜ ਲਿਆ ਸੀ। ਅਮਰੀਕਾ ਅਤੇ ਕਈ ਯੂਰਪੀ ਦੇਸ਼ਾਂ ਨੇ ਬਾਕਾਇਦਾ ਇੰਟਰਨੈਟ 'ਤੇ ਆਪਣੇ ਸੈਲਾਨੀਆਂ ਨੂੰ ਸਲਾਹ ਦਿੱਤੀ ਸੀ ਕਿ ਗੁਜਰਾਤ ਨਾ ਜਾਇਓ, ਉਥੇ ਤੁਹਾਡੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। 'ਗੁਜਰਾਤ ਤੋਂ ਦੂਰ ਰਹੋ' ਦਾ ਮਾਹੌਲ ਵਿਸ਼ਵ ਭਰ ਵਿਚ ਰਿਹਾ। ਜ਼ਾਹਰ ਹੈ ਕਿ ਇਸ ਦਾ ਅਸਰ ਨਾ ਕੇਵਲ ਸੈਲਾਨੀਆਂ 'ਤੇ ਬਲਕਿ ਦੇਸੀ-ਵਿਦੇਸ਼ੀ ਕੰਪਨੀਆਂ ਵਿਚ ਕੰਮ ਕਰਦੇ ਨੀਤੀ-ਨਿਰਮਾਤਾਵਾਂ 'ਤੇ ਵੀ ਪਿਆ, ਜਿਨ੍ਹਾਂ ਨੇ ਇਲੈਕਟ੍ਰੋਨਿਕ ਮੀਡੀਆ 'ਤੇ ਭਗਵੇ ਝੰਡੇ ਚੁੱਕੀ ਬਜਰੰਗੀਆਂ ਨੂੰ ਮਕਾਨਾਂ ਅਤੇ ਨਾਗਰਿਕਾਂ ਨੂੰ ਅੱਗਾਂ ਲਾਉਂਦੇ ਹੋਏ ਦੇਖਿਆ ਸੀ। ਸਾਧਾਰਣ ਜਨ-ਜੀਵਨ ਅਸਤ-ਵਿਅਸਤ ਹੋਣ ਅਤੇ ਲੰਮੇ ਲੰਮੇ ਕਰਫਿਊ ਲਗਣ ਕਾਰਨ ਦੁਨੀਆ ਭਰ ਵਿਚ ਇਹ ਸੰਦੇਸ਼ ਜਾਣਾ ਲਾਜ਼ਮੀ ਸੀ ਕਿ ਗੁਜਰਾਤ ਵਿਚ ਨਿਵੇਸ਼ ਕਰਨਾ ਖਤਰੇ ਤੋਂ ਖਾਲੀ ਨਹੀਂ। ਗੁਜਰਾਤੀਆਂ ਲਈ ਇਹ ਹੋਰ ਵੀ ਸ਼ਰਮ ਦੀ ਗੱਲ ਸੀ ਕਿ ਜਿਨ੍ਹਾਂ ਨੇ ਅਫ਼ਰੀਕਾ ਤੋਂ ਲੈ ਕੇ ਅਮਰੀਕਾ ਤਕ, ਹਰ ਥਾਂ ਆਪਣੀਆਂ ਦੁਕਾਨਾਂ ਖੋਲ੍ਹੀਆਂ ਅਤੇ ਵਪਾਰ ਵਿਚ ਵਾਧਾ ਕੀਤਾ, ਉਨ੍ਹਾਂ ਦੇ ਆਪਣੇ ਗੁਜਰਾਤ ਵਿਚ ਨਿਵੇਸ਼ ਕਰਨਾ ਦੁਭਰ ਹੋ ਗਿਆ ਹੈ। ਮੋਦੀ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ 'ਗੁਜਰਾਤੀ ਅਸਮਿਤਾ' ਦਾ ਨਾਅਰਾ ਦੇਵੇ ਅਤੇ ਨਾਲ ਹੀ ਇਹ ਵੀ ਕਹੇ ਕਿ ਉਹ ਗੁਜਰਾਤ ਦੇ 'ਸਾਰੇ 5 ਕਰੋੜ' ਵਸ਼ਿੰਦਿਆਂ ਦਾ ਮੁੱਖ ਮੰਤਰੀ ਹੈ ਅਤੇ ਗੁਜਰਾਤ ਵਿਚ ਨਿਵੇਸ਼ ਕਰਨ ਨਾਲ 'ਸਾਰੇ' ਗੁਜਰਾਤੀਆਂ ਦੇ ਜੀਵਨ ਪੱਧਰ ਵਿਚ ਸੁਧਾਰ ਹੋਵੇਗਾ। 'ਸਾਰਿਆਂ' 'ਤੇ ਵਿਸ਼ੇਸ਼ ਜ਼ੋਰ ਦਾ ਅਰਥ ਸਪੱਸ਼ਟ ਸੀ। ਮੋਦੀ ਨੇ ਆਪਣੇ ਸ਼ਾਗਿਰਦਾਂ ਨੂੰ ਜਿਹੜੀ ਮਨਮਾਨੀ ਕਰਨ ਦਿੱਤੀ 3-4 ਦਿਨ! (28 ਫ਼ਰਵਰੀ, 2002 ਤੋਂ 3 ਮਾਰਚ 2002) ਉਸ ਦਾ ਖ਼ਾਮਿਆਜ਼ਾ ਅੱਜ ਤਕ ਪੂਰਾ ਸੂਬਾ ਅਤੇ ਉਸ ਦੇ ਵਾਸੀ ਭੁਗਤ ਰਹੇ ਹਨ। ਇਸ ਲਈ ਮੋਦੀ ਅਤੇ ਹੁਣ ਭਾਜਪਾ, ਜਿਸ ਦਾ ਇਕ ਹਿੱਸਾ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਤਾਕ ਵਿਚ ਹੈ, ਦਾ ਪੂਰਾ ਜ਼ੋਰ ਅੱਜ ਇਸ ਗੱਲ 'ਤੇ ਹੈ ਕਿ ਗੁਜਰਾਤ-2002 ਦੇ ਵਹਿਸ਼ੀ ਦਿਨਾਂ ਨੂੰ ਭੁਲਾ ਦਿੱਤਾ ਜਾਵੇ। ਇਲੈਕਟ੍ਰੋਨਿਕ ਮੀਡੀਆ ਦੇ ਕੁਝ ਚੈਨਲਾਂ ਨੇ ਤਾਂ ਮੋਦੀ ਨੂੰ ਇਕ ਮੌਕਾ ਦੇਣ ਦੀ ਵਕਾਲਤ ਸ਼ੁਰੂ ਕਰ ਦਿੱਤੀ ਹੈ। ਕੁਝ ਕੁ ਤਾਂ 'ਵਿਚਕਾਰਲੇ ਰਸਤੇ' ਦੀ ਤਲਾਸ਼ ਕਰਨ 'ਤੇ ਜ਼ੋਰ ਦੇ ਰਹੇ ਹਨ।

ਨਰੋਦਾ ਪਾਟੀਆ ਦੇ ਅਦਾਲਤੀ ਫ਼ੈਸਲੇ ਨਾਲ ਮੋਦੀ ਸਰਕਾਰ ਨੂੰ ਇਕ ਵੱਡਾ ਝਟਕਾ ਲੱਗਾ ਸੀ। ਮੋਦੀ ਨੇ ਉਸ ਦੀ ਕੁਝ ਭਰਪਾਈ ਬ੍ਰਿਟਿਸ਼ ਸਰਕਾਰ ਦੇ ਇਸ ਫ਼ੈਸਲੇ ਨਾਲ ਕਰਨੀ ਚਾਹੀ ਹੈ, ਜਿਸ ਵਿਚ ਉਸ ਨੇ ਭਾਰਤ ਵਿਚ ਬ੍ਰਿਟਿਸ਼ ਹਾਈ ਕਮਿਸ਼ਨ ਨੂੰ 'ਗੁਜਰਾਤ ਜਾਣ' ਅਤੇ 'ਗੁਜਰਾਤ ਸਰਕਾਰ ਨਾਲ ਨਜ਼ਦੀਕੀ ਸਹਿਯੋਗ' ਕਰਨ ਦੇ ਤਰੀਕਿਆਂ 'ਤੇ ਗੱਲ ਕਰਨ ਲਈ ਕਿਹਾ ਹੈ। ਬ੍ਰਿਟਿਸ਼ ਸਰਕਾਰ ਨੇ ਆਪਣੇ ਇਸ ਫ਼ੈਸਲੇ ਨੂੰ ਇਹ ਕਹਿ ਕੇ ਉਚਿਤ ਠਹਿਰਾਇਆ ਹੈ ਕਿ ਉਸ ਨੇ 'ਅੰਦਰੂਨੀ ਸਮੀਖਿਆ' ਕੀਤੀ ਹੈ ਅਤੇ 'ਅਜੇ ਤਕ ਭਾਰਤ ਦੀ ਨਿਆਇਕ ਵਿਵਸਥਾ ਨੇ ਮੋਦੀ ਨੂੰ ਕਸੂਰਵਾਰ ਨਹੀਂ ਠਹਿਰਾਇਆ।'' ਜ਼ਾਹਰ ਹੈ ਕਿ ਬ੍ਰਿਟਿਸ਼ ਸਰਕਾਰ ਗੁਜਰਾਤ ਮੂਲ ਦੇ ਪ੍ਰਵਾਸੀ ਭਾਰਤੀਆਂ ਦੇ ਦਬਾਅ ਵਿਚ ਕੰਮ ਕਰ ਰਹੀ ਹੈ। ਪੂਰੇ ਕਾਰਪੋਰੇਟ ਮੀਡੀਆ ਨੇ 'ਵਿਕਾਸ ਦੇ ਗੁਜਰਾਤ ਮਾਡਲ' ਦੀ ਤਾਰੀਫ਼ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਨਾਲ ਹੀ ਬ੍ਰਿਟਿਸ਼ ਸਰਕਾਰ ਦੇ ਫ਼ੈਸਲੇ ਦੀ ਪ੍ਰਸ਼ੰਸਾ ਵੀ। ਇਲੈਕਟ੍ਰੋਨਿਕ ਮੀਡੀਆ ਨੇ ਅਤੇ ਖ਼ੁਦ ਮੋਦੀ ਨੇ ਇਸ ਨੂੰ ਆਪਣੇ 'ਕੌਮਾਂਤਰੀ ਪੱਧਰ 'ਤੇ ਅਲੱਗ-ਥਲੱਗ ਪੈਣ' ਦਾ ਅੰਤ ਮੰਨਿਆ ਹੈ।

ਦਰਅਸਲ ਗੁਜਰਾਤ ਵਿਚ ਨਿਵੇਸ਼ ਨੂੰ ਹਲਾਸ਼ੇਰੀ ਦਾ ਯਤਨ 2002 ਦੇ ਅੰਤ ਵਿਚ ਹੀ ਸ਼ੁਰੂ ਹੋ ਗਿਆ ਸੀ। ਮੋਦੀ ਸਰਕਾਰ ਨੇ ''ਸੰਕਟ ਨੂੰ ਮੌਕੇ ਵਿਚ ਬਦਲਣ'' ਦੇ ਟੀਚੇ ਦੇ ਮੱਦੇਨਜ਼ਰ ਨੌਂ ਪੇਜਾਂ ਦਾ ਦਸਤਾਵੇਜ਼ 'ਜੀ-2' ਤਿਆਰ ਕੀਤਾ ਸੀ, ਜਿਸ ਨੂੰ ਗੁਜਰਾਤ ਦੇ ਵੱਖ ਵੱਖ ਕਾਰਪੋਰੇਟ/ਤਕਨੀਕੀ ਖਿਡਾਰੀਆਂ ਅਡਾਨੀ, ਨਿਰਮਾ ਆਦਿ ਨੂੰ 2003 ਦੇ ਸ਼ੁਰੂ ਵਿਚ ਹੀ ਦਿੱਤਾ ਜਾ ਸਕਿਆ। ਇਸ ਦੇ ਨਤੀਜੇ ਵਜੋਂ 2003-04 ਵਿਚ ਗੁਜਰਾਤ ਸਰਕਾਰ ਨੇ ਸਰਕਾਰੀ ਅਤੇ ਨਿੱਜੀ ਖੇਤਰ, ਦੋਵਾਂ ਨੂੰ 'ਵਾਈਬ੍ਰੈਂਟ ਗੁਜਰਾਤ' ਦੇ ਨਾਅਰੇ ਹੇਠ ਸੂਬੇ ਵਿਚ ਨਿਵੇਸ਼ ਕਰਨ ਲਈ ਰਾਜ਼ੀ ਕਰਨ ਦਾ ਯਤਨ ਕੀਤਾ। ਨਿਵੇਸ਼ਕਾਂ ਦੇ ਸੰਮੇਲਨ ਵਿਚ 66 ਲੱਖ ਕਰੋੜ ਰੁਪਏ ਦੇ ਸਹਿਮਤੀ ਪੱਤਰਾਂ ਦਾ ਦਾਅਵਾ ਕੀਤਾ ਗਿਆ। 2004-05 ਵਿਚ ਇਹ ਜਾਦੂਈ ਅੰਕੜਾ 100 ਲੱਖ ਕਰੋੜ ਰੁਪਏ ਸੀ। ਪਰ ਜਦੋਂ ਆਮਦਨ ਕਰ ਵਿਭਾਗ ਨੇ 2011 ਵਿਚ ਗੁਜਰਾਤ ਸਰਕਾਰ ਨੂੰ ਨੋਟਿਸ ਦਿੱਤਾ ਕਿ ਉਸ ਨੂੰ ਦੱਸਿਆ ਜਾਵੇ ਕਿ ਸੂਬੇ ਨੂੰ ਕਿੰਨੇ ਨਿਵੇਸ਼ ਦਾ ਭਰੋਸਾ ਮਿਲਿਆ ਹੈ ਅਤੇ ਸਚਾਈ ਕੀ ਹੈ ਤਾਂ ਸਹੀ ਅੰਕੜੇ ਸਾਹਮਣੇ ਆ ਸਕੇ।

2011 ਵਿਚ ਹੋਏ ਗੁਜਰਾਤ ਕੌਮਾਂਤਰੀ ਨਿਵੇਸ਼ਕ ਸੰਮੇਲਨ ਵਿਚ ਮੋਦੀ ਨੇ ਐਲਾਨ ਕੀਤਾ ਕਿ ਗੁਜਰਾਤ ਸਰਕਾਰ ਨੇ 7936 ਸਹਿਮਤੀ ਪੱਤਰਾਂ 'ਤੇ ਦਸਤਖ਼ਤ ਕੀਤੇ ਹਨ, ਜਿਸ ਨਾਲ ਸੂਬੇ ਵਿਚ 46000 ਕਰੋੜ ਡਾਲਰ (ਲਗਭਗ 23 ਲੱਖ ਕਰੋੜ ਰੁਪਏ) ਦਾ ਨਿਵੇਸ਼ ਹੋਵੇਗਾ। ਅਗਸਤ, 2012 ਵਿਚ ਵਾਲ ਸਟਰੀਟ ਜਨਰਲ ਨੂੰ ਦਿੱਤੇ ਆਪਣੇ ਬਿਆਨ ਵਿਚ ਮੋਦੀ ਨੇ ਇਹ ਵੀ ਦਾਅਵਾ ਕੀਤਾ ਕਿ ਗੁਜਰਾਤ ਨੂੰ ਦੋਪਹੀਆ ਵਾਹਨਾਂ ਦਾ ਕੇਂਦਰ ਬਣਾਉਣ ਤੋਂ ਬਾਅਦ ਉਹ ਆਪਣਾ ਧਿਆਨ 'ਰੱਖਿਆ ਉਪਕਰਨਾਂ' 'ਤੇ ਕੇਂਦਰਤ ਕਰਨਗੇ। ਗੁਜਰਾਤ ਨੂੰ ਵਿਕਾਸ ਅਤੇ ਸੁਸ਼ਾਸਨ ਦਾ ਮਾਡਲ ਸੂਬਾ ਪੇਸ਼ ਕਰਨ ਦਾ ਯਤਨ ਬਦਸਤੂਰ ਜਾਰੀ ਹਨ।

ਐਸੋਚੈਮ ਦੇ ਇਕ ਅਧਿਐਨ ਅਨੁਸਾਰ 2003 ਤੋਂ ਲੈ ਕੇ 2011 ਤਕ ਗੁਜਰਾਤ ਵਿਚ ਕੇਵਲ 13.4 ਲੱਖ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ ਯਾਨੀ ਸਾਲ ਦੇ ਔਸਤ ਕੇਵਲ ਡੇਢ ਲੱਖ ਕਰੋੜ ਰੁਪਏ, ਜਿਸ ਦਾ 70 ਫੀਸਦੀ ਕੇਵਲ 6 ਜ਼ਿਲ੍ਹਿਆਂ ਵਿਚ ਹੋਇਆ ਹੈ - ਕੱਛ, ਜਾਮਨਗਰ, ਅਹਿਮਦਾਬਾਦ, ਭਰੂਚ, ਸੂਰਤ ਅਤੇ ਭਾਵਨਗਰ। ਇਸ ਦਾ ਅਰਥ ਇਹ ਹੈ ਕਿ ਸਹਿਮਤੀ ਪੱਤਰਾਂ 'ਤੇ ਦਸਤਖ਼ਤ ਕਰਨ ਵਾਲੇ ਕਿੰਨੇ ਹੀ ਨਿਵੇਸ਼-ਪ੍ਰਸਤਾਵਕ ਚੁੱਪ ਚਾਪ ਖਿਸਕ ਗਏ ਹਨ।

ਜੇਕਰ ਮੋਦੀ ਸਰਕਾਰ ਦਾ ਪ੍ਰਬੰਧ ਐਨਾ ਹੀ ਪ੍ਰਭਾਵਸ਼ਾਲੀ ਹੈ ਤਾਂ ਕੀ ਕਾਰਨ ਹੈ ਕਿ ਗੁਜਰਾਤ ਰਾਜ ਕਾਰੋਬਾਰ ਕਾਰਪੋਰੇਸ਼ਨ, ਗੁਜਰਾਤ ਰਾਜ ਬਿਜਲੀ ਨਿਗਮ ਲਿਮ., ਗੁਜਰਾਤ ਰਾਜ ਵਿੱਤ ਕਮਿਸ਼ਨ, ਐਲਕਾਕ ਐਸ਼ਡਾਊਨ, ਜੋ ਕਿ ਗੁਜਰਾਤ ਦੀ ਜਹਾਜ਼ ਨਿਰਮਾਣ ਦੀ ਕੰਪਨੀ ਹੈ, ਇਹ ਸਾਰੇ ਘਾਟੇ ਵਿਚ ਚਲ ਰਹੇ ਹਨ। ਨਿੱਜੀ ਖੇਤਰ ਵਿਚ ਗੁਜਰਾਤ ਦਾ ਹੀਰਾ ਉਦਯੋਗ ਮਰ ਰਿਹਾ ਹੈ। ਮੰਗ ਵਿਚ ਕਮੀ ਕਾਰਨ ਹੀਰਾ ਉਦਯੋਗ ਦੀਆਂ ਕਈ ਇਕਾਈਆਂ ਬੰਦ ਹੋ ਚੁੱਕੀਆਂ ਹਨ, ਇਕੱਲੇ 2008-09 ਵਿਚ ਛਾਂਟੀ ਹੋਏ 200 ਹੀਰਾ ਮਜ਼ਦੂਰ ਆਤਮ ਹੱਤਿਆ ਕਰ ਚੁੱਕੇ ਹਨ। 'ਯੋਗ' ਸਰਕਾਰ ਹੱਥ 'ਤੇ ਹੱਥ ਰੱਖੀ ਬੈਠੀ ਹੈ। ਗੁਜਰਾਤ ਰਾਜ ਪੈਟਰੋਲੀਅਮ ਕਾਰਪੋਰੇਸ਼ਨ ਵੀ ਨੁਕਸਾਨ ਵਿਚ ਹੈ। ਗੁਜਰਾਤ ਵਿਧਾਨ ਸਭਾ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ਼ਕਤੀ ਸਿੰਘ ਗੋਹਿਲ ਨੇ ਇਸ ਰਾਜ ਕਾਰਪੋਰੇਸ਼ਨ ਵਿਚ ਘਾਟੇ ਲਈ ਮੋਦੀ ਸਰਕਾਰ ਵਲੋਂ ਅਡਾਨੀ ਗਰੁੱਪ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਿਛਲੇ ਪੂਰੇ ਬਜਟ ਸੈਸ਼ਨ ਵਿਚ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਜਦੋਂ ਭਰੀ ਵਿਧਾਨ ਸਭਾ ਵਿਚ ਉਨ੍ਹਾਂ ਨੇ ਮੋਦੀ 'ਤੇ ਦੋਸ਼ ਲਾਇਆ ਕਿ ਅਡਾਨੀ ਗਰੁੱਪ ਨੂੰ ਬਹੁਤ ਸਸਤੇ ਵਿਚ ਜ਼ਮੀਨ ਦਿੱਤੀ ਗਈ ਅਤੇ ਉਹ ਅਡਾਨੀ ਦੇ ਵਿਲਾਸਮਈ ਜਹਾਜ਼ ਵਿਚ ਘੁੰਮਦੇ ਹਨ।

ਮੋਦੀ ਦੇ ਕੰਮ ਕਰਨ ਦੇ ਢੰਗ 'ਤੇ ਫ਼ੋਰਬਸ ਇੰਡੀਆ (24 ਸਤੰਬਰ, 2012) ਨੇ ਟਿੱਪਣੀ ਕੀਤੀ ਹੈ, ਜਿਸ ਦੇ ਅਨੁਸਾਰ ਮੋਦੀ ਨੇ ਗੁਜਰਾਤ ਪੱਧਰ 'ਤੇ ਭਾਜਪਾ ਸੰਗਠਨ ਦੇ ਅੰਦਰ ਵੀ ਇਕ ਸਮਾਨਅੰਤਰ ਢਾਂਚਾ ਖੜਾ ਕਰ ਲਿਆ ਹੈ। ਗੁਜਰਾਤ ਵਿਚ 18000 ਪਿੰਡ ਹਨ, ਹਰ ਪਿੰਡ ਵਿਚ ਮੋਦੀ ਦੇ 5 ਰਾਜਨੀਤਕ ਭਗਤਾਂ ਨੂੰ ਗ੍ਰਾਮ ਸੇਵਕ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਗ੍ਰਾਮ ਸੇਵਕਾਂ ਦੇ ਹੱਥਾਂ ਵਿਚ ਐਨੀ ਸ਼ਕਤੀ ਦੇ ਦਿੱਤੀ ਹੈ ਕਿ ਉਹ ਸਥਾਨਕ ਪੱਧਰ 'ਤੇ ਲਏ ਜਾ ਰਹੇ ਹਰ ਫ਼ੈਸਲੇ ਨੂੰ ਪ੍ਰਭਾਵਤ ਕਰਦੇ ਹਨ। ਕਿੱਥੇ ਕਿੰਨਾ ਫ਼ੰਡ ਦੇਣਾ ਹੈ, ਸਵੈ-ਸਹਾਇਤਾ ਸਮੂਹਾਂ ਦੇ ਗਠਨ ਵਿਚ ਕਿਨ੍ਹਾਂ ਨੂੰ ਦਰਜਾ ਦੇਣਾ ਹੈ, ਕਰਜ਼ੇ ਕਿਨ੍ਹਾਂ ਨੂੰ ਦੇਣੇ ਹਨ, ਸਭ ਕੁਝ ਇਹ ਗ੍ਰਾਮ ਸੇਵਕ ਤੈਅ ਕਰਦੇ ਹਨ। ਹੇਠਾਂ ਸਥਾਨਕ ਪੱਧਰ 'ਤੇ ਕਿਹਾ ਜਾ ਰਿਹਾ ਹੈ ਕਿ ਜੇਕਰ ਮੋਦੀ ਦੇ ਆਦਮੀ ਹੋ ਤਾਂ ਤੁਹਾਡਾ ਕੰਮ ਹੋਵੇਗਾ ਵਰਨਾ ਨਹੀਂ। ਉਨ੍ਹਾਂ ਪਿੰਡਾਂ ਅਤੇ ਪਿੰਡ ਵਾਸੀਆਂ ਨੂੰ ਸਬਕ ਸਿਖਾਇਆ ਜਾਂਦਾ ਹੈ ਜਿਨ੍ਹਾਂ ਨੇ ਪਿਛਲੀਆਂ ਚੋਣਾਂ ਵਿਚ ਮੋਦੀ ਦੀ ਪਾਰਟੀ ਨੂੰ ਵੋਟ ਨਹੀਂ ਦਿੱਤੀ।

ਜਿਸ ਤਾਨਾਸ਼ਾਹ ਢੰਗ ਨਾਲ ਮੋਦੀ ਆਪਣੀ ਸਰਕਾਰ ਚਲਾ ਰਹੇ ਹਨ, ਜਿਥੇ ਕੈਬਨਿਟ ਮੰਤਰੀਆਂ ਦੇ ਹੱਥਾਂ 'ਚੋਂ ਸਾਰੀਆਂ ਸ਼ਕਤੀਆਂ ਖੋਹ ਕੇ ਮੋਦੀ ਦੇ ਸਥਾਨਕ ਭਗਤਾਂ ਨੂੰ ਦੇ ਦਿੱਤੀਆਂ ਗਈਆਂ ਹਨ, ਤਾਂ ਅਜਿਹੇ ਚਾਪਲੂਸ ਅਫ਼ਸਰਾਂ ਦੀ ਫ਼ੌਜ ਪੈਦਾ ਹੋਣਾ ਸੁਭਾਵਕ ਹੈ ਜੋ ਜ਼ਮੀਨੀ ਪੱਧਰ 'ਤੇ ਬੇਸ਼ੱਕ ਕੁਝ ਨਾ ਕਰ ਸਕੇ ਹੋਣ ਪਰ ਉਪਰ ਇਹੀ ਸੰਦੇਸ਼ ਦਿੰਦੇ ਹਨ ਕਿ ਸਭ ਠੀਕ ਚਲ ਰਿਹਾ ਹੈ। ਕੇਂਦਰੀ ਕਮਿਸ਼ਨ ਯੋਜਨਾ ਦੇ ਸਾਰੇ ਦੋਸ਼ ਇਥੇ ਗੁਜਰਾਤ ਦੇ 'ਸੁਸ਼ਾਸਨ' ਵਿਚ ਮੌਜੂਦ ਹਨ। ਸੱਚ ਇਹ ਹੈ ਕਿ ਮੋਦੀ ਦੇ ਸ਼ਾਸਨ ਕਾਲ ਦੌਰਾਨ ਗੁਜਰਾਤ ਵਿਚ ਔਰਤਾਂ, ਬੱਚਿਆਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਜੀਵਨ ਵਿਚ ਸੁਧਾਰ ਤਾਂ ਦੂਰ, ਸਥਿਤੀਆਂ ਹੋਰ ਬਦਤਰ ਹੋਈਆਂ ਹਨ। ਜ਼ਮੀਨੀ ਸਚਾਈਆਂ ਵੱਲ ਨਜ਼ਰ ਘੁਮਾਈਏ ਤਾਂ ਸਥਿਤੀ ਇਕਦਮ ਉਲਟ ਦਿਖਾਈ ਦਿੰਦੀ ਹੈ।

ਆਰਥਕ ਸਰਵੇਖਣ, 2010-11 ਦੇ ਅੰਕੜੇ ਗੁਜਰਾਤ ਦਾ ਮੀਡੀਆ ਵਲੋਂ ਬਣਾਇਆ ਅਕਸ਼ ਚੂਰ ਚੂਰ ਕਰਨ ਵਿਚ ਕਾਫ਼ੀ ਹਨ। ਮਨੁੱਖੀ ਵਿਕਾਸ ਸਬੰਧੀ ਇਨ੍ਹਾਂ ਅੰਕੜਿਆਂ ਵਿਚ ਕੁਝ ਤੱਥ ਇਸ ਪ੍ਰਕਾਰ ਹਨ :

1 ਭੁੱਖ ਸੂਚਕ ਅੰਕ (2009) ਨੂੰ ਦੇਖੀਏ ਤਾਂ ਭਾਰਤ ਵਿਚ ਸਭ ਤੋਂ ਉੱਨਤ 17 ਸੂਬਿਆਂ ਵਿਚੋਂ ਗੁਜਰਾਤ 13ਵੇਂ ਸਥਾਨ 'ਤੇ ਹੈ।
2 ਔਰਤਾਂ ਵਿਚ ਖ਼ੂਨ ਦੀ ਕਮੀ ਨੂੰ ਦੇਖਿਆ ਜਾਵੇ ਤਾਂ ਭਾਰਤ ਦੇ 20 ਪ੍ਰਮੁੱਖ ਸੂਬਿਆਂ ਵਿਚ ਗੁਜਰਾਤ ਦਾ ਨੰਬਰ ਪਹਿਲਾ ਹੈ ਯਾਨੀ ਇਥੇ ਸਭ ਤੋਂ ਵੱਡੀ ਗਿਣਤੀ ਉਨ੍ਹਾਂ ਔਰਤਾਂ ਦੀ ਹੈ ਜਿਨ੍ਹਾਂ ਵਿਚ ਅਨੀਮੀਆ ਹੈ।
3 ਬੱਚਿਆਂ ਵਿਚ ਅਨੀਮੀਆ ਪਾਇਆ ਜਾਣ ਵਾਲਿਆਂ ਵਿਚੋਂ ਗੁਜਰਾਤ ਦਾ ਨੰਬਰ 16ਵਾਂ ਹੈ। ਯਾਨੀ ਕੇਵਲ 4 ਸੂਬਿਆਂ ਦੀ ਸਥਿਤੀ ਗੁਜਰਾਤ ਤੋਂ ਬਦਤਰ ਹੈ।
4 ਬੱਚਿਆਂ ਵਿਚ ਕੁਪੋਸ਼ਣ 'ਚ ਗੁਜਰਾਤ ਦਾ ਨੰਬਰ 15ਵਾਂ ਹੈ।
5 ਸਿਹਤ, ਸਿੱਖਿਆ, ਪੇਂਡੂ ਵਿਕਾਸ 'ਤੇ ਖ਼ਰਚ ਦੇ ਮਾਮਲੇ ਵਿਚ ਗੁਜਰਾਤ ਦਾ ਨੰਬਰ 15ਵਾਂ ਹੈ (ਪ੍ਰਮੁੱਖ 20 ਸੂਬਿਆਂ ਵਿਚੋਂ)। ਯਾਨੀ 14 ਸੂਬੇ ਗੁਜਰਾਤ ਤੋਂ ਜ਼ਿਆਦਾ ਖ਼ਰਚ ਕਰਦੇ ਹਨ।
6 2009 ਦੇ ਅੰਕੜਿਆਂ ਅਨੁਸਾਰ ਜੇਕਰ ਕੇਰਲ ਵਿਚ ਹਰ 1000 ਨਵ ਜਨਮੇ ਬੱਚਿਆਂ ਵਿਚ 12 ਮਰਦੇ ਹਨ ਤਾਂ ਗੁਜਰਾਤ ਵਿਚ ਇਹ ਗਿਣਤੀ 50 ਹੈ।
7 ਉਸੇ ਤਰ੍ਹਾਂ ਜਨਮ ਦੇਣ ਦੀ ਪ੍ਰਕਿਰਿਆ ਵਿਚ 2009 ਵਿਚ ਕੇਰਲ ਦੀ ਤੁਲਨਾ ਵਿਚ ਗੁਜਰਾਤ ਵਿਚ ਤਿੰਨ ਗੁਣਾ ਔਰਤਾਂ ਦੀ ਮੌਤ ਹੁੰਦੀ ਹੈ।
8. ਮਨੁੱਖੀ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ ਅਨੁਸਾਰ 2007-08 ਵਿਚ ਜੇਕਰ ਕੇਰਲ ਵਿਚ ਦਾਖ਼ਲ ਹੋਏ ਬੱਚਿਆਂ (ਉਮਰ 6 ਤੋਂ 16 ਸਾਲ) ਵਿਚ ਕੋਈ ਵੀ ਸਕੂਲ ਛੱਡ ਕੇ ਨਹੀਂ ਗਿਆ, ਉਥੇ ਗੁਜਰਾਤ ਵਿਚ 59.11 ਫੀਸਦੀ ਬੱਚੇ ਸਕੂਲ ਛੱਡਣ ਲਈ ਮਜਬੂਰ ਹੋਏ।

ਇਨ੍ਹਾਂ ਸਾਰਿਆਂ ਤੋਂ ਇਲਾਵਾ ਸੂਬਾ ਸਰਕਾਰ ਨਾਗਰਿਕਾਂ ਨੂੰ ਪੀਣ ਯੋਗ ਪਾਣੀ ਤਕ ਮੁਹੱਈਆ ਨਹੀਂ ਕਰਵਾ ਸਕੀ। ਭਾਜਪਾਈ ਰੋਜ਼ਾਨਾ 'ਦਿਵਯ ਭਾਸਕਰ' ਨੇ ਪਿਛਲੇ ਦਿਨੀਂ ਇਕ ਪੂਰੇ ਪੇਜ ਦਾ ਲੇਖ ਪ੍ਰਕਾਸ਼ਿਤ ਕਰ ਕੇ ਇਹ ਦਸਿਆ ਹੈ ਕਿ ਕਿਸ ਤਰ੍ਹਾਂ ਪੂਰੇ ਸੂਬੇ ਵਿਚ ਪਾਣੀ ਦੀ ਕਮੀ ਹੈ।

ਪਿਛਲੇ ਜਿਹੇ ਜਦੋਂ ਮਨਮੋਹਨ ਸਿੰਘ ਦਾ 80ਵਾਂ ਜਨਮ ਦਿਨ ਸੀ ਤਾਂ ਫੇਸਬੁਕ 'ਤੇ ਇਕ ਮਜ਼ਾਕ ਪ੍ਰਚਲਤ ਹੋਇਆ ਕਿ ਉਸ ਦਿਨ ਕੇਕ ਖਾਣ ਲਈ ਤਾਂ ਉਹ ਆਪਣਾ ਮੂੰਹ ਜ਼ਰੂਰ ਖੋਲ੍ਹਣਗੇ। ਸਮੱਸਿਆ ਇਥੇ ਹੀ ਹੈ। ਬੇਤਹਾਸ਼ਾ ਮਹਿੰਗਾਈ, ਪਰਚੂਨ ਵਪਾਰ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਅਤੇ ਹਾਲ ਵਿਚ ਰਸੋਈ ਗੈਸ ਦੇ ਸਿਲੰਡਰਾਂ ਦੇ ਮਾਮਲੇ ਵਿਚ ਕੀਤੇ ਗਏ ਫ਼ੈਸਲਿਆਂ ਨਾਲ ਪੂਰੇ ਦੇਸ਼ ਵਿਚ ਕੇਂਦਰ ਸਰਕਾਰ ਵਿਰੋਧੀ ਲਹਿਰ ਚਲੀ ਹੋਈ ਹੈ। ਯੂ.ਪੀ.ਏ-2 ਸਰਕਾਰ ਦਾ ਨਿਕੰਮਾਪਣ ਐਨਾ ਵਧ ਚੁੱਕਾ ਹੈ ਕਿ ਜਨਤਾ ਹਰ ਹਾਲ ਵਿਚ ਬਦਲ ਚਾਹੁੰਦੀ ਹੈ। ਮੋਦੀ ਦਾ ਖ਼ਤਰਾ ਇਸ ਲਈ ਬਾਕਾਇਦਾ ਬਣਿਆ ਹੋਇਆ ਹੈ। ਇਸ ਖ਼ਤਰੇ ਨੂੰ ਪਛਾਣ ਕੇ ਹੀ 2014 ਵਿਚ ਸਿਆਸੀ ਗਠਜੋੜ ਤੈਅ ਕਰਨੇ ਹੋਣਗੇ। ਗੁਜਰਾਤ 2002 ਦੇ ਦੰਗਿਆਂ ਦੇ ਹੀਰੋ ਨੂੰ ਦੇਸ਼ ਦੀ ਵਾਗਡੋਰ ਨਹੀਂ ਫੜਾਈ ਜਾ ਸਕਦੀ।

ਵਿਸਾਖੀ 'ਤੇ ਵਿਸ਼ੇਸ਼

ਧੁਖ਼ਦਾ ਕਾਲਮ

## ਕਿੱਥੇ ਗਿਆ ਧਨੀ ਰਾਮ ਚਾਤ੍ਰਿਕ ਦਾ ਜੱਟ

ਸੁਸ਼ੀਲ ਦੁਸਾਂਝ +91-97813-60066

ਪੰਜਾਬੀ ਕਿਸਾਨੀ ਦੀ ਖੁਸ਼ਹਾਲੀ ਨਾਲ ਸਬੰਧਤ ਤਿਓਹਾਰ ਵਿਸਾਖੀ ਆ ਗਈ ਹੈ। ਪਿਛਲੇ ਕੁੱਝ ਵਰ੍ਹਿਆਂ ਤੋਂ ਇਹ ਤਿਓਹਾਰ ਹੁਣ ਕਿਸਾਨਾਂ ਲਈ ਉਮੰਗ ਅਤੇ ਖੁਸ਼ੀਆਂ ਲੈ ਕੇ ਨਹੀਂ ਆਉਂਦਾ। ਹੁਣ ਵਿਸਾਖੀ 'ਚੋਂ ਧਨੀ ਰਾਮ ਚਾਤ੍ਰਿਕ ਦਾ 'ਦਮਾਮੇ ਮਾਰਦਾ' ਜੱਟ ਗਾਇਬ ਹੈ। ਇਹ ਨਹੀਂ ਕਿ ਹੁਣ ਮੇਲੇ ਨਹੀਂ ਲੱਗਦੇ, ਮੇਲੇ ਤਾਂ ਲੱਗਦੇ ਹਨ ਪਰ ਉਹ ਹੁਣ 'ਜੱਟਾ ਆਈ ਵਿਸਾਖੀ' ਵਾਲੇ ਮੇਲੇ ਨਹੀਂ ਰਹੇ। ਅੱਜ-ਕੱਲ੍ਹ ਕੰਜ਼ਿਊਮਰ ਮੇਲਿਆਂ ਦਾ ਦੌਰ ਹੈ। ਉਹ ਮੇਲੇ ਜਿਨ੍ਹਾਂ ਵਿੱਚ ਬਾਜ਼ਾਰ ਦੇ ਬੇਸ਼ਰਮੀ ਭਰੇ ਠਹਾਕੇ ਹਨ ਅਤੇ ਕਿਸਾਨਾਂ ਦੇ ਪੱਲੇ ਬੇਬਸੀ।

ਦਰਅਸਲ, ਵਿਸਾਖੀ ਦਾ ਰੰਗ-ਰੂਪ ਫਿੱਕਾ ਪੈ ਗਿਆ ਹੈ, ਬਿਲਕੁਲ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਮੁਰਝਾਏ ਹੋਏ ਚਿਹਰਿਆਂ ਵਾਂਗ। ਜਿਸ ਪੰਜਾਬੀ ਕਿਸਾਨੀ ਉਪਰ ਹਜ਼ਾਰਾਂ ਕਰੋੜ ਰੁਪਏ ਦਾ ਕਰਜ਼ਾ ਹੋਵੇ; ਜਿਸ ਪੰਜਾਬ ਦੀ ਕਿਸਾਨੀ ਖ਼ੁਦਕੁਸ਼ੀਆਂ ਦੀ ਹਨੇਰੀ ਸੁਰੰਗ ਵਿਚ ਗੁਆਚਦੀ ਜਾ ਰਹੀ ਹੋਵੇ, ਉਸ ਪੰਜਾਬ ਵਿਚ ਵਿਸਾਖੀ ਦੇ ਢੋਲ ਕਿਵੇਂ ਵੱਜ ਸਕਦੇ ਹਨ। ਇਹ ਨਹੀਂ ਕਿ ਸਿਰਫ ਪੰਜਾਬ ਦੀ ਕਿਸਾਨੀ ਹੀ ਇਸ ਸੰਕਟ ਨਾਲ ਦੋ-ਚਾਰ ਹੋ ਰਹੀ ਹੈ, ਸਾਰੇ ਮੁਲਕ ਦੀ ਕਿਸਾਨੀ 'ਤੇ ਵਿਸ਼ਵ ਵਪਾਰ ਸੰਗਠਨ ਦੀਆਂ ਹਦਾਇਤਾਂ 'ਤੇ ਬਣਾਈਆਂ ਗਈਆਂ ਆਪਣੇ ਭਾਰਤ ਦੀਆਂ ਆਰਥਿਕ ਨੀਤੀਆਂ ਦਾ ਮਾਰੂ ਅਸਰ ਪੈ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬੀ ਕਿਸਾਨੀ ਕੁਝ ਜ਼ਿਆਦਾ ਹੀ ਸੰਕਟ ਗ੍ਰਸਤ ਹੈ। ਇਸਦਾ ਪ੍ਰਮਾਣ ਇਹ ਹੈ ਕਿ ਮੁਲਕ ਦੇ ਹਰ ਕਿਸਾਨ 'ਤੇ ਔਸਤਨ 16 ਹਜ਼ਾਰ ਰੁਪਏ ਦਾ ਕਰਜ਼ ਹੈ ਜਦਕਿ ਹਰ ਪੰਜਾਬੀ ਕਿਸਾਨ 50 ਹਜ਼ਾਰ ਰੁਪਏ ਦਾ ਕਰਜ਼ਦਾਰ ਹੈ।

ਮੁਲਕ ਅਤੇ ਪੰਜਾਬੀ ਕਿਸਾਨੀ ਦੇ ਇਸ ਸੰਕਟ ਨੇ ਸਾਰੇ ਸਮਾਜ ਵਿਚ ਸੋਹ ਦੇ ਤੱਕਲੇ ਗੱਡ ਛੱਡੇ ਹਨ। ਖ਼ੁਦਕੁਸ਼ੀਆਂ ਦਾ ਲਗਾਤਾਰ ਤੇਜ਼ ਹੁੰਦਾ ਰੁਝਾਨ ਦੱਸਦਾ ਹੈ ਕਿ ਕਿਵੇਂ ਸਾਡੇ ਲੋਕਾਂ ਵਿਚ ਬੇਚੈਨੀ, ਨਿਰਾਸ਼ਾ ਅਤੇ ਹਤਾਸ਼ਾ ਵੱਧ ਰਹੀ ਹੈ।

ਇਧਰ ਨਿਰਾਸ਼ਾ ਦੇ ਵਾਵਰੋਲੇ ਹਨ ਤੇ ਓਧਰ ਬਾਜ਼ਾਰ ਲੁੱਡੀਆਂ ਪਾ ਰਿਹਾ ਹੈ। ਬਾਜ਼ਾਰ ਆਪਣੀ ਫ਼ਿਤਰਤ ਮੁਤਾਬਕ ਹੀ ਕੰਮ ਕਰ ਰਿਹਾ ਹੈ। ਵੱਡੀਆਂ ਪ੍ਰਾਈਵੇਟ ਏਜੰਸੀਆਂ ਕਿਸਾਨਾਂ ਤੋਂ ਸਿਧਿਆਂ ਹੀ ਕਣਕ ਖ਼ਰੀਦ ਕੇ ਗੋਦਾਮਾਂ ਦੇ ਗੋਦਾਮ ਭਰ ਲੈਂਦੀਆਂ ਹਨ। ਤੇ ਸਰਕਾਰੀ ਖਰੀਦ ਏਜੰਸੀਆਂ ਜਿਹੜਾ ਅਨਾਜ ਖਰੀਦਦੀਆਂ ਹਨ;ਉਸ ਰਖੱਣ ਲਈ ਗੋਦਾਮ ਹੀ ਨਹੀਂ ਹਨ। ਅਨਾਜ ਤਾਂ ਪਿਛਲੇ ਵਰ੍ਹੇ ਦਾ ਹੀ ਗੋਦਾਮਾਂ ਵਿਚ ਭਰਿਆ ਪਿਆ ਹੈ। ਲਚਰ ਜਨਤਕ ਵੰਡ ਪ੍ਰਣਾਲੀ ਅਤੇ ਸਰਕਾਰ ਦੀ ਨਾ ਅਹਿਲੀਅਤ ਹੀ ਹੈ ਕਿ ਸੜਕਾਂ ਕਿਨਾਰੇ ਰੁਲਦਾ ਅਨਾਜ ਅੰਤ ਨੂੰ ਮੁਫ਼ਤ ਦੇ ਭਾਅ ਸ਼ਰਾਬ ਦੀਆਂ ਫੈਕਟਰੀਆਂ ਨੂੰ ਚੁਕਾ ਦਿੱਤਾ ਜਾਂਦਾ ਹੈ। ਇਸ ਸਾਰੇ ਕੁਚੱਕਰ ਦੀਆਂ ਬਾਰੀਕ ਤੰਦਾ ਨੂੰ ਫੜਨ ਦੀ ਲੋੜ ਹੈ। ਕਿਸਾਨੀ ਤੇ ਆਮ ਲੋਕਾਂ ਨੂੰ ਇਨ੍ਹਾਂ ਨਾਮੁਰਾਦ ਸਥਿਤੀਆਂ ਵੱਲ ਸਾਜਿਸ਼ਾਨਾ ਤਰੀਕੇ ਨਾਲ ਧੱਕਿਆ ਜਾ ਰਿਹਾ ਹੈ। ਇਨ੍ਹਾਂ ਦੀ ਬਾਂਹ ਫੜਨ ਵਾਲਾ ਤਾਂ ਕਿਤੇ ਟਾਵਾਂ-ਟਾਵਾਂ ਹੀ ਦਿਖਾਈ ਦਿੰਦਾ ਹੈ ਜਦਕਿ ਬਾਂਹ ਮਰੋੜਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਹਾਕਮ ਤਾਂ ਹਾਕਮ ਵਿਰੋਧੀ ਪਾਰਟੀਆਂ ਵੀ ਇਸ ਖੋਹ-ਖਿੰਝ ਵਿਚ ਰਲੀਆਂ ਦਿਖਾਈ ਦਿੰਦੀਆਂ ਹਨ। ਸਰਕਾਰਾਂ ਨੂੰ ਉਦਯੋਗਿਕ ਵਿਕਾਸ ਦਾ ਫ਼ਿਕਰ ਤਾਂ ਹੈ ਪਰ ਉਸ ਜ਼ਮੀਨ ਵਿਚੋਂ ਬੇਦਖਲ ਕੀਤੇ ਜਾ ਰਹੇ ਕਿਸਾਨਾਂ ਦਾ ਕੋਈ ਫ਼ਿਕਰ ਨਹੀਂ। ਉਦਯੋਗਿਕ ਵਿਕਾਸ ਜ਼ਰੂਰੀ ਹੈ ਪਰ ਇਸ ਵਿਕਾਸ ਤੋਂ ਪਹਿਲਾਂ ਇਹ ਤੈਅ ਕਰਨਾ ਜ਼ਰੂਰੀ ਹੈ ਜਿਨ੍ਹਾਂ ਲੋਕਾਂ ਨੂੰ ਉਥੋਂ ਉਠਾਉਣਾ ਹੈ, ਉਨ੍ਹਾਂ ਨੂੰ ਵਸਾਉਣਾ ਕਿੱਥੇ ਹੈ? ਕੁਝ ਕਿਸਾਨ ਜਥੇਬੰਦੀਆਂ ਲੜ ਰਹੀਆਂ ਹਨ ਪਰ ਉਨ੍ਹਾਂ ਦੀ ਤਾਕਤ ਵੀ ਸੀਮਤ ਹੈ। ਇਕ ਬੱਝਵੀਂ ਸਾਂਝੀ ਲੜਾਈ ਦੇਣ ਦੀ ਜ਼ਰੂਰਤ ਨੂੰ ਵੱਖ-ਵੱਖ ਧੜਿਆਂ ਵਿਚ ਵੰਡੀਆਂ ਕਿਸਾਨ ਜਥੇਬੰਦੀਆਂ ਪਤਾ ਨਹੀਂ ਕਿਹੜੀ ਮਜਬੂਰੀ ਦੇ ਚਲਦਿਆਂ ਨਹੀਂ ਸਮਝ ਰਹੀਆਂ।

ਸਵਾਲ ਇਹ ਹੈ ਕਿ ਅੱਜ ਜਦੋਂ ਕਿਸਾਨੀ 'ਤੇ ਉਜਾੜੇ ਦੀ ਦੋ ਧਾਰੀ ਤਲਵਾਰ ਲਟਕ ਰਹੀ ਹੈ ਅਤੇ ਹਾਕਮਾਂ ਦੇ ਨਾਲ-ਨਾਲ ਵਿਰੋਧੀ ਧਿਰ ਵਾਲੇ ਵੀ ਉਸਦੀ ਬਰਬਾਦੀ ਲਈ ਬਰਾਬਰ ਦੇ ਜ਼ਿੰਮੇਵਾਰ ਦਿਖਾਈ ਦੇ ਰਹੇ ਹਨ ਤਾਂ ਫੇਰ ਉਹ ਆਪਣੀ ਹੋਂਦ ਬਚਾਉਣ ਦੀ ਲੜਾਈ ਕਿਹਦੇ ਆਸਰੇ ਲੜੇ? ਪਹਿਲੀ ਲੋੜ ਤਾਂ ਹੈ ਖ਼ੁਦ ਕਿਸਾਨਾਂ ਨੂੰ ਆਪੋ-ਆਪਣੇ ਅੰਦਰ ਝਾਕਣ ਦੀ ਹੈ।

ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲਈ ਜ਼ਰੂਰੀ ਹੈ ਕਿ ਸਹੀ ਤੇ ਗਲਤ ਦੀ ਪਛਾਣ ਕਰਦਿਆਂ ਜਨ-ਅੰਦੋਲਨਾਂ ਦਾ ਹਿੱਸਾ ਬਣਿਆ ਜਾਵੇ। ਇਹ ਵੀ ਜ਼ਰੂਰੀ ਹੈ ਕਿ ਲੋਕਾਂ ਦੇ ਪੱਖ ਵਿਚ ਲੜਨ ਵਾਲੀਆਂ ਜਥੇਬੰਦੀਆਂ ਵੀ ਆਪੋ-ਆਪਣੇ ਭਰਮਜਾਲਾਂ ਵਿਚੋਂ ਬਾਹਰ ਆਉਣ ਅਤੇ ਜੇਕਰ ਉਹ ਸੱਚਮੁੱਚ ਹੀ ਲੋਕ ਹਿਤੈਸ਼ੀ ਹਨ ਤਾਂ ਆਪਣੀਆਂ ਸਿਆਸੀ ਮਜਬੂਰੀਆਂ ਦੀ ਕੁੰਜ ਉਤਾਰ ਕੇ ਮੈਦਾਨ ਵਿਚ ਨਿਤਰਨ ਤਾਂ ਹੀ ਸਾਡੇ ਸਮਿਆਂ ਦੀ ਸਭ ਤੋਂ ਅਹਿਮ ਲੜਾਈ ਸਮੂਹ ਦੀ ਲੜਾਈ ਬਣ ਸਕੇਗੀ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਪੰਜਾਬ ਬਜਟ 2013-14, ਕੋਈ ਨਵਾਂ ਟੈਕਸ ਨਹੀਂ

# ਸੁਪਨੇ ਦਿਖਾਏ ਪਰ ਰਸਤਾ ਨਹੀਂ ਦੱਸਿਆ




ਪੰਜਾਬ ਵਿਧਾਨ ਸਭਾ ਵਿਚ 69.051 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਗਿਆ। ਇਸ ਵਿਚ ਕਈ ਯੋਜਾਨਾਵਾਂ ਹਨ। ਪਰ ਇਹ ਪੂਰੀਆਂ ਕਿਸ ਤਰ੍ਹਾਂ ਹੋਣਗੀਆਂ, ਇਸ ਬਾਰੇ ਵਿਚ ਸਰਕਾਰ ਨੇ ਕੁਝ ਖਾਸ ਨਹੀਂ ਦੱਸਿਆ। ਠੀਕ ਪਿਛਲੇ ਸਾਲ ਦੀ ਤਰ੍ਹਾਂ। ਵਿਦਿਆਰਥੀਆਂ ਨੂੰ ਟੈਬਲੇਟ ਦੇਣ ਅਤੇ ਪੈਨਸ਼ਨ ਵਾਧੇ ਵਰਗੇ ਐਲਾਨ ਪਿਛਲੀ ਵਾਰ ਵੀ ਹੋਏ ਸਨ ਪਰ ਕੋਈ ਰੋਡਮੈਪ ਨਹੀਂ ਸੀ। ਇਸ ਲਈ ਹੁਣ ਤਕ ਇਹ ਯੋਜਨਾਵਾਂ ਪੂਰੀ ਨਹੀਂ ਹੋ ਸਕੀਆਂ। ਦੇਖਦੇ ਹਾਂ ਕਿ ਇਸ ਵਾਰ ਕੀ ਹੁੰਦਾ ਹੈ।

## ■ ਸਿਗਰਟ, ਸਾਫ਼ਟ ਡ੍ਰਿੰਕ ਮਹਿੰਗੀ
## ■ ਬੱਚਿਆਂ, ਬਜ਼ੁਰਗਾਂ ਦਾ ਸਾਮਾਨ ਸਸਤਾ

ਚੰਡੀਗੜ੍ਹ (ਨਦਬ) : ਪੰਜਾਬ ਵਿਚ ਕੋਲਡ ਡ੍ਰਿੰਕ ਅਤੇ ਸਿਗਰਟ 'ਤੇ ਵੈਟ ਵਧਾ ਕੇ ਸਰਕਾਰ ਨੇ 180 ਕਰੋੜ ਰੁਪਏ ਦੀ ਆਮਦਨੀ ਦਾ ਜ਼ਰੀਆ ਤਿਆਰ ਕਰ ਲਿਆ ਹੈ। ਬਜ਼ੁਰਗਾਂ ਅਤੇ ਬੱਚਿਆਂ ਨਾਲ ਜੁੜੇ ਉਤਪਾਦਾਂ 'ਤੇ ਵੈਟ ਖ਼ਤਮ ਕਰ ਕੇ 15 ਕਰੋੜ ਰੁਪਏ ਦੀ ਰਾਹਤ ਦਿੱਤੀ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਦਾਅਵਾ ਕੀਤਾ ਹੈ ਕਿ ਵਧਾਇਆ ਗਿਆ ਵੈਟ ਸਰਕਾਰੀ ਆਮਦਨੀ ਦੇ 1,746 ਕਰੋੜ ਦੇ ਘਾਟੇ ਨੂੰ ਕੁੱਝ ਹੱਦ ਤਕ ਘਟਾ ਸਕੇਗਾ। ਪਰ ਉਨ੍ਹਾਂ ਨੇ ਵਧਦਾ ਕਰਜ਼ਾ ਘੱਟ ਕਰਨ ਲਈ ਕੋਈ ਉਪਾਅ ਨਹੀਂ ਸੁਝਾਏ।

### ਮੁੱਖ ਐਲਾਨ

- ਸਮਾਜਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਲਈ 1118 ਕਰੋੜ ਰੁਪਏ ਦੀ ਪੇਸ਼ਕਸ਼
- ਸਕੂਲਾਂ ਵਿਚ 80 ਫ਼ੀਸਦੀ ਅੰਕ ਲਿਆਉਣ ਵਾਲੇ ਵਿਦਿਆਰਥੀਆਂ ਨੂੰ 30,000 ਪ੍ਰਤੀ ਸਾਲ ਵਜ਼ੀਫਾ
- ਜਨਤਕ-ਨਿੱਜੀ ਭਾਈਵਾਲੀ ਨਾਲ 1000 ਮਾਡਲ ਸਕੂਲ ਖੋਲ੍ਹੇ ਜਾਣਗੇ। ਪੰਚਾਇਤਾਂ ਵੀ ਜ਼ਮੀਨ ਦੇਣਗੀਆਂ।

### ਸੁਰੱਖਿਅਤ ਸ਼ਹਿਰੀ ਯੋਜਨਾ

- ਲੁਧਿਆਣਾ, ਅੰਮ੍ਰਿਤਸਰ ਵਿਚ ਇਸ ਯੋਜਨਾ ਤਹਿਤ ਸੀ.ਸੀ.ਟੀ.ਵੀ., ਲਾਇਸੈਂਸ ਪਲੇਟ ਰੀਡਰਸ, ਸੈਂਸਰਸ 'ਤੇ 135 ਕਰੋੜ ਖ਼ਰਚ ਹੋਣਗੇ।

## ਖਾਲੀ ਕੁਰਸੀਆਂ ਨੂੰ ਦੱਸੀਆਂ ਬਜਟ ਦੀਆਂ ਬਾਰੀਕੀਆਂ



### ਅੰਕਾਂ ਦੀ ਬਾਜ਼ੀਗਿਰੀ

- ਬਜਟ ਵਿਚ ਆਮਦਨੀ ਅਤੇ ਖ਼ਰਚ ਦੇ ਵਿਚਕਾਰ ਦਾ ਅੰਤਰ 1,746 ਕਰੋੜ ਦੱਸਿਆ ਗਿਆ ਹੈ, ਜਦਕਿ ਅਸਲ ਵਿਚ ਇਹ ਤਕਰੀਬਨ 9800 ਕਰੋੜ ਹੈ। ਸਾਫ਼ ਹੈ ਕਿ ਵਿਕਾਸ ਯੋਜਨਾਵਾਂ 'ਤੇ ਕਟ ਲਾ ਕੇ ਇਸ ਅੰਤਰ ਨੂੰ ਪੂਰਾ ਕੀਤਾ ਜਾਵੇਗਾ।
- ਪੰਜਾਬ 'ਤੇ 96 ਹਜ਼ਾਰ ਕਰੋੜ ਕਰਜ਼ਾ ਹੋ ਜਾਵੇਗਾ। ਵਿੱਤ ਮੰਤਰੀ ਕਹਿੰਦੇ ਹਨ ਕਿ ਇਹ ਕੁੱਲ ਘਰੇਲੂ ਉਤਪਾਦ ਦਾ ਕੇਵਲ 31 ਫੀਸਦੀ ਹੈ, ਜਦਕਿ ਕੇਂਦਰ ਵਿਚ ਇਹ 49 ਫ਼ੀਸਦੀ ਹੈ। ਪਰ ਸਚਾਈ ਇਹ ਹੈ ਕਿ ਸੂਬੇ ਕੋਲ ਕਰਜ਼ਾ ਉਤਾਰਨ ਲਈ ਸਾਧਨ ਬੇਹੱਦ ਘੱਟ ਹਨ।

### ਗੱਲਾਂ ਦਾ ਕੜਾਹ

- ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਧਦੇ ਕਰਜ਼ੇ ਨੂੰ ਗੰਭੀਰ ਸੰਕਟ ਨਹੀਂ ਮੰਨਦੇ। ਸਬਸਿਡੀ ਵੀ ਜਾਰੀ ਰੱਖਣਾ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਘਾਟੇ ਨੂੰ ਟੈਕਸ ਚੋਰੀ ਰੋਕ ਕੇ ਪੂਰਾ ਕੀਤਾ ਜਾਵੇਗਾ। 2017 ਤਕ ਵੈਟ ਵਸੂਲੀ 40 ਹਜ਼ਾਰ ਕਰੋੜ ਸਾਲਾਨਾ ਤੋਂ ਪਾਰ ਕਰ ਦੇਣਗੇ। ਪਰ ਸਵਾਲ ਇਹ ਹੈ ਕਿ ਸਨਅਤ ਦੀ ਹਿਜਰਤ, ਖੇਤੀ ਦੇ ਰੁਕੇ ਹੋਏ ਵਿਕਾਸ ਦੇ ਬਾਵਜੂਦ ਅਜਿਹਾ ਕਿਸ ਤਰ੍ਹਾਂ ਸੰਭਵ ਹੈ। ਇਸ ਬਾਰੇ ਵਿਚ ਉਨ੍ਹਾਂ ਨੇ ਕੁਝ ਨਹੀਂ ਕਿਹਾ।

### ਜਨ-ਨੀਤੀ ਜਾਂ ਰਾਜਨੀਤੀ : ਵਾਅਦੇ ਤਾਂ ਪਹਿਲਾਂ ਵੀ ਕੀਤੇ ਪਰ ਪੂਰੇ ਨਹੀਂ ਹੋਏ

- ਔਰਤਾਂ, ਵਿਦਿਆਰਥੀਆਂ ਅਤੇ ਕਿਸਾਨਾਂ ਨੂੰ ਰਿਆਇਤਾਂ ਦੇ ਢੇਰ ਲਾ ਦਿੱਤੇ ਹਨ। ਇਸ ਨੂੰ ਜਨ-ਨੀਤੀ ਕਿਹਾ ਜਾ ਸਕਦਾ ਹੈ ਪਰ ਜੇਕਰ ਇਸ ਸਾਲ ਵੀ ਵਿਦਿਆਰਥੀਆਂ ਨੂੰ ਟੈਬਲੇਟ ਨਹੀਂ ਦਿੱਤੇ ਗਏ ਤਾਂ ਕੀ?
- ਪਿਛਲੇ 6 ਸਾਲਾਂ ਤੋਂ ਸਰਕਾਰ ਬੁਢਾਪਾ ਪੈਨਸ਼ਨ ਪਹਿਲਾਂ 250 ਤੋਂ 400 ਰੁਪਏ ਅਤੇ ਹੁਣ 600 ਰੁਪਏ ਕਰਨ ਦੀ ਗੱਲ ਕਹਿ ਰਹੀ ਹੈ। ਇਸ ਦੇ ਨਾਮ 'ਤੇ ਵੋਟਾਂ ਵੀ ਲਈਆਂ ਪਰ ਅਜਿਹਾ ਨਹੀਂ ਹੋ ਸਕਿਆ। ਇਸੇ ਤਰ੍ਹਾਂ ਵੋਟ ਬੈਂਕ ਬਚਾਉਣ ਲਈ ਮੁਫ਼ਤ ਬਿਜਲੀ ਉਨ੍ਹਾਂ ਕਿਸਾਨਾਂ ਨੂੰ ਵੀ ਦਿੱਤੀ ਜਾ ਰਹੀ ਹੈ, ਜੋ ਸਾਧਨ ਸੰਪਨ ਹਨ। ਦੂਜੇ ਪਾਸੇ ਬਿਜਲੀ ਕੱਟ ਵੀ ਲਾਉਣੇ ਪੈਂਦੇ ਹਨ।

### ਮਾਹਰ ਦੀ ਰਾਏ — ਸੁੱਚਾ ਸਿੰਘ ਗਿੱਲ, ਡਾਇਰੈਕਟਰ ਜਨਰਲ ਕਰਿਡ

ਬਜਟ ਵਿਚ ਟੈਕਸ ਕੁਲੈਕਸ਼ਨ 'ਤੇ ਧਿਆਨ ਨਹੀਂ ਦਿੱਤਾ ਗਿਆ ਹੈ। ਇਸ ਨਾਲ ਵਿਕਾਸ ਦਰ 'ਤੇ ਅਸਰ ਪੈ ਸਕਦਾ ਹੈ। ਕਰਜ਼ਾ ਉਤਾਰਣ ਲਈ ਜਿਸ ਤਰ੍ਹਾਂ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ, ਉਸ ਨਾਲ ਪੰਜਾਬ ਕਰਜ਼ੇ ਦੇ ਜਾਲ ਵਿਚ ਫਸ ਗਿਆ ਹੈ। ਚੰਗਾ ਹੁੰਦਾ ਕਿ ਵਿੱਤ ਮੰਤਰੀ ਇਸ ਦਿਸ਼ਾ ਵਿਚ ਕੋਈ ਕਦਮ ਚੁੱਕਦੇ। ਕੇਂਦਰ ਨੇ ਫਸਲੀ ਵੰਨ-ਸੁਵੰਨਤਾ ਲਈ 500 ਕਰੋੜ ਰੁਪਏ ਰੱਖੇ ਹਨ, ਪਰ ਪੰਜਾਬ ਸਰਕਾਰ ਨੇ ਕੋਈ ਪੈਸਾ ਨਹੀਂ ਰੱਖਿਆ। ਸਰਕਾਰ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕੋਈ ਸਖ਼ਤ ਕਦਮ ਨਹੀਂ ਚੁੱਕਦੀ। ਜੇਕਰ ਮੁਫ਼ਤ ਬਿਜਲੀ ਕੇਵਲ ਉਨ੍ਹਾਂ ਕਿਸਾਨਾਂ ਨੂੰ ਦਿੱਤੀ ਜਾਵੇ ਜੋ ਝੋਨੇ ਤੋਂ ਇਲਾਵਾ ਕੋਈ ਵੀ ਘੱਟ ਪਾਣੀ ਦੀ ਖ਼ਪਤ ਵਾਲੀ ਫ਼ਸਲ ਉਗਾਉਂਦੇ ਹਨ ਤਾਂ ਇਸ ਨਾਲ ਖੁਦ-ਬ-ਖੁਦ ਵੰਨ-ਸੁਵੰਨਤਾ ਆ ਜਾਵੇਗੀ।

## ਸਸਤਾ ਕੀ?

ਸਕੂਲ ਬੈਗ, ਪੈਨਸਲ, ਰਬੜ, ਸ਼ਾਪਨਰ, ਜਿਮੈਟਰੀ ਬਾਕਸ, ਕਲਰਸ, ਕਿਆਨਜ਼, ਪਾਣੀ ਵਾਲੀ ਬੋਤਲ, ਫੀਡਿੰਗ ਬੋਤਲ 'ਤੇ ਲਗਾ 5.5 ਫੀਸਦੀ ਵੈਟ ਵਾਪਸ। ਬਜ਼ੁਰਗਾਂ ਲਈ ਹੇਅਰਿੰਗ ਏਡ, ਸਿਟਕਸ ਅਤੇ ਚੱਲਣ ਸਮੇਂ ਸਹਾਰਾ ਦੇਣ ਵਾਲੀਆਂ ਦੂਜੀਆਂ ਵਸਤੂਆਂ 'ਤੇ ਲੱਗਾ 5.5 ਫ਼ੀਸਦੀ ਵੈਟ ਖ਼ਤਮ।

## ਮਹਿੰਗਾ ਕੀ ਹੋਇਆ?

**ਸਿਗਰਟ।** ਵੈਟ 20 ਫੀਸਦੀ ਤੋਂ ਵਧਾ ਕੇ 50 ਫੀਸਦੀ ਕੀਤੀ। ਇਸ ਨਾਲ 100 ਕਰੋੜ ਰੁਪਏ ਦੀ ਵਧੇਰੇ ਆਮਦਨੀ ਹੋਵੇਗੀ।

**ਸਾਫ਼ਟ ਡ੍ਰਿੰਕ।** ਸਾਫ਼ਟ ਡ੍ਰਿੰਕ 'ਤੇ ਵੈਟ 13 ਫ਼ੀਸਦੀ ਤੋਂ ਵਧਾ ਕੇ 20.5 ਫੀਸਦੀ ਕੀਤਾ।

## ਕਿਸ ਨੂੰ ਕੀ ਮਿਲਿਆ?

### ਉਦਯੋਗਾਂ ਨੂੰ :

- ਫੋਕਲ ਪੁਆਇੰਟਸ, ਐਨ.ਆਈ.ਐਫ਼.ਟੀ. ਮੁਹਾਲੀ ਲਈ 285 ਕਰੋੜ ਰੁਪਏ।
- ਅੰਮ੍ਰਿਤਸਰ-ਲੁਧਿਆਣਾ ਵਿਚ ਪੀ.ਪੀ.ਪੀ. ਮੋਡ ਵਿਚ ਟ੍ਰੇਡ ਫ਼ੇਅਰ ਗਰਾਊਂਡ, ਮੁਹਾਲੀ ਵਿਚ 4000 ਲੋਕਾਂ ਲਈ ਐਕਸਪੋ ਐਂਡ ਕਨਵੈਂਸ਼ਨ ਸੈਂਟਰ।

### ਸਰਕਾਰੀ ਮੁਲਾਜ਼ਮਾਂ ਨੂੰ :

- ਹਸਪਤਾਲਾਂ ਵਿਚ ਹਾਊਸ ਸਰਜਨਾਂ ਦਾ ਭੱਤਾ 4800 ਤੋਂ ਵਧਾ ਕੇ 21 ਹਜ਼ਾਰ ਰੁਪਏ ਕੀਤਾ।
- 6 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੈਸ਼ਲੈੱਸ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਹੈ, ਜੋ ਨਵੇਂ ਮੁਲਾਜ਼ਮਾਂ ਲਈ ਜ਼ਰੂਰੀ ਹੋਵੇਗੀ।

### ਨੌਜਵਾਨਾਂ ਨੂੰ :

- ਸਕਿਲ ਡਿਵੈਲਪਮੈਂਟ ਲਈ 1000 ਰੁਪਏ ਭੱਤਾ।
- ਮਹਾਰਾਜਾ ਰਣਜੀਤ ਸਿੰਘ ਫ਼ੌਜੀ ਸੇਵਾ ਸੰਸਥਾ ਲਈ 10 ਕਰੋੜ ਰੁਪਏ। ਇਥੇ ਨੌਜਵਾਨਾਂ ਨੂੰ ਥਲ ਸੈਨਾ ਵਿਚ ਭਰਤੀ ਲਈ ਤਿਆਰੀ ਕਰਵਾਈ ਜਾਵੇਗੀ।

## ਕਿਸ ਨੂੰ ਕਿੰਨਾ ਮਿਲਿਆ?

### ਵਿਦਿਆਰਥੀਆਂ ਨੂੰ

ਵਿੱਤ ਮੰਤਰੀ ਨੇ ਕਿਹਾ, ਇਸ ਵਾਰ 11ਵੀਂ ਦੇ ਵਿਦਿਆਰਥੀਆਂ ਨੂੰ ਅਕਾਸ਼ ਟੈਬਲੇਟ ਜ਼ਰੂਰ ਦਿੱਤੇ ਜਾਣਗੇ। 1.5 ਲੱਖ ਵਿਦਿਆਰਥੀਆਂ ਨੂੰ ਟੈਬਲੇਟ ਦੇਣ ਲਈ

**₹ 30** ਕਰੋੜ ਦੇ ਬਜਟ ਵਿਚ ਪ੍ਰਸਤਾਵ ਦਿੱਤਾ ਗਿਆ।

ਸੂਬੇ ਵਿਚ 1000 ਮਾਡਲ ਸਕੂਲ ਖੋਲ੍ਹਣ ਦੀ ਯੋਜਨਾ ਹੈ, ਜੋ ਪੀ.ਪੀ.ਪੀ. ਮੋਡ ਵਿਚ ਖੋਲ੍ਹੇ ਜਾਣਗੇ।

80 ਫ਼ੀਸਦੀ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਦੋ ਸਾਲ ਲਈ 30 ਹਜ਼ਾਰ ਰੁਪਏ ਦਾ ਸਾਲਾਨਾ ਵਜ਼ੀਫ਼ਾ।

**₹9000** ਕਰ ਦਿੱਤੀ ਗਈ ਹੈ ਹਸਪਤਾਲਾਂ ਵਿਚ ਇੰਟਰਨਸ਼ਿਪ ਕਰ ਰਹੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਰਾਸ਼ੀ। ਪਹਿਲਾਂ ਇਹ 4500 ਰੁਪਏ ਦਿੱਤੀ ਜਾਂਦੀ ਸੀ।

**₹21000** ਕਰ ਦਿੱਤਾ ਗਿਆ ਹੈ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿਚ ਹਾਊਸ ਸਰਜਨਾਂ ਦਾ ਭੱਤਾ। ਹੁਣ ਇਹ 4800 ਰੁਪਏ ਹੈ।

### ਔਰਤਾਂ ਨੂੰ ਕੀ ਮਿਲਿਆ

**50 ਕਰੋੜ** ਰੁਪਏ ਦਾ ਪ੍ਰਸਤਾਵ ਮਾਈ ਭਾਗੋ ਯੋਜਨਾ ਤਹਿਤ 9ਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਮੁਫ਼ਤ ਸਾਈਕਲ ਦੇਣ ਦਾ ਪ੍ਰਸਤਾਵ।

ਲੜਕੀਆਂ ਨੂੰ ਪਹਿਲੀ ਤੋਂ ਦਸਵੀਂ ਕਲਾਸ ਤਕ ਮੁਫ਼ਤ ਦਾਖ਼ਲੇ ਲਈ ਮਿਲਣਗੇ 2100 ਰੁਪਏ। ਛੇਵੀਂ ਤਕ ਮਿਲਣਗੇ 100 ਰੁਪਏ ਮਹੀਨਾ ਜਦਕਿ 7ਵੀਂ ਤੋਂ 12 ਤਕ 200 ਰੁਪਏ ਪ੍ਰਤੀ ਮਹੀਨਾ।

**62 ਕਰੋੜ** ਰੁਪਏ ਦਾ ਪ੍ਰਸਤਾਵ ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਯੋਜਨਾ ਦੇ ਤਹਿਤ।

ਆਟਾ ਦਾਲ ਯੋਜਨਾ ਦੇ ਅਧੀਨ ਪਰਿਵਾਰਾਂ ਦੀਆਂ ਕੁੜੀਆਂ ਲਈ ਨੰਨ੍ਹੀ ਛਾਂ ਯੋਜਨਾ ਸ਼ੁਰੂ। ਇਸ ਲਈ 10 ਕਰੋੜ ਰੁਪਏ ਦਾ ਪ੍ਰਸਤਾਵ ਦਿੱਤਾ ਗਿਆ ਹੈ।

₹ 20000 ਗ਼ਰੀਬ ਪਰਿਵਾਰਾਂ ਵਿਚ ਲੜਕੀਆਂ ਦੇ ਪੈਦਾ ਹੋਣ 'ਤੇ ਪ੍ਰੀਮੀਅਰ ਦੇ ਰੂਪ ਵਿਚ ਨਿਵੇਸ਼।

## ਇੰਡਸਟ੍ਰੀ ਨੂੰ

ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਪੀ.ਪੀ.ਪੀ. ਮੋਡ ਵਿਚ ਟਰੇਡ ਫ਼ੇਅਰ ਗਰਾਊਂਡ, ਮੁਹਾਲੀ ਵਿਚ 4000 ਲੋਕਾਂ ਲਈ ਐਕਸਪੋ ਐਂਡ ਕਨਵੈਨਸ਼ਨ ਸੈਂਟਰ ਬਣਾਉਣ ਦਾ ਵਾਅਦਾ।

**285 ਕਰੋੜ**
ਰੁਪਏ ਰੱਖੇ ਗਏ ਹਨ ਫ਼ੋਕਲ ਪੁਆਇੰਟਾਂ ਅਤੇ ਐਨ.ਆਈ.ਐਫ਼.ਟੀ. ਮੁਹਾਲੀ ਲਈ।

**79 ਕਰੋੜ**
ਰੁਪਏ ਦੀ ਲਾਗਤ ਨਾਲ ਹੈਂਡਲੂਮ ਕਲਸਟਰ ਜਲੰਧਰ ਵਿਚ, 83 ਕਰੋੜ ਦੀ ਲਾਗਤ ਨਾਲ ਮਸ਼ੀਨ ਟੂਲ ਕਲਸਟਰ ਬਟਾਲਾ ਵਿਚ ਬਣੇਗਾ।

ਨਵੀਂ ਉਦਯੋਗ ਨੀਤੀ, ਰੀਅਲ ਅਸਟੇਟ ਨੀਤੀ ਅਤੇ ਨਿਵੇਸ਼ ਨੀਤੀ ਬਾਰੇ ਐਲਾਨ ਛੇਤੀ ਕਰਨ ਦਾ ਵਾਅਦਾ।

ਦਿੱਲੀ ਮੁੰਬਈ ਇੰਡਸਟ੍ਰੀਅਲ ਕਾਰੀਡੋਰ ਨੂੰ ਅੰਮ੍ਰਿਤਸਰ ਤਕ ਬਣਾਉਣ ਲਈ ਕੇਂਦਰ ਤੋਂ ਮੰਗ।

## ਸਿਹਤ ਲਈ

**1000 ਕਰੋੜ**
ਸਿਹਤ ਸੈਕਟਰ ਵਿਚ 1000 ਕਰੋੜ ਰੁਪਏ ਖ਼ਰਚ ਕਰਨ ਦਾ ਪ੍ਰਸਤਾਵ

**300 ਕਰੋੜ**
ਕੈਂਸਰ ਅਤੇ ਨਸ਼ਾ ਛੁਡਾਉਣ ਦੇ ਇਲਾਜ ਲਈ ਮੈਡੀਕਲ ਕਾਲਜਾਂ ਵਿਚ ਬੁਨਿਆਦੀ ਢਾਂਚੇ ਲਈ 300 ਕਰੋੜ ਦਾ ਪ੍ਰਸਤਾਵ।

**300 ਕਰੋੜ**
ਰੁਪਏ ਇਕੱਠੇ ਕੀਤੇ ਜਾਣਗੇ ਸਰਕਾਰੀ ਵਿਭਾਗਾਂ ਅਤੇ ਇਸ ਦੀਆਂ ਏਜੰਸੀਆਂ ਵਲੋਂ ਜਾਇਦਾਦ ਦੀ ਵਿਕਰੀ 'ਤੇ ਟੈਕਸ ਲਾ ਕੇ ਅਤੇ ਤੰਬਾਕੂ ਉਤਪਾਦਾਂ 'ਤੇ ਟੈਕਸ ਵਧਾ ਕੇ।

**272**
ਦਵਾਈਆਂ ਮੁਫ਼ਤ ਹੁਣ ਮੈਡੀਕਲ ਕਾਲਜਾਂ ਵਿਚ ਵੀ। ਪਹਿਲਾਂ ਕੇਵਲ ਹਸਪਤਾਲਾਂ ਵਿਚ ਹੀ ਸੀ।

₹ 30000 ਰੁਪਏ ਦੀ ਮੈਡੀਕਲ ਬੀਮਾ ਸੁਰੱਖਿਆ, ਆਟਾ ਦਾਲ ਯੋਜਨਾਧਾਰਕਾਂ ਲਈ।

## ਗ਼ਰੀਬਾਂ ਲਈ ਮਕਾਨ

ਪਰਮਿੰਦਰ ਸਿੰਘ ਢੀਂਡਸਾ ਨੇ ਗ਼ਰੀਬਾਂ ਲਈ ਆਉਣ ਵਾਲੇ ਦੋ ਸਾਲਾਂ ਵਿਚ ਦੋ ਲੱਖ ਮਕਾਨ ਦੇਣ ਦਾ ਵਾਅਦਾ ਬਜਟ ਵਿਚ ਕੀਤਾ ਹੈ। ਇਸ ਦੇ ਹਾਊਸਿੰਗ ਪ੍ਰਾਜੈਕਟਸ ਵਿਚ 10 ਫ਼ੀਸਦੀ ਰਾਖਵੀਂ ਜ਼ਮੀਨ 'ਤੇ ਗ਼ਰੀਬ ਵਰਗ ਲਈ ਮਕਾਨ ਬਣਾਏ ਜਾਣਗੇ ਜਦਕਿ ਪੇਂਡੂ ਖੇਤਰਾਂ ਵਿਚ ਪੰਚਾਇਤਾਂ ਜ਼ਮੀਨ ਦੇਣਗੀਆਂ, ਜਿਸ ਕੋਲ ਜ਼ਮੀਨ ਨਹੀਂ ਹੈ, ਉਸ ਲਈ 100 ਕਰੋੜ ਰੁਪਏ ਰੱਖੇ ਗਏ ਹਨ।

## ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਦੋ ਲੱਖ ਰੁਪਏ

**4688** ਕਿਸਾਨ ਪਰਿਵਾਰਾਂ ਨੂੰ ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਜਿਨ੍ਹਾਂ ਦੇ ਮੈਂਬਰਾਂ ਨੇ 2006 ਤੋਂ ਲੈ ਕੇ 2010 ਤਕ ਖ਼ੁਦਕੁਸ਼ੀ ਕੀਤੀ ਸੀ। ਇਸ ਲਈ 66 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

### ਬੀਮਾ :

ਸਰਕਾਰ ਨੇ ਸੂਬੇ ਦੇ ਸਾਰੇ 6 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੈਸ਼ ਲੈੱਸ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਹੈ ਜੋ ਨਵੇਂ ਮੁਲਾਜ਼ਮਾਂ ਲਈ ਜ਼ਰੂਰੀ ਹੋਵੇਗੀ, ਜਦਕਿ ਪੁਰਾਣੇ ਮੁਲਾਜ਼ਮਾਂ ਦਾ ਇਸ ਨੂੰ ਲੈਣਾ ਇੱਛਾ 'ਤੇ ਨਿਰਭਰ ਹੈ। ਭਾਈ ਘਨੱਈਆ ਯੋਜਨਾ ਹਰ ਨਾਗਰਿਕ ਲਈ ਜੋ ਵੀ ਪ੍ਰੀਮੀਅਮ ਭਰਨ ਨੂੰ ਤਿਆਰ ਹੋਣ।

### ਵਾਤਾਵਰਣ :

ਸੂਬੇ ਨੂੰ ਹਰਾ ਭਰਾ ਬਣਾਉਣ ਲਈ 90 ਕਰੋੜ ਰੁਪਏ ਦਾ ਪ੍ਰਸਤਾਵ।

### ਮਜ਼ਦੂਰ

ਨਗਰ ਨਿਗਮਾਂ ਅਤੇ ਏ ਸ਼੍ਰੇਣੀ ਦੇ ਸ਼ਹਿਰਾਂ ਵਿਚ ਮਜ਼ਦੂਰਾਂ ਲਈ ਸ਼ੈੱਡ ਅਤੇ ਰੈਨ ਬਸੇਰਾ ਬਣਾਉਣ ਅਤੇ ਉਨ੍ਹਾਂ ਦੇ 9ਵੀਂ ਤੋਂ ਉਪਰ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਾਈਕਲ ਦੇਣ ਦਾ ਪ੍ਰਸਤਾਵ।

₹ 100 ਖ਼ਰਚ ਕੀਤੇ ਜਾਣਗੇ ਇਸ ਯੋਜਨਾ ਤਹਿਤ।










# 2017 ਤਕ 40 ਹਜ਼ਾਰ ਕਰੋੜ ਦੀ ਹੋਵੇਗੀ ਵੈਟ ਕੁਲੈਕਸ਼ਨ : ਸੁਖਬੀਰ ਸਿੰਘ ਬਾਦਲ

## ਮੁਲਾਜ਼ਮਾਂ ਦੀਆਂ ਤਨਖ਼ਾਹਾਂ ਹਰਿਆਣਾ ਦੇ ਬਰਾਬਰ ਹੋਣ ਤਾਂ ਪੰਜਾਬ ਕੈਸ਼ ਸਰਪਲਸ ਹੋਵੇਗਾ

ਚੰਡੀਗੜ੍ਹ (ਨਦਬ) : ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਆਖ਼ਰੀ ਕਾਰਜਕਾਲ 2017 ਵਿਚ ਵੈਟ ਤੋਂ ਕੁਲੈਕਸ਼ਨ 40 ਹਜ਼ਾਰ ਕਰੋੜ ਰੁਪਏ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਉਹ ਇਹ ਦਾਅਵਾ ਹਵਾ ਵਿਚ ਨਹੀਂ ਕਰ ਰਹੇ ਬਲਕਿ ਪੰਜਾਬ ਵਿਚ ਇਸ ਦੀ ਸੰਭਾਵਨਾ ਹੈ ਅਤੇ ਅਸੀਂ ਵੈਟ ਦੀ ਚੋਰੀ ਰੋਕ ਕੇ ਇਸ ਟੀਚੇ ਨੂੰ ਹਾਸਲ ਕਰਾਂਗੇ। ਬਜਟ ਪੇਸ਼ ਕਰਨ ਤੋਂ ਬਾਅਦ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਜਦੋਂ ਪ੍ਰੈੱਸ ਨਾਲ ਗੱਲਬਾਤ ਕਰ ਰਹੇ ਸਨ ਤਾਂ ਉਥੇ ਸੁਖਬੀਰ ਸਿੰਘ ਬਾਦਲ ਵੀ ਆ ਪਹੁੰਚੇ ਅਤੇ ਉਨ੍ਹਾਂ ਨੇ ਕਮਾਨ ਆਪਣੇ ਹੱਥਾਂ ਵਿਚ ਲੈ ਲਈ। ਸੁਖਬੀਰ ਬਾਦਲ ਨੇ ਕਿਹਾ ਕਿ 1.25 ਲੱਖ ਵੈਟ ਡੀਲਰ ਕੋਈ ਵੈਟ ਜਮ੍ਹਾਂ ਨਹੀਂ ਕਰਵਾ ਰਹੇ। ਇਨ੍ਹਾਂ ਸਾਰਿਆਂ ਨੂੰ ਵੈਟ ਵਿਚ ਲਿਆਉਣਾ ਹੋਵੇਗਾ। ਉਨ੍ਹਾਂ ਨੇ ਕਿਹਾ, ਜਦੋਂ ਅਸੀਂ 2007 ਵਿਚ ਸੱਤਾ ਸੰਭਾਲੀ ਸੀ ਤਾਂ ਵੈਟ ਦੀ ਕੁਲੈਕਸ਼ਨ 5100 ਕਰੋੜ ਸੀ, ਜਿਸ ਨੂੰ ਵਧਾ ਕੇ 16555 ਕਰੋੜ ਕਰ ਦਿੱਤਾ ਗਿਆ ਹੈ।

### ਮੇਰੇ ਨਾਮ ਨਹੀਂ ਹੈ ਟਿਊਬਵੈੱਲ ਕੁਨੈਕਸ਼ਨ

ਜਦ ਉਨ੍ਹਾਂ ਤੋਂ ਵੱਡੇ ਕਿਸਾਨਾਂ ਦੀ ਬਿਜਲੀ ਸਬਸਿਡੀ ਨੂੰ ਕੈਪ ਕਰਨ ਬਾਰੇ ਕਿਹਾ ਤਾਂ ਉਨ੍ਹਾਂ ਨੇ ਇਹ ਕਹਿੰਦੇ ਹੋਏ ਗੱਲ ਟਾਲ ਦਿੱਤੀ ਕਿ ਉਨ੍ਹਾਂ ਦੇ ਨਾਮ 'ਤੇ ਕੋਈ ਟਿਊਬਵੈੱਲ ਕੁਨੈਕਸ਼ਨ ਨਹੀਂ ਹੈ। ਉਨ੍ਹਾਂ ਨੇ ਕਿਹਾ, ਪੰਜਾਬ ਦੇ ਕਿਸਾਨਾਂ 'ਤੇ ਲਾਈ ਗਈ ਬਿਜਲੀ ਦੀ ਦਰ ਬਹੁਤ ਜ਼ਿਆਦਾ ਹੈ। ਇਸ ਲਈ ਸਾਡਾ ਸਬਸਿਡੀ ਬਿਲ ਜ਼ਿਆਦਾ ਹੈ, ਜਦਕਿ ਆਂਧਰਾ ਪ੍ਰਦੇਸ਼ ਵਰਗੇ ਸੂਬਿਆਂ ਵਿਚ ਕਿਸਾਨਾਂ ਤੋਂ ਕੇਵਲ 1.50 ਰੁਪਏ ਪ੍ਰਤੀ ਯੂਨਿਟ ਬਿਜਲੀ ਲਈ ਜਾਂਦੀ ਹੈ। ਪੰਜਾਬ 'ਤੇ ਵੱਧ ਰਹੇ ਕਰਜ਼ੇ ਦੇ ਬੋਝ ਅਤੇ ਬਜਟੀ ਘਾਟੇ ਲਈ ਉਨ੍ਹਾਂ ਨੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇ ਵੱਡੇ ਬਿਲ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਕਿਹਾ ਕਿ ਜੇਕਰ ਸਾਡੇ ਮੁਲਾਜ਼ਮਾਂ ਨੂੰ ਵੀ ਹਰਿਆਣਾ ਦੇ ਮੁਲਾਜ਼ਮਾਂ ਦੇ ਬਰਾਬਰ ਤਨਖ਼ਾਹ ਮਿਲੇ ਤਾਂ ਪੰਜਾਬ ਕੈਸ਼ ਸਰਪਲਸ ਹੋ ਜਾਵੇ। ਉਨ੍ਹਾਂ ਨੇ ਕਿਹਾ ਕਿ ਅਕਾਲੀ-ਭਾਜਪਾ ਨੇ ਜਦੋਂ ਸੱਤਾ ਸੰਭਾਲੀ ਉਸੇ ਸਮੇਂ ਛੇਵਾਂ ਤਨਖ਼ਾਹ ਕਮਿਸ਼ਨ ਆ ਗਿਆ ਸੀ, ਜਿਸ ਕਾਰਨ ਮੁਲਾਜ਼ਮਾਂ ਦੀ ਨਾ ਸਿਰਫ਼ ਤਨਖ਼ਾਹ ਵਧੀ, ਬਲਕਿ ਏਰੀਅਰ ਵੀ ਦੇਣਾ ਪਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਭਰ ਵਿਚ ਸਭ ਤੋਂ ਜ਼ਿਆਦਾ ਤਨਖ਼ਾਹ ਆਪਣੇ ਮੁਲਾਜ਼ਮਾਂ ਨੂੰ ਦੇ ਰਿਹਾ ਹੈ। ਗਵਰਨੈਂਸ ਰਿਫ਼ਾਮਰਸ ਵਿਚ ਕੇਵਲ 39 ਕਰੋੜ ਦੇ ਸਵਾਲ 'ਤੇ ਉਨ੍ਹਾਂ ਨੇ ਕਿਹਾ, ਰਿਫ਼ਾਮਰਸ ਲਈ ਪੈਸੇ ਦੀ ਨਹੀਂ ਬਲਕਿ ਦਿਮਾਗ ਦੀ ਜ਼ਰੂਰਤ ਹੈ।

# ਰੁਪਏ ਕਿਥੋਂ ਆਉਣਗੇ ਅਤੇ ਕਿਥੇ ਖ਼ਰਚ ਹੋਣਗੇ

| 56012 ਕਰੋੜ ਕੁਲ ਆਮਦਨੀ | | 13346 ਕਰੋੜ ਪੂੰਜੀਗਤ ਪ੍ਰਾਪਤੀਆਂ | | 56051 ਕਰੋੜ ਕੁਲ ਖ਼ਰਚਾ | | 13346 ਕਰੋੜ ਪੂੰਜੀਗਤ ਪ੍ਰਾਪਤੀਆਂ | |
|---|---|---|---|---|---|---|---|
| ਕੇਂਦਰੀ ਦਰਾਂ ਤੋਂ | 4832 ਕਰੋੜ | ਜਨਤਕ ਕਰਜ਼ਾ | 10954 ਕਰੋੜ | ਆਮਦਨ ਖ਼ਰਚ | 44412 ਕਰੋੜ | ਕਰਜ਼ਾ ਅਦਾਇਗੀ | 3988 ਕਰੋੜ |
| ਕੇਂਦਰੀ ਗ੍ਰਾਂਟ | 6574 ਕਰੋੜ | ਕਰਜ਼ਾ ਵਸੂਲੀ | 140 ਕਰੋੜ | ਤਨਖ਼ਾਹ, ਪੈਨਸ਼ਨ | 20750 ਕਰੋੜ | ਕਰਜ਼ਾ ਪੇਸ਼ਗੀ | 368 ਕਰੋੜ |
| ਪੰਜਾਬ ਦੀ ਆਪਣੀ ਆਮਦਨੀ | 28524 ਕਰੋੜ | ਨਿਰੋਲ ਕਰਜ਼ਾ | 2252 ਕਰੋੜ | ਬਿਜਲੀ ਸਬਸਿਡੀ | 5785 ਕਰੋੜ | ਪੂੰਜੀਗਤ ਖ਼ਰਚ | 7283 ਕਰੋੜ |
| ਪੰਜਾਬ ਦਾ ਆਪਣਾ ਗ਼ੈਰ-ਕਰ | 2736 ਕਰੋੜ | | *ਰਾਸ਼ੀ ਰੁਪਈਆਂ ਵਿਚ* | ਵਿਆਜ ਅਤੇ ਹੋਰ | 17877 ਕਰੋੜ | | *ਰਾਸ਼ੀ ਰੁਪਈਆਂ ਵਿਚ* |

ਆਰਥਕ ਸਰਵੇਖਣ 2013-14

# ਕਰਜ਼ੇ ਨੇ ਅਰਥਵਿਵਸਥਾ ਦੀ ਲੱਕ ਤੋੜੀ

ਚੰਡੀਗੜ੍ਹ (ਨਦਬ) : ਮੰਦੀ ਅਤੇ ਲਗਾਤਾਰ ਘੱਟ ਰਹੀ ਵਿਕਾਸ ਦਰ ਨੇ ਪੰਜਾਬ ਨੂੰ ਪਛੜੇ ਸੂਬਿਆਂ ਦੀ ਕਤਾਰ ਵਿਚ ਖੜਾ ਕਰ ਦਿੱਤਾ ਹੈ। ਪੰਜਾਬ ਹੁਣ ਸਭ ਤੋਂ ਘੱਟ ਰਫ਼ਤਾਰ ਨਾਲ ਵਿਕਾਸ ਕਰਨ ਵਾਲੇ ਸੂਬਿਆਂ ਵਿਚ ਸ਼ਾਮਲ ਹੈ। ਇਹ ਸਾਰੇ ਜਾਣਦੇ ਹਨ ਕਿ ਪੰਜਾਬ ਦੀ ਅਰਥਵਿਵਸਥਾ ਖੇਤੀ 'ਤੇ ਅਧਾਰਤ ਹੈ। ਇਕ ਸਮਾਂ ਸੀ ਜਦੋਂ ਪੰਜਾਬ ਨੇ ਦੇਸ਼ ਨੂੰ ਅੰਨ ਦੇ ਮਾਮਲੇ ਵਿਚ ਆਤਮ ਨਿਰਭਰ ਬਣਾਇਆ, ਪਰ ਅੱਜ ਉਹੀ ਪੰਜਾਬ ਮਦਦ ਲਈ ਕੇਂਦਰ ਦੇ ਸਾਹਮਣੇ ਹੱਥ ਅੱਡ ਰਿਹਾ ਹੈ। ਹਕੀਕਤ ਇਹੀ ਹੈ ਕਿ ਪੰਜਾਬ ਦੀ ਖੇਤੀ ਅਤੇ ਉਦਯੋਗ ਨੂੰ ਕੇਂਦਰ ਦੀ ਸਹਾਇਤਾ ਤੋਂ ਬਿਨਾਂ ਵਿਕਾਸ ਦੀ ਪਟੜੀ 'ਤੇ ਲਿਆਉਣਾ ਮੁਸ਼ਕਲ ਹੋ ਗਿਆ ਹੈ। ਇਹ ਖੁਲਾਸਾ ਪੰਜਾਬ ਦੇ ਆਰਥਕ ਸਰਵੇਖਣ ਵਿਚ ਹੋਇਆ ਹੈ।

ਖੇਤੀ ਨੂੰ ਬਚਾਉਣ ਲਈ ਪੰਜਾਬ ਸਾਰੇ ਬਦਲ ਲੱਭ ਚੁੱਕਾ ਹੈ ਪਰ ਕੇਂਦਰ ਵਲੋਂ ਜੋ ਕਦਮ ਚੁੱਕੇ ਗਏ ਹਨ, ਉਹ ਬੌਣੇ ਅਤੇ ਨਾਕਾਫ਼ੀ ਸਾਬਤ ਹੋਏ ਹਨ। ਸੂਬੇ ਵਿਚ ਕਣਕ ਅਤੇ ਝੋਨੇ ਦਾ ਉਤਪਾਦਨ ਇਸ ਪੱਧਰ ਨੂੰ ਛੂਹ ਗਿਆ ਹੈ, ਜਿਥੋਂ ਅੱਗੇ ਵਧਣ ਲਈ ਬਹੁਤ ਵੱਡੇ ਨਿਵੇਸ਼ ਦੀ ਜ਼ਰੂਰਤ ਹੈ ਅਤੇ ਜੋ ਸਾਧਨ ਸ਼ਾਇਦ ਪੰਜਾਬ ਦੇ ਕੋਲ ਨਹੀਂ ਹਨ।

ਆਰਥਕ ਸਰਵੇਖਣ ਅਨੁਸਾਰ ਖੇਤੀ ਅਤੇ ਉਸ ਨਾਲ ਜੁੜੀਆਂ ਗਤੀਵਿਧੀਆਂ ਦਾ 2004-05 ਵਿਚ ਪੰਜਾਬ ਦੇ ਕੁਲ ਘਰੇਲੂ ਉਤਪਾਦ ਵਿਚ ਯੋਗਦਾਨ 32.67 ਫ਼ੀਸਦੀ ਸੀ, ਜੋ 2011-12 ਵਿਚ ਘੱਟ ਕੇ 21.83 ਫ਼ੀਸਦੀ ਹੋ ਗਿਆ। ਰਾਸ਼ਟਰੀ ਪੱਧਰ 'ਤੇ ਜਿਥੇ ਖੇਤੀ 3.08 ਫ਼ੀਸਦੀ ਪੱਧਰ 'ਤੇ ਵਿਕਾਸ ਕਰ ਰਹੀ ਹੈ, ਉਥੇ ਹੀ ਪੰਜਾਬ ਵਿਚ ਇਹ ਡਿੱਗ ਕੇ 2.22 ਆ ਗਈ ਹੈ। ਇਸ ਦੇ ਸੁਧਰਨ ਦੇ ਆਸਾਰ ਅਜੇ ਨਜ਼ਰ ਨਹੀਂ ਆਉਂਦੇ। ਪੰਜਾਬ ਵਿਚ ਖੇਤੀ ਲਈ ਜ਼ਮੀਨੀ ਪਾਣੀ ਦੀ ਐਨੀ ਵਰਤੋਂ ਹੋ ਚੁੱਕੀ ਹੈ ਕਿ ਸੂਬੇ ਦੇ 138 ਬਲਾਕਾਂ ਵਿਚੋਂ 110 ਬਲਾਕਾਂ ਵਿਚ ਪਾਣੀ ਦਾ ਪੱਧਰ ਖ਼ਤਰੇ ਦਾ ਨਿਸ਼ਾਨ ਪਾਰ ਕਰ ਚੁੱਕਾ ਹੈ।

### ਵਧਦਾ ਕਰਜ਼ਾ

ਆਰਥਕ ਸਰਵੇਖਣ ਅਨੁਸਾਰ ਪੰਜਾਬ ਦੇ ਕਿਸਾਨਾਂ ਦੀ ਸਥਿਤੀ ਆਂਧਰਾ ਪ੍ਰਦੇਸ਼ ਦੇ ਕਿਸਾਨਾਂ ਤੋਂ ਵੱਖਰੀ ਨਹੀਂ ਹੈ। ਪੰਜਾਬ ਦੇ ਕਿਸਾਨਾਂ 'ਤੇ 35000 ਕਰੋੜ ਰੁਪਏ ਦਾ ਕਰਜ਼ਾ ਹੈ। ਜੋ ਹਰ ਸਾਲ ਵੱਧ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਰਵੇਖਣ ਮੁਤਾਬਕ ਪਿਛਲੇ 10 ਸਾਲਾਂ ਵਿਚ ਪੰਜਾਬ ਦੇ 5000 ਤੋਂ ਜ਼ਿਆਦਾ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ 'ਤੇ ਅਤਿਵਾਦ ਦੌਰਾਨ ਚੜ੍ਹਿਆ ਕਰਜ਼ਾ ਸੂਬੇ ਦੇ ਗਲੇ ਦੀ ਹੱਡੀ ਬਣ ਚੁੱਕਾ ਹੈ। ਪੰਜਾਬ 'ਤੇ ਇਸ ਸਮੇਂ ਕੁਲ ਕਰਜ਼ਾ 87,518 ਕਰੋੜ ਹੈ। ਉਦਯੋਗਾਂ ਦਾ ਹਿਜਰਤ ਵੀ ਚਿੰਤਾ ਦਾ ਵਿਸ਼ਾ ਹੈ।

# ਬੋਤਲ ਵਿੱਚ ਦਰਿਆ



ਜਗਤਾਰ ਸਾਲਮ
+91-97804-70386
jagtar.saalam@rediffmail.com

*ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਇਸ ਧਰਤੀ 'ਤੇ ਵੱਡੇ-ਵੱਡੇ ਪੀਰ, ਪੈਗੰਬਰ ਤੇ ਸ਼ਾਇਰਾਂ ਨੇ ਜਨਮ ਲਿਆ ਹੈ। ਗੁਰੂਆਂ ਨੇ ਬਾਣੀ ਰਚੀ ਹੈ। ਇਸ ਧਰਤੀ ਨੇ ਦੇਸ਼ਭਗਤਾਂ ਤੇ ਯੋਧਿਆਂ ਨੂੰ ਪੈਦਾ ਕੀਤਾ ਹੈ। ਇਸੇ ਕਰਕੇ ਇਸ ਧਰਤੀ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਪਰ ਹੁਣ ਇਹ ਪਾਪੀਆਂ ਦੇ ਵੱਸ ਪੈ ਗਈ ਹੈ। ਇਸ ਧਰਤੀ 'ਤੇ ਵਗਦੇ ਦਰਿਆ ਸੁੱਕਦੇ ਜਾ ਰਹੇ ਹਨ। ਪੀਣ ਵਾਲਾ ਪਾਣੀ ਅਪਵਿੱਤਰ ਹੋ ਗਿਆ ਹੈ। ਇੱਥੋਂ ਦੇ ਵਾਸੀ ਇਸ ਧਰਤੀ ਨੂੰ ਛੱਡ ਕੇ ਗੈਰ ਧਰਤੀਆਂ 'ਤੇ ਵਸਣ ਲਈ ਆਪਣੇ ਖਾਤਰ ਥਾਂ ਤਲਾਸ਼ ਰਹੇ ਹਨ। ਇੱਥੋਂ ਦੀ ਜਵਾਨੀ ਨੂੰ ਨਸ਼ਿਆਂ ਨੇ ਝੰਬ ਦਿੱਤਾ ਹੈ। ਭ੍ਰਿਸ਼ਟਾਚਾਰ ਪੰਜਾਬ ਨੂੰ ਘੁਣ ਵਾਂਗ ਖਾ ਰਿਹਾ ਹੈ। ਦਰਿਆ ਦਿਲਾਂ ਵਾਲੇ ਇਸ ਦੇਸ਼ ਵਿੱਚ ਮਨੁੱਖਤਾ ਮਰ ਰਹੀ ਹੈ। ਧੀਆਂ-ਭੈਣਾਂ ਨੂੰ ਨਸ਼ੇੜੀ ਮੁੰਡਿਆਂ ਦਾ ਭੈਅ ਸਤਾ ਰਿਹਾ ਹੈ। ਮਨੁੱਖਤਾਂ ਦੇ ਹੱਕ ਵਿੱਚ ਬੋਲਣ ਵਾਲੀਆਂ ਧਿਰਾਂ ਨਿਰਾਸ਼ ਹੋ ਚੁੱਕੀਆਂ ਹਨ। ਅਖੌਤੀ ਚੌਧਰੀਆਂ ਨੇ ਪੰਜਾਬ ਦੀ ਸਰਦਾਰੀ ਨੂੰ ਰੋਲ਼ ਕੇ ਰੱਖ ਦਿੱਤਾ ਹੈ। ਪੰਜਾਬ ਦੀ ਵਾਗਡੋਰ ਜਿਨ੍ਹਾਂ ਦੇ ਹੱਥ ਵਿੱਚ ਹੈ; ਉਹ ਨਸ਼ਿਆਂ ਨੂੰ ਪ੍ਰਫੁੱਲਤ ਕਰਕੇ ਇਸ ਨੂੰ ਆਮਦਨ ਦਾ ਜਰੀਆ ਬਣਾ ਰਹੇ ਹਨ। ਇਹਨਾਂ ਕਾਰਣਾਂ ਕਰਕੇ ਹੀ ਪੰਜਾਬ ਵਿੱਚ ਸ਼ਰਾਬ ਦਾ ਛੇਵਾਂ ਦਰਿਆ ਛੱਲਾਂ ਮਾਰ ਰਿਹਾ ਹੈ; ਜਿਸ ਵਿੱਚ ਪੰਜਾਬ ਦੀ ਜਵਾਨੀ ਰੁੜ੍ਹਦੀ ਜਾ ਰਹੀ ਹੈ। ਜਿਨ੍ਹਾਂ ਨੇ ਇਸ ਜਵਾਨੀ ਨੂੰ ਬਚਾਉਣਾ ਹੈ ਉਹ ਤਾੜੀਆਂ ਮਾਰ ਕੇ ਹੱਸ ਰਹੇ ਹਨ। ਜਵਾਨੀ ਨੂੰ ਸਾਂਭਣ ਲਈ ਪੰਜਾਬ ਦੇ ਅਖੌਤੀ ਚੌਧਰੀ ਕਬੱਡੀ ਦਾ ਵਿਸ਼ਵ ਕੱਪ ਕਰਵਾਉਂਦੇ ਹਨ ਤੇ ਇਸ ਮੰਚ ਤੋਂ ਮਸ਼ਹੂਰੀ ਸ਼ਰਾਬ ਕੰਪਨੀਆਂ ਦੀ ਕਰਦੇ ਹਨ, ਅਜਿਹੇ ਡਰਾਮੇ ਕਰਨ ਲਈ ਸ਼ਰਾਬ ਕੰਪਨੀਆਂ ਕਰੋੜਾਂ ਰੁਪਏ ਦਿੰਦੀਆਂ ਹਨ। ਇਸ ਹਾਲਤ 'ਚ ਪੰਜਾਬ ਦਾ ਭਵਿੱਖ ਵਿੱਚ ਕੁੱਝ ਭਲਾ ਹੋਵੇਗਾ, ਇਸਦੀ ਕਿਸੇ ਨੂੰ ਕੋਈ ਉਮੀਦ ਨਹੀਂ। ਸ਼ਰਾਬ ਨੇ ਪੰਜਾਬ ਦਾ ਕੀ ਹਾਲ ਕਰ ਦਿੱਤਾ ਹੈ, ਇਸ ਬਾਰੇ ਅਸੀਂ ਇਸ ਰਿਪੋਰਟ ਵਿੱਚ ਵਿਸਥਾਰ ਨਾਲ ਚਰਚਾ ਕਰਾਂਗੇ।*

## ਸਾਲ ਵਿੱਚ ਕਰੋੜਾਂ ਬੋਤਲਾਂ ਖਾਲੀ ਕਰਦੇ ਹਨ ਪੰਜਾਬੀ

2011 ਤੋਂ ਪਹਿਲਾਂ ਪੰਜਾਬ ਦੇ ਲੋਕ ਇੱਕ ਸਾਲ ਵਿੱਚ ਪੰਜਾਹ ਕਰੋੜ ਦਾਰੂ ਦੀਆਂ ਬੋਤਲਾਂ ਖਾਲੀ ਕਰਦੇ ਸਨ। ਪਰ ਪੰਜਾਬ ਸਰਕਾਰ ਨੇ ਨਵੀਂ ਆਬਕਾਰੀ ਨੀਤੀ 2011-12 ਅਜਿਹੀ ਤਿਆਰ ਕੀਤੀ ਕਿ ਇਹ ਗਿਣਤੀ ਇੱਕ ਸਾਲ ਵਿੱਚ ਹੀ 60 ਕਰੋੜ 'ਤੇ ਜਾ ਪਹੁੰਚੀ। ਇਸ ਨਾਲ ਸਰਕਾਰੀ ਆਮਦਨ ਵਿੱਚ 728 ਕਰੋੜ ਦਾ ਵਾਧਾ ਹੋਇਆ ਹੈ। ਸ਼ਰਾਬ ਰਾਹੀਂ ਸਰਕਾਰ ਆਪਣੀ ਆਮਦਨ ਵਧਾਉਣ ਲਈ ਅਜੇ ਹੋਰ ਵਿਉਂਤਾਂ ਬਣਾ ਰਹੀ ਹੈ। ਸੋਚ ਰਹੀ ਹੈ ਕਿ ਕਿਸ ਤਰ੍ਹਾਂ ਸੂਬਾ ਵਾਸੀਆਂ ਨੂੰ ਵੱਧ ਤੋਂ ਵੱਧ ਦਾਰੂ ਪਿਆਈ ਜਾਵੇ ਤਾਂ ਜੋ ਸ਼ਰਾਬ ਫੈਕਟਰੀ ਮਾਲਕਾਂ ਅਤੇ ਸਰਕਾਰੀ ਖਜ਼ਾਨੇ ਨੂੰ ਹੋਰ ਵੱਧ ਆਮਦਨ ਹੋਵੇ।

ਉਪਰੋਕਤ ਦੱਸੀਆਂ ਗਈਆਂ ਬੋਤਲਾਂ ਦੀ ਗਿਣਤੀ ਵਿੱਚ ਦੂਜਿਆਂ ਸੂਬਿਆਂ ਤੋਂ ਆਉਣ ਵਾਲੀ ਸ਼ਰਾਬ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਚੰਡੀਗੜ੍ਹ ਤੋਂ ਇਲਾਵਾ ਗੁਆਂਢੀ ਸੂਬਿਆਂ ਜਿਵੇਂ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਤੋਂ ਵੀ ਵੱਡੀ ਪੱਧਰ 'ਤੇ ਸ਼ਰਾਬ ਤਸਕਰੀ ਰਾਹੀਂ ਪੰਜਾਬ ਵਿੱਚ ਲਿਆ ਕੇ ਵੇਚੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਵੱਡੀ ਮਾਤਰਾ ਵਿੱਚ ਘਰ ਦੀ ਕੱਢੀ ਸ਼ਰਾਬ ਪੀਤੀ ਤੇ ਵੇਚੀ ਜਾਂਦੀ ਹੈ, ਪਿੰਡਾਂ ਵਿੱਚ ਇਸਨੂੰ ਰੂੜੀ ਮਾਰਕਾ ਕਿਹਾ ਜਾਂਦਾ ਹੈ। ਇਹ ਨਾਮ ਇਸਨੂੰ ਇਸ ਲਈ ਦਿੱਤਾ ਗਿਆ ਹੈ ਕਿਉਂਕਿ ਪਿੰਡਾਂ ਦੇ ਲੋਕ ਸ਼ਰਾਬ ਬਣਾਉਣ ਤੋਂ ਪਹਿਲਾਂ ਗੁੜ ਨੂੰ ਉਬਾਲਾ ਦੇਣ ਲਈ ਤੌੜੀ ਵਿੱਚ ਪਾ ਕੇ ਰੂੜੀ 'ਚ ਦੱਬ ਦਿੰਦੇ ਹਨ, ਰੂੜੀ ਵਿੱਚ ਗੁੜ ਛੇਤੀ ਉਬਾਲਾ ਖਾ ਜਾਂਦਾ ਹੈ ਤੇ ਫਿਰ ਉਬਾਲੇ ਖਾਧੇ ਗੁੜ ਨੂੰ ਭੱਠੀ 'ਤੇ ਚਾੜ੍ਹ ਕੇ ਸ਼ਰਾਬ ਕੱਢ ਲਈ ਜਾਂਦੀ ਹੈ। ਇੱਥੇ ਜ਼ਿਕਰਯੋਗ ਹੈ ਕਿ ਪੰਜਾਬ ਦੇ ਵੱਡੇ-ਵੱਡੇ ਅਫ਼ਸਰ ਅਤੇ ਸਿਆਸੀ ਲੀਡਰ ਰੂੜੀ ਮਾਰਕਾ ਸ਼ਰਾਬ ਦੇ ਸ਼ੌਕੀਨ ਹਨ। ਭਾਵੇਂ ਰੂੜੀ ਮਾਰਕਾ ਸ਼ਰਾਬ ਤਿਆਰ ਕਰਨਾ ਕਾਨੂੰਨੀ ਜ਼ੁਰਮ ਹੈ ਪਰ ਫਿਰ ਵੀ ਪੰਜਾਬ ਵਿੱਚ ਇਹ ਸ਼ਰਾਬ ਆਮ ਕੱਢੀ ਤੇ ਵੇਚੀ ਜਾਂਦੀ ਹੈ।



ਅਸਲ ਵਿੱਚ ਸਰਕਾਰ ਨੇ ਪੰਜਾਬੀਆਂ ਨੂੰ ਇਸ ਕਦਰ ਸ਼ਰਾਬ ਦੀ ਲੱਤ ਲਾ ਦਿੱਤੀ ਹੈ ਕਿ ਜੇਕਰ ਪੰਜਾਬ ਵਿੱਚ ਤਸਕਰੀ ਰਾਹੀਂ ਗੁਆਂਢੀ ਰਾਜਾਂ ਤੋਂ ਸ਼ਰਾਬ ਨਾ ਆਵੇ ਜਾਂ ਲੋਕ ਸ਼ਰਾਬ ਘਰ ਕੱਢਣੀ ਬੰਦ ਕਰ ਦੇਣ ਤਾਂ ਸ਼ਾਇਦ ਪੰਜਾਬ ਦੇ ਹਰ ਜਿਲ੍ਹੇ ਵਿੱਚ ਇੱਕ-ਇੱਕ ਸ਼ਰਾਬ ਫੈਕਟਰੀ ਹੋਰ ਲਾਉਣੀ ਪਵੇ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਇਸ ਵੇਲੇ ਪੰਜਾਬ ਵਿੱਚ ਅੰਗਰੇਜ਼ੀ ਅਤੇ ਦੇਸੀ ਸ਼ਰਾਬ ਦੀਆਂ 20 ਫੈਕਟਰੀਆਂ ਹਨ ਤੇ ਦੋ ਹੋਰ ਫੈਕਟਰੀਆਂ ਛੇਤੀਂ ਹੀ ਪੰਜਾਬ ਵਿੱਚ ਲੱਗਣ ਜਾ ਰਹੀਆਂ ਹਨ। ਜੇਕਰ ਅੰਕੜਿਆਂ 'ਤੇ ਯਕੀਨ ਕਰੀਏ ਤਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਰਹਿਣ ਵਾਲਾ ਹਰੇਕ ਵੋਟਰ (ਜਿੱਥੋਂ ਦੇ ਲੋਕਾਂ ਨੂੰ ਸਮਝਦਾਰ ਤੇ ਪੜ੍ਹਿਆ ਲਿਖਿਆ ਗਿਣਿਆ ਜਾਂਦਾ ਹੈ) ਸਾਲ ਵਿੱਚ 135 ਬੋਤਲਾਂ ਸ਼ਰਾਬ ਦੀਆਂ ਪੀਂਦਾ ਹੈ, ਜਦੋਂਕਿ ਦਿੱਲੀ ਵਿੱਚ ਹਰੇਕ ਵੋਟਰ ਸਾਲ ਵਿੱਚ 14 ਬੋਤਲਾਂ ਦਾਰੂ ਦੀਆਂ ਪੀਂਦਾ ਹੈ। ਇਸ ਤਰ੍ਹਾਂ ਹੀ ਗੁਆਂਢੀ ਰਾਜ ਹਰਿਆਣਾ ਜਿਸਨੂੰ ਪੰਜਾਬ ਵਰਗਾ ਖੁਸ਼ਹਾਲ ਸੂਬਾ ਸਮਝਿਆ ਜਾਂਦਾ ਹੈ, ਇੱਥੋਂ ਦਾ ਹਰ ਵੋਟਰ ਸਾਲ ਵਿੱਚ 22 ਬੋਤਲਾਂ ਸ਼ਰਾਬ ਦੀਆਂ ਪੀਂਦਾ ਹੈ।

ਆਰ ਟੀ ਆਈ ਤਹਿਤ ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਪੰਜਾਬ ਵਿੱਚ ਸਾਲ 2000-01 ਵਿੱਚ ਅੰਗਰੇਜ਼ੀ ਸ਼ਰਾਬ ਦੇ 1162 ਅਤੇ ਦੇਸੀ ਸ਼ਰਾਬ ਦੇ 3750 ਠੇਕੇ ਸਨ। ਹੈਰਾਨੀ ਵਾਲੀ ਗੱਲ ਹੈ ਕਿ ਕੁੱਝ ਸਾਲਾਂ ਅੰਦਰ ਹੀ ਸਾਲ 2009-10 'ਚ ਪੰਜਾਬ ਵਿੱਚ ਅੰਗਰੇਜ਼ੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ 2096 ਅਤੇ ਦੇਸੀ ਸ਼ਰਾਬ ਦੇ ਠੇਕਿਆਂ ਦੀ ਗਿਣਤੀ 4818 ਹੋ ਗਈ।

## ਠੇਕੇਦਾਰਾਂ ਦਾ ਗੁੰਡਾਰਾਜ

ਅੱਜ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਤਹਿਤ ਪੰਜਾਬ ਦੇ ਹਰ ਇੱਕ ਪਿੰਡ ਵਿੱਚ ਠੇਕਾ ਖੋਲ੍ਹ ਦਿੱਤਾ ਗਿਆ ਹੈ। ਪੰਜਾਬ ਦੇ ਹਰ ਪਿੰਡ ਵਿੱਚ ਸਕੂਲ, ਡਿਸਪੈਂਸਰੀ ਹੋਵੇ ਜਾਂ ਨਾ ਹੋਵੇ ਪਰ ਠੇਕਾ ਜਰੂਰ ਹੁੰਦਾ ਹੈ ਤੇ ਠੇਕੇਦਾਰ ਅੱਗੋਂ ਹਰ ਇੱਕ ਗਲੀ ਮੁਹੱਲੇ ਵਿੱਚ ਖੁਰਦਾ ਖੁਲਵਾ ਦਿੰਦੇ ਹਨ ਤਾਂ ਜੋ ਸ਼ਰਾਬ ਹਰ ਇੱਕ ਦੀ ਪਹੁੰਚ ਵਿੱਚ ਹੋਵੇ ਤੇ ਹਰ ਇੱਕ ਪੀ ਸਕੇ। ਇਸ ਨਾਲ ਠੇਕੇਦਾਰਾਂ ਦੀ ਸ਼ਰਾਬ ਵੱਧ ਵਿਕਦੀ ਹੈ। ਆਮ ਤੌਰ 'ਤੇ ਠੇਕੇਦਾਰਾਂ ਦੇ ਇਹਨਾਂ ਖੁਰਦਿਆਂ 'ਤੇ ਬੱਚੇ ਜਾਂ ਔਰਤਾਂ ਸ਼ਰਾਬ ਵੇਚਦੀਆਂ ਹਨ। ਕਾਨੂੰਨਨ ਤੌਰ 'ਤੇ ਇਹ ਦੋਵੇਂ ਗੱਲਾਂ ਨਜਾਇਜ਼ ਹਨ ਪਰ ਕਿਉਂਕਿ ਪ੍ਰਸਾਸ਼ਨ ਉਹਨਾਂ ਦੇ ਨਾਲ ਹੁੰਦਾ ਹੈ; ਇਸ ਕਰਕੇ ਉਹ ਆਪਣੀ ਮਨ ਮਰਜ਼ੀ ਕਰਦੇ ਹਨ। ਪੰਜਾਬ ਵਿੱਚ ਕੋਈ ਸ਼ਰੀਫ਼ ਬੰਦਾ ਤਾਂ ਇਸ ਕੰਮ ਵਿੱਚ ਪੈਂਦਾ ਹੀ ਨਹੀਂ। ਹੱਦ ਤਾਂ ਇਹ ਹੋ ਗਈ ਹੈ ਕਿ ਹੁਣ ਪੰਜਾਬ ਦੇ ਮੇਲਿਆਂ 'ਤੇ ਵੀ ਠੇਕੇਦਾਰ ਆਪਣੀ ਸਟਾਲ ਲਗਵਾ ਦਿੰਦੇ ਹਨ, ਜਿਵੇਂ ਮਠਿਆਈ ਜਾਂ ਖਿਡੌਣੇ ਵਾਲਿਆਂ ਨੇ ਸਟਾਲ ਲਾਈ ਹੁੰਦੀ ਹੈ। ਪਟਿਆਲਾ ਜਿਲ੍ਹੇ ਦੇ ਕਕਰਾਲਾ ਪਿੰਡ ਵਿੱਚ ਪਿਛਲੇ ਦੋ-ਤਿੰਨ ਸਾਲਾਂ ਤੋਂ ਗੂਗਾ ਮੈੜੀ ਦੇ ਮੇਲੇ 'ਤੇ ਲਗਾਤਾਰ ਸ਼ਰਾਬ ਦੀ ਸਟਾਲ ਲੱਗ ਰਹੀ ਹੈ। ਪਟਿਆਲਾ ਜਿਲ੍ਹੇ ਦੇ ਬ੍ਰਾਹਮਣਮਾਜਰਾ ਪਿੰਡ ਵਿੱਚ ਸ਼ਰਾਬ ਫੇਰੀ ਲਾ ਕੇ ਵਿਕਦੀ ਰਹੀ ਹੈ, ਫੇਰੀ ਉਦੋਂ ਬੰਦ ਹੋਈ ਜਦੋਂ ਇਸਨੂੰ ਲੈ ਕੇ ਅਖ਼ਬਾਰਾਂ ਵਿੱਚ ਖ਼ਬਰਾਂ ਲਗਣੀਆਂ ਸ਼ੁਰੂ ਹੋਈਆਂ। ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਪ੍ਰਸਾਸ਼ਨ ਵੱਲੋਂ ਠੇਕੇਦਾਰਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ

ਕਾਨੂੰਨ ਮੁਤਾਬਿਕ ਠੇਕੇ, ਸਕੂਲ ਜਾਂ ਧਾਰਮਿਕ ਸਥਾਨਾਂ ਤੋਂ ਕੁੱਝ ਵਿੱਥ 'ਤੇ ਹੋਣੇ ਚਾਹੀਦੇ ਹਨ ਪਰ ਬਹੁਤ ਸਾਰੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਠੇਕੇ ਸਕੂਲਾਂ ਅਤੇ ਧਾਰਮਿਕ ਸਥਾਨਾਂ ਦੇ ਨਾਲ ਲੱਗਵੇਂ ਜਾਂ ਸਾਹਮਣੇ ਹਨ, ਇਹਨਾਂ ਬਾਰੇ ਅਕਸਰ ਅਖ਼ਬਾਰਾਂ ਵਿੱਚ ਖ਼ਬਰਾਂ ਲੱਗਦੀਆਂ ਹਨ ਪਰ ਇਸ ਗੱਲ ਨੂੰ ਲੈ ਕੇ ਪ੍ਰਸਾਸ਼ਨ ਵੱਲੋਂ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ। ਜੇ ਵਿਰੋਧ ਕਰਨ ਵਾਲਾ ਇੱਕ ਅੱਧ ਬੰਦਾ ਹੋਵੇ ਤਾਂ ਉਸਨੂੰ ਠੇਕੇਦਾਰ ਧਮਕੀਆਂ ਨਾਲ ਹੀ ਡਰਾ ਦਿੰਦੇ ਹਨ। ਪੰਜਾਬ ਵਿੱਚ ਠੇਕੇਦਾਰਾਂ ਦੀ ਅੱਤਵਾਦੀਆਂ ਜਿੰਨੀ ਦਹਿਸ਼ਤ ਹੈ। ਹਰ ਕੋਈ ਇਹਨਾਂ ਦੇ ਰੋਹਬ ਤੋਂ ਡਰਦਾ ਹੈ ਤੇ ਡਰ ਹੈ ਵੀ ਸੱਚਾ। ਸਰਕਾਰੇ-ਦਰਬਾਰੇ ਇਹਨਾਂ ਦੀ ਚੱਲਦੀ ਵੀ ਪੂਰੀ ਹੈ।

ਠੇਕੇਦਾਰਾਂ ਦੇ ਖ਼ਿਲਾਫ਼ ਕਾਨੂੰਨ ਦਾ ਡੰਡਾ ਕਿੰਨਾ ਕੁ ਸਖ਼ਤ ਹੈ ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ 2000 ਤੋਂ ਲੈ ਕੇ 2007 ਤੱਕ ਐਕਸਾਇਜ ਵਿਭਾਗ ਵੱਲੋਂ ਨਾਬਾਲਗਾਂ ਦੇ ਸ਼ਰਾਬ ਵੇਚਣ ਸਬੰਧੀ ਸਿਰਫ਼ 16 ਮਾਮਲੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾ ਮਾਮਲੇ ਬਠਿੰਡਾ ਅਤੇ ਨਵਾਂ ਸ਼ਹਿਰ ਜਿਲ੍ਹਿਆਂ ਨਾਲ ਸਬੰਧਤ ਹਨ। ਇਸ ਮਾਮਲੇ ਵਿੱਚ ਐਕਸਾਇਜ ਐਕਟ 1914 ਦੀ ਧਾਰਾ 29 ਤਹਿਤ ਕਾਰਵਾਈ ਕੀਤੀ ਜਾਂਦੀ ਹੈ। 2000 ਤੋਂ ਲੈ ਕੇ 2003 ਤੱਕ ਇਸ ਸਬੰਧੀ ਕੋਈ ਮਾਮਲਾ ਦਰਜ ਹੀ ਨਹੀਂ ਕੀਤਾ ਗਿਆ।

ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਬਹੁਤ ਸਾਰੇ ਠੇਕੇ ਔਰਤਾਂ ਦੇ ਨਾਮ 'ਤੇ ਟੁੱਟਦੇ ਹਨ। ਠੇਕਿਆਂ ਸਾਹਮਣੇ ਅਕਸਰ ਅਜਿਹੇ ਬੋਰਡ ਲੱਗੇ ਹੁੰਦੇ ਹਨ; ਜਿਨ੍ਹਾਂ ਵਿੱਚ ਸੋਹਣੀਆਂ ਔਰਤਾਂ ਨੂੰ ਪੈਗ ਲਾਉਂਦੇ ਜਾਂ ਫੜੇ ਹੋਏ ਦਿਖਾਇਆ ਹੁੰਦਾ ਹੈ, ਜਦੋਂਕਿ ਪੰਜਾਬ ਦੀਆਂ ਔਰਤਾਂ ਵੱਲੋਂ ਇਸ ਕਾਰੋਬਾਰ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਅਸਲ ਗੱਲ ਇਹ ਹੈ ਕਿ ਠੇਕੇਦਾਰਾਂ ਵੱਲੋਂ ਜਿਲ੍ਹੇ ਅਤੇ ਬਲਾਕ ਦੇ ਸਾਰੇ ਅਫ਼ਸਰਾਂ ਨੂੰ ਮੁਫ਼ਤ ਵਿੱਚ ਚੰਗੀ ਸ਼ਰਾਬ ਭੇਜੀ ਜਾਂਦੀ ਹੈ ਅਤੇ ਸਿਆਸੀ ਆਗੂਆਂ ਨੂੰ ਚੋਣਾਂ ਵੇਲੇ ਮੁਫ਼ਤ ਸ਼ਰਾਬ ਵੰਡੀ ਜਾਂਦੀ ਹੈ ਤੇ ਇਸਦੇ ਬਦਲੇ ਉਹ ਚੰਮ ਦੀਆਂ ਚਲਾਉਂਦੇ ਹਨ।



## ਨਹੀਂ ਭਰੇ ਜਾਂਦੇ ਸ਼ਰਾਬ ਦੇ ਨਮੂਨੇ

ਹੈਰਾਨ ਕਰਨ ਵਾਲੀ ਗੱਲ ਹੈ ਕਿ ਪਿਛਲੇ 20 ਸਾਲਾਂ ਤੋਂ ਸਬੰਧਤ ਵਿਭਾਗ ਵੱਲੋਂ ਠੇਕਿਆਂ ਤੋਂ ਸ਼ਰਾਬ ਦੇ ਨਮੂਨੇ ਨਹੀਂ ਲਏ ਗਏ। ਅਸੀਂ ਕਦੇ ਵੀ ਕੋਈ ਖ਼ਬਰ ਅਜਿਹੀ ਨਹੀਂ ਪੜ੍ਹੀ ਜਿਸ ਵਿੱਚ ਪ੍ਰਸਾਸ਼ਨ ਵੱਲੋਂ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੋਵੇ ਕਿ ਫਲਾਣੇ ਠੇਕੇ ਤੋਂ ਇਤਰਾਜ਼ਯੋਗ ਜਾਂ ਮਾੜੇ ਮਿਆਰ ਦੀ ਸ਼ਰਾਬ ਬਰਾਮਦ ਕੀਤੀ ਹੈ ਜਦੋਂ ਕਿ ਪੰਜਾਬ ਵਿੱਚ ਨਕਲੀ ਸ਼ਰਾਬ ਬਣਾ ਕੇ ਵੇਚਣ ਦਾ ਧੰਦਾ ਠੇਕੇਦਾਰਾਂ ਵੱਲੋਂ ਆਮ ਕੀਤਾ ਜਾਂਦਾ ਹੈ। ਅਜਿਹੀ ਸ਼ਰਾਬ ਨਸ਼ੇ ਦੀਆਂ ਗੋਲੀਆਂ ਅਤੇ ਦੂਸਰੇ ਕੈਮੀਕਲਾਂ ਤੋਂ ਤਿਆਰ ਕੀਤੀ ਜਾਂਦੀ ਹੈ। ਅਜਿਹੀ ਸ਼ਰਾਬ ਤੋਂ ਠੇਕੇਦਾਰ ਭਾਰੀ ਮੁਨਾਫ਼ਾ ਕਮਾਉਂਦੇ ਹਨ ਤੇ ਨਾਲ ਹੀ ਇਸ ਨਾਲ ਉਹ ਸਰਕਾਰ ਨੂੰ ਵੀ ਚੂਨਾ ਲਾਉਂਦੇ ਹਨ। ਇਹ ਨਹੀਂ ਕਿ ਇਸ ਗੱਲ ਦੀ ਸਰਕਾਰ ਜਾਂ ਪ੍ਰਸਾਸ਼ਨ ਨੂੰ ਕੋਈ ਖ਼ਬਰ ਨਹੀਂ, ਠੇਕੇਦਾਰਾਂ ਦੀ ਇਸ ਹੇਰਾਫੇਰੀ ਨੂੰ ਸਰਕਾਰ ਜਾਂ ਪ੍ਰਸਾਸ਼ਨ ਤਾਂ ਕੀ ਸਗੋਂ ਪੀਣ ਵਾਲੇ ਵੀ ਜਾਣਦੇ ਹਨ। ਅਕਸਰ ਪੰਜਾਬ ਦੇ ਅਖ਼ਬਾਰਾਂ ਵਿੱਚ ਨਕਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੀਆਂ ਖ਼ਬਰਾਂ ਛਪਦੀਆਂ ਹਨ। ਪਰ ਇੰਨਾ ਕੁੱਝ ਹੋਣ 'ਤੇ ਸਬੰਧਤ ਵਿਭਾਗ ਠੇਕਿਆਂ ਤੋਂ ਸ਼ਰਾਬ ਦੇ ਨਮੂਨੇ ਨਹੀਂ ਲੈਂਦਾ।

ਟੈਕਸ ਚੋਰੀ ਨੂੰ ਰੋਕਣ ਲਈ ਸਰਕਾਰ ਵੱਲੋਂ ਨਵੀਂ ਯੋਜਨਾ ਤਿਆਰ ਕੀਤੀ ਗਈ ਹੈ ਜੋ ਭਵਿੱਖ ਵਿੱਚ ਲਾਗੂ ਹੋਵੇਗੀ, ਜਿਸ ਤਹਿਤ ਬੋਤਲਾਂ ਉੱਪਰ ਲੱਗਣ ਵਾਲੇ ਲੇਬਲ ਸਰਕਾਰ ਸ਼ਰਾਬ ਫੈਕਟਰੀਆਂ ਨੂੰ ਆਪ ਸਪਲਾਈ ਕਰਿਆ ਕਰੇਗੀ। ਦੁੱਖ ਇਸ ਗੱਲ ਦਾ ਹੈ ਕਿ ਇਹ ਕਦਮ ਸਰਕਾਰ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਚੁੱਕ ਰਹੀ ਸਗੋਂ ਟੈਕਸ ਚੋਰੀ ਨੂੰ ਰੋਕਣ ਲਈ ਚੁੱਕ ਰਹੀ ਹੈ। ਦੂਜੀ ਗੱਲ ਇਹ ਹੈ ਕਿ ਇਸ ਨਾਲ ਸਰਕਾਰ ਨਾ ਟੈਕਸ ਚੋਰੀ ਨੂੰ ਰੋਕ ਸਕਦੀ ਹੈ ਤੇ ਨਾ ਨਕਲੀ ਸ਼ਰਾਬ ਵਿਕਣੋਂ ਹਟਾ ਸਕਦੀ ਹੈ। ਜੇਕਰ ਸਬੰਧਤ ਵਿਭਾਗ ਦੇ ਅਧਿਕਾਰੀ ਠੇਕਿਆਂ 'ਤੇ ਜਾ ਕੇ ਸ਼ਰਾਬ ਦੇ ਨਮੂਨੇ ਭਰਨ ਤੇ ਉਹਨਾਂ ਵੱਲੋਂ ਨਕਲੀ ਸ਼ਰਾਬ ਵੇਚਣ ਵਾਲੇ ਠੇਕੇਦਾਰਾਂ ਦੇ ਲਾਇਸੰਸ ਰੱਦ ਕੀਤੇ ਜਾਣ ਤਾਂ ਹੀ ਇਸ ਧੰਦੇ ਨੂੰ ਥੋੜ੍ਹੀ ਬਹੁਤੀ ਠੱਲ ਪਾਈ ਜਾ ਸਕਦੀ ਹੈ।

ਪੰਜਾਬ ਵਿੱਚ ਹਰ ਸਾਲ ਬਹੁਤ ਸਾਰੀਆਂ ਮੌਤਾਂ ਨਕਲੀ ਸ਼ਰਾਬ ਕਾਰਣ ਹੁੰਦੀਆਂ ਹਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬੀਮਾਰੀਆਂ ਹਨ ਜੋ ਅਜਿਹੀ ਸ਼ਰਾਬ ਪੀਣ ਕਾਰਣ ਲੱਗਦੀਆਂ ਹਨ, ਕਈ ਵਾਰ ਅਜਿਹੀ ਸ਼ਰਾਬ ਪੀਣ ਕਾਰਣ ਪਿਆਕੜ ਅਪਾਹਜ ਹੋ ਜਾਂਦਾ ਹੈ। ਲੀਵਰ ਖਰਾਬ ਹੋ ਜਾਂਦਾ ਹੈ ਜਾਂ ਫਿਰ ਇਸ ਤਰ੍ਹਾਂ ਦਾ ਕੁੱਝ ਹੋਰ ਸਰੀਰਕ ਨੁਕਸਾਨ ਹੋ ਜਾਂਦਾ ਹੈ। ਇਸ ਧੰਦੇ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਜ਼ਰੂਰਤ ਹੈ।

# ਪਿੰਡਾਂ ਦੀਆਂ ਔਰਤਾਂ ਵੱਲੋਂ ਸ਼ਰਾਬ ਦੀ ਵਿਕਰੀ ਦਾ ਵਿਰੋਧ

ਜਿੱਥੇ ਸ਼ਹਿਰੀ ਔਰਤਾਂ ਵਿੱਚ ਸ਼ਰਾਬ ਪੀਣ ਦਾ ਰਿਵਾਜ਼ ਪ੍ਰਚਲਿਤ ਹੋ ਗਿਆ ਹੈ ਉੱਥੇ ਪਿੰਡਾਂ ਦੀਆਂ ਅਨਪੜ੍ਹ ਔਰਤਾਂ ਸ਼ਰਾਬ ਦੀ ਵਿਕਰੀ ਦੇ ਵਿਰੋਧ ਲਈ ਅੱਗੇ ਆ ਰਹੀਆਂ ਹਨ। ਬਹੁਤ ਸਾਰੇ ਪਿੰਡਾਂ ਵਿੱਚੋਂ ਔਰਤਾਂ ਨੇ ਏਕਾ ਕਰਕੇ ਪਿੰਡ 'ਚੋਂ ਠੇਕੇ ਜਾਂ ਸ਼ਰਾਬ ਦੇ ਖੁਰਦੇ ਚੁੱਕਵਾ ਦਿੱਤੇ ਹਨ। ਔਰਤਾਂ ਦੇ ਵਿਰੋਧ ਕਾਰਣ ਹੀ ਕਈ ਪਿੰਡਾਂ ਦੀ ਪੰਚਾਇਤਾਂ ਵੱਲੋਂ ਆਬਕਾਰੀ ਵਿਭਾਗ ਨੂੰ ਪਿੰਡ ਵਿੱਚੋਂ ਠੇਕਾ ਚੁਕਵਾਉਣ ਲਈ ਬਿਨੈ ਪੱਤਰ ਭੇਜੇ ਗਏ ਹਨ, ਇਹ ਹੋਰ ਗੱਲ ਹੈ ਕਿ ਸਰਕਾਰ ਇਹਨਾਂ ਅਰਜੀਆਂ 'ਤੇ ਗੌਰ ਨਹੀਂ ਫਰਮਾ ਰਹੀ। ਉਂਝ ਤਾਂ ਬਹੁਤ ਸਾਰੇ ਪਿੰਡਾਂ ਵਿੱਚੋਂ ਔਰਤਾਂ ਨੇ ਏਕਾ ਕਰਕੇ ਠੇਕੇ ਚੁੱਕਵਾਏ ਹਨ ਪਰ ਬਰਾਨਾਲਾ ਜਿਲ੍ਹਾ ਦੇ ਪਿੰਡ ਸੇਖਾ ਵਿੱਚ ਜੋ ਔਰਤਾਂ ਵੱਲੋਂ ਕੀਤਾ ਗਿਆ ਉਹ ਕਾਬਲੇ ਤਾਰੀਫ਼ ਹੈ। ਇੱਥੇ ਐਕਸਾਈਜ ਵਿਭਾਗ ਦੇ ਅਧਿਕਾਰੀਆਂ ਨੇ ਠੇਕੇਦਾਰਾਂ ਦੀ ਸ਼ਹਿ 'ਤੇ ਧੱਕੇ ਨਾਲ ਠੇਕਾ ਖੋਲ੍ਹਣਾ ਚਾਹਿਆ ਪਰ ਅਧਿਕਾਰੀਆਂ ਦੇ ਸਾਹਮਣੇ ਹੀ ਪਿੰਡ ਦੀਆਂ ਇਕੱਠੀਆਂ ਹੋਈਆਂ ਔਰਤਾਂ ਨੇ ਖੋਖੇ ਨੂੰ ਪਲਟਾ ਦਿੱਤਾ। ਔਰਤਾਂ ਦਾ ਅਜਿਹਾ ਵਿਰੋਧ ਦੇਖ ਕੇ ਅਧਿਕਾਰੀ ਤਿੱਤਰ ਹੋ ਗਏ।

ਸੰਗਰੂਰ ਜਿਲ੍ਹੇ ਦੇ ਅੜਕਵਾਸ ਪਿੰਡ ਵਿੱਚ ਔਰਤਾਂ ਨੇ ਇਕੱਠੇ ਹੋ ਕੇ ਪੰਜਾਬ ਸਰਕਾਰ ਵਿਰੁੱਧ ਅਤੇ ਇਸਦੀ ਆਬਕਾਰੀ ਨੀਤੀ ਵਿਰੁੱਧ ਨਾਹਰੇ ਲਾਏ। ਸੰਗਰੂਰ ਜਿਲ੍ਹੇ ਦੇ ਕਸਬਿਆਂ ਲਹਿਰਾਗਾਗਾ ਅਤੇ ਦਿੜਬਾ ਵਿੱਚ ਵੀ ਠੇਕਾ ਖੋਲ੍ਹਣ ਦਾ ਔਰਤਾਂ ਨੇ ਕਾਫ਼ੀ ਵਿਰੋਧ ਕੀਤਾ।

ਪਟਿਆਲਾ ਸ਼ਹਿਰ ਦੇ ਸਰਹੰਦੀ ਗੇਟ ਨੇੜੇ ਪੈਂਦੇ ਠੇਕੇ ਨੂੰ ਪੰਜਾਬ ਦੀਆਂ ਸ਼ੇਰ ਬੱਚੀਆਂ ਨੇ ਚੁੱਕਵਾ ਦਿੱਤਾ, ਭਾਵੇਂ ਇਸ ਲਈ ਉਹਨਾਂ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ। ਔਰਤਾਂ ਵਿੱਚ ਇਸ ਤਰ੍ਹਾਂ ਦੀ ਲਾਮਬੰਦੀ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਬਠਿੰਡਾ ਅਤੇ ਹੋਰ ਜਿਲ੍ਹਿਆਂ ਵਿੱਚ ਵੀ ਦੇਖਣ ਨੂੰ ਮਿਲੀ। ਇਹ ਵਿਰੋਧ ਭਾਵੇਂ ਉਤਸ਼ਾਹ ਵਾਲਾ ਹੈ ਪਰ ਇਸ ਤਰ੍ਹਾਂ ਦਾ ਵਿਰੋਧ ਸਿਰਫ਼ ਸਥਾਨਕ ਪੱਧਰ 'ਤੇ ਹੀ ਦੇਖਣ ਨੂੰ ਮਿਲਿਆ ਹੈ। ਪੰਜਾਬ ਜਾਂ ਜਿਲ੍ਹਾ ਪੱਧਰ 'ਤੇ ਇਸ ਤਰ੍ਹਾਂ ਦਾ ਵਿਰੋਧ ਸਾਹਮਣੇ ਨਹੀਂ ਆਇਆ, ਭਾਵ ਇਹ ਕਿ ਇਹ ਵਿਰੋਧ ਜਥੇਬੰਦ ਤਰੀਕੇ ਨਾਲ ਨਹੀਂ ਕੀਤਾ ਗਿਆ। ਦੂਜੀ ਗੱਲ ਇਹ ਕਿ ਇਸ ਤਰ੍ਹਾਂ ਦੇ ਵਿਰੋਧ ਵਿੱਚ ਪੜ੍ਹੀਆਂ-ਲਿਖੀਆਂ ਔਰਤਾਂ ਦੀ ਸ਼ਮੂਲੀਅਤ ਬਹੁਤ ਘੱਟ ਹੈ, ਇਹ ਕਾਫ਼ੀ ਨਿਰਾਸ਼ ਕਰਨ ਵਾਲੀ ਗੱਲ ਹੈ। ਤੀਜੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਤਰ੍ਹਾਂ ਦਾ ਵਿਰੋਧ ਕਿਤੇ ਵੀ ਮਰਦਾਂ ਵੱਲੋਂ ਨਹੀਂ ਜਤਾਇਆ ਗਿਆ। ਇਹ ਗੱਲ ਕਾਫ਼ੀ ਨਿਰਾਸ਼ ਕਰਨ ਵਾਲੀ ਹੈ। ਜਦੋਂਕਿ ਸਿੱਧੇ ਤੌਰ 'ਤੇ ਸ਼ਰਾਬ ਨਾਲ ਮਰਦਾਂ ਦਾ ਹੀ ਜ਼ਿਆਦਾ ਨੁਕਸਾਨ ਹੁੰਦਾ ਹੈ, ਫਿਰ ਉਹ ਭਾਵੇਂ ਆਰਥਕ ਹੋਵੇ ਜਾਂ ਸਿਹਤ ਦਾ।

## ਪੈਲੇਸਾਂ ਵਿੱਚ ਸ਼ਰਾਬ 'ਚ ਨਹਾਉਂਦੇ ਹਨ ਪੰਜਾਬੀ

ਆਰ ਟੀ ਆਈ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਸ਼ਹਿਰਾ 'ਚ ਵਸਦੇ ਲੋਕ ਵਿਆਹਾਂ ਮੌਕੇ ਹਰ ਸਾਲ 3.20 ਕਰੋੜ ਦੀ ਸ਼ਰਾਬ ਪੀਂਦੇ ਹਨ। ਅੰਕੜਿਆਂ ਮੁਤਾਬਕ ਹਰ ਵਿਆਹ ਵਿੱਚ ਔਸਤਨ 80 ਹਜ਼ਾਰ ਦੀ ਸ਼ਰਾਬ ਪੀਤੀ ਜਾਂਦੀ ਹੈ। ਇਹ ਅੰਕੜੇ ਸਾਨੂੰ ਇਸ ਲਈ ਮਿਲੇ ਹਨ ਕਿਉਂਕਿ ਮੈਰਿਜ ਪੈਲੇਸਾਂ ਵਿੱਚ ਜੇਕਰ



ਸ਼ਰਾਬ ਵਰਤਾਈ ਜਾਂਦੀ ਹੈ ਤਾਂ ਉਸਦਾ ਪਰਮਿਟ ਪਹਿਲਾਂ ਕਰ ਅਤੇ ਆਬਕਾਰੀ ਵਿਭਾਗ ਤੋਂ ਲੈਣਾ ਪੈਂਦਾ ਹੈ। ਪਰ ਇਸ ਗੱਲ ਤੋਂ ਵੀ ਅਸੀਂ ਭਲੀ ਭਾਂਤ ਵਾਕਿਫ਼ ਹਾਂ ਕਿ ਸਾਡੇ ਇੱਥੇ ਪਰਮਿਟਾਂ ਨਾਲ ਕਿੰਨੇ ਕੁ ਕੰਮ ਹੁੰਦੇ ਹਨ। ਸਿਆਸੀ ਪਹੁੰਚ ਵਾਲੇ ਬੰਦੇ ਜਾਂ ਅਫ਼ਸਰ ਤਾਂ ਅਜਿਹੇ ਪਰਮਿਟਾਂ ਦੀ ਬਿਲਕੁੱਲ ਵੀ ਪਰਵਾਹ ਨਹੀਂ ਕਰਦੇ। ਦੂਜੀ ਗੱਲ ਇਹ ਹੈ ਕਿ ਪਰਮਿਟ ਲੈਣ ਖਾਤਰ ਫੀਸ ਵੀ ਦੇਣੀ ਪੈਂਦੀ ਹੈ ਤੇ ਇਸ ਤਰ੍ਹਾਂ ਫੀਸ ਬਚਾਉਣ ਲਈ ਬਹੁਤ ਸਾਰੇ ਲੋਕ ਪਰਮਿਟ ਨਹੀਂ ਲੈਂਦੇ। ਅੰਕੜਿਆਂ ਅਨੁਸਾਰ ਲੁਧਿਆਣਾ ਜਿਲ੍ਹਾ ਪੈਲੇਸਾਂ ਵਿੱਚ ਸ਼ਰਾਬ ਵਰਤਾਉਣ 'ਚ ਸਭ ਤੋਂ ਅੱਗੇ ਹੈ। ਇੱਥੇ ਕਾਗਜ਼ਾਂ ਅਨੁਸਾਰ ਸਾਲ ਵਿੱਚ 5700 ਵਿਆਹ ਸ਼ਰਾਬ ਵਾਲੇ ਹੁੰਦੇ ਹਨ 'ਤੇ ਇਹਨਾਂ ਵਿਆਹਾਂ ਵਿੱਚ ਔਸਤਨ 50 ਕਰੋੜ ਰੁਪਏ ਦੀ ਸ਼ਰਾਬ ਵਰਤਾਈ ਜਾਂਦੀ ਹੈ।

ਇਹ ਤਾਂ ਸ਼ਹਿਰਾਂ ਵਿੱਚ ਹੋਣ ਵਾਲੇ ਕੁੱਝ ਕੁ ਵਿਆਹਾਂ ਦੇ ਅੰਕੜੇ ਹਨ। ਜੇਕਰ ਅਸੀਂ ਪਿੰਡਾਂ ਵਾਲੇ ਵਿਆਹਾਂ ਦੀ ਗੱਲ ਕਰੀਏ ਤਾਂ ਇੱਥੇ ਡਰੰਮਾਂ ਦੇ ਹਿਸਾਬ ਨਾਲ ਸ਼ਰਾਬ ਲੋਕ ਘਰਾਂ 'ਚ ਹੀ ਕੱਢਦੇ ਹਨ। ਇਸ ਤੋਂ ਇਲਾਵਾ ਠੇਕੇ ਤੋਂ ਲੈ ਕੇ ਵੀ ਸ਼ਰਾਬ ਵਰਤਾਈ ਜਾਂਦੀ ਹੈ। ਹੁਣ ਸ਼ਹਿਰੀਆਂ ਦੀ ਰੀਸੇ ਪੇਂਡੂ ਵੀ ਅੰਗਰੇਜ਼ੀ ਸ਼ਰਾਬ ਵਿਆਹਾਂ ਵਿੱਚ ਵਰਤਾਉਣ ਲੱਗ ਪਏ ਹਨ। ਪਰ ਇਸ ਰੁਝਾਨ ਨੇ ਕਰਜ਼ੇ ਹੇਠ ਦੱਬੇ ਪਏ ਕਿਸਾਨਾਂ ਦਾ ਲੱਕ ਹੋਰ ਤੋੜ ਦਿੱਤਾ ਹੈ। ਪਿੰਡਾਂ ਦੇ ਗਰੀਬ ਕਿਸਾਨਾਂ ਅਤੇ ਕੰਮੀਆਂ ਨੂੰ ਇਹ ਰਿਵਾਜ਼ ਰਾਸ ਨਹੀਂ ਆ ਰਿਹਾ। ਕਿਉਂਕਿ ਇਸ ਰਿਵਾਜ਼ ਨਾਲ ਵਿਆਹ 'ਤੇ ਹੋਣ ਵਾਲਾ ਖਰਚ ਹੋਰ ਵਧ ਗਿਆ ਹੈ। ਪਰ ਫਿਰ ਵੀ ਪਿੰਡਾਂ ਦੇ ਇਹਨਾਂ ਗਰੀਬ ਲੋਕਾਂ ਨੇ ਵਿਆਹ 'ਤੇ ਇਸ ਖਰਚ ਨੂੰ ਲਾਜ਼ਮੀ ਸਮਝ ਲਿਆ ਹੈ।

## ਪੰਜਾਬੀਆਂ ਦੇ ਦੇਵਤੇ ਵੀ ਪੀਂਦੇ ਹਨ ਸ਼ਰਾਬ




ਸਰਕਾਰ ਨੇ ਪੰਜਾਬੀਆਂ ਨੂੰ ਸ਼ਰਾਬ ਦੇ ਸ਼ੌਕੀਨ ਬਣਾ ਦਿੱਤਾ ਹੈ। ਹੁਣ ਉਹਨਾਂ ਦਾ ਸ਼ਰਾਬ ਬਿਨਾ ਗੁਜ਼ਾਰਾ ਨਹੀਂ ਹੁੰਦਾ ਤੇ ਪੀਣ ਲਈ ਉਹ ਤਰ੍ਹਾਂ-ਤਰ੍ਹਾਂ ਦੇ ਬਹਾਨੇ ਘੜਦੇ ਹਨ। ਇਸੇ ਮਾਨਸਿਕਤਾ ਵਿੱਚੋਂ ਮੰਦਿਰਾਂ ਅਤੇ ਡੇਰਿਆਂ ਵਿੱਚ ਸ਼ਰਾਬ ਚੜ੍ਹਾਉਣ ਤੇ ਸ਼ਰਾਬ ਨੂੰ ਲੰਗਰ ਜਾਂ ਭੋਗ ਵਜੋਂ ਵਰਤਾਉਣ ਦਾ ਰੁਝਾਨ ਸਾਹਮਣੇ ਆਇਆ। ਪੰਜਾਬ ਵਿੱਚ ਅਜਿਹੇ ਬਹੁਤ ਸਾਰੇ ਮੰਦਿਰ ਹਨ ਜਿੱਥੇ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਸ਼ਰਾਬ ਦਾ ਪ੍ਰਸ਼ਾਦ ਚੜਾਇਆ ਜਾਂਦਾ ਹੈ। ਇਹਨਾਂ ਵਿੱਚੋਂ ਸਭ ਤੋਂ ਜ਼ਿਆਦਾ ਪਟਿਆਲਾ ਵਿੱਚ ਕਾਲੀ ਦੇਵੀ ਦਾ ਮੰਦਿਰ ਮਸ਼ਹੂਰ ਹੈ। ਇੱਥੋਂ ਦੂਰੋਂ-ਦੂਰੋਂ ਭਗਤ ਆਉਂਦੇ ਹਨ ਤੇ ਸੁੱਖ ਸੁੱਖਦੇ ਹਨ। ਜਦ ਉਹਨਾਂ ਦੀ ਸੁੱਖ ਪੂਰੀ ਹੋ ਜਾਂਦੀ ਹੈ ਤਾਂ ਉਹ ਮਾਤਾ ਨੂੰ ਸ਼ਰਾਬ ਦਾ ਭੋਗ ਲਾਉਂਦੇ ਹਨ। ਇਸ ਮੰਦਿਰ ਵਿੱਚ ਹਰ ਰੋਜ਼ ਭਗਤ ਮਾਤਾ ਨੂੰ ਸ਼ਰਾਬ ਦਾ ਭੋਗ ਲਗਵਾਉਂਦੇ ਹਨ, ਪਰ ਜਦੋਂ ਛਿਮਾਹੀ ਜਾਂ ਤਿਮਾਹੀ ਦਾ ਮੇਲਾ ਹੁੰਦਾ ਹੈ ਤਾਂ ਇੱਕ ਦਿਨ ਵਿੱਚ ਇੱਥੇ ਹਜ਼ਾਰਾਂ ਬੋਤਲਾਂ ਸ਼ਰਾਬ ਦੀਆਂ ਚੜ੍ਹਦੀਆਂ ਹਨ। ਇਸ ਦਿਨ ਮੁਫ਼ਤ ਦੇ ਪੀਣ ਵਾਲਿਆਂ ਨੂੰ ਮੌਜਾਂ ਲੱਗ ਜਾਂਦੀਆਂ ਹਨ।

ਇਸ ਤਰ੍ਹਾਂ ਹੀ ਪੰਜਾਬ ਦੇ ਪਿੰਡਾਂ ਵਿੱਚ ਅਜਿਹੇ ਬਹੁਤ ਸਾਰੇ ਮੰਦਿਰ ਜਾਂ ਡੇਰੇ ਹਨ ਜਿੱਥੇ ਹਰ ਹਫ਼ਤੇ ਸ਼ਰਾਬ ਚੜਾਈ ਜਾਂਦੀ ਹੈ ਤੇ ਪਹੁੰਚੀਆਂ ਸੰਗਤਾਂ ਨੂੰ ਸ਼ਰਾਬ ਦੇ ਰੂਪ ਵਿੱਚ ਪ੍ਰਸ਼ਾਦ ਦਿੱਤਾ ਜਾਂਦਾ ਹੈ। ਪਟਿਆਲਾ ਜਿਲ੍ਹੇ ਦੇ ਪਿੰਡ ਖਾਸਪੁਰ ਵਿੱਚ ਇੱਕ ਅਜਿਹਾ ਪੀਰ ਹੈ ਜਿਸਨੂੰ ਹਰ ਵੀਰਵਾਰ ਸ਼ਰਾਬ ਦਾ ਭੋਗ ਲੱਗਦਾ ਹੈ। ਇਸ ਦਿਨ ਇੱਥੇ ਸ਼ਰਾਬ ਦਾ ਲੰਗਰ ਵਰਤਾਇਆ ਜਾਂਦਾ ਹੈ। ਇਲਾਕੇ ਦੇ ਗਰੀਬ ਸ਼ਰਾਬੀ ਸਵੇਰੇ ਹੀ ਡੇਰੇ ਆ ਪਹੁੰਚਦੇ ਹਨ ਤੇ ਸ਼ਾਮ ਤੀਕਰ ਸ਼ਰਾਬ ਦਾ ਅਨੰਦ ਮਾਣਦੇ ਹਨ। ਕਈਆਂ ਨੂੰ ਤਾਂ ਅਗਲੀ ਸਵੇਰ ਹੀ ਹੋਸ਼ ਆਉਂਦੀ ਹੈ। ਜਲੰਧਰ ਜਿਲ੍ਹੇ ਦੇ ਵੀ ਕਈ ਪਿੰਡ ਅਜਿਹੇ ਹਨ ਜਿੱਥੇ ਅਜਿਹੇ ਡੇਰੇ ਹਨ ਜਿਨ੍ਹਾਂ ਨੂੰ ਸ਼ਰਾਬ ਦਾ ਪ੍ਰਸ਼ਾਦ ਚੜ੍ਹਦਾ ਹੈ। ਸੰਗਰੂਰ ਦੇ ਵੀ ਕਈ ਪਿੰਡਾਂ ਵਿੱਚ ਅਜਿਹੇ ਡੇਰੇ ਤੇ ਮੰਦਿਰ ਹਨ। ਮੁੱਕਦੀ ਗੱਲ ਇਹ ਹੈ ਕਿ ਹਰ ਜਿਲ੍ਹੇ ਵਿੱਚ ਅਜਿਹੇ ਦੋ, ਚਾਰ ਪੀਰ ਜਾਂ ਦੇਵੀ ਦੇਵਤੇ ਹਨ ਜਿੱਥੇ ਸ਼ਰਾਬ ਦਾ ਭੋਗ ਲੱਗਦਾ ਹੈ। ਅਸੀਂ ਉਪਰੋਕਤ ਉਦਾਹਰਣਾਂ ਤੋਂ ਭਲੀ ਭਾਂਤ ਅੰਦਾਜ਼ਾ ਲਾ ਸਕਦੇ ਹਾਂ ਕਿ ਪੰਜਾਬੀ ਸ਼ਰਾਬ ਦੇ ਕਿੰਨੇ ਸ਼ੌਕੀਨ ਹੋ ਗਏ ਹਨ, ਉਹਨਾਂ ਨੇ ਸ਼ਰਾਬ ਨੂੰ ਆਪਣੇ ਸੱਭਿਆਚਾਰ ਦਾ ਅੰਗ ਬਣਾ ਲਿਆ ਹੈ।

## ਛੱਜੂ ਦੀ ਜ਼ਿੰਦਗੀ ਨਿਗਲ ਗਈ ਬੋਤਲ

ਪਟਿਆਲਾ ਜਿਲ੍ਹੇ 'ਚ ਪੈਂਦੇ ਪਿੰਡ ਦੇਧਨਾ 'ਚ ਕਦੇ ਛੱਜੂ ਰਾਮ ਦੀ ਤੂਤੀ ਬੋਲਦੀ ਸੀ। ਪਿੰਡ ਦੇ ਚੰਗੇ ਖਾਂਦੇ-ਪੀਂਦੇ ਘਰਾਂ ਵਿੱਚੋਂ ਇੱਕ ਸੀ ਇਹ ਘਰ। ਛੱਜੂ ਹੋਰੀਂ ਦੋ ਭਾਈ ਸਨ ਤੇ 34 ਏਕੜ ਜ਼ਮੀਨ ਸੀ। ਘਰ ਦਾ ਲੈਣ-ਦੇਣ ਛੱਜੂ ਰਾਮ ਕਰਦਾ ਸੀ। ਜਵਾਨੀ ਵੇਲੇ ਘਰ ਦੀ ਕੱਢੀ ਹੋਈ 'ਚੋਂ ਇੱਕ-ਦੋ ਪੈਗ ਲਾ ਲੈਂਦਾ। ਇਸ ਤਰ੍ਹਾ ਇੱਕ-ਦੋ ਪੈਗ ਲਾਉਂਦਿਆਂ ਉਸਨੂੰ ਸ਼ਰਾਬ ਦੀ ਲੱਤ ਲੱਗ ਗਈ। ਹੌਲੀ-ਹੌਲੀ ਉਹ ਠੇਕੇ ਤੋਂ ਖਰੀਦ ਕੇ ਸ਼ਰਾਬ ਪੀਣ ਦਾ ਆਦੀ ਹੋ ਗਿਆ। ਹਰ ਰੋਜ਼ ਸ਼ਰਾਬ ਪੀਂਦਾ ਤੇ ਚੀਕਾਂ ਮਾਰਦਾ। ਜਦੋਂ ਉਸਨੂੰ ਸ਼ਰਾਬ ਲਈ ਪੈਸੇ ਨਾ ਜੁੜਦੇ ਤਾਂ ਉਹ ਬਹੁਤ ਤੜਪਦਾ। ਬਹਾਨੇ ਮਾਰ ਕੇ ਉਹ ਕਿਸੇ ਨਾ ਕਿਸੇ ਤੋਂ ਪੈਸੇ ਲੈ ਲੈਂਦਾ। ਪਰ ਇਸ ਤਰ੍ਹਾਂ ਵੀ ਕਿੰਨਾ ਕੁ ਚਿਰ ਕਰਦਾ। ਜਦੋਂ ਸਭ ਪਾਸਿਓਂ ਉਸਨੂੰ ਸ਼ਰਾਬ ਲਈ ਪੈਸੇ ਮਿਲਣੇ ਬੰਦ ਹੋ ਗਏ ਤਾਂ ਉਸਨੇ ਆੜ੍ਹਤੀਏ ਕੋਲ ਜ਼ਮੀਨ ਬੈਅ ਕਰਨੀ ਸ਼ੁਰੂ ਕਰ ਦਿੱਤੀ। ਹਰ ਛਿਮਾਹੀ-ਸਾਲ ਬਾਅਦ ਉਹ ਇੱਕ-ਦੋ ਏਕੜ ਜ਼ਮੀਨ ਵੇਚਦਾ ਤੇ ਮਿਲੀ ਰਕਮ ਨੂੰ ਸ਼ਰਾਬ ਰਾਹੀਂ ਨਿਗਲ ਜਾਂਦਾ। ਹੌਲੀ-ਹੌਲੀ ਕਰਕੇ ਉਸਨੇ ਆਪਣੀ ਸਾਰੀ ਜ਼ਮੀਨ ਵੇਚ ਦਿੱਤੀ। ਉਸਦੇ ਡੰਗੋਰੀ ਫੜਨ ਤੋਂ ਪਹਿਲਾਂ ਹੀ ਜ਼ਮੀਨ ਖੁਰਦ-ਬੁਰਦ ਹੋ ਗਈ। ਇੰਨੀ ਜ਼ਮੀਨ ਹੋਣ ਦੇ ਬਾਵਜੂਦ ਉਹ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਨਹੀਂ ਸਕਿਆ। ਜਦੋਂ ਉਸ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਰਿਹਾ ਤਾਂ ਉਸਨੇ ਦਿਹਾੜੀ ਕਰਨੀ ਸ਼ੁਰੂ ਕਰ ਦਿੱਤੀ। ਪਰ ਨਸ਼ੇ ਦਾ ਖਾਧਾ ਹੋਇਆ ਸਰੀਰ ਉਸਦਾ ਸਾਥ ਨਾ ਦਿੰਦਾ। ਦਿਹਾੜੀ ਤੋਂ ਜਿਹੜੇ ਪੈਸੇ ਬਣਦੇ ਉਹਨਾਂ ਦੀ ਉਹ ਦਾਰੂ ਪੀ ਜਾਂਦਾ ਤੇ ਫਿਰ ਅਗਲੇ ਦਿਨ ਉਸ ਤੋਂ ਉਠਿਆ ਨਾ ਜਾਂਦਾ। ਇਸ ਹਾਲ ਵਿੱਚ ਵੀ ਉਹ ਬਹੁਤਾ ਚਿਰ ਨਾ ਰਿਹਾ ਕਿਉਂਕਿ ਉਸਨੇ ਅਜੇ ਹੋਰ ਮਾੜੇ ਦਿਨ ਦੇਖਣੇ ਸਨ। ਹੌਲੀ-ਹੌਲੀ ਸ਼ਰਾਬ ਨੇ ਉਸਦੇ ਸਰੀਰ ਨੂੰ ਅੰਦਰੋਂ ਪੂਰੀ ਤਰ੍ਹਾਂ ਨਿਗਲ ਲਿਆ ਤੇ ਉਹ ਸਖ਼ਤ ਬੀਮਾਰ ਹੋ ਗਿਆ। ਅੰਤ ਮੰਜੇ 'ਤੇ ਪੈ ਗਿਆ। ਉਸ ਤੋਂ ਤੁਰਿਆ ਫਿਰਿਆ ਵੀ ਨਾ ਜਾਂਦਾ (ਹਾਲਾਂਕਿ ਉਮਰ ਦੇ ਲਿਹਾਜ ਨਾਲ ਉਹ ਬੁੱਢਾ ਨਹੀਂ ਸੀ)। ਪਰਿਵਾਰ ਦੇ ਜੀਆਂ ਕੋਲ ਇਲਾਜ ਲਈ ਰੁਪਏ ਨਹੀਂ ਸਨ। ਟੈਸਟ ਨਾ ਹੋਣ ਕਾਰਣ ਇਹ ਵੀ ਪਤਾ ਨਾ ਲੱਗ ਸਕਿਆ ਕਿ ਉਸਨੂੰ ਬੀਮਾਰੀ ਕੀ ਸੀ। ਇਸ ਤਰ੍ਹਾਂ ਮੰਜੇ 'ਤੇ ਪਿਆ ਥੋੜ੍ਹੇ ਦਿਨਾਂ ਬਾਅਦ ਉਹ ਤੜਪ-ਤੜਪ ਕੇ ਮਰ ਗਿਆ। ਇਸ ਤਰ੍ਹਾਂ ਸ਼ਰਾਬ ਦੀ ਇੱਕ ਬੋਤਲ ਨੇ 34 ਏਕੜ ਦਾ ਟੱਕ ਤੇ ਛੱਜੂ ਰਾਮ ਦੋਨਾਂ ਨੂੰ ਨਿਗਲ ਲਿਆ। ਇੱਥੋਂ ਤੱਕ ਕਿ ਪਰਿਵਾਰ ਦੇ ਦੂਸਰੇ ਮੈਂਬਰਾਂ ਦੀ ਜ਼ਿੰਦਗੀ ਵੀ ਸ਼ਰਾਬ ਦੀ ਬੋਤਲ ਨੇ ਨਰਕ ਬਣਾ ਕੇ ਰੱਖ ਦਿੱਤੀ। ਹੁਣ ਛੱਜੂ ਰਾਮ ਦਾ ਮੁੰਡਾ ਰਤਨਾ ਰਾਮ ਦਿਹਾੜੀ ਕਰਦਾ ਹੈ, ਅੱਗੋਂ ਰਤਨੇ ਦੇ ਦੋ ਮੁੰਡੇ ਹਨ, ਜਿਨ੍ਹਾਂ ਨੂੰ ਉਹ ਚੱਜ ਨਾਲ ਪੜ੍ਹਾ ਨਾ ਸਕਿਆ। ਉਹ ਅੱਠਵੀਂ ਤੇ ਨੌਵੀਂ ਜਮਾਤ ਵਿੱਚੋਂ ਹਟ ਗਏ ਤੇ ਹੁਣ ਸ਼ਹਿਰ 'ਚ ਮਜ਼ਦੂਰੀ ਕਰਨ ਜਾਂਦੇ ਹਨ।

ਇਹ ਤਾਂ ਸਿਰਫ਼ ਉਦਾਹਰਣ ਮਾਤਰ ਇੱਕ ਛੱਜੂ ਰਾਮ ਦੀ ਕਹਾਣੀ ਹੈ। ਪਰ ਪੰਜਾਬ ਵਿੱਚ ਅਜਿਹੇ ਲੱਖਾਂ ਛੱਜੂ ਰਾਮ ਹਨ ਜਿਨ੍ਹਾਂ ਦੀ ਕਹਾਣੀ ਕਿਤੇ ਲਿਖੀ ਨਹੀਂ ਜਾਵੇਗੀ। ਸ਼ਰਾਬ ਦੀ ਇੱਕ ਬੋਤਲ ਨੇ ਉਹਨਾਂ ਨੂੰ ਨਿਗਲ ਲੈਣਾ ਹੈ ਜਾਂ ਨਿਗਲ ਰਹੀ ਹੈ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com


Phone:780 463 2886

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 38



ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com

# ਕਿੱਸਾ ਸ਼ਾਂਤੀ ਦਾ

ਅੰਗਰੇਜ਼ਾਂ ਨੇ ਪੰਜਾਬ ਉੱਪਰ ਇਕ ਸਦੀ ਰਾਜ ਕੀਤਾ। ਇਕ ਸਦੀ ਕੋਈ ਇਨਾਂ ਲੰਮਾ ਸਮਾਂ ਨਹੀਂ ਹੁੰਦਾ ਕਿ ਲੋਕ-ਧਾਰਾ ਵਿਚ ਆਪਣੀ ਜਗਾਹ ਬਣਾ ਸਕੇ। ਫਿਰ ਵੀ ਇਕਾ-ਦੁੱਕਾ ਪ੍ਰਭਾਵ ਵੇਖੇ ਜਾ ਸਕਦੇ ਹਨ। ਫਰੰਗੀਅ ਬਾਰੇ ਕੁਝ ਇਕ ਬੋਲੀਆਂ ਆਮ ਪ੍ਰਚੱਲਿਤ ਹਨ। ਅੰਗਰੇਜ਼ਾਂ ਖਿਲਾਫ਼ ਲੜ ਰਹੇ ਗਾਂਧੀ ਤੇ ਭਗਤ ਸਿੰਘ ਨਾਲ ਸਬੰਧਤ ਬੋਲੀਆਂ ਤੇ ਇਕ ਅੱਧ ਗੀਤ ਵੀ ਮਿਲ ਜਾਂਦਾ ਹੈ। ਹਾਂ ਅਜਿਹੀ ਸਾਮੱਗਰੀ ਜ਼ਰੂਰ ਮਿਲ ਜਾਂਦੀ ਹੈ ਜਿਸ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਅੰਗਰੇਜ਼ੀ ਪ੍ਰਭਾਵ ਲੋਕ-ਧਾਰਾ ਵਿਚ ਪ੍ਰਵੇਸ਼ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ।

ਆਰ.ਸੀ. ਟੈਂਪਲ ਨੇ ਉਨ੍ਹੀਵੀਂ ਸਦੀ ਦੇ ਅੰਤ ਜਿਹੇ ਇਕ ਦੰਤ ਕਥਾ ਦੇ ਤਿੰਨ ਪਾਠ ਦਿੱਤੇ ਹਨ, ਉਨ੍ਹਾਂ ਵਿਚ ਇਕ ਗੀਤ ਹੈ। ਉਸ ਵਿਚ ਸਵਰਨ ਤੇ ਫਰੀਦਨ ਦੀ ਕਥਾ ਦਿੱਤੀ ਗਈ ਹੈ। ਫਰੀਦਨ, ਵਿਲੀਅਮ ਫਰੇਜ਼ਰ ਦਾ ਵਿਗੜਿਆ ਰੂਪ ਹੈ। ਦਿੱਲੀ ਵਿਚ ਮੁਗਲ ਬਾਦਸ਼ਾਹ ਦੀ ਕਚਹਿਰੀ ਵਿਚ ਅੰਗਰੇਜ਼ ਰੈਜ਼ੀਡੈਂਟ ਸੀ ਜਿਸ ਨੂੰ ਸ਼ਮਸੁੱਦੀਨ ਖ਼ਾਨ ਨੇ ਤੰਗ ਆ ਕੇ ਮਰਵਾ ਦਿੱਤਾ ਸੀ। ਪਰ ਦੰਤ ਕਥਾ ਵਿਚ ਫਰੀਦਨ ਸਰਵਣ ਜੱਟੀ 'ਤੇ ਆਸ਼ਕ ਹੋ ਜਾਂਦਾ ਹੈ ਤੇ ਉਸ ਨੂੰ ਘਰੋਂ ਚੁੱਕ ਕੇ ਲੈ ਜਾਂਦਾ ਹੈ। ਇਕ ਪਾਠ ਵਿਚ ਫਰੀਦਨ ਸਰਵਨ ਦੇ ਭਰਾ ਨੂੰ ਨਹਿਰ 'ਤੇ ਪੁਟਾਈ ਕਰਦਿਆਂ ਦੇਖਦਾ ਹੈ। ਨੌਜਵਾਨ ਏਨਾ ਸੁਹਣਾ ਹੈ ਕਿ, 'ਇਹ ਤਾਂ ਕੁਝ ਵੀ ਨਹੀਂ ਇਸ ਦੀ ਭੈਣ ਇਸ ਤੋਂ ਵੀ ਸੁਹਣੀ ਹੈ।' ਇਸ ਤੋਂ ਨੌਜਵਾਨ ਨੂੰ ਲਾਲਚ ਦੇ ਕੇ ਆਪਣੀ ਭੈਣ ਲਿਆਉਣ ਲਈ ਕਹਿੰਦਾ ਹੈ। ਉਹ ਭਰਾ ਭੈਣ ਦੇ ਸਹੁਰਿਆਂ ਤੋਂ ਜਾ ਕੇ ਉਨ੍ਹਾਂ ਦੀ ਸਹਿਮਤੀ ਤੋਂ ਬਗ਼ੈਰ ਹੀ ਸਰਵਨ ਭੈਣ ਨੂੰ ਘੋੜੇ 'ਤੇ ਚਾੜ੍ਹ ਕੇ ਲੈ ਆਉਂਦਾ ਹੈ। ਬਹਾਨਾ ਉਸ ਨੇ ਪਾਇਆ ਸੀ ਕਿ ਮਾਂ ਬਿਮਾਰ ਹੈ ਪਰ ਸਿੱਧਾ ਉਹ ਉਸ ਨੂੰ ਫਰੀਦਨ ਦੇ ਤੰਬੂ ਵਿਚ ਲੈ ਜਾਂਦਾ ਹੈ। ਪਿੱਛਿਉਂ ਸਰਵਨ ਦਾ ਪਤੀ ਪਹਿਲਾਂ ਘਰ ਪਹੁੰਚਦਾ ਹੈ ਤੇ ਬਾਅਦ ਵਿਚੋਂ ਫਰੀਦਨ ਕੋਲ। ਜਦੋਂ ਫਰੀਦਨ ਸਰਵਨ ਨੂੰ ਛੱਡਣ ਲਈ ਤਿਆਰ ਨਹੀਂ ਹੁੰਦਾ ਤਾਂ ਪਿੰਡ ਤੇ ਹੋਰ ਲੋਕਾਂ ਨਾਲ ਰਲ ਕੇ ਉਹ ਉਸ ਦਾ ਕਤਲ ਕਰ ਦਿੰਦਾ ਹੈ। ਅਜਿਹੀ ਕਥਾ ਘੜਨ ਪਿੱਛੇ ਆਰ.ਸੀ. ਟੈਂਪਲ ਨੂੰ ਰਾਜਨੀਤੀ ਵਿਖਾਈ ਦਿੰਦੀ ਹੈ। ਇਸ ਗੀਤ ਦੀਆਂ ਕੁਝ ਪੰਗਤੀਆਂ ਦੇਣ ਦੇ ਲਾਲਚ ਤੋਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ ਕਿਉਂਕਿ ਜਿਸ ਗੀਤ ਦੀ ਚਰਚਾ ਮੈਂ ਕਰਨ ਲੱਗਾ ਹਾਂ ਉਸ ਵਿਚ ਵੀ ਇਸੇ ਤਰ੍ਹਾਂ ਦੇ ਭਾਵ ਲੁਕੇ ਹੋਏ ਹਨ। ਫਰੀਦਨ ਤੇ ਸਰਵਨ ਦਾ ਸੰਵਾਦ ਹੈ।

ਅੱਧੀ ਰਾਤ ਪਹਿਰ ਕਾ ਤੜਕਾ ਤਾਰੇ ਗਿਣਦੀ ਜਾਏ
ਪਾਂਚ ਪੀਰ ਕਾ ਮਲੀਦਾ ਸੁੱਖਾਂ ਫੌਜੋਂ ਮੇਂ ਬਟਾ ਜਾਏ
ਲਹਿੰਗੇ ਕਾ ਪਹਿਨਾ ਛੋੜ ਦੇ।
ਮੇਰੀ ਸਰਵਨ ਸਾਇਆ ਸੀਨਾ ਲਗਾਏ
ਸੂਪ ਕਾ ਪਹਿਨਾਂ ਤੋੜ ਮੇਰੀ ਸਰਵਨ,
ਟੋਪੀ ਸੇ ਨੇਗ ਲਗਾਏ
ਅੰਗੀ ਕਾ ਪਹਿਨਾ ਛੋੜ ਦੇ ਮੇਰੀ ਸਰਵਨ
ਪੇਟੀਕੋਟ ਸੇ ਨੇਗ ਲਗਾਏ।

ਕੁਝ ਅਜਿਹੀ ਘਟਨਾ ਨਾਲ ਹੀ ਜੁੜਿਆ ਲੱਗਦਾ ਹੈ ਹਥਲਾ ਗੀਤ 'ਕਿੱਸਾ ਸ਼ਾਂਤੀ ਦਾ'। ਇਹ ਗੀਤ ਮੈਨੂੰ ਮੋਹਰੀ ਚੱਕ ਤੋਂ ਮਿਲਿਆ। ਕੰਢੀ ਦੇ ਹੋਰਨਾਂ ਖੇਤਰਾਂ ਵਿਚ ਮੈਂ ਇਸ ਨਾਲ ਰਲਦੀ ਮਿਲਦੀ ਵੀ ਨਾ ਕੋਈ ਕਥਾ ਸੁਣੀ ਤੇ ਨਾ ਹੀ ਗੀਤ। ਸ਼ਾਇਦ ਪ੍ਰਕਿਰਿਆ ਵਿਚੋਂ ਗੁਜ਼ਰਦਾ ਹੀ ਗੁਆਚ ਗਿਆ ਹੋਵੇ, ਆਜ਼ਾਦੀ ਤੋਂ ਬਾਅਦ। ਗੀਤ ਸ਼ੁਰੂ ਹੁੰਦਾ ਹੈ ਸ਼ਾਂਤੀ ਦੇ ਘਰ ਆਉਣ ਨਾਲ।

ਬਾਰਾਂ ਤਾਂ ਬਜੇ ਸ਼ਾਂਤੀ ਆਈ ਮਸ਼ੀਨ ਤੋਂ
ਮੂੰਹ ਪਰ ਪਰਛਾ ਆਈ।
ਜਾ ਨੀ ਧੀਏ ਤੂੰ ਨਹਿਰ 'ਤੇ ਨਹਾ ਆ,
ਮੂੰਹ ਦਾ ਪਰਛਾ ਲਾਹ ਆ।

ਗੀਤ ਇਹ ਤਾਂ ਨਹੀਂ ਦੱਸਦਾ ਹੈ ਕਿ ਸ਼ਾਂਤੀ ਕੌਣ ਹੈ ਪਰ ਇਹ ਗੱਲ ਸਾਫ਼ ਹੈ ਕਿ ਉਹ ਉਸ ਘਰ ਵਿਚੋਂ ਹੈ ਜਿਸ ਦੇ ਜੀਆਂ ਨੂੰ ਕਰੜੀ ਮਿਹਨਤ ਕਰਨੀ ਪੈਂਦੀ ਹੈ। ਸ਼ਾਂਤੀ ਮਸ਼ੀਨ ਤੋਂ ਧੁੱਪ ਵਿਚ ਦਾਣੇ ਪਿਹਾ ਕੇ ਆਈ ਹੈ। ਉਸ ਦਾ ਕੁਮਲਾਇਆ ਚਿਹਰਾ ਮਾਂ ਨੂੰ ਚੰਗਾ ਨਹੀਂ ਲੱਗਾ ਇਸ ਲਈ ਇਸ ਨੂੰ ਨਹਿਰ ਉੱਪਰ ਨਹਾ ਆਉਣ ਲਈ ਕਹਿੰਦੀ ਹੈ। ਮਸ਼ੀਨ 'ਤੇ ਨਹਿਰ ਦਾ ਜ਼ਿਕਰ ਇਹ ਦੱਸ ਰਿਹਾ ਹੈ ਕਿ ਗੀਤ ਬਹੁਤਾ ਪੁਰਾਣਾ ਨਹੀਂ ਹੈ। ਆਮ ਘਰਾਂ ਵਿਚ ਕੁੜੀਆਂ ਅਜਿਹੇ ਮੁਸ਼ੱਕਤ ਦੇ ਕੰਮ ਕਰਦੀਆਂ ਰਹੀਆਂ ਹਨ ਹੁਣ ਵੀ ਕਰਦੀਆਂ ਹਨ।

*ਆਰ.ਸੀ. ਟੈਂਪਲ ਨੇ ਉਨ੍ਹੀਵੀਂ ਸਦੀ ਦੇ ਅੰਤ ਜਿਹੇ ਇਕ ਦੰਤ ਕਥਾ ਦੇ ਤਿੰਨ ਪਾਠ ਦਿੱਤੇ ਹਨ, ਉਨ੍ਹਾਂ ਵਿਚ ਇਕ ਗੀਤ ਹੈ। ਉਸ ਵਿਚ ਸਵਰਨ ਤੇ ਫਰੀਦਨ ਦੀ ਕਥਾ ਦਿੱਤੀ ਗਈ ਹੈ। ਫਰੀਦਨ, ਵਿਲੀਅਮ ਫਰੇਜ਼ਰ ਦਾ ਵਿਗੜਿਆ ਰੂਪ ਹੈ। ਦਿੱਲੀ ਵਿਚ ਮੁਗਲ ਬਾਦਸ਼ਾਹ ਦੀ ਕਚਹਿਰੀ ਵਿਚ ਅੰਗਰੇਜ਼ ਰੈਜ਼ੀਡੈਂਟ ਸੀ ਜਿਸ ਨੂੰ ਸ਼ਮਸੁੱਦੀਨ ਖ਼ਾਨ ਨੇ ਤੰਗ ਆ ਕੇ ਮਰਵਾ ਦਿੱਤਾ ਸੀ। ਪਰ ਦੰਤ ਕਥਾ ਵਿਚ ਫਰੀਦਨ ਸਰਵਣ ਜੱਟੀ 'ਤੇ ਆਸ਼ਕ ਹੋ ਜਾਂਦਾ ਹੈ ਤੇ ਉਸ ਨੂੰ ਘਰੋਂ ਚੁੱਕ ਕੇ ਲੈ ਜਾਂਦਾ ਹੈ। ਇਕ ਪਾਠ ਵਿਚ ਫਰੀਦਨ ਸਰਵਨ ਦੇ ਭਰਾ ਨੂੰ ਨਹਿਰ 'ਤੇ ਪੁਟਾਈ ਕਰਦਿਆਂ ਦੇਖਦਾ ਹੈ। ਨੌਜਵਾਨ ਏਨਾ ਸੁਹਣਾ ਹੈ ਕਿ, 'ਇਹ ਤਾਂ ਕੁਝ ਵੀ ਨਹੀਂ ਇਸ ਦੀ ਭੈਣ ਇਸ ਤੋਂ ਵੀ ਸੁਹਣੀ ਹੈ।' ਇਸ ਤੋਂ ਨੌਜਵਾਨ ਨੂੰ ਲਾਲਚ ਦੇ ਕੇ ਆਪਣੀ ਭੈਣ ਲਿਆਉਣ ਲਈ ਕਹਿੰਦਾ ਹੈ। ਉਹ ਭਰਾ ਭੈਣ ਦੇ ਸਹੁਰਿਆਂ ਤੋਂ ਜਾ ਕੇ ਉਨ੍ਹਾਂ ਦੀ ਸਹਿਮਤੀ ਤੋਂ ਬਗ਼ੈਰ ਹੀ ਸਰਵਨ ਭੈਣ ਨੂੰ ਘੋੜੇ 'ਤੇ ਚਾੜ੍ਹ ਕੇ ਲੈ ਆਉਂਦਾ ਹੈ। ਬਹਾਨਾ ਉਸ ਨੇ ਪਾਇਆ ਸੀ ਕਿ ਮਾਂ ਬਿਮਾਰ ਹੈ ਪਰ ਸਿੱਧਾ ਉਹ ਉਸ ਨੂੰ ਫਰੀਦਨ ਦੇ ਤੰਬੂ ਵਿਚ ਲੈ ਜਾਂਦਾ ਹੈ। ਪਿੱਛਿਉਂ ਸਰਵਨ ਦਾ ਪਤੀ ਪਹਿਲਾਂ ਘਰ ਪਹੁੰਚਦਾ ਹੈ ਤੇ ਬਾਅਦ ਵਿਚੋਂ ਫਰੀਦਨ ਕੋਲ। ਜਦੋਂ ਫਰੀਦਨ ਸਰਵਨ ਨੂੰ ਛੱਡਣ ਲਈ ਤਿਆਰ ਨਹੀਂ ਹੁੰਦਾ ਤਾਂ ਪਿੰਡ ਤੇ ਹੋਰ ਲੋਕਾਂ ਨਾਲ ਰਲ ਕੇ ਉਹ ਉਸ ਦਾ ਕਤਲ ਕਰ ਦਿੰਦਾ ਹੈ।*

ਖੋਲ੍ਹ ਕੇ ਕੱਪੜੇ ਸ਼ਾਂਤੀ ਨਾਮਣ ਬੈਠ ਗਈ,
ਸਾਹਬ ਕੀ ਕਾਰ ਵੀ ਆ ਗਈ।
ਖੋਲ੍ਹ ਕੇ ਕੱਪੜੇ ਸ਼ਾਂਤੀ ਨਾਮਣ ਬੈਠ ਗਈ
ਸਾਹਬ ਨੇ ਚੱਕ ਕੇ ਪਾਈ
ਨੀ ਕੁੜੇ ਸ਼ਾਂਤੀ ਸਾਹਬ ਨੇ ਚੱਕ ਕੇ ਪਾਈ।

ਅੰਗਰੇਜ਼ ਸਾਹਬਾਂ ਦਾ ਅਜਿਹਾ ਕਿਰਦਾਰ ਆਮ ਰਿਹਾ ਹੈ। ਸੱਤਾਧਾਰੀ ਆਮ ਲੋਕਾਂ ਉੱਪਰ ਅਜਿਹੇ ਜ਼ੁਲਮ ਕਰਨ ਤੋਂ ਨਹੀਂ ਟਲਦੇ। ਅਗਾਂਹ ਗੀਤ ਇਹ ਵੀ ਦੱਸਦਾ ਹੈ ਕਿ ਸ਼ਾਂਤੀ ਵਿਆਹੀ ਹੋਈ ਹੈ। ਜੇ ਉੱਪਰ ਆਰ.ਸੀ. ਟੈਂਪਲ ਦੀ ਕਥਾ ਵਿਚ ਭਰਾ ਆਪ ਭੈਣ ਨੂੰ ਸਾਹਬ ਕੋਲ ਪੇਸ਼ ਕਰਦਾ ਹੈ ਤਾਂ ਫਿਰ ਭੈਣਾਂ ਦਾ ਰਾਖਾ ਹੀ ਕੌਣ ਰਹਿ ਜਾਂਦਾ ਹੈ। ਇਹ ਗਿਰਾਵਟ ਦੀ ਹੱਦ ਹੈ। ਅਕਬਰ ਵੇਲੇ ਰਾਜਪੂਤ ਆਪਣੀਆਂ ਧੀਆਂ ਦੇ ਡੋਲੇ ਲੈ-ਲੈ ਕੇ ਆਪ ਜਾਂਦੇ ਰਹੇ ਹਨ। ਪਰ ਹਥਲਾ ਗੀਤ ਅਜਿਹੇ ਪਾਤਰਾਂ ਨੂੰ ਵਿਚ ਲਿਆਉਂਦਾ ਹੀ ਨਹੀਂ। ਸ਼ਾਂਤੀ ਕੋਲ ਰੋਣ ਤੋਂ ਸਿਵਾ ਸ਼ਾਇਦ ਹੋਰ ਕੋਈ ਰਾਹ ਵੀ ਨਹੀਂ।

ਇਕ ਵੀ ਰੋਵੇ ਸ਼ਾਂਤੀ ਦੋ ਵੀ ਰੋਵੇ,
ਤੂੰ ਕਿਉਂ ਏਡੀ ਘਬਰਾਈ,
ਕੁੜੇ ਸ਼ਾਂਤੀ ਤੂੰ ਕਿਉਂ ਏਡੀ ਘਬਰਾਈ।
ਇਕ ਵੀ ਰੋਵੇ ਦੋ ਵੀ ਰੋਵੇ
ਸਾਹਬ ਨੇ ਗਲ਼ ਨਾਲ ਲਾਈ
ਕੁੜੇ ਸ਼ਾਂਤੀ ਸਾਹਬ ਨੇ ਗਲ਼ ਨਾਲ ਲਾਈ।

ਸਿਰਜਣਹਾਰੀਆਂ ਦੇ ਮਨ ਵਿਚ ਕਿਤੇ ਰੁਮਾਂਟਿਕ ਭਾਵਨਾਵਾਂ ਉਬਾਲੇ ਲੈ ਰਹੀਆਂ ਹਨ, ਇਸੇ ਲਈ ਸ਼ਾਂਤੀ ਕਿਸੇ ਤਰ੍ਹਾਂ ਦਾ ਵਿਰੋਧ ਨਹੀਂ ਕਰਦੀ। ਸਗੋਂ ਸਾਹਬ ਦੇ ਗਲ਼ ਨਾਲ ਲਾਉਣ ਤੋਂ ਬਾਅਦ ਵਾਰਤਾਲਾਪ ਸ਼ੁਰੂ ਹੋ ਜਾਂਦੀ ਹੈ। ਜਾਣ-ਪਛਾਣ ਲਈ।

ਕਿੱਥੇ ਨੀ ਸ਼ਾਂਤੀ ਪੇਕੇ ਤੇਰੇ, ਕਿੱਥੇ ਨੇ ਤੇਰੇ ਸਾਵਰੇ।
ਨੀ ਕੁੜੀ ਸ਼ਾਂਤੀ ਕਿੱਥੇ ਨੇ ਤੇਰੇ ਸਾਵਰੇ।
ਰਾਣੇ ਆਂ ਮੇਰੇ ਪੇਕੇ ਮੇਰੇ ਸਾਹਬ ਜੀ,
ਅੰਬੀ ਆਂ ਮੇਰੇ ਸਾਵਰੇ।

ਪੰਜਾਬ ਹਰਿਆਣੇ ਵਿਚ 'ਅੰਬ' ਤੇ 'ਰਾਣਾਂ' ਨਾਂ ਦੇ ਅਨੇਕਾਂ ਪਿੰਡ ਹਨ, ਇਹ ਗੀਤ ਕਿਹੜੇ ਪਿੰਡਾਂ ਨਾਲ ਵਾਸਤਾ ਰੱਖਦਾ ਹੈ? ਇਸ ਦਾ ਪਤਾ ਨਹੀਂ ਲਾਇਆ ਜਾ ਸਕਦਾ। ਇਸ ਲਈ ਇਨ੍ਹਾਂ ਨੂੰ ਸਾਧਾਰਨ ਰੂਪ ਵਿਚ ਹੀ ਲੈਣਾ ਪਵੇਗਾ। ਇਸ ਥਾਂ ਗਾਇਕਾਵਾਂ ਹੋਰ ਪਿੰਡਾਂ ਦੇ ਨਾਲ ਵੀ ਜੋੜ ਸਕਦੀਆਂ ਹਨ। ਸਾਡੇ ਲਈ ਮਹੱਤਵਪੂਰਨ ਹੈ ਕਿ ਸ਼ਾਂਤੀ ਇਕ ਦਮ 'ਮੇਰੇ ਸਾਹਬ ਜੀ' ਕਹਿਣ ਉੱਪਰ ਆ ਗਈ ਹੈ। ਜਦੋਂ ਮੈਂ ਇਹ ਗੀਤ ਸੁਣ ਰਿਹਾ ਸਾਂ ਤਾਂ ਉਦੋਂ ਗਾਇਕਾਵਾਂ ਮੁਸਕੜੀਏਂ ਹੱਸ ਰਹੀਆਂ ਸਨ। ਉਹ ਸ਼ਾਇਦ ਆਪਣੇ ਮਨ ਦੀ ਕੋਈ ਭਾਵਨਾ ਪੂਰੀ ਹੁੰਦੀ ਦੇਖ ਰਹੀਆਂ ਸਨ। ਅਗਲੀਆਂ ਪੰਗਤੀਆਂ ਨਾਲ ਕੁਝ ਹੋਰ ਵੀ ਹੋਣਾ ਚਾਹੀਦਾ ਸੀ। ਪਰ ਇਹ ਵੱਖਰੀਆਂ ਹੀ ਰਹਿ ਗਈਆਂ। ਹੋ ਸਕਦਾ ਹੈ ਕਿ ਗਾਇਕਾਵਾਂ ਕੁਝ ਭੁੱਲ ਵੀ ਗਈਆਂ ਹੋਣ। ਮੌਖਿਕ ਸਾਹਿਤ ਵਿਚ ਅਜਿਹਾ ਆਮ ਹੁੰਦਾ ਹੈ। ਕਈ ਵਾਰ ਕੁਝ ਮੌਕੇ 'ਤੇ ਜੋੜ ਵੀ ਲਿਆ ਜਾਂਦਾ ਹੈ। ਕਈ ਵਾਰ ਤਾਂ ਦੋ-ਦੋ ਗੀਤ ਇਕੋ ਥਾਂ ਆ ਜੁੜਦੇ ਹਨ। ਗੀਤ ਅਗਾਂਹ ਤੁਰਦਾ ਹੈ।

ਮੰਜੇ 'ਤੇ ਰੋਵੇ ਤੇਰਾ ਬਾਪ ਨੀ ਸ਼ਾਂਤੀ
ਚੌਂਕੇ 'ਚ ਰੋਂਦੀ ਤੇਰੀ ਮਾਈ।
ਕੁੜੇ ਸ਼ਾਂਤੀ ਚੌਂਕੇ 'ਚ ਰੋਂਦੀ ਤੇਰੀ ਮਾਈ।

ਜਵਾਬ ਵਿਚ ਸ਼ਾਇਦ ਸਾਹਬ ਨੇ ਕੁਝ ਕਿਹਾ ਹੋਵੇਗਾ, ਪਰ ਇੱਥੇ ਇਕ ਖੱਪਾ ਰਹਿ ਗਿਆ ਹੈ। ਅਗਲੀਆਂ ਪੰਗਤੀਆਂ ਵਿਚ ਸਾਹਿਬ ਦੀ ਸ਼ਾਂਤੀ ਨੂੰ ਮਨਾਉਣ ਲਈ ਕੀਤੀ ਮੱਖਣ ਬਾਜ਼ੀ ਹੈ, ਜੋ ਸਰਵਣ ਤੇ ਫਰੀਦਨ ਦਾ ਸ਼ੁਰੂ ਵਿਚ ਦੱਸਿਆ ਕਿੱਸਾ ਯਾਦ ਕਰਵਾਉਂਦੀ ਹੈ।

ਗੋਰੇ ਗੋਰੇ ਨੈਣ ਤੇਰੇ ਸੁਰਮਿਆਂ ਵਾਲੇ,
ਕੱਜਲ ਨੇ ਮੌਜ ਲਗਾਈ
ਕੁੜੇ ਸ਼ਾਂਤੀ ਕੱਜਲ ਨੇ ਮੌਜ ਲਗਾਈ।
ਚਿੱਟੇ ਚਿੱਟੇ ਦੰਦ ਤੇ ਕਲੀਆਂ ਵਾਲੇ,
ਸੁਰਖ਼ੀ ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਸੁਰਖੀ ਨੇ ਮੌਜ ਲਗਾਈ।
ਗੋਰੇ ਗੋਰੇ ਹੱਥ ਤੇਰੇ ਪਾਲਸ਼ਾਂ ਵਾਲੇ
ਮਹਿੰਦੀ ਨੇ ਮੌਜ ਲਗਾਈ
ਨੀ ਕੁੜੇ ਸ਼ਾਂਤੀ, ਮਹਿੰਦੀ ਨੇ ਮੌਜ ਲਗਾਈ।
ਗੋਰੇ ਗੋਰੇ ਪੈਰ ਤੇਰੇ ਸੈਂਡਲਾਂ ਵਾਲੇ,
ਜੁਰਾਬਾਂ ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਜੁਰਾਬਾਂ ਨੇ ਮੌਜ ਲਗਾਈ।

ਸੁਰਮਾ, ਸੁਰਖ, ਨਹੁੰ-ਪਾਲਸ਼, ਮਹਿੰਦੀ, ਸੈਂਡਲ, ਜੁਰਾਬਾਂ ਦੋਨਾਂ ਸਭਿਆਚਾਰਾਂ ਦਾ ਮੇਲ ਦਰਸਾ ਰਿਹਾ ਹੈ। ਪਰ ਇਹ ਸਾਰੀਆਂ ਚੀਜ਼ਾਂ 'ਸਾਹਿਬ' ਨੇ ਲੈ ਕੇ ਦਿੱਤੀਆਂ ਹਨ, ਇਸੇ ਲਈ ਉਹ ਇਨ੍ਹਾਂ ਦੀ ਸਿਫ਼ਤ ਕਰਦਾ ਹੈ। ਲੱਗਦਾ ਹੈ ਕਿ ਪੂਰੀ ਤਰ੍ਹਾਂ ਸ਼ਾਂਤੀ ਨੇ ਆਤਮ ਸਮਰਪਣ ਕਰ ਦਿੱਤਾ ਹੈ। ਸਰਵਨ-ਫਰੀਦਨ ਦੇ ਗੀਤ ਵਿਚ ਤਾਂ ਸਰਵਨ ਫਰੀਦਨ ਨੂੰ ਦੇਸੀ ਪਹਿਰਾਵਾ ਪਹਿਨਣ ਲਈ ਕਹਿੰਦੀ ਸਭਿਆਚਾਰਾਂ ਦਾ ਸੰਵਾਦ ਸਿਰਜਦੀ ਹੈ, ਪਰ ਇੱਥੇ ਅਜਿਹਾ ਕੁਝ ਨਹੀਂ।

ਜਦੋਂ ਦਾ ਮੈਂ ਇਹ ਗੀਤ ਸੁਣਿਆ ਹੈ (ਤਕਰੀਬਨ ਅਠਾਰਾਂ-ਵੀਹ ਸਾਲ ਪਹਿਲਾਂ) ਉਦੋਂ ਤੋਂ ਹੀ ਇਸ ਨੇ ਮੇਰੇ ਮਨ ਵਿਚ ਅਨੇਕਾਂ ਵਿਚਾਰ ਪੈਦਾ ਕੀਤੇ ਹਨ। ਆਰ.ਸੀ. ਟੈਂਪਲ ਦੀ ਦਾ ਲੀਜੈਂਡਜ਼ ਆਫ਼ ਪੰਜਾਬ ਪੜ੍ਹਨ ਸਮੇਂ ਇਸ ਨੂੰ ਨਵਾਂ ਪ੍ਰਸੰਗ ਮਿਲਿਆ ਜੋ ਮੈਂ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ। ਸ਼ਾਇਦ ਗੀਤ ਦੀ ਮੂਲ ਭਾਵਨਾ ਮੈਂ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋ ਹੀ ਗਿਆ ਹੋਵਾਂ।

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
GHI
Ontario Association of Certified Home Inspectors
OAHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Cell: 416 839 3436 ▲ Ph: 905 479 5807

# ਰਾਜਨੀਤਕ ਕਵਿਤਾ ਵੱਲ ਵਧਦੇ ਕਦਮ : ਪਰਮਿੰਦਰ ਗਿੱਲ



ਪਰਮਿੰਦਰ ਗਿੱਲ
+91-95019-26200
parminderkkl@gmail.com



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਪਰਮਿੰਦਰ ਗਿੱਲ ਨੇ ਪੰਜਾਬੀ ਦੇ ਸਾਹਿਤਕ ਪਰਚਿਆਂ ਨੂੰ ਹੁਣੇ-ਹੁਣੇ ਕਵਿਤਾਵਾਂ ਭੇਜਣੀਆਂ ਸ਼ੁਰੂ ਕੀਤੀਆਂ ਹਨ। ਪਾਠਕਾਂ ਵੱਲੋਂ ਉਸਦੀਆਂ ਕਵਿਤਾਵਾਂ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ। ਸ਼ੁਰੂਆਤੀ ਦੌਰ ਵਿੱਚ ਹੀ ਉਸਦੀਆਂ ਰਚਨਾਵਾਂ ਵਿਚਲੀ ਪਰਪੱਕਤਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਛੇਤੀ ਹੀ ਪਰਮਿੰਦਰ ਗਿੱਲ ਇਸ ਖੇਤਰ ਦਾ ਸਮਰੱਥ ਨਾਂ ਹੋਵੇਗਾ। ਵਿਸ਼ਵ ਪ੍ਰਸਿੱਧ ਕਵੀ ਪਾਬਲੋ ਨੈਰੂਦਾ ਅਕਸਰ ਕਿਹਾ ਕਰਦੇ ਸਨ ਕਿ ਨੌਜਵਾਨਾਂ ਨੂੰ ਕਵਿਤਾ ਲਿਖਣ ਦੀ ਸ਼ੁਰੂਆਤ 'ਪਿਆਰ ਕਵਿਤਾਵਾਂ' ਤੋਂ ਕਰਨੀ ਚਾਹੀਦੀ ਹੈ ਤੇ ਫੇਰ ਪ੍ਰਪੱਕ ਹੋ ਕੇ ਹੀ ਰਾਜਨੀਤਿਕ ਕਵਿਤਾ ਵਾਲੇ ਪਾਸੇ ਆਉਣਾ ਚਾਹੀਦਾ ਹੈ। ਕਵਿਤਾ ਦੇ ਹੁਨਰ ਦੇ ਲਿਹਾਜ ਤੋਂ ਦੁਨੀਆ ਦੇ ਸਾਰੇ ਕਵੀ ਉਹਨਾਂ ਦੇ ਇਸ ਕਥਨ ਨਾਲ ਸਹਿਮਤ ਹਨ ਪਰ ਕਈ ਵਾਰੀ ਹਾਲਾਤ ਅਜਿਹੇ ਹੁੰਦੇ ਹਨ ਜਾਂ ਕਹਿ ਲਵੋ ਕਿ ਰਾਜਨੀਤੀ ਅਜਿਹੀ ਹੁੰਦੀ ਹੈ ਕਿ ਤੁਹਾਡੇ ਜਜ਼ਬਾਤਾਂ ਵਿੱਚ ਪਿਆਰ ਨਾਲੋਂ ਵੱਧ ਬਗ਼ਾਵਤ ਭਾਰੂ ਹੁੰਦੀ ਹੈ ਤੇ ਅਜਿਹੇ ਸਮਿਆਂ ਵਿੱਚ ਅਚੇਤ ਪੱਧਰ 'ਤੇ ਹੀ ਕਵਿਤਾ ਵਿੱਚ ਰਾਜਨੀਤੀ ਆ ਜਾਂਦੀ ਹੈ। ਇਸ ਤਰ੍ਹਾਂ ਦੇ ਅਮਲ ਵਿੱਚੋਂ ਹੀ ਪਰਮਿੰਦਰ ਗਿੱਲ ਦੀਆਂ ਕਵਿਤਾਵਾਂ ਉਪਜੀਆਂ ਹਨ। ਇੱਥੇ ਅਸੀਂ ਨਵੀਂ ਦੁਨੀਆ ਦੇ ਪਾਠਕਾਂ ਲਈ ਵਿਸ਼ੇਸ਼ ਤੌਰ 'ਤੇ ਉਹਨਾਂ ਦੀਆਂ ਨਵੀਆਂ ਰਚਨਾਵਾਂ ਛਾਪ ਰਹੇ ਹਾਂ ਤੇ ਉਮੀਦ ਕਰਦੇ ਹਾਂ ਕਿ ਜਿਹੜਾ ਸੇਕ ਪਰਮਿੰਦਰ ਗਿੱਲ ਦੀਆਂ ਕਵਿਤਾਵਾਂ ਵਿੱਚ ਹੈ ਅਜਿਹਾ ਸੇਕ ਪਾਠਕ ਵੀ ਮਹਿਸੂਸ ਕਰਨਗੇ।

## ਮੌਸਮ ਉਦਾਸ ਹੈ

ਚਿੜੀਆਂ-ਕਾਂਵਾਂ ਦੀ ਡਾਰ
ਛੱਲੀਆਂ ਫੋਲ੍ਹਣ ਲਈ
ਹੁਣ ਖੇਤਾਂ 'ਚ ਨਹੀਂ ਉਤਰਦੀ
ਕਾਂ ਜੁਆਕਾਂ ਹੱਥੋਂ
ਰੋਟੀ ਖੋਹਣ ਦੀ ਸ਼ਰਾਰਤ ਨਹੀਂ ਕਰਦੇ
ਬਾਗਾਂ ਵਿੱਚ
ਕੋਇਲ ਗਾਉਂਦੀ ਨਹੀਂ
ਸਗੋਂ ਰੋਂਦੀ ਹੈ
ਫਲ੍ਹ ਟੁੱਕਣ ਤੋਂ ਪਹਿਲਾਂ
ਪੰਛੀ ਕਈ ਕਈ ਵਾਰ ਸੋਚਦੇ ਨੇ
ਬੱਚੇ ਰਾਤ ਨੂੰ
ਦਾਦੀ ਤੋਂ ਕਹਾਣੀ ਸੁਣਨ ਲਈ
ਜਿਦ ਨਹੀਂ ਕਰਦੇ
ਬੱਟਾਂ 'ਤੇ ਤੁਰੇ ਜਾਂਦੇ
ਸੀਰੀਆਂ-ਪਾਲ਼ੀਆਂ ਦੇ
ਹੋਠਾਂ 'ਤੇ ਗੀਤ ਮਰ ਗਏ ਨੇ
ਕਿੰਨਾ ਉਦਾਸ ਮੌਸਮ ਹੈ
ਕਵੀ ਕਵਿਤਾ ਲਿਖਣ ਤੋਂ ਪਹਿਲਾਂ
ਬਹੁਤ ਡਰ ਜਾਂਦੇ ਨੇ।

## ਗੋਰਕੀ ਦਾ ਪਾਵੇਲ

'ਇਹ ਇਸ ਤਰ੍ਹਾਂ ਕਿਉਂ ਹੈ?'
ਮਨ 'ਚ ਵਿਰੋਧ ਪੈਦਾ ਹੁੰਦਾ ਹੈ
ਬੰਦਾ ਗਿਲ੍ਹੇ ਕਰਦਾ ਹੈ
ਬਹਿਸਾਂ ਕਰਦਾ ਹੈ
ਆਪਣੇ ਆਪ 'ਚ ਘੁਲਦਾ ਰਹਿੰਦਾ ਹੈ
ਆਪਣੇ ਪ੍ਰਸ਼ਨਾਂ ਦੇ ਜਵਾਬ
ਕਿਤਾਬਾਂ 'ਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ

ਕਿਤਾਬਾਂ ਸੁਨਹਿਰੀ ਰਾਹ ਦਿਖਾਉਂਦੀਆਂ ਹਨ

ਡਿੱਗਦਾ ਹੈ, ਉੱਠਦਾ ਹੈ
ਬੰਦਾ ਨਿੱਕੇ ਨਿੱਕੇ ਕਦਮਾਂ ਨਾਲ
ਆਪਣਾ ਸਫ਼ਰ ਸ਼ੁਰੂ ਕਰ ਦਿੰਦਾ ਹੈ

ਇਹ ਤਾਂ ਹਮੇਸ਼ਾ ਹੀ ਹੁੰਦਾ ਹੈ
ਜਦੋਂ ਸਵਾਲ ਪੈਦਾ ਹੋਣ ਲੱਗਦੇ ਨੇ
ਆਮ ਬੰਦਾ 'ਪਾਵੇਲ' ਬਣਨ ਦਾ
ਸਫ਼ਰ ਸ਼ੁਰੂ ਹੀ ਉਦੋਂ ਕਰਦਾ ਹੈ।

(ਮੈਕਸਿਮ ਗੋਰਕੀ ਦਾ ਨਾਵਲ "ਮਾਂ" ਪੜ੍ਹਨ ਤੋਂ ਬਾਅਦ)

## ਕਵਿਤਾ ਦੀ ਕੀਮਤ

ਮੈਨੂੰ ਖਿੰਡ ਜਾਣ ਤੋਂ
ਬਚਾਈ ਰੱਖਣ ਲਈ
ਉਹ ਇੱਕ ਕਵਿਤਾ ਲਿਖਦੀ ਹੈ
ਕਵਿਤਾ 'ਚ ਉਹ
ਖ਼ਿਆਲੀ ਦੁਨੀਆਂ ਨਹੀਂ ਉਸਾਰਦੀ
ਕਾਲਪਨਿਕ ਸੰਸਾਰ ਨਹੀਂ ਸਿਰਜਦੀ
ਬਸ! ਇੱਕ ਸੁਪਨੇ ਦਾ ਜ਼ਿਕਰ ਕਰਦੀ ਹੈ
ਜਿਸਦੇ ਪੂਰੇ ਹੋ ਜਾਣ ਦੀ
ਉਸਨੇ ਅਜੇ ਵੀ ਆਸ ਨਹੀਂ ਛੱਡੀ
ਪਰ ਉਹ ਨਹੀਂ ਜਾਣਦੀ
ਵੱਡੀ ਕਵਿਤਾ ਦੀ ਕੀਮਤ ਵੀ
ਹੁੰਦੀ ਹੈ ਬਹੁਤ ਵੱਡੀ
ਤੇ ਕਵਿਤਾ
ਕਦੇ ਵੀ ਆ ਸਕਦੀ ਹੈ
ਆਪਣੀ ਕੀਮਤ ਵਸੂਲਣ
ਕਵਿਤਾ ਨੇ ਕਦ ਕਿਸੇ ਨੂੰ ਬਖ਼ਸ਼ਿਆ ਹੈ
ਚਾਹੇ ਉਹ ਪਾਸ਼ ਹੋਵੇ
ਚਾਹੇ ਉਹ ਲੋਰਕਾ ਹੋਵੇ......।

## ਇਤਿਹਾਸ ਦੇ ਸਿਰਜਕ

ਪਿਆਰੇ
ਬੋਰਿਸ ਵਾਸੀਲਿਯੇਵ
ਅੱਜ-ਕੱਲ ਮੈਂ
ਤੇਰੀ ਕਿਤਾਬ 'ਸਾਂਤ ਸਰਘੀ ਵੇਲਾ'
ਪੜ੍ਹ ਰਿਹਾ ਹਾਂ
ਤੇ ਅਹਿਸਾਸ ਕਰ ਰਿਹਾ ਹਾਂ
ਕਿ ਇਤਿਹਾਸ
ਕਲਮਾਂ ਨਾਲ ਨਹੀਂ ਲਿਖਿਆ ਜਾਂਦਾ
ਇਤਿਹਾਸ ਲਿਖਦੇ ਨੇ
ਸਰਦ ਰੁੱਤੇ ਨੰਗੇ ਪਿੰਡੇ
ਜੋ ਜੇਲ੍ਹਾਂ 'ਚ ਸੜਦੇ ਨੇ
ਹਿੱਕਾਂ ਵਿੱਚ ਗੋਲੀਆਂ ਖਾਂਦੇ ਨੇ
ਤੇ ਮਨੁੱਖਤਾ ਦੀ ਭਲਾਈ ਲਈ
ਕੋਈ ਵੀ ਦਰਦ ਸਹਾਰਨ ਲਈ
ਆਪਣੇ ਆਪ ਨੂੰ ਤਿਆਰ ਕਰਦੇ ਨੇ
ਤੇ ਛੱਡ ਜਾਂਦੇ ਨੇ
ਇਤਿਹਾਸ 'ਚ ਆਪਣੀਆਂ ਪੈੜਾਂ ਦੇ ਨਿਸ਼ਾਨ

( ਬੋਰਿਸ ਵਾਸੀਲਿਯੇਵ ਰੂਸੀ ਲੇਖਕ)

## ਜੀਵਨ ਤੇ ਸਾਹਿਤ

ਨੈਰੂਦਾ ਦੀ ਕਵਿਤਾ
ਕਣਕ ਵਾਂਗ
ਸਾਡੇ ਖੇਤਾਂ 'ਚ ਉੱਗ ਪੈਂਦੀ ਹੈ
ਚੈਖਵ ਦੀਆਂ ਕਹਾਣੀਆਂ
ਸਾਡੀ ਜ਼ਿੰਦਗੀ 'ਚ
ਨਿੱਤ ਵਾਪਰਦੀਆਂ ਹਨ
ਸਾਡਾ ਸਮਾਜ
ਦੋਸਤੋਵਸਕੀ ਦਾ ਵਿਸ਼ਾਲ ਨਾਵਲ
ਬਜ਼ੁਰਗਾਂ ਦੀਆਂ
ਬੀਤੇ ਸਮੇਂ ਦੀਆਂ ਗੱਲਾਂ
ਰਸੂਲ ਹਮਜ਼ਾਤੋਵ ਦੀ
ਖ਼ੂਬਸੂਰਤ ਵਾਰਤਕ
ਅਸਲ 'ਚ
ਸਾਡਾ ਜੀਵਨ ਸਾਹਿਤ ਹੀ ਤਾਂ ਹੈ
ਗੋਰਕੀ ਦੇ ਸਾਹਿਤ ਵਰਗਾ
ਤੇ ਸਾਹਿਤ
ਸਾਡੇ ਜੀਵਨ ਵਰਗਾ.....।

# ਦੇਵਿੰਦਰ ਸੈਫ਼ੀ ਦੀਆਂ ਕਵਿਤਾਵਾਂ



## ਅਸੀਂ ਮੁੱਢ ਤੋਂ ਟੱਪਰੀਵਾਸ

ਸੱਜਣ ਅਸੀਂ ਮੁੱਢ ਤੋਂ ਟੱਪਰੀਵਾਸ
ਧੁਰ ਤੋਂ ਹੀ ਲਿਖਵਾ ਕੇ ਲਿਆਏ,
ਲੇਖਾਂ ਵਿੱਚ ਬਨਵਾਸ

ਤਾਰੇ ਤੋੜ ਕੇ ਝੁੱਗੀਆਂ ਪਾਈਏ,
ਚੰਨ ਦੀ ਚਾਦਰ ਹੇਠ ਵਿਛਾਈਏ,
ਸਾਨੂੰ ਨੇਰ੍ਹਾ ਦਏ ਧਰਵਾਸ

ਕੰਡੇ ਸਾਡੀਆਂ ਬਣਨ ਖੜਾਵਾਂ,
ਝੱਲਣ ਪੱਖੀਆਂ ਗਰਮ ਹਵਾਵਾਂ,
ਸਾਨੂੰ ਸਦਾ ਤੁਰਨ ਦੀ ਪਿਆਸ,

ਧੂੜਾਂ ਸਾਡੇ ਸੁਰਮਾ ਪਾਵਣ,
ਧੁੱਪਾਂ ਠੰਡੜੀ ਛਾਂ ਦੇ ਜਾਵਣ,
ਸਾਡਾ ਪੈਂਡਿਆਂ ਵਿੱਚ ਨਿਵਾਸ,

ਰਾਹਾਂ ਤੋਂ ਸਾਨੂੰ ਮਿਲੇ ਦਿਲਾਸਾ,
ਠੇਡਿਆਂ ਤੋਂ ਸਾਨੂੰ ਮਿਲਦਾ ਹਾਸਾ,
ਸਾਨੂੰ ਟੱਕਰਾਂ ਆਈਆਂ ਰਾਸ,

ਸੂਰਜ ਸਾਨੂੰ ਮੰਡਪ ਦੇਵੇ,
ਰਾਹੂ ਕੇਤੂ ਮੇਲਣ ਟੇਵੇ,
ਉੱਤੋਂ ਸ਼ਨੀ ਕਰੇ ਅਰਦਾਸ,
ਪੰਛੀ ਅਨਹਦ ਨਾਦ ਸੁਣਾਵਨ,
ਬੱਦਲ ਅੰਮ੍ਰਿਤ-ਆਬ ਪਿਲਾਵਣ,
ਜਦ ਮਜਲਸ ਲਾਈਏ ਖਾਸ,

ਬੋਧ ਅਸਾਂ ਦਾ ਦੌਲਤ ਸਾਡੀ,
ਹਰ ਸਾਹ ਲਵੇ ਪ੍ਰੀਖਿਆ ਡਾਹਢੀ,
ਸਾਨੂੰ ਬ੍ਰਹਿਮੰਡ ਕਰਦਾ ਪਾਸ
ਸੱਜਣ ਅਸੀਂ ਮੁੱਢ ਤੋਂ ਟੱਪਰੀ ਵਾਸ

## ਸੰਧੀ ਸੁਝਾਅ

ਕ੍ਰਿਸ਼ਨ ਪਾਨ, ਗਣੇਸ਼ ਬੀੜੀ,
ਸੁਦਰਸ਼ਨ ਗੁਟਕਾ
ਹਨੂੰਮਾਨ ਮੈਟਰਨਿਟੀ ਹਸਪਤਾਲ
ਬਾਬਾ ਫ਼ਰੀਦ ਗੰਨ ਹਾਊਸ
ਗੁਰੂ ਨਾਨਕ ਗੁਡਜ਼ ਕੈਰੀਅਰ
ਦੇ ਮਾਲਕ
ਅਵਤਾਰਾਂ ਦੇਵਤਿਆਂ
ਗੁਰੂਆਂ ਫਕੀਰਾਂ ਨੂੰ
ਸੰਧੀ ਦੇ ਸੁਝਾਅ ਦੇਣ ਲੱਗੇ:
ਦੇਖੋ ਅਸੀਂ ਹਰ ਥਾਂ
ਤੁਹਾਨੂੰ ਅੱਗੇ ਰੱਖਦੇ ਹਾਂ
ਸਾਡੇ ਨਾਲ ਰਹੋ,
ਜੇ ਆਪਣਾ ਨਾਂ ਚੱਲਦਾ ਰੱਖਣਾ
ਤੁਹਾਡਾ ਨਾਂ, ਸਾਡਾ ਵਪਾਰ,
ਨਾਲ ਨਾਲ ਚੱਲਣ
ਏਕੇ ਵਿੱਚ ਬਰਕਤ ਹੁੰਦੀ ਏ।

## ਐਤਕੀਂ ਜਨਮ ਦਿਵਸ 'ਤੇ

ਐਤਕੀਂ ਜਨਮ ਦਿਵਸ 'ਤੇ
ਤੂੰ ਮੇਰੇ ਲਈ ਕੇਕ ਨਾ ਬਣਾਵੀਂ
ਤੇ ਨਾ ਹੀ ਕੋਈ
ਗਿਫ਼ਟ ਲੈ ਕੇ ਆਵੀਂ
ਇਸ ਜਨਮ ਦਿਵਸ 'ਤੇ
ਮੈਂ ਤੈਥੋਂ ਓਹ 'ਨਜ਼ਰ' ਮੰਗਣੀ ਏ
ਜੋ ਪਹਿਲੀ ਮੁਲਾਕਾਤ ਵੇਲੇ
ਮੈਨੂੰ ਨਸੀਬ ਹੋਈ ਸੀ
ਐਤਕੀਂ ਓਹ 'ਨਜ਼ਰ'
ਅੱਗੇ ਭੇਜਣ ਲਈ ਚਾਹੀਦੀ ਏ
ਅਮਰੀਕਨ ਰਾਜਨੀਤੀ ਦੀਆਂ ਖੁਸ਼ਕ
ਤੇ ਮੀਸਣੀਆਂ ਅੱਖਾਂ ਨੂੰ
ਪੋਸਟ ਕਰਨੀ ਏ।

## ਹੋਸ਼

ਮੈਂ ਸੁਣਿਆ ਯਾਰਾ
ਤੂੰ ਕੈਲੰਡਰ ਬਣ ਗਿਆ ਏਂ
ਅਪਣੇ ਕਾਰਜਾਂ ਦੇ
ਦਿਨ
ਨੀਯਤ ਕਰਨ ਲਈ
ਹਰ ਕੋਈ ਤੇਰੇ ਵੱਲ ਵੇਖਦਾ ਏ
ਹਰ ਨਜ਼ਰ ਦਾ ਕੇਂਦਰ ਬਣਨ ਦੀ
ਢੇਰ ਮੁਬਾਰਕ
ਪਰ ਯਾਦ ਰੱਖਣ ਵਾਲੀ ਗੱਲ ਏ
ਕੈਲੰਡਰਾਂ ਨੂੰ ਸਾਲ ਕੁ ਬਾਅਦ
ਘਰਾਂ 'ਚੋਂ ਬੇਦਖਲ ਕਰ ਦਿੱਤਾ ਜਾਂਦਾ ਏ।

## ਖਿਡਾਰੀ

ਜਦ ਕੋਈ ਖਿਡਾਰੀ
ਕਿਰਤ ਦੇ ਮੈਦਾਨ ਵਿਚ
ਮਿੱਟੀ ਸੰਗ ਘੁਲਦਾ ਹੈ
ਤੇ ਜਾਂ ਫਿਰ ਘਸਮੈਲੇ ਸਿੱਲ੍ਹੇ
ਹਨ੍ਹੇਰੇ ਕਮਰਿਆਂ ਵਿਚ
ਲੋਹੇ ਦੀਆਂ ਮਸ਼ੀਨਾਂ ਨਾਲ ਜੂਝਦਾ
ਅਪਣਾ ਆਪਾ ਭੁੱਲਦਾ ਹੈ
ਤਾਂ, ਇਸ ਖੇਡ ਵਿਚ
ਉਸਦੇ ਸੁਪਨੇ, ਸਰੀਰ, ਚਾਅ, ਅਰਮਾਨ
ਤੇ ਹੋਰ ਬੜਾ ਕੁਝ ਰੁਲਦਾ ਹੈ

ਇਸ ਖੇਡ ਤੋਂ ਬਾਅਦ
ਅੱਧੀ ਭੁੱਖ ਮਿਟਾਉਣ ਜੋਗੀ
ਰੋਟੀ ਹੀ ਆਉਂਦੀ ਹੈ ਹਿੱਸੇ
ਹੋਰ ਸਭ ਕੁਝ ਹੰਝੂ ਬਣ ਡੁੱਲ੍ਹਦਾ ਹੈ

ਜਿਨ੍ਹਾਂ ਪੰਡਾਂ ਵਿਚ ਉਹ ਲੋਹੇ ਤੇ ਮਿੱਟੀ ਨੂੰ
ਸੋਨਾ ਬਣਾ ਕੇ ਬੰਨ੍ਹ ਦਿੰਦਾ
ਉਨ੍ਹਾਂ ਦਾ ਮੂੰਹ ਉਸ ਤੋਂ ਕੋਹਾਂ ਦੂਰ
ਰਾਜਧਾਨੀ ਵਿੱਚ ਜਾ ਖੁੱਲ੍ਹਦਾ ਹੈ।

ਇਕ ਖਿਡਾਰੀ ਉਹ ਹੁੰਦਾ ਹੈ ਜਿਸਨੇ
ਕਿਸੇ ਗੇਂਦ ਮਗਰ ਦੌੜ ਕੇ
ਉਸਨੂੰ ਕਾਬੂ ਕਰਨਾ, ਉਛਾਲਣਾ ਹੁੰਦਾ ਹੈ
ਜਾਂ ਫਿਰ ਦੂਜੇ ਦੀ ਪਿੱਠ ਲਵਾਉਣੀ ਹੁੰਦੀ ਹੈ

ਪਹਿਲੇ ਨੂੰ ਸਿੱਕਿਆਂ ਪਿੱਛੇ ਰੋਲਿਆ ਜਾਂਦਾ
ਦੂਜੇ ਨੂੰ ਸਿੱਕਿਆਂ ਨਾਲ ਤੋਲਿਆ ਜਾਂਦਾ

ਮੋਬਾਈਲ : 94178-26954

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ
ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



Jessie Singh
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



Jasvir Deol
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)* By Appointments Only
Dr. B.S. Jassar (M.D., Ph.D, CCFP)* Cell: 780 918 0516
Dr. S. Bananda (M.D.)
Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Photos by: Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

JELD-WEN WINDOWS & DOORS · ALEXANDRIA Moulding · Masonite
Fancy DOORS & MOULDINGS LTD.
FALL SHOWCASE
CHECK OUT OUR QUALITY SELECTION




Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# ਗ਼ਦਰ ਸ਼ਤਾਬਦੀ ਵਰ੍ਹਾ 2013-ਸਮਾਗਮ ਲੜੀ

## ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ

(ਪੰਜਾਬੀ ਆਰਟ ਐਸੋਸੀਏਸ਼ਨ, ਮੇਪਲ ਲੀਫ਼ ਰਾਈਟਰਜ਼ ਫ਼ਾਉਂਡੇਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਦਾ ਸਾਂਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦਾ ਮੰਚ)

ਵਲੋਂ

ਸੂਰਵੀਰ ਅਤੇ ਗ਼ਦਰ ਪਾਰਟੀ ਦੇ ਨੌਜਵਾਨ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿਚ ਅਯੋਜਤ



## ਸੈਮੀਨਾਰ



**ਵਿਸ਼ਾ: ਗਦਰ ਲਹਿਰ ਦਾ ਨਜ਼ਰੀਆ ਅਤੇ ਸਰੋਕਾਰ**
**ਬੁਲਾਰੇ : ਡਾ. ਵਰਿਆਮ ਸੰਧੂ ਸੈਮੀਨਾਰ ( ਟਰੱਸਟੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ)**
**ਗਿਆਨ ਸਿੰਘ ਬਿਲਗਾ ਬੁਲਾਰੇ (ਯੂ ਐਸ ਏ)**
**ਸੁਖਵੰਤ ਹੁੰਦਲ (ਬੀ ਸੀ ਕਨੇਡਾ)**
**ਡਾ. ਰਾਜ ਪੰਨੂ (ਐਡਮਿੰਟਨ)**
**ਸਮਾਂ: ਸ਼ਨੀਵਾਰ 25 ਮਈ 2013 ਬਾਅਦ ਦੁਪਿਹਰ 2 ਵਜੇ**
**ਸਥਾਨ: ਸੁਲਤਾਨ ਬੈਂਕੁਇਟ ਹਾਲ, 9241 34ਏ ਐਵਿਨਿਊ ਐਡਮਿੰਟਨ**



Kartar Singh Sarabha



Lala Hardayal



Madam Cama



Sohan Singh Bhakhna



Vishnu Ganesh Pingle







Maulvi Barkat Ullah

### Commemorating Gadar Centenary

## PROGRESSIVE PEOPLES` FOUNDATION OF EDMONTONPROGRESSIVE

[An umbrella body, representing four independent organizations, promoting secular& progressive values through lectures and performing arts.]

is organing a

## Seminar

on birthday of a unique rebel & yougest martyar Kartar Singh Sarabha

**Subject: Goals and Outlook of The Gadar Movement**
**Speakers: Dr. Waryam Sandhu (Trusty Dehs Bhagat Yadhgar Hall Jalandhar)**
**Gian Bilga (USA)**
**Sukhwant Hundal (BC, Canada)**
**Dr. Raj Pannu (Edmonton)**
**Date: Saturday May 25, 2013**
**Place: Sultan Banquet Hall, 9241 34A Ave NW, Edmonton**

**The Gadar movement occupies a proud place in the annals of national liberation movement in India. Here in America, the Gadarites waged a valiant struggle against racism & the atrocious immigration policies. They fought against the colonial rule and strove to establish an equalitarian society. The Gadar movement set up a model for many independent movements to follow in their own countries.. This year happens to be the centenary of the Gadar movement. It is our most valuable legacy and we should commemorate it with all the dignity associated with it. Public in general & Community organizations are cordially invited to participate in the program.**

For more information contact **The Gadar Centennial Commemoration Planning Team**

**Dalbir Sangione: 780 995 5475; Dr. P.R Kalia: 780 485 2989; Prof. Raj Pannu: 780 439 9220; Gurcharan Brar: 780 265 3752; Gurvarinder Gill: 780 497 8801**
**Gursewak Mann: 587 920 7710; Parminder Dhaliwal: 780 994 1886; Darshan Khaira: 780 450 3834 Navtej Bains: 780 200 2872; Joginder Randhawa: 780 914 6251**
**Bakhash Sangha: 780 660 7520; Kirtmeet Kohar: 780 200 5328; Rabinder Sra: 780 431 1692; Usha Bhachhu: 780 200 3078; Surinder Deol: 780 239 9038**
**Gurminder Moom: 780 450 2075;Gurtej Brar: 780 906 0371; Devinder Sunner: 780 952 7334; Parminder Sooch: 780 297 6105; Jasbir Sangha: 780 863 4055**


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
NIRVANA
1009-5075 Falconridge Blvd. N.E.
www.nirvanacalgary.com/nirvanantertainmentic.com
403-590-9797

ਨਵੀਂ ਦੁਨੀਆ

# ਡੂੰਘੀਆਂ ਗੱਲਾਂ ਨੂੰ ਸਰਲ ਭਾਸ਼ਾ ਵਿਚ ਕਹਿਣਾ ਜ਼ਰੂਰੀ : ਓਮਪੁਰੀ



? ਹਿੰਦੁਸਤਾਨੀ ਸਿਨੇਮਾ ਦੇ ਸੌ ਸਾਲ ਪੂਰੇ ਹੋ ਗਏ ਹਨ। ਇਸ 'ਤੇ ਗੱਲਬਾਤ ਕਰਾਂਗੇ ਪਰ ਪਹਿਲਾਂ ਤੁਸੀਂ ਆਪਣੀ ਜੀਵਨ ਯਾਤਰਾ ਬਾਰੇ ਦੱਸੋ?

ਓਮਪੁਰੀ-ਉਦੋਂ ਮਾਮਾ-ਮਾਮੀ ਦੇ ਘਰ ਰਹਿ ਕੇ ਅੱਠਵੀਂ ਵਿਚ ਪੜ੍ਹਦਾ ਸੀ ਕਿ ਕੋਈ ਗੱਲ ਹੋ ਜਾਣ 'ਤੇ ਕਹਿ ਦਿੱਤਾ ਗਿਆ ਕਿ ਜਾ ਭਾਈ ਹੁਣ ਤੂੰ ਜਾ ਆਪਣੇ ਘਰ। ਮੈਂ ਪੜ੍ਹਾਈ ਛੱਡਣਾ ਨਹੀਂ ਸੀ ਚਾਹੁੰਦਾ ਤੇ ਸਕੂਲ ਜਾ ਕੇ ਧਰਨਾ ਦੇ ਕੇ ਬਹਿ ਗਿਆ। ਉਥੇ ਕਲਾਸ ਵਿਚ ਅੱਡਾ ਜਮਾ ਲਿਆ। ਇਕ ਦਿਨ ਹੈਡਮਾਸਟਰ ਸਾਹਿਬ ਨੇ ਫੜ ਲਿਆ ਕਿ ਇਹ ਸਕੂਲ ਵਿਚ ਰਹਿ ਰਿਹਾ ਹੈ, ਉਨ੍ਹਾਂ ਨੇ ਘਰਵਾਲਿਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਕਿ ਪੜ੍ਹਾਈ ਵਿਚ ਏਨਾ ਬਰਾਈਟ ਹੈ, ਖੇਡਾਂ ਵਿਚ ਚੰਗਾ ਹੈ, ਘਰ ਰਹਿਣ ਦਿਓ। ਘਰਵਾਲਿਆਂ ਨੇ ਕਿਹਾ ਕਿ ਘਰੇਲੂ ਮਾਮਲਾ ਹੈ, ਤੁਸੀਂ ਇਹਦੇ ਵਿਚ ਨਾ ਪਓ। ਫੇਰ ਮਾਸਟਰ ਜੀ ਨੇ ਬਹੁਤ ਹਿੰਮਤ ਦਿੱਤੀ। ਉਨ੍ਹਾਂ ਨੇ ਕਿਹਾ ਕਿ ਮੈਂ ਤੈਨੂੰ ਪੰਜਵੀਂ ਦੀਆਂ ਟਿਊਸ਼ਨਾਂ ਦਿਵਾ ਦਿੰਦਾ ਹਾਂ। ਤੂੰ ਟਿਊਸ਼ਨ ਪੜ੍ਹਾ ਤੇ ਸਕੂਲ ਆ। ਤਾਂ ਮੈਂ ਇਕ ਕਮਰਾ ਕਿਰਾਏ 'ਤੇ ਲਿਆ ਤੇ ਕੁਝ ਟਿਊਸ਼ਨਾਂ ਪੜ੍ਹਾਉਣ ਲੱਗਾ। ਖ਼ੁਦ ਖਾਣਾ ਬਣਾਉਣਾ, ਕੱਪੜੇ ਧੋਣਾ, ਪੜ੍ਹਾਉਣ ਜਾਣਾ, ਫੇਰ ਖੇਡਣ ਵੀ ਜਾਣਾ। ਇਕ ਸਾਈਕਲ ਵੀ ਦਿਵਾ ਦਿੱਤਾ ਪ੍ਰਿੰਸੀਪਲ ਨੇ। ਕੁਲ ਮਿਲਾ ਕੇ ਅਡਵੈਂਚਰ ਵਾਂਗ ਸੀ ਸਭ..ਤੇ ਦੋਸਤ ਬਹੁਤ ਸਨ। ਬਹੁਤ ਪਿਆਰ ਕਰਦੇ ਸੀ। ਹਮਦਰਦੀ ਵੀ ਸੀ ਉਨ੍ਹਾਂ ਨੂੰ ਕਿ ਵਿਚਾਰਾ ਇਕੱਲਾ ਰਹਿੰਦਾ ਹੈ। ਕਿਸਾਨਾਂ ਦੇ ਬੱਚੇ ਵੀ ਦੋਸਤ ਸਨ। ਸਬਜ਼ੀ ਤਾਂ ਕਦੇ ਖਰੀਦੀ ਹੀ ਨਹੀਂ ਸੀ ਮੈਂ। ਕਦੀ ਕੋਈ ਕਿਸਾਨ ਦਾ ਬੱਚਾ ਇਕ ਘੀਆ ਲੈ ਆਉਂਦਾ ਤਿੰਨ ਦਿਨ ਚੱਲਦਾ। ਕਦੇ ਕੋਈ ਗੋਭੀ, ਕੋਈ ਆਲੂ ਲੈ ਆਂਦਾ। ਬੱਸ, ਇਸ ਤਰ੍ਹਾਂ ਮੈਂ ਮੈਟ੍ਰਿਕ ਕਰ ਲਈ। ਫਿਰ ਕਾਲਜ ਦਾਖ਼ਲਾ ਲਿਆ। ਪਹਿਲੇ ਛੇ ਮਹੀਨੇ ਉਦੋਂ ਵੀ ਟਿਊਸ਼ਨ ਪੜ੍ਹਾਉਂਦਾ ☬ਰਹਾ। ਫਿਰ ਮੈਂ ਸ਼ਹਿਰ ਆ ਗਿਆ। ਕਾਲਜ ਸ਼ਹਿਰ ਵਿਚ ਸੀ। ਫਿਰ ਉਥੇ ਵਕੀਲ ਕੋਲ ਮੁਨਸ਼ੀ ਰਿਹਾ। ਕਾਲਜ ਵਿਚ ਨਾਟਕ ਵੀ ਕਰਦਾ ਸੀ। ਨਾਟਕ ਲਈ ਚੰਡੀਗੜ੍ਹ ਜਾਣਾ ਸੀ। ਵਕੀਲ ਨੇ ਛੁੱਟੀ ਨਾ ਦਿੱਤੀ ਤਾਂ ਛੱਡ ਦਿੱਤੀ ਨੌਕਰੀ। ਕਿਹਾ ਰੱਖੋ ਆਪਣੀ ਨੌਕਰੀ, ਹਿਸਾਬ ਕਰ ਦਿਓ। ਉਸ ਨੇ ਜੋ ਵੀ ਚਾਲੀ-ਪੈਂਤੀ ਰੁਪਏ ਬਣਦੇ ਸਨ, ਦੇ ਕੇ ਕਿਹਾ, ਚੱਲ ਭੱਜ। ਸ਼ੋਅ ਹੋਇਆ। ਫਿਰ ਮੁੰਡਿਆਂ ਨੂੰ ਪਤਾ ਲੱਗਾ ਕਿ ਨੌਕਰੀ ਛੱਡ ਦਿੱਤੀ ਸ਼ੋਅ ਲਈ। ਉਨ੍ਹਾਂ ਨੇ ਪ੍ਰੋਫੈਸਰ ਨੂੰ ਕਿਹਾ ਕਿ ਇਸ ਨੂੰ ਕਾਲਜ ਵਿਚ ਕੋਈ ਨੌਕਰੀ ਦੇ ਦਿਓ। ਪ੍ਰਿੰਸੀਪਲ ਨੇ ਕਿਹਾ ਕਿ ਕਾਲਜ ਵਿਚ ਤਾਂ ਕੋਈ ਨੌਕਰੀ ਹੈ ਨਹੀਂ, ਲੈਬ ਅਸਿਸਟੈਂਟ ਦੀ ਜਗ੍ਹਾ ਖਾਲੀ ਹੈ ਪਰ ਇਹ ਤਾਂ ਆਰਟਸ ਦਾ ਸਟੂਡੈਂਟ ਹੈ, ਇਸ ਨੂੰ ਐਸਿਡ ਬਾਰੇ ਕੀ ਪਤਾ..ਕਿਵੇਂ ਕਰੇਗਾ..। ਮੇਰੇ ਦੋਸਤਾਂ ਕਿਹਾ ਕਿ ਹੌਲੀ ਹੌਲੀ ਸਿੱਖ ਜਾਏਗਾ। ਫੇਰ ਮੁੰਡੇ ਕਹਿੰਦੇ-ਯਾਰ ਉਹ ਨੀਲੀ ਵਾਲੀ ਬੋਤਲ ਦੇ, ਉਹ ਪੀਲੀ ਵਾਲੀ..ਹੌਲੀ ਹੌਲੀ ਸਮਝ ਵਿਚ ਆਉਣ ਲੱਗਾ। ਪ੍ਰਾਈਵੇਟ ਕਾਲਜ ਸੀ। ਇਕ ਸੌ ਪੱਚੀ ਰੁਪਏ ਦੀ ਨੌਕਰੀ ਸੀ। ਵਕੀਲ ਕੋਲ ਅੱਸੀ ਰੁਪਏ ਮਿਲਦੇ ਸੀ। ਅੱਸੀ ਤੋਂ ਇਕ ਸੌ ਪੱਚੀ ਰੁਪਏ ਮਿਲਣ ਲੱਗੇ।

? ਇਹ ਕਿਹੜਾ ਕਾਲਜ ਸੀ ਤੇ ਕਿਸ ਸ਼ਹਿਰ ਵਿਚ?

ਓਮਪੁਰੀ-ਖਾਲਸਾ ਕਾਲਜ ਪਟਿਆਲਾ। ਸੰਤ ਸਿੰਘ ਸੇਖੋਂ ਪ੍ਰਿੰਸੀਪਲ ਸਨ। ਯੂਥ ਫੈਸਟੀਵਲ ਸੀ ਯੂਨੀਵਰਸਿਟੀ ਦਾ। ਉਸ ਵਿਚ ਮੈਨੂੰ ਬੈਸਟ ਕਰੈਕਟਰ ਐਕਟਰ ਦਾ ਐਵਾਰਡ ਮਿਲਿਆ ਸੀ। ਹਰਪਾਲ ਟਿਵਾਣਾ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਸਨ। ਉਹ ਜੱਜ ਸੀ ਤੇ ਉਨ੍ਹਾਂ ਦਾ ਪਟਿਆਲਾ ਵਿਚ ਹੀ ਆਪਣਾ ਥੀਏਟਰ ਗਰੁੱਪ ਸੀ 'ਪੰਜਾਬ ਕਲਾ ਮੰਚ'। ਉਨ੍ਹਾਂ ਨੇ ਸੱਦਿਆ ਤੇ ਕਿਹਾ ਸ਼ਾਮ ਨੂੰ ਆ ਜਾਇਆ ਕਰੋ ਥੀਏਟਰ ਵਿਚ। ਹੁਣ ਤੈਨੂੰ ਇਕ ਸੌ ਪੱਚੀ ਮਿਲਦੇ ਹਨ, ਮੈਂ ਡੇਢ ਸੋ ਦੇਵਾਂਗਾ। ਮੈਂ ਕਿਹਾ ਠੀਕ ਹੈ। ਚੰਗਾ ਹੈ। ਪੱਚੀ ਰੁਪਏ ਜ਼ਿਆਦਾ ਵੀ ਮਿਲਣਗੇ ਤੇ ਮਨਚਾਹਿਆ ਕੰਮ ਵੀ। ਮੈਂ ਉਥੇ ਜਾਣ ਲੱਗਾ। ਉਥੇ ਸਿਰਫ਼ ਮੈਨੂੰ ਹੀ ਸੈਲਰੀ ਮਿਲਦੀ ਸੀ, ਬਾਕੀ ਕੋਈ ਬੈਂਕ ਵਿਚ ਸੀ, ਕੋਈ ਇਲੈਕਟ੍ਰੀਸਿਟੀ ਬੋਰਡ ਵਿਚ। ਥੀਏਟਰ ਕੋਲ ਏਨਾ ਪੈਸਾ ਨਹੀਂ ਸੀ ਕਿ ਉਹ ਸਾਰਿਆਂ ਨੂੰ ਸੈਲਰੀ ਦੇ ਸਕੇ। ਸਿਰਫ਼ ਮੈਂ ਹੀ ਸੀ ਜਿਹਨੂੰ ਪੈਸੇ ਮਿਲਦੇ ਸੀ। ਮੈਂ ਹਰ ਕੰਮ ਕਰਦਾ ਸੀ। ਬੈਕ ਸਟੇਜ ਦਾ ਸਾਰਾ ਕੰਮ। ਸੜਕਾਂ 'ਤੇ ਜਾ ਕੇ ਪੋਸਟਰ ਚਿਪਕਾਉਣਾ। ਦੁਪਹਿਰ ਵੇਲੇ ਟਿਕਟਾਂ ਵੇਚਣ ਦੀ ਕੋਸ਼ਿਸ਼ ਕਰਦਾ। ਕਈ ਵਾਰ ਘਰ ਦਾ ਕੰਮ ਵੀ ਕਰਦਾ, ਜਿਵੇਂ ਸਬਜ਼ੀ ਲਿਆਉਣਾ, ਬੱਚਿਆਂ ਨੂੰ ਖਿਡਾਉਣਾ, ਅੰਡੇ ਲਿਆਉਣਾ, ਥੀਏਟਰ ਦਾ ਹਰ ਕੰਮ ਕਰਨਾ ਤੇ ਜਿਸ ਦਿਨ ਸ਼ੋਅ ਹੁੰਦਾ ਸੀ, ਉਸ ਦਿਨ ਬੜੇ ਸ਼ੌਕ ਨਾਲ ਬਾਥਰੂਮ ਵਗੈਰਾ ਇਕਦਮ ਚਮਕਾ ਦਿੰਦਾ ਸੀ। ਫੇਰ ਟਿਵਾਣਾ ਹੋਰਾਂ ਦੀ ਸਲਾਹ ਨਾਲ ਹੀ ਨੈਸ਼ਨਲ ਸਕੂਲ ਆਫ਼ ਡਰਾਮਾ ਗਿਆ। ਉਦੋਂ ਅੰਗਰੇਜ਼ੀ ਕਮਜ਼ੋਰ ਸੀ ਪਰ ਅਲਕਾਜ਼ੀ ਸਾਹਿਬ ਨੇ ਐਡਮਿਸ਼ਨ ਕਰ ਲਿਆ।

ਨੈਸ਼ਨਲ ਸਕੂਲ ਆਫ਼ ਡਰਾਮਾ ਵਿਚ ਜਿਸ ਤਰ੍ਹਾਂ ਸਾਡੀ ਪੜ੍ਹਾਈ ਹੋਈ, ਸਾਨੂੰ ਸਿਖਾਇਆ ਗਿਆ ਕਿ ਇਹ ਇਕ ਕਮਿਊਨੀਕੇਸ਼ਨ ਦਾ ਜ਼ਰੀਆ ਹੈ। ਜਨਤਾ ਨੂੰ ਤੁਸੀਂ ਥੀਏਟਰ ਰਾਹੀਂ ਜਾਗਰੂਕ ਕਰ ਸਕੋ। ਅਜਿਹੇ ਨਾਟਕ ਕਰੋ ਜੋ ਸਮਾਜਕ ਸਚਾਈ ਨਾਲ ਜੁੜੇ ਹੋਏ ਹੋਣ ਤੇ ਜੋ ਸਮਾਜਕ ਪ੍ਰੇਸ਼ਾਨੀਆਂ ਹਨ, ਮੁਸ਼ਕਲਾਂ ਹਨ, ਖਾਮੀਆਂ ਹਨ, ਥੀਏਟਰ ਰਾਹੀਂ ਉਨ੍ਹਾਂ ਦਾ ਵਿਸ਼ਲੇਸ਼ਣ ਕਰੋ ਤੇ ਉਨ੍ਹਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੋ। ਜੋ ਸਾਡੇ ਸਮਾਜ ਨੂੰ ਚਲਾਉਂਦੇ ਹਨ, ਜਾਂ ਜੋ ਤੁਹਾਡਾ ਅਸਟੈਬਲਿਸ਼ਮੈਂਟ ਹੈ, ਉਨ੍ਹਾਂ ਦੀ ਇਸ ਵਿਚ ਮਦਦ ਹੋ ਸਕੇ ਤੇ ਜਨਤਾ ਨੂੰ ਜਾਗਰੂਕ ਕਰ ਸਕੇ। ਸੋ, ਇਸ ਅਹਿਸਾਸ ਨਾਲ ਮੈਂ ਸਿਨੇਮਾ ਵਿਚ ਦਾਖ਼ਲ ਹੋਇਆ। ਜਦੋਂ ਮੈਂ 1974 ਵਿਚ ਐਨ.ਐਸ.ਡੀ. ਪਾਸ ਕੀਤਾ ਤਾਂ ਉਸ ਸਮੇਂ (ਹਾਲਾਂਕਿ ਅੱਜ ਤਾਂ ਸਥਿਤੀ ਬਹੁਤ ਬੇਹਤਰ ਹੈ) ਇਹ ਸੰਭਵ ਨਹੀਂ ਸੀ ਕਿ ਤੁਸੀਂ ਥੀਏਟਰ ਕਰ ਕੇ ਕੋਈ ਬੇਹਤਰੀਨ ਜ਼ਿੰਦਗੀ ਗੁਜ਼ਾਰ ਸਕਦੇ ਹੋ। ਖ਼ੈਰ ਅੱਜ ਵੀ ਹਾਲਾਤ ਕੋਈ ਬਹੁਤ ਬੇਹਤਰ ਨਹੀਂ ਹਨ। ਬੰਗਾਲੀ, ਮਰਾਠੀ, ਗੁਜਰਾਤੀ ਆਦਿ ਨੂੰ ਛੱਡ ਕੇ ਭਾਰਤ ਦੀ ਕਿਸੇ ਵੀ ਦੂਸਰੀ ਭਾਸ਼ਾ ਵਿਚ ਥੀਏਟਰ ਏਨਾ ਕਾਮਯਾਬ ਨਹੀਂ ਰਿਹਾ। ਮਰਾਠੀ ਤੇ ਬੰਗਾਲੀ ਥੀਏਟਰ ਵਿਚ ਕੰਮ ਕਰ ਕੇ ਸਿਰਫ਼ ਤੁਸੀਂ ਆਮ ਜ਼ਿੰਦਗੀ ਗੁਜ਼ਾਰ ਸਕਦੇ ਹੋ। ਇਹ ਸ਼ੁਰੂ ਤੋਂ ਹੀ ਇਸ ਤਰ੍ਹਾਂ ਰਿਹਾ ਹੈ। ਜਦੋਂ ਕਿ ਹਿੰਦੀ ਦੇ ਸਾਰੇ ਵੱਡੇ ਰੰਗਕਰਮੀ ਆਪਣੀ ਜ਼ਿੰਦਗੀ ਦੀ ਗੱਡੀ ਦੂਸਰੇ ਕੰਮ-ਧੰਦਿਆਂ ਰਾਹੀਂ ਹੀ ਰੋੜ੍ਹਦੇ ਹਨ। ਸ਼ਿਆਮਨੰਦ ਜਾਲਾਨ ਵਕੀਲ ਸਨ, ਰਜਿੰਦਰ ਨਾਥ ਪ੍ਰੋਫੈਸਰ ਸਨ, ਓਮ ਸ਼ਿਵਪੁਰੀ ਮਾਡਰਨ ਸਕੂਲ ਵਿਚ ਪੜ੍ਹਾਉਂਦੇ ਸਨ, ਮੁੰਬਈ ਵਿਚ ਸਿਰਫ਼ ਸਤਯਦੇਵ ਦੂਬੇ ਹੀ ਸਨ ਜੋ ਥੀਏਟਰ ਕਰਦੇ ਸਨ ਪਰ ਉਹ ਇਕ ਤਰ੍ਹਾਂ ਨਾਲ ਫਕੀਰ ਆਦਮੀ ਸਨ। ਸਾਰਿਆਂ ਲਈ ਅਜਿਹਾ ਜੀਵਨ ਜਿਉਣਾ ਸੰਭਵ ਨਹੀਂ ਹੈ। ਬੱਸ, ਇਹ ਸੀ ਥੀਏਟਰ ਦੀ ਹਾਲਤ। ਫੇਰ ਧਿਆਨ ਗਿਆ ਸਿਨੇਮਾ ਵੱਲ ਕਿਉਂਕਿ ਉਸ ਵਕਤ ਇਕ ਨਵਾਂ ਸਿਨੇਮਾ ਉਭਰ ਰਿਹਾ ਸੀ। ਸ਼ਿਆਮ ਬੈਨੇਗਲ ਦੀ 'ਅੰਕੁਰ' ਨੇ ਬਹੁਤ ਪ੍ਰਭਾਵਤ ਕੀਤਾ ਸੀ। ਉਸ ਵਕਤ ਫਿਲਮ ਫਾਈਨੈਂਸ ਕਾਰਪੋਰੇਸ਼ਨ ਹੁੰਦਾ ਸੀ। ਉਸ ਦੇ ਸਹਿਯੋਗ ਨਾਲ ਹੀ ਇਥੇ ਫ਼ਿਲਮ ਫੈਸਟੀਵਲ ਹੋਇਆ ਸੀ। ਐਨ.ਐਫ.ਡੀ.ਸੀ. ਤਾਂ ਮਗਰੋਂ ਬਣਿਆ। ਉਸ ਵਿਚ 'ਅਨੁਭਵ', 'ਸਾਰਾ ਆਕਾਸ਼', 'ਉਸ ਦੀ ਰੋਟੀ' ਫ਼ਿਲਮਾਂ ਦੇਖ ਕੇ ਲੱਗਾ ਕਿ ਇਹ ਸਿਨੇਮਾ ਹੈ। ਜੋ ਸੋਚ ਸਾਨੂੰ ਥੀਏਟਰ ਵਿਚੋਂ ਮਿਲੀ ਹੈ, ਉਸ ਨਾਲ ਮੇਲ ਖਾਂਦਾ ਹੈ। ਇਸ ਤਰ੍ਹਾਂ ਦਾ ਸਿਨੇਮਾ ਮੈਂ ਕਰਨਾ ਚਾਹਾਂਗਾ ਤੇ ਇਸ ਨਾਲ ਪੈਸੇ ਦੀ ਵੀ ਸਥਿਤੀ ਬੇਹਤਰ ਹੋਵੇਗੀ। ਪਰ ਮੁੰਬਈ ਵਿਚ ਮੇਰੀ ਕੋਈ ਪਛਾਣ ਨਹੀਂ ਸੀ। ਐਨ.ਐਸ.ਡੀ. ਨੂੰ ਕੋਈ ਜਾਣਦਾ ਨਹੀਂ ਸੀ ਤਾਂ ਮੈਂ ਫ਼ਿਲਮ ਇੰਸਟੀਚਿਊਟ ਦਾ ਸਹਾਰਾ ਲਿਆ। ਫ਼ਿਲਮ ਇੰਸਟੀਚਿਊਟ ਮੈਂ ਐਕਟਿੰਗ ਸਿੱਖਣ ਨਹੀਂ ਸੀ ਗਿਆ। ਐਕਟਰ ਤਾਂ ਮੈਂ ਬਣ ਚੁੱਕਾ ਸੀ, ਐਨ.ਐਸ.ਡੀ. ਤੋਂ ਮੈਨੂੰ ਬਹੁਤ ਟਰੇਨਿੰਗ ਮਿਲੀ ਸੀ, ਹੁਣ ਤਾਂ ਮੈਂ ਕੰਮ ਕਰਨ ਲਈ ਬਿਲਕੁਲ ਤਿਆਰ ਸੀ ਪਰ ਪਛਾਣ ਲਈ ਮੈਂ ਫ਼ਿਲਮ ਇੰਸਟੀਚਿਊਟ ਦਾ ਸਹਾਰਾ ਲਿਆ ਕਿਉਂਕਿ ਉਸ ਸਮੇਂ ਫ਼ਿਲਮ ਇੰਸਟੀਚਿਊਟ ਦੇ ਲੋਕਾਂ ਨੂੰ ਕੰਮ ਮਿਲ ਰਿਹਾ ਸੀ। ਖ਼ੈਰ ਮੈਂ ਫ਼ਿਲਮ ਇੰਸਟੀਚਿਊਟ ਚਲਾ ਗਿਆ। ਬੰਬਈ ਜਾ ਕੇ ਸੋਚਾਂ ਕਿ ਇਥੇ ਕੀ ਕਰਾਂ, ਕਿਥੋਂ ਸ਼ੁਰੂ ਕਰਾਂ, ਸ਼ਕਲ ਵੀ ਮੇਰੀ ਅਜਿਹੀ ਨਹੀਂ ਸੀ ਕਿ ਹਿੰਦੀ ਫ਼ਿਲਮਾਂ ਨਾਲ ਮੇਚ ਹੁੰਦੀ। ਮਾੜਚੂ ਜਿਹਾ ਸਰੀਰ, ਪਿਚਕਿਆ ਮੂੰਹ ਤੇ ਉਪਰੋਂ ਚੇਚਕ ਦੇ ਦਾਗ਼। ਆਰਟ ਫ਼ਿਲਮਾਂ ਵੀ ਤਾਂ ਬਹੁਤੀਆਂ ਨਹੀਂ ਸਨ ਬਣ ਰਹੀਆਂ। ਸੋਚਿਆ ਸਭ ਤੋਂ ਪਹਿਲਾਂ ਕੋਈ ਨੌਕਰੀ ਲੱਭੀ ਜਾਵੇ ਕਿਉਂਕਿ ਮੇਰੀ ਬੈਕਗਰਾਉਂਡ ਹੀ ਅਜਿਹੀ ਸੀ-ਨਾ ਕੋਈ ਪ੍ਰਾਪਟੀ ਸੀ ਨਾ ਹੋਰ ਜੱਦੀ-ਜਾਇਦਾਦ। ਐਕਟਿੰਗ ਟਰੇਨਿੰਗ ਵੀ ਇਸ ਲਈ ਪੂਰੀ ਹੋ ਸਕੀ ਕਿਉਂਕਿ ਖੁਸ਼ਕਿਸਮਤੀ ਨਾਲ ਵਜ਼ੀਫ਼ਾ ਮਿਲਦਾ ਰਿਹਾ ਸੀ। ਉਦੋਂ ਫ਼ਿਲਮ ਇੰਸਟੀਚਿਊਟ ਦੇ ਐਕਟਿੰਗ ਹੈੱਡ ਰਹੇ ਰੌਸ਼ਨ ਤਨੇਜਾ ਨੇ ਉਥੋਂ ਛੱਡ ਕੇ ਆਪਣਾ ਵੱਖਰਾ ਇੰਸਟੀਚਿਊਟ ਖੋਲ੍ਹ ਲਿਆ-'ਐਕਟਰ ਸਟੂਡੀਓ'। ਮੈਨੂੰ ਇਥੇ ਨੌਕਰੀ ਮਿਲ ਗਈ। ਇਸੇ ਇੰਸਟੀਚਿਊਟ ਵਿਚ ਅਨਿਲ ਕਪੂਰ, ਮਦਨ ਜੈਨ, ਸੁਰਿੰਦਰ, ਮਜ਼ਹਰ ਖਾਨ ਪਹਿਲੇ ਬੈਚ ਦੇ ਵਿਦਿਆਰਥੀ ਸਨ। ਮੈਨੂੰ ਇਥੋਂ ਅੱਠ ਸੌ ਰੁਪਏ ਮਿਲ ਜਾਂਦੇ ਸੀ। ਇਹ 1976 ਵੇਲਿਆਂ ਦੀ ਗੱਲ ਹੈ। ਏਨੇ ਵਿਚ ਮੇਰਾ ਗੁਜ਼ਾਰਾ ਹੋ ਜਾਂਦਾ ਸੀ। ਫਿਰ ਮੈਂ ਮਜਮਾ ਨਾਂਅ ਦਾ ਥੀਏਟਰ ਗਰੁੱਪ ਸ਼ੁਰੂ ਕੀਤਾ। ਉਸ ਵਕਤ ਬੰਬਈ ਵਿਚ ਦੋ ਹੀ ਸੰਸਥਾਵਾਂ ਸਨ-ਇਕ ਇਪਟਾ ਤੇ ਦੂਸਰੀ ਸਤਯਦੇਵ ਦੂਬੇ ਦੀ ਥਈਏਟਰ ਯੂਨਿਟ। ਤਾਂ ਮੈਂ ਸੋਚਿਆ ਕਿ ਯਾਰ ਥੀਏਟਰ ਤਾਂ ਸਤਾਰਾਂ ਸਾਲਾਂ ਦੀ ਉਮਰ ਤੋਂ ਏਨਾ ਕੀਤਾ ਹੈ, ਇਨ੍ਹਾਂ ਕੋਲ ਜਾਵਾਂਗਾ ਤਾਂ ਰੋਲ ਲੈਣ ਪਹਿਲਾਂ ਕਤਾਰ ਵਿਚ ਖੜ੍ਹਾ ਹੋਣਾ ਪਏਗਾ। ਇਸ ਲਈ ਆਪਣਾ ਹੀ ਕੰਮ ਸ਼ੁਰੂ ਕੀਤਾ। ਪਹਿਲਾ ਨਾਟਕ ਜੋ ਮੈਂ ਕੀਤਾ, ਉਹ ਮਰਾਠੀ ਨਾਟਕ ਦਾ ਹਿੰਦੀ ਅਨੁਵਾਦ ਸੀ 'ਉਦਦਵਸਤ ਧਰਮਸ਼ਾਲਾ'। ਨਾਟਕ ਬਹੁਤ ਚੰਗਾ ਰਿਹਾ। ਇਸ ਨਾਟਕ ਦੇ ਮੈਂ ਕਰੀਬ ਸੱਠ-ਪੈਂਹਟ ਸ਼ੋਅ ਕੀਤੇ। ਬੰਬਈ ਵਿਚ ਵੀ ਤੇ ਕੁਝ ਬਾਹਰ ਵੀ ਜਿਵੇਂ ਇੰਦੌਰ, ਕੋਲਕਾਤਾ, ਅਹਿਮਦਾਬਾਦ। ਤਾਂ ਮਜਮਾ ਨੇ ਮੈਨੂੰ ਕਾਫ਼ੀ ਰੁਝੇਵੇਂ ਵਿਚ ਰੱਖਿਆ। ਹੌਲੀ ਹੌਲੀ ਛੋਟੇ-ਮੋਟੇ ਰੋਲ ਜਿਵੇਂ ਸ਼ਿਆਮ ਬੈਨੇਗਲ ਦੀ ਫਿਲਮ ਵਿਚ ਪੰਜ ਮਿੰਟ ਦਾ ਰੋਲ ਸੀ। ਜਦੋਂ ਫ਼ਿਲਮ ਇੰਸਟੀਚਿਊਟ ਵਿਚ ਸੀ ਤਾਂ ਗਿਰੀਸ਼ ਕਰਨਾਡ ਨੇ ਬੱਚਿਆਂ ਦੀ ਇਕ ਫ਼ਿਲਮ ਵਿਚ ਰੋਲ ਦਿਲਵਾਇਆ ਸੀ। ਇਹ ਮੇਰੀ ਪਹਿਲੀ ਫ਼ਿਲਮ ਸੀ। ਫੇਰ ਗਿਰੀਸ਼ ਕਰਨਾਡ ਦੀ 'ਗੋਧੂਲੀ' ਵਿਚ ਕੰਮ ਕੀਤਾ। ਛੋਟੀਆਂ-ਛੋਟੀਆਂ ਫ਼ਿਲਮਾਂ ਕਰਦਾ ਰਿਹਾ। ਫੇਰ 1981 ਵਿਚ 'ਆਕਰੋਸ਼' ਨੇ ਮੇਰੀ ਪਛਾਣ ਬਣਾਈ। ਪੰਜ ਸਾਲ ਲੱਗੇ ਪਛਾਣ ਬਣਾਉਣ ਵਿਚ। ਪਰ ਇਹ ਪਛਾਣ ਵੀ ਸਿਰਫ਼ ਆਰਟ ਫਿਲਮ ਨਿਰਮਾਤਾਵਾਂ ਲਈ ਬਣੀ। ਸਤਯਜੀਤ ਰੇਅ ਲਈ, ਮ੍ਰਿਣਾਲ ਸੇਨ ਲਈ, ਸ਼ਿਆਮ ਬੈਨੇਗਲ ਤਾਂ ਖ਼ੈਰ ਜਾਣ ਚੁੱਕੇ ਸਨ ਪਰ ਉਨ੍ਹਾਂ ਨੇ ਵੀ 'ਆਕਰੋਸ਼' ਦੇਖਣ ਮਗਰੋਂ ਥੋੜ੍ਹਾ ਗੰਭੀਰਤਾ ਨਾਲ ਲਿਆ। ਗੋਵਿੰਦ ਦਾ ਬਹੁਤ ਵੱਡਾ ਯੋਗਦਾਨ ਰਿਹਾ। ਕਿਉਂਕਿ 'ਆਕਰੋਸ਼' ਉਨ੍ਹਾਂ ਦੀ ਹੀ ਸੀ। ਫੇਰ 1983 ਵਿਚ ਆਈ 'ਅਰਧ ਸਤਯ'। ਕਹਿ ਸਕਦਾ ਹਾਂ ਕਿ ਸੱਤ ਸਾਲ ਲੱਗੇ ਬੰਬਈ ਵਿਚ ਆਪਣੀ ਪਛਾਣ ਬਣਾਉਣ ਵਿਚ।

? ਸੌ ਸਾਲਾਂ ਦੇ ਹਿੰਦੁਸਤਾਨੀ ਸਿਨੇਮਾ ਨੂੰ ਅੱਜ ਤੁਸੀਂ ਕਿਥੇ ਖੜ੍ਹਾ ਦੇਖਦੇ ਹੋ?

ਓਮਪੁਰੀ-ਸਿਨੇਮਾ ਬੈਠਾ ਹੋਇਆ ਜ਼ਿਆਦਾ ਹੈ, ਕਿਉਂਕਿ ਸਭ ਨਾਲੋਂ ਜ਼ਿਆਦਾ ਇਹ ਕਾਇਦੇ ਨਾਲ ਖੜ੍ਹਾ ਹੋਇਆ ਪੰਜਾਹ ਤੇ ਸੱਠ ਦੇ ਦਹਾਕਿਆਂ ਵਿਚ। ਜਦੋਂ ਸਿਨੇਮਾ ਵਿਚ ਸਾਹਿਤ ਸੀ, ਕਵੀ ਸਨ, ਸੰਗੀਤਕਾਰ ਸਨ, ਥੀਏਟਰ ਦੇ ਲੋਕ ਸਨ। ਕਿਉਂਕਿ ਸਿਨੇਮਾ ਆਪਣੀ ਇਕ ਤਸਵੀਰ ਲੈ ਕੇ ਆਇਆ, ਬਾਕੀ ਜੋ ਉਸ ਦੇ ਡਿਵਾਈਸ ਜਾਂ ਐਲੀਮੈਂਟ ਹਨ, ਉਹ ਤਾਂ ਉਸ ਨੇ ਥੀਏਟਰ ਤੋਂ ਗ੍ਰਹਿਣ ਕੀਤੇ ਹਨ। ਮਿਊਜ਼ਕ ਪਹਿਲਾਂ ਤੋਂ ਹੀ ਮੌਜੂਦ ਸੀ। ਰਾਈਟਿੰਗ ਪਹਿਲਾਂ ਤੋਂ ਹੀ ਸੀ। ਡਾਇਲਾਗ, ਕਵਿਤਾ ਸਭ ਕੁਝ ਸੀ। ਫੇਰ ਸਿਨੇਮਾ ਦਾ ਆਪਣਾ ਕੀ ਹੈ? ਸਿਨੇਮਾ ਦਾ ਆਪਣਾ ਸਿਰਫ਼ ਉਹ ਸਾਇੰਟੀਫਿਕ ਡਿਵਾਈਸ ਹੈ ਜਿਸ ਰਾਹੀਂ ਅਸੀਂ ਬਹੁਤ ਸਾਰੇ ਦਰਸ਼ਕਾਂ ਤਕ ਪਹੁੰਚ ਸਕਦੇ ਹਾਂ। ਥੀਏਟਰ ਵਿਚ ਮੌਜੂਦ ਸਾਰੇ ਐਲੀਮੈਂਟਸ ਹੀ ਉਸ ਨੇ ਲਏ। ਜਿਵੇਂ ਅਸੀਂ ਕਹੀਏ ਕਿ ਸੰਸਕ੍ਰਿਤ ਸਾਰੀਆਂ ਭਾਸ਼ਾਵਾਂ ਦੀ ਜਨਨੀ ਹੈ, ਸਾਰੀਆਂ ਭਾਸ਼ਾਵਾਂ ਇਸ ਵਿਚੋਂ ਨਿਕਲੀਆਂ ਹਨ, ਉਪਜੀਆਂ ਹਨ, ਉਵੇਂ ਹੀ ਥੀਏਟਰ ਮਾਂ ਵਾਂਗ ਹੋ ਗਿਆ। ਉਸ ਦੇ ਬੱਚਾ ਹੋਇਆ, ਜ਼ਹੀਨ ਹੋ ਗਿਆ। ਉਸ ਨੇ ਕੰਪਿਊਟਰ ਸਿੱਖ ਲਿਆ। ਵੱਡਾ ਕੰਮ ਕਰਨ ਲੱਗਾ। ਉਦੋਂ ਕਵਿਤਾ ਤੇ ਸੰਗੀਤ ਸ਼ਾਮਲ ਸਨ। ਤੁਸੀਂ ਦੇਖੋ, ਉਦੋਂ ਜਿਹੜੇ ਲੋਕ ਸਿਨੇਮਾ ਵਿਚ ਆਏ, ਉਹ ਥੀਏਟਰ ਦੇ ਪਿਛੋਕੜ ਤੋਂ ਆਏ। ਇਸ ਲਈ ਉਸ ਵਕਤ ਸਾਹਿਤਕਾਰ, ਸੰਗੀਤਕਾਰ, ਕਵੀ ਜਿਵੇਂ ਕਿ ਮਜਰੂਹ ਸੁਲਤਾਨਪੁਰੀ, ਕੈਫ਼ੀ ਆਜ਼ਮੀ, ਨੀਰਜ... ਸਿਨੇਮਾ ਵਿਚ ਸਨ। ਅੱਜ ਇਨ੍ਹਾਂ ਵਿਚੋਂ ਕੋਈ ਨਹੀਂ ਹੈ। ਗਾਣਿਆਂ ਵਿਚ ਕਵਿਤਾ ਕਿਤੇ ਦਿਖਾਈ ਨਹੀਂ ਦਿੰਦੀ। ਫ਼ਿਲਮਾਂ ਵਿਚ ਸਾਹਿਤ ਕਿਤੇ ਨਹੀਂ ਹੈ। ਸੰਗੀਤ ਦੇ ਨਾਂਅ 'ਤੇ ਸ਼ੋਰ ਹੈ। ਅਸੀਂ ਪੱਛਮ ਤੋਂ ਏਨਾ ਪ੍ਰਭਾਵਤ ਹਾਂ ਕਿ ਪੁੱਛੋ ਨਾ। ਉਦੋਂ ਕਲਾਸਿਕਲ ਦੀ ਵਰਤੋਂ ਹੁੰਦੀ ਸੀ। ਸੈਮੀ ਕਲਾਸੀਕਲ ਗਾਣੇ ਬਣਦੇ ਸਨ ਪਰ ਹੁਣ ਸਿਨੇਮਾ ਇਕੋ ਪੱਧਰ 'ਤੇ ਉਪਰ ਗਿਆ ਹੈ, ਉਹ ਹੈ ਟੈਕਨੀਕਲ ਪੱਧਰ। ਜਿਸ ਤਰ੍ਹਾਂ ਦੀ ਤਕਨੀਕ ਪਹਿਲਾਂ ਇਸਤੇਮਾਲ ਹੁੰਦੀ ਸੀ, ਹੁਣ ਉਸ ਤੋਂ ਬਹੁਤ ਉਨਤ ਹੈ ਤੇ ਉਸ ਸਮੇਂ ਕੋਸ਼ਿਸ਼ ਹੁੰਦੀ ਸੀ ਕਿ ਉਹ ਆਰਟ ਫਾਰਮ ਰਹੇ, ਕਲਾ ਰਹੇ। ਟਿਕਟ ਲਈ ਕਿੰਨੀ ਮਾਰਾਮਾਰੀ ਹੁੰਦੀ ਸੀ। ਜਦੋਂ ਅਸੀਂ ਸਿਨੇਮਾ ਦੇਖਣ ਜਾਂਦੇ ਸਨ, ਤਾਂ ਲੋਕ ਦੋ-ਦੋ ਘੰਟੇ ਲਾਈਨ ਵਿਚ ਲੱਗੇ ਰਹਿੰਦੇ ਸਨ। ਸੱਤਰਵੇਂ ਦਹਾਕੇ ਵਿਚ ਫ਼ਿਲਮ ਪੱਚੀ ਹਫ਼ਤੇ ਚਲਦੀ ਸੀ। ਉਦੋਂ ਉਸ ਨੂੰ ਸਿਲਵਰ ਜੁਬਲੀ ਕਿਹਾ ਜਾਂਦਾ ਸੀ ਪਰ ਹੁਣ 25 ਦਿਨਾਂ ਵਿਚ ਸਿਲਵਰ ਜੁਬਰੀ ਐਲਾਨ ਦਿੰਦੇ ਹਨ। ਕੋਈ ਵੀ ਚੀਜ਼ ਜਦੋਂ ਸਫਲ ਹੋ ਜਾਂਦੀ ਹੈ ਤਾਂ ਉਸ ਵਿਚ ਵਪਾਰੀ ਆ ਵੜਦਾ ਹੈ। ਤੇ ਇਹ ਜ਼ਰੂਰੀ ਨਹੀਂ ਕਿ ਵਪਾਰੀ ਕੋਲ ਆਪਣਾ ਦਿਮਾਗ ਹੋਵੇ। ਜਦੋਂ ਸਿਨੇਮਾ ਸਫਲ ਹੋਇਆ ਤਾਂ ਇਸ ਵਿਚ ਵੀ ਵਪਾਰੀ ਦਾਖ਼ਲ ਹੋ ਗਏ, ਬਿਨਾਂ ਕਿਸੇ ਸਾਹਿਤ ਪਿਛੋਕੜ ਤੋਂ। ਉਹ ਆਪਣਾ ਦਿਮਾਗ ਲਾਉਣ ਲੱਗੇ, ਆਪਣੇ ਵਿਚਾਰ

ਥੋਪਣ ਲੱਗੇ ਕਿਉਂਕਿ ਪੈਸਾ ਬੋਲਦਾ ਹੈ..ਪੰਜ ਦਾ ਦਸ ਬਣਾਉਣਾ ਇਹੀ ਵਪਾਰ ਹੈ। ਇਥੋਂ ਹੀ ਸਿਨੇਮੇ ਦਾ ਪਤਨ ਸ਼ੁਰੂ ਹੁੰਦਾ ਹੈ। ਤੁਸੀਂ ਦਿਖਾ ਕੀ ਰਹੇ ਹੋ, ਐਂਗਰੀ ਯੰਗ ਮੈਨ ਬੁਰਾ ਕਰੈਕਟਰ ਹੈ, ਇਕ ਹੀਰੋ ਹੈ, ਉਹ ਸਾਰੀ ਬੁਰਾਈ ਖ਼ਤਮ ਕਰ ਦਿੰਦਾ ਹੈ। ਤੁਸੀਂ ਕੁਝ ਨਹੀਂ ਕਰਨਾ, ਜੋ ਕਰੇਗਾ ਸਾਡਾ ਹੀਰੋ ਕਰੇਗਾ। ਦੋ ਘੰਟੇ ਫ਼ਿਲਮ ਦੇਖੋ ਤੇ ਘਰ ਜਾ ਕੇ ਸੌਂ ਜਾਓ। ਸਭ ਠੀਕ ਹੈ। ਸਮਾਜ ਠੀਕ ਹੈ। ਬੁਰਾਈ ਦਾ ਖ਼ਾਤਮਾ ਕੀਤਾ ਜਾ ਰਿਹਾ ਹੈ। ਸੱਚ ਦੀ ਜਿੱਤ ਹੋ ਰਹੀ ਹੈ। ਸਾਡੇ ਹੀਰੋ ਨੇ ਸਭ ਠੀਕ ਕਰ ਦਿੱਤਾ ਹੈ। ਫ਼ਿਲਮ ਵਿਚ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਈ ਕੋਸ਼ਿਸ਼ ਹੀ ਨਹੀਂ ਹੈ। ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਹੀ ਨਹੀਂ ਜਾ ਰਿਹਾ ਹੈ ਕਿ ਤੁਹਾਨੂੰ ਸਮਝਣਾ ਪਏਗਾ, ਸੋਚਣਾ ਪਏਗਾ, ਫੇਰ ਹੀ ਸਭ ਠੀਕ ਹੋਵੇਗਾ। ਜ਼ਰੂਰੀ ਨਹੀਂ ਕਿ ਹਰ ਵਾਰ ਤੁਹਾਡੇ ਕੋਲ ਸਮੱਸਿਆ ਦਾ ਹੱਲ ਹੋਵੇ ਤੇ ਤੁਸੀਂ ਹੱਲ ਪੇਸ਼ ਕਰੋ ਪਰ ਕਲਾਕਾਰ ਦਾ ਕੰਮ ਹੈ ਸਵਾਲ ਉਠਾਉਣਾ, ਸਹੀ ਢੰਗ ਨਾਲ ਸਵਾਲ ਉਠਾਉਣਾ, ਫੇਰ ਜਵਾਬ ਕਿਤੋਂ ਨਾ ਕਿਤੋਂ ਤਾਂ ਮਿਲੇਗਾ।

? ਕੀ ਕਾਰਨ ਹੈ ਕਿ ਅੱਜ ਦਿਨ ਤਕਨੀਕ ਵਿਚ ਵਿਕਾਸ ਦਿਖਾਈ ਦੇ ਰਿਹਾ ਹੈ ਪਰ ਜੋ ਵੱਡੇ ਡਾਇਰੈਕਟਰ ਵੀ ਹਨ, ਉਹ ਵੀ ਸਕ੍ਰਿਪਟ ਦੇ ਮਾਮਲੇ ਵਿਚ ਦਿਸ਼ਾ ਤੋਂ ਭਟਕ ਜਾਂਦੇ ਹਨ। ਛੋਟੀਆਂ-ਛੋਟੀਆਂ ਗ਼ਲਤੀਆਂ ਦਿਖਾਈ ਦਿੰਦੀਆਂ ਹਨ। ਲਗਦਾ ਹੈ ਰਿਸਰਚ ਨਹੀਂ ਕਰਦੇ। ਵਿਦੇਸ਼ਾਂ ਵਿਚ ਵੀ ਖ਼ਰਾਬ ਫ਼ਿਲਮਾਂ ਬਣਦੀਆਂ ਹਨ ਪਰ ਉਨ੍ਹਾਂ ਦੀਆਂ ਜਿਹੜੀਆਂ ਚੰਗੀਆਂ ਫ਼ਿਲਮਾਂ ਬਣਦੀਆਂ ਹਨ, ਉਨ੍ਹਾਂ ਦੇ ਮੁਕਾਬਲੇ ਅਸੀਂ ਕਿਤੇ ਖੜੇ ਨਜ਼ਰ ਨਹੀਂ ਆਉਂਦੇ?

ਓਮਪੁਰੀ-ਪਹਿਲਾਂ ਸਾਡੇ ਕੋਲ ਤਕਨੀਕੀ ਮੁਹਾਰਤ ਦੀ ਕਮੀ ਸੀ ਤੇ ਵਿਦੇਸ਼ੀ ਫ਼ਿਲਮਾਂ ਵਿਚ ਤਕਨੀਕ ਸੀ। ਜੋ ਚੰਗੀ ਸੋਚ ਰੱਖਣ ਵਾਲੇ ਸਨ, ਉਨ੍ਹਾਂ ਨੇ ਇਸ ਨੂੰ ਭਾਰਤੀ ਸਿਨੇਮੇ ਵਿਚ ਇਕਮਿਕ ਕਰਨ ਦੀ ਕੋਸ਼ਿਸ਼ ਕੀਤੀ ਪਰ ਮੈਂ ਸਮਝਦਾ ਹਾਂ ਕਿ ਇਸ ਦਾ ਤਰੀਕਾ ਗ਼ਲਤ ਸੀ। ਕਿਉਂਕਿ ਜਿਹੜੀਆਂ ਕੁਝ ਅਜਿਹੀਆਂ ਚੀਜ਼ਾਂ ਹਨ, ਜਿਥੇ ਤਕਨੀਕ ਦੇ ਨਾਂਅ 'ਤੇ ਭਾਸ਼ਾ ਨੂੰ ਵੀ ਔਖਾ ਕਰ ਦਿੱਤਾ ਜਾਂਦਾ ਹੈ, ਉਹਨੂੰ ਸੌਖਿਆਂ ਬਣਾ ਕੇ ਪੇਸ਼ ਕਰਨ ਦੀ ਜ਼ਰੂਰਤ ਹੈ। ਜਿਵੇਂ ਮੇਰਾ ਇਹ ਵਿਸ਼ਵਾਸ ਨਹੀਂ ਹੈ ਕਿ ਕਲਾ ਕਲਾ ਲਈ ਹੈ। ਮੈਂ ਸਮਝਦਾ ਹਾਂ ਕਿ ਕਲਾ ਲੋਕਾਂ ਲਈ ਹੈ। ਤੇ ਜਿਹੜੇ ਲੋਕ ਕਲਾ ਨੂੰ ਕਲਾ ਸਮਝਦੇ ਹੋਏ, ਲੋਕਾਂ ਨੂੰ ਪਾਸੇ ਰੱਖ ਕੇ ਕਿਸੇ ਵੀ ਵਿਧਾ ਵਿਚ ਆਪਣਾ ਕੰਮ ਕਰਦੇ ਹਨ, ਉਹਦਾ ਲੋਕਾਂ ਨੂੰ ਕੋਈ ਲਾਭ ਨਹੀਂ, ਤਾਂ ਫਿਰ ਉਸ ਕਲਾ ਦਾ ਕੀ ਲਾਭ? ਤੁਸੀਂ ਔਖੀ ਤੋਂ ਔਖੀ ਗੱਲ ਆਮ ਜ਼ੁਬਾਨ ਵਿਚ ਕਰੋ ਤਾਂ ਜੋ ਜਨਤਾ ਨੂੰ ਸਮਝ ਆਵੇ, ਤਾਂ ਹੀ ਉਸ ਦਾ ਕੋਈ ਮਤਲਬ ਹੈ। ਨਹੀਂ ਤਾਂ ਉਸ ਦਾ ਕੋਈ ਅਰਥ ਨਹੀਂ। ਜਿਵੇਂ ਸਾਡੇ ਲਗਭਗ ਸਾਰੇ ਹੀ ਸੰਤਾਂ, ਗੁਰੂਆਂ ਨੇ ਕੀਤਾ। ਉਹ ਭਾਵੇਂ ਕਬੀਰ ਹੋਣ, ਸ੍ਰੀ ਗੁਰੂ ਨਾਨਕ ਦੇਵ ਹੋਣ ਤੇ ਚਾਹੇ ਸੰਤ ਤੁਕਾ ਰਾਮ ਹੋਣ, ਇਨ੍ਹਾਂ ਸਾਰਿਆਂ ਨੇ ਆਮ ਆਦਮੀ ਦੀ ਜ਼ੁਬਾਨ ਵਿਚ ਗੱਲ ਕੀਤੀ। ਦੂਜੇ ਪਾਸੇ ਜਿਹੜੇ ਸਾਡੇ ਅਖੌਤੀ ਪੰਡਤ ਸਨ, ਉਹ ਸੰਸਕ੍ਰਿਤ ਬੋਲਦੇ ਸਨ, ਅੱਜ ਵੀ ਬੋਲਦੇ ਹਨ, ਪੂਜਾ ਪਾਠ ਕਰਾਉਂਦੇ ਹਨ, ਮੰਤਰਾਂ ਦਾ ਉਚਾਰਨ ਕਰਦੇ ਹਨ, ਸੱਤ ਨਾਰਾਇਣ ਦੀ ਕਥਾ ਕਰਾਉਂਦੇ ਹਨ, ਇਨ੍ਹਾਂ ਨੂੰ ਪੁੱਛੋ ਜ਼ਰਾ ਕਿ ਪੰਡਤ ਜੀ ਦੱਸੋ ਜੋ ਕੁਝ ਵੀ ਤੁਸੀਂ ਬੋਲਿਆ; ਜੇ ਸਾਨੂੰ ਸਮਝ ਹੀ ਨਹੀਂ ਆਇਆ ਤਾਂ ਕੀ ਲਾਭ? ਤੁਸੀਂ ਰੋਜ਼ ਗਾਇਤਰੀ ਮੰਤਰ ਪੜ੍ਹਦੇ ਹੋ, ਹੋਰ ਪੂਜਾ-ਪਾਠ ਕਰਦੇ ਹੋ, ਪਰ ਉਹਦੀ ਭਾਸ਼ਾ ਤੁਹਾਡੀ ਨਹੀਂ। ਫੇਰ ਜੇ ਉਹਦਾ ਮਤਲਬ ਹੀ ਨਹੀਂ ਪਤਾ ਲਗਦਾ ਤਾਂ ਉਹਨੂੰ ਜ਼ਿੰਦਗੀ ਵਿਚ ਕਿਵੇਂ ਉਤਾਰਿਆ ਜਾਵੇਗਾ। ਇਹੀ ਕੁਝ ਹੋਇਆ ਭਾਰਤੀ ਸਿਨੇਮਾ ਵਿਚ। ਵਿਦੇਸ਼ਾਂ ਤੋਂ ਬਹੁਤ ਕੁਝ ਇਧਰ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਸਮਝ ਤੋਂ ਬਾਹਰ ਸੀ। ਜਿਵੇਂ ਮਣੀਕੌਲ ਦਾ ਸਿਨੇਮਾ। ਪਰ ਬਾਅਦ ਵਿਚ ਯਤਨ ਤੇਜ਼ ਹੋਏ, ਸਿਨੇਮਾ ਥੋੜ੍ਹਾ ਸੁਧਰਿਆ। ਸ਼ਿਆਮ ਬੈਨੇਗਲ ਆ ਗਏ, ਗੋਵਿੰਦ ਨਹਿਲਾਨੀ ਆਏ, ਮ੍ਰਿਨਾਲ ਸੇਨ, ਫੇਰ ਸਤਯਜੀਤ ਰੇਅ ਆ ਗਏ। ਇਨ੍ਹਾਂ ਨੇ ਕੰਮ ਕੀਤਾ। ਪਰ ਇਨ੍ਹਾਂ ਨੂੰ ਵੀ ਵਰਕਿੰਗ ਕਲਾਸ ਤਕ ਪੁੱਜਣ ਵਿਚ ਵਕਤ ਲੱਗਾ। ਇਨ੍ਹਾਂ ਨੇ ਇਕ ਚੀਜ਼ ਹੋਰ ਕੀਤੀ, ਉਹ ਇਹ ਕਿ ਫ਼ਿਲਮ ਵਿਚ ਕਈ ਵਾਰ ਲੋੜ ਹੀ ਨਹੀਂ ਹੁੰਦੀ ਗਾਣਿਆਂ ਦੀ। ਸ਼ਿਆਮ ਬੈਨੇਗਲ ਤੇ ਗੋਵਿੰਦ ਨਹਿਲਾਨੀ ਨੇ ਇਸ ਤਰ੍ਹਾਂ ਦੀਆਂ ਫ਼ਿਲਮਾਂ ਬਣਾਈਆਂ। ਜਦੋਂ ਮੈਂ ਕਾਲਜ ਪੜ੍ਹਦਾ ਸੀ, ਇਕ ਫ਼ਿਲਮ ਆਈ ਸੀ 'ਆਖ਼ਰੀ ਖ਼ਤ'। ਉਸ ਵਿਚ ਗਾਣੇ ਨਹੀਂ ਸਨ। 'ਇਤਫ਼ਾਕ', 'ਕਾਨੂੰਨ' ਵਿਚ ਵੀ ਗਾਣੇ ਨਹੀਂ ਸਨ। ਜੇਕਰ ਇਹ ਕਹਿੰਦੇ ਹਨ ਕਿ ਦੇਖੋ ਸਾਡੀਆਂ ਫ਼ਿਲਮਾਂ ਵਿਚ ਗਾਣੇ ਨਹੀਂ ਹਨ, ਅਸੀਂ ਇਹ ਕੀਤਾ ਹੈ, ਪਰ ਇਹ ਤਾਂ ਪਹਿਲਾਂ ਵੀ ਹੋ ਚੁੱਕਾ ਹੈ। ਲੋਕ ਅਜਿਹਾ ਪ੍ਰਯੋਗ ਕਰ ਚੁੱਕੇ ਹਨ। ਕਿਉਂਕਿ ਇਨ੍ਹਾਂ ਫ਼ਿਲਮਾਂ ਦੀਆਂ ਕਹਾਣੀਆਂ ਏਨੀ ਡਰਾਮੈਟਿਕ ਹਨ ਕਿ ਗਾਣਿਆਂ ਦੀ ਲੋੜ ਹੀ ਨਹੀਂ ਸੀ। ਕਹਾਣੀ ਹੀ ਬੰਨ੍ਹ ਕੇ ਰੱਖਦੀ ਹੈ। 'ਅਰਧ ਸਤਯ' ਵਿਚ ਗਾਣਿਆਂ ਦੀ ਲੋੜ ਨਹੀਂ ਸੀ। ਇਹਦੀ ਕਹਾਣੀ ਹੀ ਏਨੀ ਡਰਾਮੈਟਿਕ ਹੈ ਕਿ ਬੰਨ੍ਹ ਕੇ ਰੱਖਦੀ ਹੈ। ਫ਼ਿਲਮ ਦੇਖਣ ਦਾ ਤੁਹਾਡਾ ਮਕਸਦ ਹੈ ਕਿ ਉਹ ਤੁਹਾਨੂੰ ਜਕੜ ਕੇ ਰੱਖੇ। ਤੁਸੀਂ ਘਰੋਂ ਪ੍ਰੇਸ਼ਾਨੀਆਂ ਲੈ ਕੇ ਆਉਂਦੇ ਹੋ, ਬੱਚਿਆਂ ਦਾ ਦਾਖ਼ਲਾ ਕਰਾਉਣਾ ਹੈ, ਕਿਸੇ ਨੂੰ ਫ਼ੋਨ ਕਰਨਾ ਸੀ, ਭਾਵ ਜੇਕਰ ਦੋ ਘੰਟਿਆਂ ਦੀ ਫ਼ਿਲਮ ਵਿਚ ਤੁਸੀਂ ਇਹ ਪ੍ਰੇਸ਼ਾਨੀਆਂ ਭੁੱਲ ਜਾਂਦੇ ਹੋ ਤਾਂ ਸਮਝੋ ਫ਼ਿਲਮ ਸਫਲ ਹੈ। ਜੇਕਰ ਤੁਹਾਨੂੰ ਲਗਦਾ ਹੈ ਕਿ ਥੋੜ੍ਹਾ ਰਿਲੀਫ਼ ਜ਼ਰੂਰੀ ਹੈ, ਜਿਹੜੀ ਗੱਲ ਅਸੀਂ ਕਹਿ ਰਹੇ ਹਾਂ, ਉਹ ਥੋੜ੍ਹੀ ਮੁਸ਼ਕਲ ਹੈ, ਰੁੱਖੀ ਹੈ ਤੇ ਇਸ ਨੂੰ ਜੇਕਰ ਅਸੀਂ ਸੰਗੀਤ ਰਾਹੀਂ ਕਹਾਂਗੇ ਤਾਂ ਲੋਕਾਂ 'ਤੇ ਅਸਰ ਜ਼ਿਆਦਾ ਹੋਵੇਗਾ, ਅਜਿਹਾ ਨਹੀਂ ਹੈ। ਗਾਣਿਆਂ 'ਤੇ ਅਸੀਂ ਰੋਏ ਹਾਂ। 'ਪਿਆਸਾ' ਫ਼ਿਲਮ ਦੇ ਗਾਣੇ 'ਜਲਾ ਦੋ ਯੇ ਦੁਨੀਆ' 'ਤੇ ਮੈਂ ਰੋਇਆ ਹਾਂ। ਮੈਂ ਅੱਜ ਵੀ ਰੋਂਦਾ ਹਾਂ। ਫੇਰ ਯਥਾਰਥਵਾਦੀ ਸਿਨੇਮਾ ਆਇਆ। ਸ਼ਿਆਮ ਬੈਨੇਗਲ, ਗੋਵਿੰਦ ਨਿਹਲਾਨੀ, ਮ੍ਰਿਨਾਲ ਸੇਨ, ਸਤਯਜੀਤ ਰੇਅ ਦੀ ਪਹੁੰਚ ਮੱਧ ਵਰਗ ਤਕ ਹੈ। ਕੁਝ ਕੁ ਫ਼ਿਲਮਾਂ ਨੂੰ ਛੱਡ ਕੇ 'ਮੰਥਨ', 'ਅੰਕੁਰ' ਤੇ 'ਅਰਧ ਸਤਯ' ਥੋੜ੍ਹਾ ਅੱਗੇ ਵਧੀਆਂ।


'ਦ ਫ਼ਾਦਰ' ਵਿਚ ਓਮਪੁਰੀ ਅਤੇ ਹਰਪਾਲ ਟਿਵਾਣਾ-1968

ਇਹ ਜਿਹੜਾ ਦੌਰ ਆਇਆ, ਮੇਰਾ ਭਾਵ ਕਲਾਤਮਕ ਫ਼ਿਲਮਾਂ ਦਾ, ਇਨ੍ਹਾਂ ਨੂੰ ਸੰਗੀਤ ਦੀ ਵਰਤੋਂ ਕਰਨ ਵਿਚ ਕੋਈ ਪਰਹੇਜ਼ ਨਹੀਂ ਕਰਨਾ ਚਾਹੀਦਾ। ਇਹ ਭਾਰਤੀ ਫ਼ਿਲਮਾਂ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਵਿਦੇਸ਼ੀ ਸ਼ੈਲੀ ਹੈ ਕਿਉਂਕਿ ਵਿਦੇਸ਼ਾਂ ਵਿਚ ਵੀ ਸੰਗੀਤ ਬਣਦਾ ਹੈ ਜਿਵੇਂ ਕਿ 'ਸਾਊਂਡ ਆਫ਼ ਮਿਊਜ਼ਕ ਫ਼ਿਲਰ ਅੰਡਰ ਰੂਫ਼', 'ਸਿੰਗਿੰਗ ਇਨ ਦੀ ਰੇਨ', 'ਕਾਰਮੇਜ' ਵੱਡੀਆਂ ਫ਼ਿਲਮਾਂ ਸਨ। ਜੇਕਰ ਸਾਡੇ ਹਿੰਦੁਸਤਾਨੀਆਂ ਨੂੰ ਉਹ ਸ਼ੈਲੀ ਚੰਗੀ ਲਗਦੀ ਹੈ ਤਾਂ ਉਸ ਨੂੰ ਨਕਾਰਨਾ ਵੀ ਨਹੀਂ ਚਾਹੀਦਾ। ਕਿਸੇ ਵੀ ਚੀਜ਼ ਵਿਚ ਸ਼ੈਲੀ ਮਹੱਤਵਪੂਰਨ ਨਹੀਂ ਹੈ, ਵਿਸ਼ਾ ਅਹਿਮ ਹੈ ਕਿ ਲੋਕ ਇਸ ਨੂੰ ਕਿਸ ਭਾਸ਼ਾ ਵਿਚ ਚੰਗੀ ਤਰ੍ਹਾਂ ਸਮਝਣਗੇ ਕਿਉਂਕਿ ਹਿੰਦੁਸਤਾਨ ਵਿਚ ਪੈਦਾ ਹੋਣ ਤੋਂ ਲੈ ਕੇ ਮਰਨ ਤਕ ਸੰਗੀਤ ਭਰਿਆ ਪਿਆ ਹੈ। ਬੱਚੇ ਦਾ ਜਨਮ ਹੁੰਦਾ ਹੈ ਤਾਂ ਲੋਕ ਸੰਗੀਤ ਹੈ, ਖੇਤ ਵਿਚ ਫਸਲ ਦੀ ਵਾਢੀ ਕਰਦੇ ਸਮੇਂ, ਖ਼ੁਸ਼ੀ ਹੋਵੇ ਜਾਂ ਗਮੀ ਹਰ ਥਾਂ ਲੋਕ ਗੀਤ ਹਨ। ਰਾਜਸਥਾਨ ਵਿਚ ਤਾਂ ਮਰਨ 'ਤੇ ਬਾਕਾਇਦਾ ਰੁਦਾਲੀ ਗਾਣੇ ਲਈ ਮਾਹਰ ਹਨ। ਸੋ, ਸੰਗੀਤ ਵਾਲੀਆਂ ਫ਼ਿਲਮਾਂ ਹੁਣ ਇਥੋਂ ਦੀ ਸਵੀਕਾਰੀ ਸ਼ੈਲੀ ਹੈ ਤਾਂ ਇਸ ਨੂੰ ਨਕਾਰਿਆ ਨਹੀਂ ਜਾ ਸਕਦਾ। ਹਾਂ, ਇਸ ਦਾ ਵੱਖਰਾ ਹੀ ਰੂਪ ਸਾਹਮਣੇ ਆਇਆ ਹੈ। ਦੇਖੋ, ਲੋਕਾਂ ਨੂੰ ਪਹਿਲਾਂ ਦੇ ਗਾਣੇ ਅੱਜ ਤਕ ਯਾਦ ਹਨ ਪਰ ਅੱਜ ਇਕ ਗਾਣਾ ਖ਼ੂਬ ਹਿਟ ਹੁੰਦਾ ਹੈ, ਪਰ ਪੰਜ ਸਾਲ ਤੇ ਕਈ ਵਾਰ ਪੰਜ ਮਹੀਨੇ ਬਾਅਦ ਹੀ ਲੋਕ ਉਸ ਨੂੰ ਬਿਲਕੁਲ ਭੁੱਲ ਜਾਂਦੇ ਹਨ ਪਰ ਅੱਜ ਵੀ ਜਦੋਂ ਚਾਲੀ ਸਾਲ, ਪੰਜਾਹ ਸਾਲ ਪੁਰਾਣੇ ਗੀਤ ਰੇਡੀਓ 'ਤੇ ਵੱਜਦੇ ਹਨ ਤਾਂ ਤੁਸੀਂ ਜ਼ਰੂਰ ਕਹਿੰਦੇ ਹੋ-ਇਹ ਨੇ ਗਾਣੇ।

? ਜੋ ਨਵੇਂ ਡਾਇਰੈਕਟਰਜ਼ ਆ ਰਹੇ ਹਨ, ਉਹ ਵਿਸ਼ਾ-ਸੋਧ ਵਿਚ ਧਿਆਨ ਕਿਉਂ ਨਹੀਂ ਦਿੰਦੇ?

ਓਮਪੁਰੀ-ਜਿਥੋਂ ਤਕ ਤੁਹਾਡੇ ਡਾਇਰੈਕਟਰਜ਼ ਦੀ ਖੋਜ ਨੂੰ ਲੈ ਕੇ ਇਤਰਾਜ਼ ਹਨ, ਮੈਂ ਇਸ ਤੋਂ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ਮੈਂ ਇਸ ਚੀਜ਼ ਨਾਲ ਸਹਿਮਤ ਹਾਂ ਕਿ ਅੱਜ ਜੋ ਸਿਨੇਮਾ ਹੈ, ਉਹ ਸਾਰਾ ਸ਼ਹਿਰੀ ਹੈ ਜਦਕਿ ਭਾਰਤ ਵਿਚ ਗ਼ਰੀਬਾਂ, ਮਜ਼ਦੂਰਾਂ, ਕਿਸਾਨਾਂ ਦੀ ਸੰਖਿਆ ਮੱਧ ਵਰਗ ਨਾਲੋਂ ਪੱਚੀ ਗੁਣਾ ਜ਼ਿਆਦਾ ਹੈ। ਪਰ ਸਿਨੇਮਾ ਵਿਚ ਇਹ ਲੋਕ ਕਿਤੇ ਵੀ ਨਹੀਂ ਹਨ। ਹਜ਼ਾਰਾਂ ਵਿਚੋਂ ਇਕ ਪੇਂਡੂ ਜੀਵਨ ਦੀ ਫ਼ਿਲਮ ਬਣ ਗਈ 'ਪੀਪਲੀ ਲਾਈਵ', ਬੱਸ ਲੱਗਿਆ ਕਿ ਵੱਡਾ ਤੀਰ ਮਾਰ ਲਿਆ ਤੁਸੀਂ! ਲੱਗਦਾ ਹੈ ਜਿਵੇਂ ਮਜ਼ਦੂਰਾਂ ਦੀਆਂ, ਕਿਸਾਨਾਂ ਦੀਆਂ ਕੋਈ ਸਮੱਸਿਆਵਾਂ ਹੀ ਨਹੀਂ ਹਨ, ਬੱਸ ਸ਼ਹਿਰੀ ਸਮੱਸਿਆਵਾਂ ਹੀ ਹਨ। ਮੱਧ ਵਰਗੀ ਲੋਕਾਂ ਦੀਆਂ ਹੀ ਮੁਸ਼ਕਲਾਂ ਹਨ। ਉਨ੍ਹਾਂ 'ਤੇ ਹੀ ਫ਼ਿਲਮਾਂ ਬਣ ਰਹੀਆਂ ਹਨ। ਇਸ ਤੋਂ ਇਲਾਵਾ ਕੁਝ ਤੜਕ-ਭੜਕ ਵਿਸ਼ਿਆਂ ਵਾਲੀਆਂ ਫ਼ਿਲਮਾਂ ਹਨ-ਮਸਲਨ 'ਫੈਸ਼ਨ' ਜਾਂ 'ਪੇਜ ਥ੍ਰੀ'। ਹੁਣ ਪੇਜ ਥ੍ਰੀ ਬਣਾ ਕੇ ਤੁਸੀਂ ਸਮਾਜ ਸੁਧਾਰ ਵਿਚ ਕੀ ਯੋਗਦਾਨ ਪਾਓਗੇ। ਪ੍ਰਕਾਸ਼ ਝਾਅ ਜੋ ਫ਼ਿਲਮਾਂ ਬਣਾ ਰਹੇ ਹਨ, ਮੈਂ ਉਸ ਨਾਲ ਸਹਿਮਤ ਹਾਂ। ਹਾਲ ਹੀ ਵਿਚ 'ਆਰਕਸ਼ਨ' ਦੇਖੀ, ਜੋ ਵੀ ਹੋਵੇ, ਉਸ ਦੀ ਸੋਚ ਨਾਲ ਤੁਸੀਂ ਸਹਿਮਤ ਹੋਵੋ ਜਾਂ ਨਾ ਪਰ ਤੁਸੀਂ ਇਹ ਕਹਿ ਸਕਦੇ ਹੋ ਕਿ ਉਨ੍ਹਾਂ ਨੇ ਖੋਜ ਨਹੀਂ ਕੀਤੀ। ਗ਼ਰੀਬ ਬ੍ਰਾਹਮਣ ਦਾ ਬੱਚਾ ਨੱਬੇ ਪ੍ਰਤੀਸ਼ੱਤ ਨੰਬਰ ਲੈ ਕੇ ਆਉਂਦਾ ਪਰ ਉਸ ਨੂੰ ਦਾਖ਼ਲਾ ਨਹੀਂ ਮਿਲਦਾ ਕਿਉਂਕਿ ਉਹ ਬ੍ਰਾਹਮਣ ਬੱਚਾ ਹੈ ਤੇ ਜੋ ਬਾਈ ਸਾਡੇ ਘਰ ਵਿਚ ਕੰਮ ਕਰਦੀ ਹੈ, ਉਸ ਦਾ ਬੱਚਾ 55 ਫੀਸਦੀ ਅੰਕ ਲੈ ਕੇ ਆਉਂਦਾ ਹੈ, ਉਸ ਨੂੰ ਦਾਖ਼ਲਾ ਮਿਲ ਜਾਂਦਾ ਹੈ। ਗ਼ਰੀਬ ਤਾਂ ਦੋਵੇਂ ਹਨ ਤਾਂ ਕੀ ਹੋਵੇਗਾ ਇਸ ਬੱਚੇ ਦੇ ਜ਼ਿਹਨ ਵਿਚ? ਉਹ ਗਾਲ੍ਹਾਂ ਕੱਢੇਗਾ? ਜੀਵਨ ਭਰ ਉਸ ਨੂੰ ਤ੍ਰਿਸਕਾਰੀਆਂ ਨਜ਼ਰਾਂ ਨਾਲ ਦੇਖੇਗਾ। ਆਈ.ਏ.ਐਸ. ਅਫ਼ਸਰ ਵੀ ਹੋਵੇ ਤੇ ਤਾਂ ਕਹੇਗਾ ਕਿ ਇਹ ਤਾਂ ਅਨੁਸੂਚਿਤ ਜਾਤੀ ਦਾ ਬੱਚਾ ਹੈ। ਉਹ ਸ਼ਾਇਦ ਜਦੋਂ ਵੀ ਸ਼ੀਸ਼ੇ ਵਿਚ ਖ਼ੁਦ ਨੂੰ ਦੇਖੇਗਾ ਤਾਂ ਉਸ ਨੂੰ ਲੱਗੇਗਾ ਕਿ ਮੈਂ ਉਪਰ ਇਸ ਲਈ ਆ ਸਕਿਆ ਕਿਉਂਕਿ ਮੈਂ ਪੱਛੜੀ ਸ਼੍ਰੇਣੀ ਵਿਚੋਂ ਹਾਂ। ਉਸ ਦੇ ਮਨ ਵਿਚੋਂ ਤੁਸੀਂ ਕਦੇ ਵੀ ਸ਼ਡਿਊਲ ਕਾਸਟ ਦੇ ਇਸ ਦਾਗ਼ ਨੂੰ ਮਿਟਾ ਨਹੀਂ ਸਕਦੇ। ਇਹ ਉਦੋਂ ਖ਼ਤਮ ਹੋਵੇਗਾ ਜਦੋਂ ਉਹ ਕਤਾਰ ਵਿਚ ਬ੍ਰਾਹਮਣ ਦੇ ਬੱਚੇ ਨਾਲ ਖੜਾ ਹੋਵੇਗਾ ਅਤੇ ਉਸ ਨੂੰ ਪੁੱਛੇਗਾ ਕਿ ਤੇਰੇ ਕਿੰਨੇ ਨੰਬਰ ਹਨ। ਪੱਚਾਸੀ ਪ੍ਰਤੀਸ਼ਤ! ਤੇ ਛਾਤੀ ਠੋਕ ਕੇ ਕਹੇਗਾ, ਮੇਰੇ 92 ਫੀਸਦੀ ਹਨ। ਤੁਸੀਂ ਕਹਿੰਦੇ ਹੋ ਸਾਡੇ ਕੋਲ ਬੁੱਧੀ


ਸਰਕਾਰੀ ਹਾਈ ਸਕੂਲ ਸੰਗਰੂਰ ਵਿਖੇ ਸਕਾਊਟ ਦੀ ਵਰਦੀ ਵਿਚ 15 ਸਾਲ ਦੀ ਉਮਰ 'ਚ ਓਮਪੁਰੀ।

ਨਹੀਂ, ਆਹ ਦੇਖੋ। ਮੈਂ ਕਹਿੰਦਾ ਹਾਂ ਗ਼ਰੀਬ ਆਦਮੀ ਹੈ, ਛੋਟੀ ਜਾਤ ਦਾ ਹੈ, ਉਸ ਨੂੰ ਮੁਫ਼ਤ ਸਿੱਖਿਆ ਦਿਓ, ਮੁਫ਼ਤ ਕੱਪੜੇ, ਮੁਫ਼ਤ ਖਾਣਾ, ਟਿਊਸ਼ਨ ਤਕ ਮੁਫ਼ਤ ਪਰ ਕਤਾਰ ਵਿਚ ਰਹਿਣਾ ਚਾਹੀਦਾ ਹੈ ਤਾਂ ਹੀ ਸਮਾਜ ਵਿਚ ਬਰਾਬਰੀ ਆਏਗੀ। ਉਦੋਂ ਸਮਾਜ ਜਾਤ-ਪਾਤਦੀ ਗੁੰਝੀ ਤੋਂ ਮੁਕਤ ਹੋਵੇਗਾ ਵਰਨਾ ਕਿੰਨਾ ਵੀ ਜ਼ੋਰ ਲਗਾ ਲਓ, ਕੁਝ ਨਹੀਂ ਹੋਵੇਗਾ। ਇਹ ਮੇਰਾ ਪੁਖ਼ਤਾ ਯਕੀਨ ਹੈ ਕਿ ਇਹ ਖੋਜ ਕਰਦੇ ਹਨ। ਖੋਜ 'ਫੈਸ਼ਨ' ਤੇ 'ਪੇਜ ਥ੍ਰੀ' ਵਾਲਿਆਂ ਨੇ ਵੀ ਕੀਤੀ। ਪ੍ਰਕਾਸ਼ ਝਾਅ ਨੇ ਵੀ ਕੀਤੀ। ਪ੍ਰਕਾਸ਼ ਝਾਅ ਨੇ ਮੈਨੂੰ ਇਕ ਕਿਤਾਬ ਦਿੱਤੀ 'ਹੈਲੋ ਬਸਤਰ'। ਮੈਂ ਉਸ ਬਾਰੇ ਕਿਸੇ ਅਖ਼ਬਾਰ ਵਿਚ ਜ਼ਿਕਰ ਕੀਤਾ। ਲੇਖਿਕਾ ਦਾ ਫ਼ੋਨ ਆਇਆ ਕਿ ਬੜਾ ਚੰਗਾ ਲੱਗਾ ਤੁਸੀਂ ਮੇਰੀ ਕਿਤਾਬ ਦਾ ਜ਼ਿਕਰ ਕੀਤਾ। ਪ੍ਰਕਾਸ਼ ਕਿਤਾਬਾਂ ਪੜ੍ਹਦੇ ਹਨ। ਖੋਜ ਕਰਦੇ ਹਨ, ਫੇਰ ਫ਼ਿਲਮਾਂ ਬਣਾਉਂਦੇ ਹਨ। ਹਾਂ, ਅਜਿਹਾ ਵੀ ਨਹੀਂ ਹੈ ਕਿ ਸਾਰੇ ਲੋਕ ਰਿਸਰਚ ਕਰ ਰਹੇ ਹਨ ਪਰ ਮੇਰਾ ਦੋਸ਼ ਇਨ੍ਹਾਂ 'ਤੇ ਇਹ ਹੈ ਕਿ ਏਨਾ ਚੰਗਾ-ਚੰਗਾ ਸਾਹਿਤ ਭਰਿਆ ਪਿਆ ਹੈ ਸਾਡੇ ਕੋਲ। ਇਹ ਨਹੀਂ ਹੈ ਕਿ ਪ੍ਰੇਮਚੰਦ ਹੁਣ ਸਾਰਥਕ ਨਹੀਂ ਹੈ। ਬਹੁਤ ਸਾਰੀਆਂ ਚੀਜ਼ਾਂ ਓਨੀਆਂ ਹੀ ਸਾਰਥਕ ਹਨ ਪਰ ਉਨ੍ਹਾਂ 'ਤੇ ਫ਼ਿਲਮਾਂ ਨਹੀਂ ਬਣ ਰਹੀਆਂ। ਦੱਖਣ ਦਾ ਮਰਾਠੀ, ਗੁਜਰਾਤੀ ਸਾਹਿਤ ਬਹੁਤ ਚੰਗਾ ਹੈ। ਹਿੰਦੀ ਸਾਹਿਤ ਬਹੁਤ ਚੰਗਾ ਹੈ ਪਰ ਕੋਈ ਖੋਜ ਨਹੀਂ ਕਰ ਰਿਹਾ, ਉਸ 'ਤੇ ਕੰਮ ਨਹੀਂ ਹੋ ਰਿਹਾ। ਸਿਨੇਮਾ ਬੱਸ ਵਪਾਰ ਬਣ ਕੇ ਰਹਿ ਗਿਆ ਹੈ ਤੇ ਵੱਡੇ ਵੱਡੇ ਸਟਾਰ ਮਾਣ ਨਾਲ ਕਹਿੰਦੇ ਹਨ ਕਿ ਅਸੀਂ ਮਨੋਰੰਜਨ ਕਰਦੇ ਹਾਂ! ਅਭਿਨੇਤਰੀਆਂ ਜੋ ਕੱਪੜੇ ਪਾ ਰਹੀਆਂ ਹਨ, ਜਿਵੇਂ ਸਲਮਾਨ ਆਪਣੇ ਸਰੀਰ ਦੀ ਨੁਮਾਇਸ਼ ਕਰਦਾ ਹੈ, ਤਾਂ ਕਰੀਨਾ ਕਹੇਗੀ ਕਿ ਮੈਂ ਕਿਉਂ ਪਿਛੇ ਰਹਾਂ, ਗੋਡਿਆਂ ਤੋਂ ਉਪਰ ਤਾਂ ਉਹ ਪਹੁੰਚ ਹੀ ਗਈ ਹੈ। ਰੱਬ ਕਰੇ, ਉਥੇ ਹੀ ਰਹੇ। ਕੀ ਹੋ ਰਿਹਾ ਹੈ ਇਹ ਸਭ। ਸਾਬਣ ਵੇਚਣਾ ਹੈ ਤਾਂ ਔਰਤ! ਕਾਰ ਵੇਚਣੀ ਹੈ ਤਾਂ ਔਰਤ! ਸ਼ੇਵਿੰਗ ਕਰੀਮ ਵੇਚਣੀ ਹੈ ਤਾਂ ਔਰਤ!

? ਕੀ ਕਾਰਨ ਹੈ ਕਿ ਸਾਡੇ ਇਥੇ ਕੁਝ ਅਪਵਾਦਾਂ ਨੂੰ ਛੱਡ ਕੇ ਚੰਗੀਆਂ ਸਿਆਸੀ ਫ਼ਿਲਮਾਂ ਨਹੀਂ ਬਣ ਸਕੀਆਂ। ਮੁੱਖ ਧਾਰਾ ਦੇ ਸਿਨੇਮੇ ਵਿਚ ਤਾਂ ਇਕ ਵੀ ਨਹੀਂ?

ਓਮਪੁਰੀ-ਮੈਂ ਤੁਹਾਨੂੰ ਇਸ ਦਾ ਸਿੱਧਾ ਜਵਾਬ ਦਿਆਂ? ਅਜਿਹੀਆਂ ਫ਼ਿਲਮਾਂ ਬਣਾਉਣ ਦਾ ਕੋਈ ਫਾਇਦਾ ਨਹੀਂ ਹੈ। ਜਿਹੜੀਆਂ ਫ਼ਿਲਮਾਂ ਬਣਾਉਣ ਦਾ ਕੋਈ ਫਾਇਦਾ ਨਹੀਂ ਹੈ, ਉਸ ਨੂੰ ਕਿਉਂ ਬਣਾਇਆ ਜਾਵੇ। ਮੈਨੂੰ ਜਾਗਰੂਕ ਕਰ ਕੇ ਕੀ ਕਰ ਲਓਗੇ? ਜਦੋਂ ਤਕ ਸਾਡੇ ਨੀਤੀ ਘਾੜੇ ਜਾਗਰੂਕ ਨਹੀਂ ਹੁੰਦੇ, ਇਨ੍ਹਾਂ ਦਾ ਕੀ ਲਾਭ? ਤੁਸੀਂ ਚੰਗੀ ਫ਼ਿਲਮ ਬਣਾਓਗੇ ਪਰ ਇਹ ਜੋ ਧਰਮਾਤਮਾ ਹਨ-ਨੀਤੀ ਘਾੜੇ, ਉਹ ਦੇਖਣਗੇ ਹੀ ਨਹੀਂ ਤਾਂ ਲੋਕ ਜਾਗਰੂਕ ਹੋ ਕੇ ਵੀ ਕੀ ਕਰ ਲੈਣਗੇ। ਜ਼ਿਆਦਾ ਤੋਂ ਜ਼ਿਆਦਾ ਪੰਜ ਸਾਲ ਬਾਅਦ ਦੂਸਰੀ ਪਾਰਟੀ ਨੂੰ ਜਾ ਕੇ ਵੋਟ ਦੇ ਦੇਣਗੇ। ਇਸ ਨਾਲ ਕੀ ਹੋਵੇਗਾ? ਚੰਗਾ ਸਾਹਿਤ, ਚੰਗਾ ਸਿਨੇਮਾ ਨੀਤੀਆਂ ਘਾੜਿਆਂ ਲਈ ਜ਼ਿਆਦਾ ਜ਼ਰੂਰੀ ਹੈ। ਪਰ ਉਹ ਦੇਖਣਗੇ ਹੀ ਨਹੀਂ, ਪੜ੍ਹਨਗੇ ਹੀ ਨਹੀਂ ਤਾਂ ਕੀ ਫਾਇਦਾ। ਤੁਸੀਂ ਸਿਆਸਤਦਾਨਾਂ ਦੀ ਪਰਖ ਕਰਵਾ ਲਓ ਕਿ ਕਿੰਨੇ ਜਾਗਰੂਕ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪੜ੍ਹਦੇ ਹੀ ਨਹੀਂ, ਨਾ ਦੇਖਦੇ ਹਨ। ਦੂਸਰਾ ਉਨ੍ਹਾਂ ਨੂੰ ਖ਼ਤਰਾ ਹੁੰਦਾ ਹੈ ਸੈਂਸਰ ਬੋਰਡ ਦਾ। ਸੈਂਸਰ ਬੋਰਡ ਦਾ ਵੀ ਡਰ, ਜੋ ਪੈਸਾ ਲਾਉਂਦਾ ਹੈ, ਉਸ ਨੂੰ ਹੁੰਦਾ ਹੈ ਕਿ ਜੇਕਰ ਮੇਰੀ ਫ਼ਿਲਮ ਰੁਕ ਗਈ ਤਾਂ ਪੈਸਾ ਡੁੱਬ ਜਾਏਗਾ ਕਿਉਂਕਿ ਇਹ ਕੋਈ ਸਸਤਾ ਜ਼ਰੀਆ ਤਾਂ ਹੈ ਨਹੀਂ। ਸੋ, ਇਹ ਵੀ ਇਕ ਵੱਡਾ ਕਾਰਨ ਹੈ।

? ਗਾਂਧੀ ਫ਼ਿਲਮ ਵਿਚ ਤੁਸੀਂ ਛੋਟੀ ਪਰ ਬਹੁਤ

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ



ਸ਼ਬਾਨਾ ਅਤੇ ਪਤ੍ਰਿਕ ਸਵੇਜ਼ ਨਾਲ ਫ਼ਿਲਮ 'ਸਿਟੀ ਆਫ਼ ਜੋਏ' (1992) ਵਿਚ ਓਮਪੁਰੀ।

ਦਮਦਾਰ ਭੂਮਿਕਾ ਨਿਭਾਈ ਸੀ। ਮੈਂ ਉਸ ਨੂੰ ਕਈ ਕਾਰਨਾਂ ਕਰ ਕੇ ਸਿਆਸੀ ਫ਼ਿਲਮ ਮੰਨਦਾ ਹਾਂ। ਤੁਹਾਡੀ ਕੀ ਰਾਏ ਹੈ?

ਓਮਪੁਰੀ-ਦੇਖੋ, 'ਗਾਂਧੀ' ਵਿਚ ਵੀ ਉਨ੍ਹਾਂ ਨੇ ਗਾਂਧੀ ਜੀ ਦੀ ਗੱਲ ਪੂਰੀ ਦੁਨੀਆ ਵਿਚ ਪਹੁੰਚਾਈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਪਰ ਪਟੇਲ ਨੂੰ ਉਨ੍ਹਾਂ ਨੇ ਉਸ ਵਿਚ ਜੋਕਰ ਬਣਾ ਦਿੱਤਾ ਤੇ ਜਿਨਾਹ ਨੂੰ ਵੀ ਕੁਝ ਇਸੇ ਤਰ੍ਹਾਂ ਪੇਸ਼ ਕੀਤਾ ਗਿਆ ਅਤੇ ਸੁਭਾਸ਼ ਨੂੰ ਦਿਖਾਇਆ ਹੀ ਨਹੀਂ ਪਰ ਇਸ ਦੇ ਬਾਵਜੂਦ ਸਕਾਰਾਤਮਕ ਪੱਖ ਇਹ ਸੀ ਕਿ ਗਾਂਧੀ ਦੇ ਵਿਚਾਰ ਜ਼ਰੂਰ ਪੂਰੀ ਦੁਨੀਆ ਵਿਚ ਗਏ ਪਰ ਸਹੀ ਮਾਇਨਿਆਂ ਵਿਚ ਇਹ ਸਿਆਸੀ ਫ਼ਿਲਮ ਨਹੀਂ ਸੀ ਕਿਉਂਕਿ ਜੇਕਰ ਤੁਸੀਂ ਸਿਆਸੀ ਫ਼ਿਲਮ ਬਣਾ ਰਹੇ ਹੋ ਤਾਂ ਉਸ ਵਿਚ ਜੇਕਰ ਨਹਿਰੂ ਜੀ ਅਹਿਮ ਹਨ ਤਾਂ ਲੋਹੀਆ ਵੀ ਓਨੇ ਹੀ ਮਹੱਤਵਪੂਰਨ ਹਨ।

? ਪੂਰੇ ਹਿੰਦੁਸਤਾਨੀ ਫ਼ਿਲਮ ਦੇ ਬਹੁਮੁਖੀ ਵਿਕਾਸ ਲਈ ਕੀ ਹੋਣਾ ਚਾਹੀਦਾ ਹੈ?

ਓਮਪੁਰੀ-ਇਹ ਤਾਂ ਸੈਂਸਰ ਬੋਰਡ ਨੂੰ ਰੋਕ ਲਾਉਣੀ ਚਾਹੀਦੀ ਹੈ ਕਿ ਉਹ ਜੋ ਨੰਗੇਜ਼ ਹੈ, ਉਸ ਨੂੰ ਦਿਖਾਉਣ 'ਤੇ ਲਗਾਮ ਕੱਸੇ। ਡਾਂਸ ਪਹਿਲਾਂ ਵੀ ਹੁੰਦੇ ਸਨ, ਪੁਰਾਣੀਆਂ ਫ਼ਿਲਮਾਂ ਵੀ ਕਾਮੁਕ ਨਾਚ ਹੁੰਦਾ ਸੀ ਪਰ ਹੁਣ ਅਸ਼ਲੀਲ ਹੁੰਦਾ ਹੈ। ਜਦੋਂ ਤਕ ਤੁਸੀਂ ਇਸ 'ਤੇ ਰੋਕ ਨਹੀਂ ਲਾਉਗੇ, ਬੱਸਾਂ ਵਿਚ ਬਲਾਤਕਾਰ ਹੁੰਦੇ ਰਹਿਣਗੇ। ਜਦੋਂ ਉਨ੍ਹਾਂ ਨੂੰ ਲਗਦਾ ਹੈ ਕਿ ਇਹ ਔਰਤਾਂ ਪੈਸਾ ਕਮਾਉਣ ਲਈ ਕੁਝ ਵੀ ਕਰਦੀਆਂ ਹਨ। ਇਹ ਚੰਗੇ ਘਰਾਂ ਦੀਆਂ ਹੀ ਹਨ। ਇਹ ਕਹਿਣਾ ਕਿ ਅਸੀਂ ਖੁੱਲ੍ਹੀ ਸੋਚ ਵਾਲੇ ਲੋਕ ਹਾਂ, ਲਿਬਰਲ ਸੁਸਾਇਟੀ ਹੈ, ਲੋਕਤੰਤਰ ਵਿਚ ਸਾਡਾ ਵਿਸ਼ਵਾਸ ਹੈ ਤਾਂ ਮੁਆਫ਼ ਕਰਨਾ, ਇਸ ਦਾ ਇਹ ਮਤਲਬ ਨਹੀਂ ਕਿ ਤੁਹਾਨੂੰ ਹਰ ਚੀਜ਼ ਦੀ ਆਜ਼ਾਦੀ ਹੈ। ਜਦੋਂ ਆਪਣੇ ਘਰਾਂ ਵਿਚ ਬੱਚਿਆਂ ਨੂੰ ਆਜ਼ਾਦੀ ਦਿੰਦੇ ਹੋ ਤਾਂ ਉਸ ਆਜ਼ਾਦੀ ਵਿਚ ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜੋ ਮਨਾਹੀ ਵਿਚ ਆਉਂਦੀਆਂ ਹਨ ਪਰ ਅਸੀਂ ਉਸ ਦੀ ਖੁੱਲ੍ਹ ਦਿੰਦੇ ਹਾਂ। ਪਰ ਇਸ ਦਾ ਮਤਲਬ ਇਹ ਨਹੀਂ ਕਿ ਵਿਦੇਸ਼ੀਆਂ ਦੀ ਤਰਜ਼ 'ਤੇ ਆਪਣੀ ਸੰਸਕ੍ਰਿਤੀ ਭੁੱਲ ਜਾਈਏ। ਸਮਾਜ ਵਿਚ ਚੰਗੀਆਂ-ਬੁਰੀਆਂ ਦੋਵੇਂ ਤਰ੍ਹਾਂ ਦੀਆਂ ਚੀਜ਼ਾਂ ਹੁੰਦੀਆਂ ਹਨ, ਉਹ ਗ੍ਰਹਿਣ ਕਰੋ ਜੋ ਚੰਗੀਆਂ ਹਨ। ਫੇਰ ਭਾਵੇਂ ਉਹ ਕਿਸੇ ਵੀ ਸਭਿਆਚਾਰ ਦੀਆਂ ਹੋਣ। ਚਾਹੇ ਉਹ ਜਪਾਨੀ ਹੋਵੇ, ਮੁਸਲਿਮ ਸਭਿਆਚਾਰ ਹੋਵੇ। ਪਰ ਉਨ੍ਹਾਂ ਦੀਆਂ ਬੁਰੀਆਂ ਚੀਜ਼ਾਂ ਅਸੀਂ ਕਿਉਂ ਅਪਣਾਈਏ। ਉਨ੍ਹਾਂ ਦੇ ਸਮਾਜ ਵਿਚ ਨਸ਼ਿਆਂ, ਨੰਗੇਜ਼ ਨੂੰ ਇਸ ਤਰ੍ਹਾਂ ਨਹੀਂ ਦੇਖਿਆ ਜਾਂਦਾ ਜਿਵੇਂ ਸਾਡੇ। ਉਸ ਸਮਾਜ ਵਿਚ ਉਨ੍ਹਾਂ ਦੀਆਂ ਔਰਤਾਂ ਬੀਚ 'ਤੇ ਬਰਾ-ਚੱਡੀ ਪਾ ਕੇ ਘੁੰਮਦੀਆਂ ਰਹਿੰਦੀਆਂ ਹਨ ਪਰ ਉਥੇ ਪੰਜਾਹ ਲੋਕ ਉਨ੍ਹਾਂ ਨੂੰ ਘੂਰਦੇ ਨਹੀਂ ਹਨ। ਅਸੀਂ ਕਬਾਇਲੀ ਇਲਾਕਿਆਂ ਵਿਚ ਜਾਂਦੇ ਹਾਂ, ਔਰਤਾਂ ਛਾਤੀ ਨੰਗੀ ਕਰ ਕੇ ਘੁੰਮਦੀਆਂ ਹਨ ਤੇ ਉਨ੍ਹਾਂ ਦੇ ਮਰਦ ਘੂਰਦੇ ਨਹੀਂ ਰਹਿੰਦੇ। ਪਰ ਸਾਡਾ ਜੋ ਸਮਾਜ ਹੈ, ਉਹ ਯੌਨ ਕੁੰਠਾਵਾਂ ਨਾਲ ਭਰਿਆ ਹੋਇਆ ਹੈ। ਦੂਸਰਾ ਉਹ ਸੋਚਦਾ ਹੈ-ਦੱਸੋ ਇਸ ਲੜਕੀ ਕੋਲ ਕਿੰਨਾ ਕੁਝ ਹੈ ਯਾਰ। ਇਹ ਕੱਪੜੇ ਕਿਵੇਂ ਪਾਉਂਦੀ ਤੇ ਵਾਲ ਇਵੇਂ ਬਣਾਉਂਦੀ ਹੈ। ਪਾਰਲਰ ਵਿਚ ਜਾਂਦੀ ਹੈ। ਉਸ ਨੂੰ ਇਹ ਲੱਗਦਾ ਹੈ ਕਿ ਇਹ ਤਾਂ ਸੱਦਾ ਦੇ ਰਹੀ ਹੈ। ਤੁਸੀਂ ਮਾਡਰਨ ਕੱਪੜੇ ਜ਼ਰੂਰ ਪਾਓ, ਘਰ ਦੀ ਸ਼ਾਦੀ ਹੈ, ਜੋ ਘਰ ਅੰਦਰ ਹੈ ਜਾਂ ਘਰ ਦੀ ਪਾਰਟੀ ਹੈ, ਉਸ ਵਿਚ ਜਿਵੇਂ ਮਰਜ਼ੀ ਕੱਪੜੇ ਪਾਓ ਪਰ ਜਦੋਂ ਕਿਸੇ ਸੁਸਾਇਟੀ ਵਿਚ ਘਰੋਂ ਬਾਹਰ ਜਾ ਰਹੇ ਹੋ, ਸੜਕ 'ਤੇ ਜਾ ਰਹੇ ਹੋ ਤਾਂ ਤੁਹਾਨੂੰ ਇਕ ਤਰ੍ਹਾਂ ਦੀ ਸਮਝ ਹੋਣੀ ਚਾਹੀਦੀ ਹੈ। ਜਦੋਂ ਵਿਦੇਸ਼ੀ ਟੀਮ ਆਉਂਦੀ ਤੇ ਪਿੰਡਾਂ ਵਿਚ ਸ਼ੂਟਿੰਗ ਕਰਦੀ ਹੈ ਤਾਂ ਉਹ ਨਿੱਕਰ ਨਹੀਂ ਪਾਉਂਦੇ। ਉਹ ਕਹਿੰਦੇ ਹਨ ਕਿ ਅਸੀਂ ਆਮ ਲੋਕਾਂ ਵਿਚ ਹਾਂ। ਲੋਕਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਿਆ ਜਾਂਦਾ ਹੈ।

? ਭਾਵ ਲੋਕ ਭਾਵਨਾ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ਚਾਹੇ ਤੁਸੀਂ ਜਿਥੇ ਵੀ ਹੋਵੋ?

ਓਮਪੁਰੀ-ਜਦੋਂ ਉਹ ਇਸ ਚੀਜ਼ ਦੀ ਕਦਰ ਕਰਦੇ ਹਨ ਤੇ ਅਸੀਂ ਉਨ੍ਹਾਂ ਦੀਆਂ ਅਜਿਹੀਆਂ ਚੀਜ਼ਾਂ ਆਪਣਾ ਰਹੇ ਹਾਂ ਜੋ ਸਾਡੇ ਮੁਆਫ਼ਕ ਨਹੀਂ ਹਨ..ਮਤਲਬ ਜਾਂ ਤਾਂ ਕੁਝ ਸਮਾਜ ਅਜਿਹੇ ਹਨ ਜੋ ਦੂਸਰੇ ਸਿਰੇ ਤਕ ਚਲੇ ਜਾਂਦੇ ਹਨ ਕਿ ਸਾਹਿਬ ਬੁਰਕਾ ਪਾਓ। ਔਰਤ ਦਾ ਮੂੰਹ ਵੀ ਨਹੀਂ ਨਜ਼ਰ ਆਉਣਾ ਚਾਹੀਦਾ। ਫੇਰ ਮੈਂ ਕਹਿੰਦਾ ਹਾਂ ਕਿ ਪੈਰਾਂ ਵਿਚ ਜੁਰਾਬ ਵੀ ਪਾਓ ਤੇ ਹੱਥਾਂ ਵਿਚ ਦਸਤਾਨੇ ਵੀ ਪਾਓ। ਅਸੀਂ ਤਾਂ ਪੈਰਾਂ ਦੇ ਵੀ ਆਸ਼ਕ ਹੋ ਜਾਂਦੇ ਹਾਂ। ਕਿਸੇ ਦੇ ਪੈਰ ਖ਼ੂਬਸੂਰਤ ਨਜ਼ਰ ਆ ਗਏ ਜਾਂ ਕਿਸੇ ਦੇ ਹੱਥ ਖ਼ੂਬਸੂਰਤ ਲੱਗੇ ਤਾਂ ਅਸੀਂ ਉਸ 'ਤੇ ਫ਼ਿਦਾ ਹੋ ਜਾਂਦੇ ਹਾਂ।

ਸਰਕਾਰ ਇਕ ਤਾਂ ਚੰਗੇ ਚੰਗੇ ਕਾਨੂੰਨ ਬਣਾਉਂਦੀ ਹੈ ਪਰ ਲਾਗੂ ਕਿਤੇ ਨਹੀਂ ਹੋ ਰਹੇ। ਦੂਜਾ ਇਹ ਕਿ ਸਰਕਾਰ ਨੂੰ, ਸਮਾਜ ਨੂੰ, ਬੁੱਧੀਜੀਵੀਆਂ ਨੂੰ ਇਹ ਨਿਸਚਤ ਕਰਨਾ ਹੋਵੇਗਾ ਕਿ ਅਸੀਂ ਵਿਦੇਸ਼ ਤੋਂ ਜਾਂ ਦੂਸਰੀ ਸਭਿਅਤਾ ਤੋਂ ਕੀ ਅਪਣਾਈਏ ਤੇ ਕੀ ਨਾ ਅਪਣਾਈਏ।

? ਸਿਨੇਮਾ ਦਾ ਕਲਾ ਵਜੋਂ ਵਿਕਾਸ ਕਿਵੇਂ ਹੋ ਸਕਦਾ ਹੈ?

ਓਮਪੁਰੀ-ਪਾਪੂਲਰ ਸਿਨੇਮਾ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰ ਰਿਹਾ ਹੈ। ਜਦੋਂ ਤੁਸੀਂ 'ਮੁੰਨੀ ਬਦਨਾਮ ਹੋ ਗਈ' ਦੇਖਦੇ ਹੋ ਤਾਂ ਇਸ ਦੀਆਂ ਨ੍ਰਿਤ ਕਲਾਵਾਂ ਪੂਰੀ ਤਰ੍ਹਾਂ ਅਸ਼ਲੀਲ ਹਨ। ਪਹਿਲਾਂ ਦੀਆਂ ਫ਼ਿਲਮਾਂ ਵਿਚ ਅਜਿਹਾ ਕੁਝ ਨਹੀਂ ਹੁੰਦਾ ਸੀ। ਗ਼ਲਤ ਚੀਜ਼ਾਂ 'ਤੇ ਇਤਰਾਜ਼ ਕਰੋ ਤਾਂ ਇਹ ਤਾਂ ਕਹਿ ਦੇਣਗੇ ਕਿ ਅਸੀਂ ਸੈਂਸਰ ਬੋਰਡ ਬਣਾ ਦਿੱਤਾ ਹੈ। ਪਰ ਸਵਾਲ ਤਾਂ ਇਹ ਹੈ ਕਿ ਸੈਂਸਰ ਬੋਰਡ ਬਣਾ ਦੇਣ ਨਾਲ ਕੀ ਹੋਏਗਾ। ਸੈਂਸਰ ਬੋਰਡ ਦੀ ਕੋਈ ਦਿਸ਼ਾ ਵੀ ਹੋਵੇ। ਜਦੋਂ ਵੀ ਕੋਈ ਵਿਵਾਦਗ੍ਰਸਤ ਮੁੱਦਾ ਹੁੰਦਾ ਹੈ ਤਾਂ ਸੈਂਸਰ ਬੋਰਡ ਦੀ ਨੀਤੀ ਕਿਧਰੇ ਦਿਖਾਈ ਨਹੀਂ ਦਿੰਦੀ। ਸੈਂਸਰ ਬੋਰਡ ਜੇਕਰ ਕੁਝ ਪਾਸ ਕਰ ਦਿੰਦਾ ਹੈ ਤਾਂ ਰੌਲਾ ਪੈਂਦਾ ਹੈ ਕਿ ਇਹ ਕੀ ਕਰ ਦਿੱਤਾ ਸੈਂਸਰ ਬੋਰਡ ਨੇ? ਪਰ ਕੋਈ ਨਹੀਂ ਦੱਸਦਾ ਕਿ ਇਸ ਦੀਆਂ ਨੀਤੀਆਂ ਕਿਸ ਨੇ ਬਣਾਉਣੀਆਂ ਹਨ। ਆਮ ਭਾਰਤੀ ਆਵਾਮ ਗੁੱਸੇ ਵਿਚ ਹੈ, ਉਹਦਾ ਗੁੱਸਾ ਜਾਇਜ਼ ਵੀ ਹੈ, ਪਰ ਉਸ ਗੁੱਸੇ ਦੀ ਵੀ ਦਿਸ਼ਾ ਕੋਈ ਨਹੀਂ ਕਿਉਂਕਿ ਉਸ ਨੂੰ ਪੜ੍ਹਨ ਹੀ ਨਹੀਂ ਦਿੱਤਾ ਗਿਆ। ਕਿਉਂਕਿ ਜੇ ਕੁਝ ਪੜ੍ਹੇਗਾ, ਤਾਂ ਜਾਣੇਗਾ, ਸਮਝੇਗਾ। ਉਸ ਨਾਲ ਜਿਹੜੀ ਜ਼ਿਆਦਤੀ ਹੋ ਰਹੀ ਹੈ, ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਇਹ ਕੌਣ ਕਰ ਰਿਹਾ ਹੈ? ਉਸ ਕੋਲ ਕੰਮ ਨਹੀਂ ਹੈ, ਉਸ ਦੇ ਬੱਚੇ ਭੁੱਖੇ ਮਰ ਰਹੇ ਹਨ ਤੇ ਉਹ ਸ਼ਾਮ ਨੂੰ ਦਾਰੂ ਪੀ ਕੇ ਟੁੰਨ ਹੋ ਜਾਂਦਾ ਹੈ ਤੇ ਉਸ ਦੇ ਗੁੱਸੇ ਦੇ ਸਾਹਮਣੇ ਹੁੰਦੀਆਂ ਹਨ ਔਰਤਾਂ। ਸਭ ਕੁਝ ਬਰਦਾਸ਼ਤ ਔਰਤਾਂ ਕਰਦੀਆਂ ਹਨ ਕਿਉਂਕਿ ਉਹ ਔਰਤਾਂ ਹਨ। ਤੇ ਜਿਹੜੀ ਅਦ੍ਰਿਸ਼ ਤਾਕਤ ਉਸ ਕੋਲੋਂ ਇਹ ਕਰਵਾ ਰਹੀ ਹੈ, ਉਹ ਖੁਸ਼ ਹੈ ਕਿਉਂਕਿ ਉਸ ਨੇ ਆਪਣਾ ਕੰਮ ਕਰ ਦਿੱਤਾ ਹੈ। ਤੇ ਪਾਪੂਲਰ ਸਿਨੇਮਾ ਹੀ ਉਹਦਾ ਇਹ ਕੰਮ ਕਰ ਰਿਹਾ ਹੈ।

? ਕੀ ਇਹ ਕੰਮ ਵੱਡੇ ਘਰ ਦੇ ਲੋਕ ਨਹੀਂ ਕਰਦੇ?

ਓਮਪੁਰੀ-ਵੱਡੇ ਘਰਾਂ ਦੇ ਲੋਕ ਵੀ ਕਰਦੇ ਹਨ। ਕਿਉਂਕਿ ਕੋਈ ਕਹਿੰਦਾ ਹੈ-ਮੈਂ ਐਮ.ਪੀ. ਦਾ ਮੁੰਡਾ ਹੈ ਤੇ ਕੋਈ ਕਹਿੰਦਾ ਹੈ-ਮੈਂ ਐਮ.ਐਲ.ਏ. ਦਾ ਮੁੰਡਾ ਹਾਂ। ਤੇ ਇਨ੍ਹਾਂ ਕਾਕਿਆਂ ਦੇ ਨਾਲ ਦੱਸ ਹੋਰ ਮੁੰਡੇ ਵੀ ਹੁੰਦੇ ਹਨ। ਉਹ ਹੇਠਲੇ ਵਰਗ ਦੇ ਹੁੰਦੇ ਹਨ। ਕਾਕਿਆਂ ਨੇ ਇਹ ਆਪਣੇ ਚਮਚੇ ਰੱਖੇ ਹੁੰਦੇ ਹਨ।

ਤੁਸੀਂ ਸਿਨੇਮਾ ਦੇ ਕਲਾ ਸ਼ੈਲੀ ਦੇ ਵਿਕਾਸ ਬਾਰੇ ਵੀ ਪੁੱਛਿਆ ਹੈ ਤਾਂ ਮਿਸਾਲ ਦੇ ਤੌਰ 'ਤੇ ਮੈਂ ਦੱਸਦਾ ਹਾਂ ਕਿ ਪਿਛੇ ਜਿਹੇ ਮੈਨੂੰ ਇੰਡੀਅਨ ਪੈਨੋਰਮਾ ਦੇ ਉਦਘਾਟਨ 'ਤੇ ਬੁਲਾਇਆ ਗਿਆ। ਮੈਂ ਗਿਆ। ਬੋਲਿਆ ਤਾਂ ਸ਼ਿਆਮ ਬੈਨੇਗਲ ਕਹਿਣ ਲੱਗੇ, ਉਹ ਯਾਰ ਤੂੰ ਤਾਂ ਬੜਾ ਚੰਗਾ ਬੋਲਣ ਲੱਗ ਪਿਆ। ਸੈਕਟਰੀ ਸਾਹਿਬ ਜੋ ਕੇਂਦਰੀ ਵਜ਼ਾਰਤ ਵਿਚੋਂ ਸਨ, ਉਹ ਮੇਰੇ ਤੋਂ ਪਹਿਲਾਂ ਬੋਲੇ। ਚੰਗਾ ਬੋਲੇ। ਮੈਨੂੰ ਲੱਗਾ ਉਹ ਬਹੁਤ ਕਾਬਲ ਹਨ ਤੇ ਸਿਨੇਮੇ ਬਾਰੇ ਜਾਣਦੇ ਵੀ ਹਨ। ਉਨ੍ਹਾਂ ਨੇ ਕਿਹਾ ਕਿ ਕੁੱਲ 140 ਫ਼ਿਲਮਾਂ ਇਸ ਵਾਰ ਇੰਡੀਅਨ ਪੈਨੋਰਮਾ ਵਿਚ ਆਈਆਂ ਹਨ, ਇਨ੍ਹਾਂ ਵਿਚੋਂ ਅਸੀਂ 20 ਚੁਣੀਆਂ। ਤਾਂ ਮੈਂ ਕਿਹਾ ਕਿ ਜਿਹੜੀਆਂ ਤੁਸੀਂ ਇਹ 20 ਚੁਣੀਆਂ, ਇਨ੍ਹਾਂ ਦਾ ਭਵਿੱਖ ਕੀ ਹੈ? ਕਿਉਂਕਿ ਇਥੇ ਵਿਦੇਸ਼ੀ ਆਉਂਦੇ ਹਨ, ਉਹ ਦੇਖਣਗੇ ਤੇ ਹੋ ਸਕਦਾ ਹੈ ਦੋ-ਚਾਰ ਮੁਲਕ ਇਨ੍ਹਾਂ ਫ਼ਿਲਮਾਂ ਨੂੰ ਵੀ ਲੈ ਜਾਣ ਆਪਣੇ ਟੈਲੀਵਿਜ਼ਨ 'ਤੇ ਦਿਖਾਉਣ ਲਈ। ਤੇ ਜਿਹੜੇ ਇਨ੍ਹਾਂ ਦੇ ਪ੍ਰੋਡਿਊਸਰ ਹਨ, ਉਨ੍ਹਾਂ ਨੂੰ ਮੂੰਗਫ਼ਲੀ ਖਾਣ ਜੋਗੇ ਪੈਸੇ ਮਿਲਣਗੇ। ਤੇ ਜਿਹੜੀਆਂ 120 ਫ਼ਿਲਮਾਂ ਤੁਸੀਂ ਰੱਦ ਕਰ ਦਿੱਤੀਆਂ ਹਨ, ਉਹ ਜਿਨ੍ਹਾਂ ਨੇ ਬਣਾਈਆਂ ਹਨ , ਉਹ ਸਮਾਜਕ ਫ਼ਿਲਮਾਂ ਬਣਾਈਆਂ ਹਨ। ਜੇ ਉਹ ਕਮਰਸ਼ੀਅਲ ਫ਼ਿਲਮਾਂ ਬਣਾਉਂਦੇ ਤਾਂ ਇੰਡੀਅਨ ਪੈਨੋਰਮਾ ਵਿਚ ਆਉਣ ਦੀ ਉਨ੍ਹਾਂ ਨੂੰ ਲੋੜ ਹੀ ਨਹੀਂ ਸੀ। ਉਨ੍ਹਾਂ ਦਾ ਭਵਿੱਖ ਕੀ ਹੈ? ਇਹਦੇ ਬਾਰੇ ਦੱਸੋ? ਨਾ ਤਾਂ ਤੁਹਾਡਾ ਟੈਲੀਵਿਜ਼ਨ ਇਨ੍ਹਾਂ ਨੂੰ ਦਿਖਾਉਂਦਾ ਹੈ ਤੇ ਨਾ ਕੋਈ ਹੋਰ ਚੈਨਲ ਹੈ ਇਨ੍ਹਾਂ ਫ਼ਿਲਮਾਂ ਕੋਲ। ਤੇ ਜੋ ਕਮਰਸ਼ੀਅਲ ਡਿਸਟ੍ਰੀਬਿਊਟਰ ਹਨ, ਉਹ ਤਾਂ ਇਨ੍ਹਾਂ ਨੂੰ ਹੱਥ ਤਕ ਨਹੀਂ ਲਾਉਂਦੇ ਤਾਂ ਕਿਥੇ ਜਾਣ ਇਹ ਫ਼ਿਲਮਾਂ? ਪਈਆਂ ਰਹਿਣਗੀਆਂ ਡੱਬਿਆਂ ਵਿਚ ਬੰਦ, ਪੈਸੇ ਬਰਬਾਦ, ਕੋਈ ਨਹੀਂ ਦੇਖੇਗਾ ਇਨ੍ਹਾਂ ਨੂੰ। ਫੇਰ ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਨੂੰ ਇਹ ਚਾਹੀਦਾ ਹੈ ਕਿ ਤੁਹਾਡੇ ਕੋਲ ਰਾਜ ਸਭਾ ਚੈਨਲ ਹੈ, ਲੋਕ ਸਭਾ ਚੈਨਲ ਹੈ, ਦੂਰਦਰਸ਼ਨ ਹੈ, ਇਹ ਫ਼ਿਲਮਾਂ ਦੂਰਦਰਸ਼ਨ 'ਤੇ ਦਿਖਾਓ। ਜਾਂ ਕੋਈ ਹੋਰ ਚੈਨਲ ਸ਼ੁਰੂ ਕਰੋ। ਜਿਸ 'ਤੇ ਇਸ ਤਰ੍ਹਾਂ ਦੀਆਂ ਸਮਾਜਕ ਉਦੇਸ਼ਾਂ ਵਾਲੀਆਂ ਫ਼ਿਲਮਾਂ ਦਿਖਾਈਆਂ ਜਾ ਸਕਣ। ਜਾਂ ਕੋਈ ਸਰਕਾਰ ਇਕ ਅਜਿਹਾ ਚੈਨਲ ਖੋਲ੍ਹੇ ਜਿਸ 'ਤੇ ਪੈਨੋਰਮਾ ਦੀਆਂ ਫ਼ਿਲਮਾਂ ਤੇ ਜਿਹੜੀਆਂ ਇਥੇ ਚੁਣੀਆਂ ਨਹੀਂ ਜਾਂਦੀਆਂ, ਉਹ ਫ਼ਿਲਮਾਂ ਦਿਖਾਈਆਂ ਜਾਣ। ਲੋਕ ਦੇਖਣਗੇ ਤੇ ਆਪ ਫ਼ੈਸਲਾ ਕਰ ਲੈਣਗੇ। ਅਸੀਂ ਵਾਰ-ਵਾਰ ਰੌਲਾ ਪਾਉਂਦੇ ਆ ਰਹੇ ਹਾਂ, ਸਰਕਾਰ ਨੂੰ ਕਹਿੰਦੇ ਆ ਰਹੇ ਹਾਂ ਕਿ ਕੁਝ ਤਾਂ ਕਿਰਪਾ ਕਰੋ, ਦੂਰਦਰਸ਼ਨ ਤੁਹਾਡਾ ਹੈ, ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਕਹਿੰਦੇ ਕਿ ਸਮਾਜਕ ਯਥਾਰਥ ਨਾਲ ਜੁੜੀਆਂ ਫ਼ਿਲਮਾਂ ਦਿਖਾਉਣ। ਫ਼ਿਲਮਾਂ ਨਾਲ ਸਬੰਧਤ ਕੋਈ ਕੌਮੀ ਨੀਤੀ ਕਿਉਂ ਨਹੀਂ ਹੈ। ਰੂਸ ਕੋਲ ਆਪਣੀ ਨੀਤੀ ਹੈ। ਇਰਾਨ ਵਿਚ ਦੇਖੋ ਕਮਾਲ ਦੀਆਂ ਫ਼ਿਲਮਾਂ ਬਣਦੀਆਂ ਹਨ। ਭਾਵੇਂ ਸਿਨੇਮੇ ਦਾ ਬਹੁਤ ਘੱਟ ਯੋਗਦਾਨ ਹੈ ਪਰ ਫੇਰ ਵੀ ਸਮਾਜਕ ਜੀਵਨ ਵਿਚ ਫ਼ਿਲਮਾਂ ਦੀ ਭੂਮਿਕਾ ਨੂੰ ਘਟਾਇਆ ਨਹੀਂ ਜਾ ਸਕਦਾ। ਸਾਡੇ ਇਥੇ ਜੈਸਿਕਾ ਲਾਲ ਵਰਗੀ ਫ਼ਿਲਮ ਬਣੀ। ਮੈਨੂੰ ਬੜੀ ਖ਼ੁਸ਼ੀ ਹੋਈ ਕਿ ਚੱਲੋ ਇਹ ਲੋਕਾਂ ਨੂੰ ਸੁਚੇਤ ਤਾਂ ਕਰਦੀ ਹੈ। ਲੋਕਾਂ ਨੂੰ ਜਾਗਰੂਕ ਕਰਦੀ ਹੈ ਕਿ ਦੇਖੋ ਤੁਸੀਂ ਆਵਾਜ਼ ਉਠਾਈ ਤਾਂ ਇਹ ਹੋਇਆ। ਇਹ ਬਹੁਤ ਘੱਟ ਹੈ ਕਿ ਜੁਡੀਸ਼ਰੀ ਦੁਬਾਰਾ ਕੇਸ ਖੋਲ੍ਹੇ! ਬਹੁਤ ਘੱਟ, ਅਸੰਭਾਵਨਾ ਤੋਂ ਬਹੁਤ ਪਰ੍ਹੇ।।

ਹੁਣ ਤੁਸੀਂ ਕੀ ਕਰ ਰਹੇ ਹੋ?

ਤਾਜ਼ਾਤਰੀਨ ਤਾਂ ਬੱਸ ਇਹ ਹੈ ਕਿ ਮੈਂ ਫ਼ਿਲਹਾਲ ਤਾਂ ਥੋੜਖ਼ਾ ਆਰਾਮ ਦੇ ਮੂਡ ਵਿਚ ਹ। ਦੂਸਰਾ ਹੁਣ ਮੈਂ ਇਹ ਤੈਅ ਕੀਤਾ ਹੈ ਕਿ ਮੈਂ ਹੁਣ ਘਟੀਆ ਸਿਨੇਮਾ ਨਹੀਂ ਕਰਾਂਗਾ। ਮਤਲਬ ਮੈਂ ਪਹਿਲਾਂ ਜਦੋਂ ਭੁੱਖਾ ਮਰਦਾ ਸੀ ਤਾਂ ਘਟੀਆ ਸਿਨੇਮਾ ਵੀ ਕੀਤਾ। ਹੁਣ ਮੈਂ ਭੁੱਖਾ ਨਹੀਂ ਮਰ ਰਿਹਾ, ਇਸ ਲਈ ਘਟੀਆ ਸਿਨੇਮਾ ਨਹੀਂ ਕਰਾਂਗਾ।

('ਹੰਸ' ਵਿਚੋਂ ਧੰਨਵਾਦ ਸਹਿਤ)

Blend of flavours

Party Cakes – Cupcakes – Desserts
Gluten free menu
Thai & Asian cuisine

http://www.facebook.com/Blendofflavours
tania – 780-977-4589
(take away only)

Gurpreet Singh Sohal (B.E. Mech.)
Tel.: 780.935.2990

Driver Instructor
Professional Training
Class 4
Class 5 Basic
Class 5 Advance



Lock Smith
If:
→ Your Car is Locked
→ Your Car Need Boost

Please Call

Rental Car Available For Road Test (Dual Brake)

# ਆਓ ਗਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਹੋਈਏ



ਮੱਖਣ ਸਿੰਘ ਕੁਹਾੜ
+91-95013-65522
makhansinghkohar@gmail.com

2013 ਦਾ ਵਰ੍ਹਾ ਗਦਰੀ ਲਹਿਰ ਨੂੰ ਸਮਰਪਤ ਵਰ੍ਹਾ ਹੈ। 1913 ਵਿਚ ਅਮਰੀਕਾ ਦੀ ਧਰਤੀ ਤੋਂ ਸ਼ੁਰੂ ਹੋਈ ਇਸ ਲਹਿਰ ਨੇ ਲੰਮਾ ਪੈਂਡਾਂ ਤਹਿ ਕਰਦਿਆਂ 1947 ਦੀ ਦੇਸ਼ ਦੀ ਆਜ਼ਾਦੀ ਤੀਕਰ ਅਨੇਕਾਂ ਇਤਿਹਾਸਕ ਮੀਲ ਪੱਥਰ ਗੱਡੇ। ਭਾਵੇਂ 1947 ਨੂੰ ਦੇਸ਼ ਦੀ ਆਜ਼ਾਦੀ ਨਾਲ ਗਦਰੀ ਬਾਬਿਆਂ ਦਾ ਸਮਾਜਕ-ਆਰਥਕ ਬਰਾਬਰੀ ਦਾ ਸੰਪੂਰਨ ਆਜ਼ਾਦੀ ਦਾ ਸੁਪਨਾ ਤਾਂ ਪੂਰਾ ਨਹੀਂ ਹੋਇਆ ਪਰ ਜੋ ਸਿਆਸੀ ਅਜ਼ਾਦੀ ਮਿਲੀ ਉਹ ਵੀ ਇਕ ਵੱਡੀ ਪ੍ਰਾਪਤੀ ਹੈ। ਸੱਚ ਤਾਂ ਇਹ ਹੈ ਕਿ ਜੇਕਰ ਗਦਰ ਪਾਰਟੀ ਦੀ ਸਥਾਪਨਾ ਨਾ ਹੋਈ ਹੁੰਦੀ ਤਾਂ ਅਜੇ ਤੀਕ ਵੀ ਭਾਵੇਂ ਸਾਡਾ ਮੁਲਕ ਅੰਗਰੇਜ਼ ਸਾਮਰਾਜ ਦਾ ਗੁਲਾਮ ਹੀ ਰਹਿੰਦਾ।

ਅਮਰੀਕਾ ਕਨੇਡਾ ਗਏ ਭਾਰਤੀਆਂ ਨੇ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਆਜ਼ਾਦ ਕਰਾਉਣ ਲਈ 1913 ਵਿਚ ਹਿੰਦੀ ਐਸੋਸੀਏਸ਼ਨ ਆਫ਼ ਪੈਸੀਫ਼ਿਕ ਕੋਸਟ ਨਾਂ ਦੀ ਜਥੇਬੰਦੀ ਬਣਾਈ ਜੋ ਬਾਅਦ ਵਿਚ 'ਗਦਰ ਪਾਰਟੀ' ਦੇ ਨਾਮ ਨਾਲ ਪ੍ਰਸਿੱਧ ਹੋਈ। ਭਾਵੇਂ ਸ਼ੁਰੂ ਵਿਚ ਇਸ ਦਾ ਸਰਗਰਮੀਆਂ ਦਾ ਕੇਂਦਰ ਵੈਨਕੂਵਰ (ਕਨੇਡਾ) ਸੀ ਪਰ ਕਨੇਡਾ ਉਸ ਵਕਤ ਬਰਤਾਨੀਆ ਦੀ ਬਸਤੀ ਹੋਣ ਕਾਰਨ ਇਸ ਦਾ ਹੈਡਕੁਆਰਟਰ ਸਾਨਫ਼੍ਰਾਂਸਿਸਕੋ (ਅਮਰੀਕਾ) ਬਣਾਇਆ ਗਿਆ। ਇਥੇ ਇਸ ਗਦਰ ਪਾਰਟੀ ਦੇ ਦਫ਼ਤਰ ਦਾ ਨਾਮ 'ਯੁਗਾਂਤਰ ਆਸ਼ਰਮ' ਰੱਖਿਆ ਗਿਆ ਜੋ ਸੱਚਮੁਚ 'ਯੁੱਗ ਪਲਟਾਉ ਕਿਲੇ' ਦੇ ਰੂਪ ਵਿਚ ਕੰਮ ਕਰਦਾ ਰਿਹਾ। 1913 ਨੂੰ ਸਥਾਪਨਾ ਸਮੇਂ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਸੋਹਣ ਸਿੰਘ ਭੱਕਨਾ, ਜਨਰਲ ਸਕੱਤਰ ਲਾਲ ਹਰਦਿਆਲ ਅਤੇ ਖ਼ਜ਼ਾਨਚੀ ਭਾਈ ਕਾਂਸ਼ੀ ਰਾਮ ਮੜੌਲੀ ਨੂੰ ਬਣਾਇਆ ਗਿਆ। ਗਦਰ ਲਹਿਰ ਦੀ ਸਭ ਤੋਂ ਮਹਾਨ ਦੇਣ ਸਰਬਸਾਂਝੀਵਾਲਤਾ, ਸਮਾਜਕ-ਆਰਥਕ ਬਰਾਬਰਤਾ, ਧਰਮ ਨਿਰਪੱਖ ਸੋਚ ਵਾਲੀ ਜੁਝਾਰੂ ਲਹਿਰ ਕਾਇਮ ਕਰਕੇ ਬਰਤਾਨਵੀ ਸਾਮਰਾਜ ਪ੍ਰਤੀ ਪੂਰੇ ਦੇਸ਼ ਵਿਚ ਵਿਰੋਧ ਦੀ ਭਾਵਨਾ ਕਾਇਮ ਕਰਨਾ ਅਤੇ ਪੂਰਨ ਆਜ਼ਾਦੀ ਦਾ ਸੁਪਨਾ ਘਰ-ਘਰ ਪਹੁੰਚਾਉਣ ਵਿਚ ਆਂਕੀ ਜਾ ਸਕਦੀ ਹੈ।

ਇਸ ਲਹਿਰ ਨੇ ਮਾਯੂਸ ਭਾਰਤੀਆਂ ਦੀ ਸੋਚ ਨੂੰ ਹਲੂਣਿਆ, ਉਨ੍ਹਾਂ ਦੀ ਗਰੀਬੀ, ਭੁੱਖਮਰੀ, ਵਿਤਕਰੇ, ਬੇਰੁਜ਼ਗਾਰੀ ਤੇ ਬੇਇਨਸਾਫ਼ੀ ਨੂੰ ਦੂਰ ਕਰਨ ਦੀ ਆਸ ਪ੍ਰਬਲ ਕੀਤੀ ਅਤੇ ਦੇਸ਼ ਲਈ ਮਰ ਮਿੱਟਣ ਵਾਲੇ ਅਨੇਕਾਂ ਯੋਧੇ ਪੈਦਾ ਕੀਤੇ। ਭਾਰਤੀਆਂ ਨੂੰ ਗੁਲਾਮ ਜਹਿਨੀਅਤ ਬਰਾਬਰਤਾ ਵਾਲੇ ਜੀਵਨ ਜਿਊਣ ਨਾਲੋਂ ਅੰਗਰੇਜ਼ਾਂ ਨੂੰ ਮਾਰ ਭਜਾਉਣ ਦਾ ਜਜ਼ਬਾ ਪੈਦਾ ਕੀਤਾ। ਗਦਰ ਲਹਿਰ ਦੀ ਨਿਰੰਤਰਤਾ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਅਤੇ ਆਈ.ਐਨ.ਏ. ਦੇ ਰੂਪ ਵਿਚ ਦੇਸ਼ ਦੀ ਆਜ਼ਾਦੀ ਤੀਕ ਲਗਾਤਾਰ ਜਾਰੀ ਰਹੀ।

ਗਦਰੀਆਂ ਦਾ ਉੱਦਮ, ਬਹਾਦਰੀ, ਕੁਰਬਾਨੀ, ਲਾ-ਮਿਲਾਸ ਸੀ। ਉਨ੍ਹਾਂ ਦੇ ਵਿਚਾਰ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਚਲਾਈ ਜਾ ਰਹੀ ਲਹਿਰ ਤੋਂ ਅੱਡਰੇ ਸਨ। ਕਾਂਗਰਸ ਪਾਰਟੀ ਜਿਸ ਦੀ ਸਥਾਪਨਾ ਖ਼ੁਦ ਅੰਗਰੇਜ਼ ਹਕੂਮਤ ਨੇ ਆਪਣੀ ਸਹੂਲਤ ਲਈ ਕੀਤੀ ਸੀ, ਸਮਝੌਤਾਵਾਦੀ ਨੀਤੀ ਦਾ ਸ਼ਿਕਾਰ ਹੋ ਕੇ ਰਹਿ ਗਈ ਸੀ। ਗਦਰੀ ਰਜਵਾੜਿਆਂ, ਟੋਡੀਆਂ, ਜਾਤਪਾਤ, ਧਾਰਮਕ ਤੇ ਖੇਤਰੀ ਵਖਰੇਵਿਆਂ ਦੇ ਵਿਰੁੱਧ ਸਨ। ਉਹ ਬਰਤਾਨੀਆਂ ਸਾਮਰਾਜ ਨੂੰ ਦੇਸ਼ 'ਚੋਂ ਬਾਹਰ ਕੱਢ ਕੇ ਸੰਪੂਰਨ ਅਜ਼ਾਦੀ ਦਾ ਸੰਕਲਪ ਪੂਰਾ ਕਰਨਾ ਚਾਹੁੰਦੇ ਸਨ। 1857 ਦਾ ਗਦਰ ਅਧੂਰਾ ਰਹਿ ਗਿਆ ਸੀ। ਗਦਰ ਪਾਰਟੀ ਇਸ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਦ੍ਰਿੜ ਸੰਕਲਪ ਸੀ।

ਗਦਰ ਕਰਨ ਦੇ ਉਦੇਸ਼ ਨਾਲ 1914 ਨੂੰ ਅਮਰੀਕਾ, ਕਨੇਡਾ, ਚੀਨ, ਜਾਪਨ, ਸਿੰਗਾਪੁਰ, ਹਾਂਗਕਾਂਗ, ਮਲਾਇਆ ਆਦਿ ਬਹੁਤ ਸਾਰੇ ਦੇਸ਼ਾਂ ਤੋਂ ਗਦਰੀ ਭਾਰਤ ਪੁਜੇ। ਇਨ੍ਹਾਂ ਦੀ ਗਿਣਤੀ 8 ਹਜ਼ਾਰ ਦੇ ਕਰੀਬ ਸੀ। 23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਦੀ ਵਾਪਸੀ ਤੇ ਮੁਸਾਫ਼ਰਾਂ ਨਾਲ ਹੋਏ ਜ਼ੁਲਮਾਂ ਦੀ ਗਾਥਾ ਨਾਲ ਵੀ ਲੋਕ ਰੋਹ ਪ੍ਰਚੰਡ ਹੋ ਗਿਆ ਸੀ। ਵਿਦਰੋਹੀ ਭਾਵਨਾ ਪ੍ਰਬਲ ਸੀ। ਗਦਰੀ ਲਹਿਰ ਦੇ ਪ੍ਰਚੰਡ ਰੂਪ ਦਾ ਸਿੱਟਾ ਸੀ ਕਿ 21 ਫ਼ਰਵਰੀ 1915 ਗਦਰ ਦੀ ਤਰੀਕ ਤਹਿ ਕੀਤੀ ਗਈ ਪਰ ਅੰਗਰੇਜ਼ ਹਕੂਮਤ ਨੂੰ ਅਗਾਊਂ ਸੂਹ ਮਿਲਣ ਕਾਰਨ ਇਹ ਕਾਰਜ ਸਿਰੇ ਨਾ ਚੜ੍ਹ ਸਕਿਆ। 13 ਸਤੰਬਰ 1915 ਨੂੰ 'ਪਹਿਲੇ ਲਹੌਰ ਸਾਜ਼ਸ਼ ਕੇਸ' ਦੇ ਫ਼ੈਸਲੇ ਅਨੁਸਾਰ ਦੂਜੇ ਦੇਸ਼ ਭਗਤ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ ਸੱਤ ਨੂੰ ਮੌਕੇ 'ਤੇ ਫਾਂਸੀ ਲਾ ਦਿੱਤਾ ਗਿਆ, ਜਿਨ੍ਹਾਂ 'ਚੋਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਣੇ, ਰਹਿਮਤ ਅਲੀ, ਪੰਡਤ ਕਾਂਸ਼ੀ ਰਾਮ ਮੜੌਲੀ ਨੇ ਇਕੱਠਿਆਂ ਇਕੋ ਸਮੇਂ ਫਾਂਸੀ ਦਾ ਰੱਸਾ ਚੁੰਮਿਆ। ਕਰਤਾਰ ਸਿੰਘ ਸਰਾਭਾ ਜੋ ਹੋਰ ਭਰਤੀਆਂ ਵਾਂਗ ਵਧੀਆ ਜੀਵਨ ਬਤੀਤ ਕਰਨ ਦਾ ਸੁਪਨਾ ਲੈ ਕੇ ਭਾਰਤ ਤੋਂ ਉਚ ਵਿਦਿਆ ਲਈ ਅਮਰੀਕਾ ਪੁੱਜਾ ਸੀ ਅਤੇ ਉਹ ਗਦਰ ਪਾਰਟੀ ਦਾ ਹੋਣਹਾਰ ਹੀਰਾ ਬਣ ਕੇ ਚਮਕਿਆ ਸੀ। ਫਾਂਸੀ ਵੇਲੇ ਉਸ ਦੀ ਉਮਰ ਸਿਰਫ਼ 19 ਸਾਲ ਸੀ। ਕੁਲ 500 ਗਰਦੀਆਂ ਨੂੰ ਫਾਹੇ ਲਾਇਆ ਗਿਆ। 750 ਦੇ ਕਰੀਬ ਗਰਦੀਆਂ ਨੂੰ ਕਾਲੇ ਪਾਣੀ (ਅੰਡੇਮਾਨ ਜੇਲ੍ਹ) ਦੀ ਸਜ਼ਾ ਹੋਈ, 5000 ਦੇ ਲਗਭਗ ਗਦਰੀਆਂ ਨੂੰ ਹੋਰ-ਹੋਰ ਸਜ਼ਾਵਾਂ ਹੋਈਆਂ। 1919 ਤੋਂ ਬਾਅਦ ਗਦਰ ਪਾਰਟੀ ਦਾ ਅਗਲਾ ਦੌਰ ਸ਼ੁਰੂ ਹੋਇਆ ਤੇ ਜਲ੍ਹਿਆਂ ਵਾਲੇ ਬਾਗ, ਭਗਤ ਸਿੰਘ ਦੀ ਸ਼ਹੀਦੀ, ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਲੜੀ ਗਈ ਏਸੇ ਹੀ ਤਰਜ਼ ਦੀ ਆਜ਼ਾਦ ਹਿੰਦ ਫ਼ੌਜ ਦੀ ਲੜਾਈ ਦੇ ਰੂਪ ਵਿਚ ਆਜ਼ਾਦੀ ਤੀਕ ਕਾਇਮ ਰਿਹਾ।

ਅੱਜ ਜੋ 1947 ਨੂੰ ਪ੍ਰਾਪਤ ਹੋਈ ਅਧੂਰੀ ਜਿਹੀ ਕੇਵਲ ਸਿਆਸੀ ਆਜ਼ਾਦੀ ਅਸੀਂ ਮਾਣ ਰਹੇ ਹਾਂ ਇਹ 'ਬਿਨਾਂ ਖੜਗ ਬਿਨਾਂ ਢਾਲ' ਦੇ ਨਹੀਂ ਮਿਲੀ। ਇਸ ਪਿਛੇ ਗਦਰ ਪਾਰਟੀ ਦੇ ਸੂਰਬੀਰਾਂ ਦੁਆਰਾ ਪੈਦਾ ਕੀਤੀ ਗਈ ਚੇਤਨ ਤੇ ਪ੍ਰਚੰਡ ਲਹਿਰ ਰਾਹੀਂ ਹਜ਼ਾਰਾਂ ਲੱਖਾਂ ਸ਼ਹੀਦੀਆਂ ਤੇ ਕੁਰਬਾਨੀਆਂ ਦਾ ਸਪੱਸ਼ਟ ਹੱਥ ਹੈ। ਬੇਸ਼ੱਕ ਆਰਥਕ, ਸਮਾਨਤਾ ਵਾਲੀ ਆਜ਼ਾਦੀ ਦੇਣ ਵਾਲੇ ਸਮਾਜਵਾਦੀ ਪ੍ਰਬੰਧ ਕਾਇਮ ਕਰਨ ਦੀ ਮੁਕੰਮਲ ਆਜ਼ਾਦੀ ਦੀ ਥਾ ਰਾਜ ਸੱਤਾ 'ਗੋਰਿਆਂ' ਦੀ ਥਾਂ 'ਕਾਲਿਆਂ' ਦੇ ਹੱਥ ਆ ਗਈ ਪਰ ਅੱਜ ਵੀ ਆਰਥਕ ਆਜ਼ਾਦੀ ਦਾ ਸੁਪਨਾ ਸਾਕਾਰ ਕਰਨ ਲਈ ਨਿਰੰਤਰ ਜਦੋ-ਜਹਿਦ ਤੇ ਦ੍ਰਿੜ ਸੰਕਲਪ ਇਰਾਦਿਆਂ ਨਾਲ ਲਹੂ ਵੀਟਵੀਂ ਲੜਾਈ ਲੜਨ ਦੀ ਲੋੜ ਹੈ।

ਅੱਜ ਤੀਕ ਭਾਰਤੀ ਹਕੂਮਤ ਨੇ ਕਾਮਾਗਾਟਾ ਮਾਰੂ, ਕੂਕਾ ਲਹਿਰ, ਜਲ੍ਹਿਆਂ ਵਾਲਾ ਬਾਗ਼ ਆਦਿ ਮਹਾਨ ਕੁਰਬਾਨੀਆਂ ਭਰੀਆਂ ਘਟਨਾਵਾਂ ਨੂੰ ਅਣਗੌਲਿਆਂ ਕੀਤਾ ਰੱਖਿਆ ਹੈ ਤੇ ਹੁਣ ਆ ਕੇ ਲੋਕ ਰੋਹ ਅੱਗੇ ਝੁਕਦਿਆਂ ਉਸ ਨੂੰ ਸਰਕਾਰੀ ਮਹਿਕ ਦਿੰਦਿਆਂ ਲਿਸਟਾਂ ਬਣਾਉਣ ਦੀ ਗੱਲ ਕੀਤੀ ਹੈ। ਗਦਰੀ ਬਾਬਿਆਂ ਦਾ ਸੁਪਨਾ ਅਧੂਰਾ ਹੈ ਅਤੇ ਸਰਬ ਸਾਂਝੀਵਾਲਤਾ ਤੇ ਪੂਰਨ ਸਮਾਜਕ ਆਰਥਕ ਆਜ਼ਾਦੀ ਲਈ ਯੁੱਧ ਨਿਰੰਤਰ ਚਲ ਰਿਹਾ ਹੈ। ਅਨੇਕਾਂ ਜਥੇਬੰਦੀਆਂ ਉਸ ਪ੍ਰਤੀ ਪ੍ਰਤੀਬੱਧ ਹੋ ਕੇ ਕਾਰਜਸ਼ੀਲ ਹਨ। ਬਾਬਿਆਂ ਦੇ ਸ਼ਾਨਾਮੱਤੀ ਇਤਿਹਾਸ ਤੋਂ ਸਬਕ ਲੈਂਦਿਆਂ ਇਸ ਲਹਿਰ ਨੂੰ ਹੋਰ ਪ੍ਰਚੰਡ ਕਰਨ ਦੀ ਲੋੜ ਹੈ।

1947 ਵਿਚ ਜਿਸ ਈਸਟ ਇੰਡੀਆ ਕੰਪਨੀ ਰਾਹੀਂ ਸਥਾਪਤ ਬਰਤਾਨਵੀਂ ਸਾਮਰਾਜ ਨੂੰ ਦੇਸ਼ 'ਚੋਂ ਬਾਹਰ ਜਾਣ ਲਈ ਗਦਰੀ ਬਾਬਿਆਂ, ਗਦਰ ਲਹਿਰ ਦੀ 1913 'ਚ ਸਥਾਪਨਾ ਕਰ ਕੇ ਲੰਮੀ ਜਦੋ-ਜਹਿਦ ਤੇ ਕੁਰਬਾਨੀਆਂ ਨਾਲ ਬਾਹਰ ਕੱਢਿਆ ਸੀ ਉਹੀ ਈਸਟ ਇੰਡੀਆ ਕੰਪਨੀ ਵਿਕਰਾਲ ਰੂਪ ਧਾਰਨ ਕਰ ਕੇ ਬਹੁਰਾਸ਼ਟਰੀ ਕੰਪਨੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਸਾਡੇ ਦੇਸ਼ ਵਿਚ ਆ ਵੜੀ ਹੈ। ਸਾਮਰਾਜੀ ਬਘਿਆੜ ਇਕ ਮੁੱਠ ਹੋ ਕੇ ਸਾਡੀਆਂ ਬਰੂਹਾਂ ਅੱਗੇ ਖੂਨੀ ਪੰਜੇ ਪਸਾਰੀ ਖੜੇ ਹਨ।

ਐਫ਼.ਡੀ.ਆਈ. ਦੇ ਰੂਪ ਵਿਚ ਪਰਚੂਨ, ਪੈਨਸ਼ਨ, ਸੜਕਾਂ, ਬਿਜਲੀ, ਪਾਣੀ, ਸਿੱਖਿਆ, ਸਿਹਤ, ਬ੍ਰਾਡਕਾਸਟਿੰਗ, ਬੈਂਕਾਂ, ਬੀਮਾਂ ਹਰ ਖੇਤਰ ਵਿਚ ਲੈ ਆਉਣ ਦੀ ਭਾਰਤੀ ਹਾਕਮਾਂ ਨੇ ਸਹਿਮਤੀ ਦੇ ਕੇ ਦੇਸ਼ ਨੂੰ ਫਿਰ ਤੋਂ ਗੁਲਾਮ ਬਣਾ ਦੇਣ ਦਾ ਰਾਹ ਖੋਲ੍ਹ ਦਿੱਤਾ ਹੈ। ਆਓ ਜੋ ਵੀ ਆਜ਼ਾਦੀ ਮਿਲੀ ਹੈ ਉਸ ਨੂੰ ਕਾਇਮ ਰੱਖਦੇ ਹੋਏ ਗਦਰੀ ਬਾਬਿਆਂ ਦੇ ਸੰਪੂਰਨ ਆਜ਼ਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉਸੇ ਹੀ ਤਰਜ਼ 'ਤੇ ਧਰਮਾਂ, ਜਾਤਾਂ, ਮਜ਼੍ਹਬਾਂ, ਫਿਰਕਿਆਂ, ਖੇਤਰਾਂ, ਸਿਆਸੀ ਸੋਚਾਂ ਤੋਂ ਉਪਰ ਉਠ ਕੇ ਲਹੂ ਵੀਟਵਾਂ ਸੰਤਰਸ਼ ਵਿਢੀਏ। 2013 ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਤ ਹੋ ਕੇ ਦੇਸ਼ ਭਗਤ ਯਾਦਗਾਰੀ ਕਮੇਟੀ ਜਲੰਧਰ ਵਲੋਂ ਦੇਸ਼ ਵਿਦੇਸ਼ ਵਿਚ ਜੋ ਸਮਾਰੋਹ ਕਰਵਾਏ ਜਾ ਰਹੇ ਹਨ, ਉਨ੍ਹਾਂ ਵਿਚ ਵੀ ਸ਼ਾਮਲ ਹੋਈਏ ਅਤੇ ਆਪ ਵੀ ਐਸੇ ਸਮਾਰੋਹ ਉਲੀਕੀਏ ਜਿਸ ਨਾਲ ਪਿਛਲੇ 100 ਸਾਲ ਦੇ ਇਤਿਹਾਸ ਦੇ ਵਰਕੇ ਫੋਲ ਕੇ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰ ਕੇ ਲਹਿਰ ਤੋਂ ਸਬਕ ਲੈ ਕੇ ਸੁਨਹਿਰੀ ਭਵਿੱਖ ਵੱਲ ਵਧੀਏ।

ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਮਹਿੰਗਾਈ, ਗੁੰਡਾਗਰਦੀ, ਔਰਤ ਜ਼ੁਲਮ, ਜ਼ਿਆਦਤੀ, ਸਮਾਜਕ ਬੇਇਨਸਾਫ਼ੀ, ਭ੍ਰਿਸ਼ਟਾਚਾਰ ਆਦਿ ਤੋਂ ਮੁਕਤੀ ਦਾ ਇਕੋ-ਇਕ ਰਾਹ ਸਾਂਝੀ ਜਦੋ-ਜਹਿਦ ਤੋਂ ਬਿਨਾ ਹੋਰ ਕੋਈ ਨਹੀਂ ਹੈ। ਗਰਦੀ ਲਹਿਰ ਦੇ ਸ਼ਤਾਬਦੀ ਵਰ੍ਹੇ ਤੇ 1913-2013 ਦੇ ਸੌ ਸਾਲਾ ਗਦਰੀ ਇਤਿਹਾਸ ਨੂੰ ਸੂਹਾ ਸਲਾਮ।

*ਤੁਸਾਂ ਸੈਲਾਬ ਦੀ ਹਿੱਕ ਤੇ ਸਥਾਈ ਘਰ ਬਣਾਇਆ ਹੈ।*
*ਸਿਤਮ ਹੈ ਕਿ ਤੁਸਾਂ ਝੱਖੜ 'ਚ ਵੀ ਦੀਵਾ ਜਗਾਇਆ ਹੈ।*
*ਮੁਸਾਫ਼ਰ ਪਾਰ ਲੰਘਣਗੇ, ਤੁਹਾਡੀ ਕਰਨਗੇ ਤਾਰੀਫ਼,*
*ਤੁਸਾਂ ਜੋ ਬਿੱਫਰੇ ਦਰਿਆ ਦੇ ਉਤੇ ਪੁਲ ਬਣਾਇਆ ਹੈ।*




Immigrant Access Fund IAF™

Micro Loans for Internationally Trained Immigrants

**Are you an immigrant and do you want to work in your occupation in Canada?**

You can borrow up to $10,000 to help with the cost of your Canadian accreditation or training.

**For information or to apply for a loan, contact:**

If you live in Edmonton or north of Airdrie:

**IAF Edmonton**

Email: info@iafcanada.org • Phone: 780-756-3023

Address: 45, 9912-106 Street, Edmonton, AB T5K 1C5

To learn more, visit www.iafcanada.org

**Your loan can be used for:**

- Short-term training, including tuition fees
- Exam fees and travel expenses to write exams
- Books and course materials
- Assessment and qualification fees
- Living allowance during study time
- Other related expenses

**To be eligible you must:**

- Be an immigrant
- Be a Canadian citizen, permanent resident, or protected person
- Lack funds to pay for your accreditation/training plan
- Have an appropriate level of English
- Have reasonable employment opportunity

WITH SUPPORT FROM

Canada | Citizenship and Immigration Canada | Citoyenneté et Immigration Canada | Government of Alberta | Strategic Partner momentum



# ਹਿਊਗੋ ਸ਼ਾਵੇਜ਼ ਦੀ ਮੌਤ ਨਾਲ ਪੈਦਾ ਹੋਇਆ ਖਲਾਅ ਕੌਣ ਭਰੇਗਾ?


ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com




ਅਮਰੀਕਾ ਦੀਆਂ ਨਵ ਸਾਮਰਾਜਵਾਦੀ ਨੀਤੀਆਂ ਨੂੰ ਲਾਤੀਨੀ ਅਮਰੀਕਾ ਦੀ ਧਰਤੀ 'ਤੇ ਬੈਠ ਕੇ ਰੱਦ ਕਰਨ ਵਾਲਾ ਤੇ ਉਨ੍ਹਾਂ ਨੀਤੀਆਂ ਖ਼ਿਲਾਫ਼ ਸੰਸਾਰ ਭਰ ਵਿਚ ਵਿਦਰੋਹ ਲਾਮਬੰਦ ਕਰਨ ਵਾਲਾ ਇਨਕਲਾਬੀ ਸੂਰਮਾ ਬੀਤੀ ਪੰਜ ਮਾਰਚ ਨੂੰ ਇਸ ਦੁਨੀਆ 'ਤੇ ਨਹੀਂ ਰਿਹਾ। ਜਦੋਂ ਹੀ ਵੈਨਜ਼ੁਏਲਾ ਦੇ ਉਪ ਰਾਸ਼ਟਰਪਤੀ ਨੇ ਮੀਡੀਆ ਸਾਹਮਣੇ ਆਪਣੇ ਨਾਇਕ ਤੇ ਕਰੋੜਾਂ ਲੋਕਾਂ ਦੇ ਹਮਦਰਦ ਹਿਊਗੋ ਸ਼ਾਵੇਜ਼ ਦੀ ਮੌਤ ਦੀ ਖ਼ਬਰ ਦਾ ਪ੍ਰਗਟਾਵਾ ਕੀਤਾ ਤਾਂ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸੰਸਾਰ ਭਰ ਵਿਚ ਫੈਲ ਗਈ। ਵਿਸ਼ਵੀਕਰਨ ਦੀਆਂ ਲੋਕ ਮਾਰੂ ਨੀਤੀਆਂ ਦੇ ਸਤਾਏ ਲੋਕਾਂ ਦੀ ਬਾਂਹ ਫੜਨ ਵਾਲਾ ਏਨੀ ਛੋਟੀ ਉਮਰ ਵਿਚ ਲੋਕਾਂ ਨੂੰ ਵਿਲਕਦਿਆਂ ਛੱਡ ਕੇ ਤੁਰ ਗਿਆ। ਇਸ ਦਾ ਵਰਨਣ ਸ਼ਬਦਾਂ ਨਾਲ ਨਹੀਂ ਕੀਤਾ ਜਾ ਸਕਦਾ, ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ।

ਹਿਊਗੋ ਸ਼ਾਵੇਜ਼ ਬਹੁਤ ਹੀ ਛੋਟੀ ਉਮਰ ਵਿਚ ਲੋਕਾਂ ਤੋਂ ਵਿਦਾ ਹੋਇਆ ਹੈ ਤੇ ਹੋਇਆ ਵੀ ਉਦੋਂ ਹੈ ਜਦੋਂ ਸਾਰੇ ਸੰਸਾਰ ਨੂੰ ਹੀ ਉਸ ਦੀ ਬਹੁਤ ਲੋੜ ਸੀ। ਜਦੋਂ ਅਮਰੀਕਾ ਤੇ ਉਸ ਦੀ ਜੁੰਡਲੀ ਦੇ ਨਵਸਾਮਰਾਜੀਆਂ ਦਾ ਛੱਡਿਆ ਅੱਥਰਾ ਘੋੜਾ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰ ਕੇ ਉੱਥੇ ਦੀਆਂ ਹਰਿਆਲੀਆਂ ਚੁਗਣ ਲਈ ਇਕ ਤੋਂ ਬਾਅਦ ਇਕ ਦੂਸਰੇ ਦੇਸ਼ ਵਿਚ ਜਾ ਰਿਹਾ ਹੈ ਤੇ ਉਸ ਘੋੜੇ ਨੂੰ ਫੜਨ ਜਾਂ ਰੋਕਣ ਦਾ ਮਤਲਬ ਹੈ ਸੰਸਾਰ ਦੀਆਂ ਵੱਡੀਆਂ ਸਾਮਰਾਜੀ ਧਿਰਾਂ ਨਾਲ ਜੰਗ। ਜਿਸ ਕਰ ਕੇ ਉਸ ਅੱਥਰੇ ਘੋੜੇ ਨੂੰ ਰੋਕਣ ਦੀ ਬਜਾਏ ਸੰਸਾਰ ਦੇ ਵੱਖ ਵੱਖ ਦੇਸ਼ਾਂ ਨੇ ਉਸ ਘੋੜੇ ਦੀਆਂ ਪੈੜਾਂ ਹੇਠ ਆਪਣੇ ਦੇਸ਼ ਦੀਆਂ ਮਾਸੂਮ ਸੱਧਰਾਂ ਨੂੰ ਕੁਚਲ ਹੁੰਦਿਆਂ ਵੀ ਦੇਖਿਆ ਹੈ ਪਰ ਸੀ ਤਕ ਨਹੀਂ ਕੀਤੀ ਤਾਂ ਕਿ ਘੋੜੇ ਦੇ ਮਾਲਕ ਨਾਲ ਦੁਸ਼ਮਣੀ ਨਾ ਲੈਣੀ ਪੈ ਜਾਵੇ। ਜਿਵੇਂ ਰਾਮ ਦੇ ਘੋੜੇ ਨੂੰ ਉਸ ਦੇ ਹੀ ਪੁੱਤਰਾਂ ਨੇ ਫ਼ੜ ਕੇ ਰਾਮ ਨੂੰ ਯੁੱਧ ਲਈ ਵੰਗਾਰਿਆ ਸੀ, ਉਸੇ ਤਰ੍ਹਾਂ ਹੀ ਅਮਰੀਕੀ ਘੋੜੇ ਨੂੰ ਲਾਤੀਨੀ ਅਮਰੀਕਾ ਦੇ ਲੋਕਾਂ ਦੀ ਮਦਦ ਨਾਲ ਹਿਊਗੋ ਸ਼ਾਵੇਜ਼ ਨੇ ਉਦੋਂ ਫੜਿਆ ਜਦੋਂ ਇਹ ਘੋੜਾ ਆਪਣੀ ਚੜ੍ਹਦੀ ਜਵਾਨੀ ਵਿਚ ਹੀ ਸੀ। ਇਸ ਕਰ ਕੇ ਪੂਰੇ ਲਾਤੀਨੀ ਅਮਰੀਕਾ ਦੇ ਲੋਕਾਂ ਤੇ ਵੈਨਜ਼ੁਏਲਾ ਦੇਸ਼ ਨੂੰ ਇਸ ਗੱਲ ਦਾ ਮਾਣ ਰਹੇਗਾ, ਜਿਸ ਦੀ ਅਗਵਾਈ ਹਿਊਗੋ ਸ਼ਾਵੇਜ਼ ਕਰ ਰਹੇ ਸਨ।

ਹਿਊਗੋ ਸ਼ਾਵੇਜ਼ ਦਾ ਜਨਮ ਅਧਿਆਪਕ ਮਾਂ-ਬਾਪ ਦੇ ਘਰ ਵੈਨਜ਼ੁਏਲਾ ਸ਼ਹਿਰ ਦੇ ਸਾਂਬਾਨੇਤਾ ਸ਼ਹਿਰ ਵਿਚ 1954 ਵਿਚ ਹੋਇਆ। ਉਸ ਨੇ ਨੈਸ਼ਨਲ ਮਿਲਟਰੀ ਅਕੈਡਮੀ ਤੋਂ 'ਆਰਮਜ਼ ਐਂਡ ਸਾਇੰਸਜ਼' ਦੀ ਪੜ੍ਹਾਈ ਕੀਤੀ। ਇਸ ਤੋਂ ਬਾਅਦ ਉਹ ਪਾਰਾਟਰੂਪਰ ਯੂਨਿਟ ਵਿਚ ਅਫ਼ਸਰ ਦੀ ਹੈਸੀਅਤ ਵਿਚ ਭਰਤੀ ਹੋ ਗਏ। ਵੈਨਜ਼ੁਏਲਾ ਦੀ ਡਿੱਗ ਰਹੀ ਆਰਥਿਕਤਾ 'ਤੇ ਵੱਧ ਰਹੇ ਨਵ-ਸਾਮਰਾਜੀ ਪ੍ਰਭਾਵਾਂ ਨੂੰ ਦੇਖਦੇ ਹੋਏ ਰਾਜਨੀਤੀ ਵਿਚ ਆਉਣ ਦਾ ਫੈਸਲਾ ਕੀਤਾ। ਇਸ ਲਈ ਉਨ੍ਹਾਂ ਨੇ ਗੁਪਤ ਜਥੇਬੰਦੀ ਬਣਾਈ, ਜਿਸ ਦਾ ਨਾਮ ਲਾਤੀਨੀ ਅਮਰੀਕਾ ਦੀ ਆਜ਼ਾਦੀ ਦੇ ਨਾਇਕ ਸਿਮੋਨ ਬੋਲਿਵਰ ਦੇ ਨਾਮ ਉਪਰ 'ਇਨਕਲਾਬੀ ਬੋਲਿਵੇਰੀਅਨ ਲਹਿਰ' ਰੱਖਿਆ ਗਿਆ। ਇਸ ਰਾਜਸੀ ਇਰਾਦਿਆਂ ਵਾਲੀ ਗੁਪਤ ਜਥੇਬੰਦੀ ਨੇ ਸ਼ਾਵੇਜ਼ ਦੀ ਅਗਵਾਈ ਹੇਠ 1992 ਵਿਚ ਕਾਰਲੋਸ ਆਂਦਰੇਸ ਪੇਰੇਜ਼ ਦੀ ਅਗਵਾਈ ਵਾਲੀ ਭ੍ਰਿਸ਼ਟ ਤੇ ਅਮਰੀਕਾ ਪੱਖੀ ਸਰਕਾਰ ਦਾ ਤਖ਼ਤਾ ਪਲਟਾਉਣ ਦਾ ਯਤਨ ਕੀਤਾ। ਜਿਹੜਾ ਯਤਨ ਅਸਫਲ ਰਿਹਾ ਤੇ ਜਿਸ ਕਰ ਕੇ ਹਿਊਗੋ ਸ਼ਾਵੇਜ਼ ਨੂੰ ਦੋ ਸਾਲ ਤਕ ਜੇਲ੍ਹ ਵਿਚ ਰਹਿਣਾ ਪਿਆ। ਇਸ ਦੇ ਨਾਲ ਹੀ ਰਾਜਸੀ ਇਰਾਦਿਆਂ ਵਾਲੀ ਗੁਪਤ ਜਥੇਬੰਦੀ ਵੀ ਪੂਰੇ ਵੈਨਜ਼ੁਏਲਾ ਵਿਚ ਮਸ਼ਹੂਰ ਹੋ ਗਈ ਤੇ ਸ਼ਾਵੇਜ਼ ਨੇ ਆਪਣੀ ਗੁਪਤ ਜਥੇਬੰਦੀ ਤੋਂ ਸਮਾਜਕ ਜਥੇਬੰਦੀ ਦਾ ਸ਼ਫਰ ਤੈਅ ਕਰ ਲਿਆ। ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਉਨ੍ਹਾਂ ਨੇ ਆਪਣੀ ਨਵੀਂ ਜਥੇਬੰਦੀ ਬਣਾ ਕੇ ਉਸ ਤਹਿਤ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਜਥੇਬੰਦੀ ਦਾ ਨਾਮ 'ਮੂਵਮੈਂਟ ਆਫ ਦਾ ਫਿਫਥ ਰਿਪਬਲਿਕ' ਰੱਖਿਆ। ਜਿਸ ਨੇ ਸਮਾਜ ਦੇ ਲਗਭਗ ਹਰ ਖੇਤਰ ਵਿਚ ਕੰਮ ਕੀਤਾ ਤੇ ਹੋਰ ਹਮ ਖਿਆਲੀ ਸਿਆਸੀ ਪਾਰਟੀਆਂ ਨਾਲ ਵਧੀਆ ਸਬੰਧ ਬਣਾ ਕੇ 'ਯੂਨਾਇਟਡ ਸੋਸ਼ਲਿਸਟ ਪਾਰਟੀ ਆਫ ਵੈਨਜ਼ੁਏਲਾ'ਨਾਮ ਦਾ ਰਾਜਸੀ ਗਠਜੋੜ ਕਾਇਮ ਕੀਤਾ। ਇਸ ਦਾ ਮਨੋਰਥ ਜਮਹੂਰੀ ਤਰੀਕੇ ਨਾਲ ਅਮਰੀਕਾ ਪੱਖੀ ਨਵ-ਸਾਮਰਾਜੀ ਵੈਨਜ਼ੁਏਲਾ ਦੀਆਂ ਰਾਜਸੀ ਧਿਰਾਂ ਨੂੰ ਹਰਾਉਣਾ ਸੀ। ਇਸੇ ਤਹਿਤ ਹੀ ਸਮਾਜਵਾਦੀ ਮੈਨੀਫੈਸਟੋ ਤਹਿਤ 1998 ਵਿਚ ਰਾਸ਼ਟਰਪਤੀ ਦੀ ਚੋਣ ਲੜੀ ਤੇ ਜਿੱਤ ਪ੍ਰਾਪਤ ਕੀਤੀ।

ਵੈਨਜ਼ੁਏਲਾ ਸੰਸਾਰ ਦੇ ਵੱਡੇ ਕੁਦਰੀ ਤੇਲ ਭੰਡਾਰ ਵਾਲੇ ਦੇਸ਼ਾਂ ਵਿਚ ਸ਼ਾਮਲ ਹੈ। ਜਿਸ ਦੇਸ਼ ਨੂੰ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਦੀ ਮਦਦ ਨਾਲ ਬਹੁਕੌਮੀ ਕੰਪਨੀਆਂ ਲੁੱਟ ਰਹੀਆਂ ਸਨ। ਇਕੱਲੇ ਕੁਦਰਤੀ ਖਜ਼ਾਨਿਆਂ ਦੀ ਹੀ ਲੁੱਟ ਨਹੀਂ ਸੀ ਹੋ ਰਹੀ, ਸਗੋਂ ਵੈਨਜ਼ੁਏਲਾ ਦੇ ਲੋਕਾਂ ਦੀ ਵੀ ਹਰ ਪੱਖ ਤੋਂ ਲੁੱਟ ਹੋ ਰਹੀ ਸੀ। ਚੋਣਾਂ ਜਿੱਤਣ ਤੋਂ ਪਹਿਲਾਂ ਜਿਹੜਾ ਸਮਾਜਵਾਦੀ ਪ੍ਰੋਗਰਾਮ ਸ਼ਾਵੇਜ਼ ਨੇ ਲੋਕਾਂ ਨੂੰ ਦਿੱਤਾ ਸੀ, ਉਸ ਨੂੰ ਲਾਗੂ ਕਰਨ ਵਿਚ ਇਹ ਬਹੁਕੌਮੀ ਕੰਪਨੀਆਂ ਵੱਡੀ ਮੁਸੀਬਤ ਬਣਨ ਵਾਲੀਆਂ ਸਨ, ਜਿਨ੍ਹਾਂ ਖ਼ਿਲਾਫ਼ ਫੈਸਲਾ ਲੈ ਕੇ ਸ਼ਾਵੇਜ਼ ਨੇ ਦੱਸ ਦਿੱਤਾ ਕਿ ਉਹ ਨਾਅਰੇ ਕੇਵਲ ਚੋਣਾਂ ਜਿੱਤਣ ਲਈ ਹੀ ਨਹੀਂ ਸਨ, ਸਗੋਂ ਹਕੀਕਤ ਵਿਚ ਕੰਮ ਕਰਨ ਲਈ ਹੀ ਸਨ। ਇਸੇ ਨੀਤੀ ਤਹਿਤ 'ਪੈਟਰੋਲਜ਼ ਡੀ ਵੈਨਜ਼ੁਏਲਾ' ਦਾ ਰਾਸ਼ਟਰੀਕਰਨ ਕੀਤਾ ਗਿਆ। ਇਸ ਵਰਗੇ ਹੋਰ ਅਨੇਕਾਂ ਫੈਸਲਿਆਂ ਨੇ ਹੀ ਜਿੱਥੇ ਸ਼ਾਵੇਜ਼ ਦੀ ਲੋਕਾਂ ਵਿਚ ਮਕਬੂਲੀਅਤ ਵਧਾਈ, ਉੱਥੇ ਉਹ ਬਹੁਕੌਮੀ ਕੰਪਨੀਆਂ ਦੀਆਂ ਅੱਖਾਂ ਵਿਚ ਵੀ ਰੜਕਣ ਲੱਗਾ ਤੇ ਅਮਰੀਕਾ ਦਾ ਵੀ ਦੁਸ਼ਮਣ ਬਣ ਬੈਠਾ। ਇਸੇ ਕਰ ਕੇ ਸ਼ਾਵੇਜ਼ ਦੇ ਨਿੱਜੀ ਜੀਵਨ ਉਪਰ ਕਈ ਤਰ੍ਹਾਂ ਦੇ ਵਾਰ ਕਰਨ ਦੀਆਂ ਵਿਉਂਤਬੰਦੀਆਂ ਵੀ ਹੁੰਦੀਆਂ ਰਹੀਆਂ ਹਨ। ਉਸ ਦੇ ਰਾਜ ਦਾ ਤਖ਼ਤਾ ਪਲਟਣ ਦੀਆਂ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ ਹਨ। ਇਸ ਤਰ੍ਹਾਂ ਦੀ ਕੋਸ਼ਿਸ਼ 2002 ਵਿਚ ਵੱਡੇ ਪੱਧਰ ਉਪਰ ਹੋਈ। ਪਰ ਹਰ ਵਾਰ ਦੀ ਕੋਸ਼ਿਸ਼ ਤੋਂ ਬਾਅਦ ਸ਼ਾਵੇਜ਼ ਹੋਰ ਵੀ ਬੁਲੰਦ ਹੋ ਕੇ ਲੋਕਾਂ ਦੇ ਅੰਗ-ਸੰਗ ਖੜਾ ਹੋਇਆ। ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਲਗਾਤਾਰ ਚੋਣਾਂ ਜਿੱਤਣ ਵਾਲਾ ਸ਼ਾਵੇਜ਼ ਅਮਰੀਕਾ ਦੀਆਂ ਅੱਖਾਂ ਵਿਚ ਏਨਾ ਰੜਕਦਾ ਸੀ ਕਿ ਉਸ ਨੂੰ ਚੋਣਾਂ ਵਿਚ ਹਰਾਉਣ ਲਈ ਅਮਰੀਕਾ ਦੀਆਂ ਏਜੰਸੀਆਂ ਨੇ ਹਰ ਵਾਰ ਸਿਰ ਤੋੜ ਯਤਨ ਕੀਤੇ ਪਰ ਉਹ ਹਰ ਵਾਰ ਹੀ ਜਿੱਤਦਾ ਰਿਹਾ। ਇਹ ਲੋਕ ਪਿਆਰ ਦਾ ਹੀ ਜਾਦੂ ਸੀ ਜੋ ਅੱਜ ਲੋਕਾਂ ਨੂੰ ਰੋਣ ਕਰਲਾਉਣ ਲਈ ਮਜਬੂਰ ਕਰ ਰਿਹਾ ਹੈ। ਸ਼ਾਵੇਜ਼ ਦੀ ਲੋਕ ਪ੍ਰਿਯਤਾ ਦਾ ਇਹ ਪ੍ਰਮਾਣ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਬੁੱਸ਼, ਸ਼ਾਵੇਜ਼ ਨੂੰ ਭਿਖਾਰੀਆਂ ਦਾ ਨੇਤਾ ਆਖ ਕੇ ਛਟਿਆਉਂਦਾ ਹੈ। ਚੌਥੀ ਵਾਰ ਜਿੱਤਣ 'ਤੇ ਅਮਰੀਕਾ ਦਾ ਮੀਡੀਆ ਉਸ ਨੂੰ ਸਮਾਜਵਾਦੀ ਤਾਨਾਸ਼ਾਹ ਦੱਸਦਾ ਹੈ। 14 ਸਾਲ ਪਹਿਲਾਂ ਨਿਊਯਾਰਕ ਟਾਈਮਜ਼ ਨੇ ਆਪਣੇ ਕਾਲਮਾਂ ਵਿਚ ਸ਼ਾਵੇਜ਼ ਦਾ ਤਖ਼ਤਾ ਪਲਟਣ ਦੀ ਹਮਾਇਤ ਕੀਤੀ ਸੀ ਪਰ ਹੁਣ 14 ਸਾਲਾਂ ਬਾਅਦ ਉਸ ਦੇ ਹੱਕ ਵਿਚ ਚਾਰ ਹਰਫ਼ ਲਿਖਣੇ ਪਏ ਹਨ।

ਸ਼ਾਵੇਜ਼ ਨੇ ਆਪਣੇ ਸਮਾਜਵਾਦੀ ਮੈਨੀਫੈਸਟੋ ਤਹਿਤ 15 ਸਾਲ ਵੈਨੇਜ਼ੂਏਲਾ ਦੀ ਧਰਤੀ ਉਪਰ ਰਾਜ ਕੀਤਾ। ਜਿਸ ਤਹਿਤ ਉਸ ਨੇ 2000 ਤੋਂ 2010 ਤਕ ਜਨਤਕ ਯੋਜਨਾਵਾਂ ਲਈ ਖਰਚੀ ਜਾਂਦੀ ਰਾਸ਼ੀ ਵਿਚ 61 ਫੀਸਦੀ ਦਾ ਵਾਧਾ ਕੀਤਾ। 1996 ਵਿਚ ਵੈਨਜ਼ੁਏਲਾ ਅੰਦਰ ਗ਼ਰੀਬੀ ਦੀ ਦਰ 71 ਫੀਸਦੀ ਸੀ, ਉਹ ਹੁਣ ਘੱਟ ਕੇ 21 ਫੀਸਦੀ ਰਹਿ ਗਈ। ਇਸ ਦੇ ਨਾਲ ਹੀ ਅਤਿ ਦੀ ਗ਼ਰੀਬੀ ਰੇਖਾ ਵਿਚ ਵੀ ਸੁਧਾਰ ਹੋਇਆ। ਜਿਹੜੀ 40 ਫੀਸਦੀ ਤੋਂ ਘੱਟ ਕੇ ਕੇਵਲ 7 ਫੀਸਦੀ ਰਹਿ ਗਈ। ਅੱਜ ਜਦੋਂ ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ ਵਿਸ਼ਵੀਕਰਨ ਦੀਆਂ ਨਵਉਦਾਰਵਾਦੀ ਨੀਤੀਆਂ ਤਹਿਤ ਸਮਾਜਕ ਸੁਰੱਖਿਆ ਦੇ ਪ੍ਰੋਗਰਾਮ ਤਹਿਤ ਖਰਚ ਘਟਾਇਆ ਜਾ ਰਿਹਾ ਹੈ ਤੇ ਹਰ ਤਰ੍ਹਾਂ ਦੇ ਲੋੜਵੰਦਾਂ ਨੂੰ ਮਿਲਦੀ ਪੈਨਸ਼ਨ ਬੰਦ ਕੀਤੀ ਜਾ ਰਹੀ ਹੈ, ਇਸ ਦੇ ਐਨ ਹੀ ਉੱਲਟ ਸ਼ਾਵੇਜ਼ ਦੇ ਰਾਜ ਕਾਲ ਵਿਚ ਵਡੇਰੀ ਉਮਰ ਦੇ ਲੋਕਾਂ ਦੀ ਪੈਨਸ਼ਨ ਵਧੀ ਤੇ ਇਸ ਪੈਨਸ਼ਨ ਦਾ ਲਾਭ ਲੈਣ ਵਾਲੇ ਲੋਕਾਂ ਦੀ ਗਿਣਤੀ ਵਿਚ ਵੀ 7 ਗੁਣਾ ਵਾਧਾ ਹੋਇਆ। ਇਸ ਦੇ ਨਾਲ ਹੀ ਲੋਕਾਂ ਦੀਆਂ ਸਿਹਤ ਸਹੂਲਤਾਂ ਉੱਪਰ ਵੀ ਵਧੇਰੇ ਖਰਚ ਹੋਣ ਨਾਲ ਲੋਕਾਂ, ਖਾਸ ਕਰ ਕੇ ਔਰਤਾਂ ਤੇ ਬੱਚਿਆਂ ਦੀ ਸਿਹਤ ਵਿਚ ਇਨਕਲਾਬੀ ਪਰਿਵਰਤਨ ਆਏ ਹਨ। 1996 ਵਿਚ 10000 ਵਸੋਂ ਦੇ ਪਿੱਛੇ ਕੇਵਲ 18 ਡਾਕਟਰ ਹੀ ਸਨ ਜਦਕਿ ਹੁਣ ਇਹ ਗਿਣਤੀ ਵੱਧ ਕੇ 58 ਹੋ ਗਈ ਹੈ। ਸ਼ਾਵੇਜ਼ ਦੇ ਰਾਜ ਵਿਚ ਲੋਕਾਂ ਨੂੰ ਪੀਣ ਵਾਲੇ ਸ਼ੁੱਧ ਪਾਣੀ ਸਹੂਲਤ ਵੀ ਹਰ ਆਮ ਵਿਅਕਤੀ ਤਕ ਪਹੁੰਚਦੀ ਹੋਈ ਹੈ।

ਸ਼ਾਵੇਜ਼ ਸਖ਼ਤ ਸੁਭਾਅ ਦਾ ਸ਼ਾਸਕ ਸੀ, ਜਿਸ ਨੇ ਸਦਾ ਹੀ ਇਮਨਾਦਾਰੀ ਨਾਲ ਕੰਮ ਕੀਤਾ। ਉਸ ਨੇ ਆਪਣੇ ਸਾਥੀ ਨੂੰ ਫੰਡਾਂ ਵਿਚ ਹੇਰਾ ਫੇਰੀ ਕਰਨ ਦੇ ਦੋਸ਼ ਵਿਚ ਵੱਡੀਆਂ ਸਜ਼ਾਵਾਂ ਦਿੱਤੀਆਂ। ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਨਾ ਕੇਵਲ ਸਖ਼ਤ ਕਾਨੂੰਨ ਹੀ ਬਣਾਏ, ਸਗੋਂ ਉਨ੍ਹਾਂ ਕਾਨੂੰਨਾਂ ਦੀ ਪਾਲਣਾ ਵੀ ਕੀਤੀ। ਉਸ ਨੇ ਭ੍ਰਿਸ਼ਟ ਫ਼ੌਜੀ ਅਫ਼ਸਰ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਕੇ ਸਖ਼ਤ ਸਜ਼ਾ ਦਿੱਤੀ ਤਾਂ ਕਿ ਭ੍ਰਿਸ਼ਟਾਚਾਰ ਖ਼ਤਮ ਹੋਵੇ। ਇਨ੍ਹਾਂ ਗੁਣਾ ਕਰ ਕੇ ਹੀ ਕਿਊਬਾ ਦਾ ਸੰਸਾਰ ਪ੍ਰਸਿੱਧ ਇਨਕਲਾਬੀ ਤੇ ਚੀ ਗਵੇਰੇ ਦਾ ਯੁੱਧ ਸਾਥੀ ਫੀਦੇਲ ਕਾਸਟਰੋ ਉਸ ਦੀ ਮੌਤ ਉੱਪਰ ਆਹਤ ਹੋਇਆ ਲਿਖਦਾ ਹੈ- ''ਅੱਜ ਮੇਰਾ ਪੁੱਤਰ ਮਰ ਗਿਆ ਹੈ।''

ਹਿਊਗੋ ਸ਼ਾਵੇਜ਼ ਸੰਸਾਰ ਭਰ ਵਿਚ ਚਲਾਈਆਂ ਜਾ ਰਹੀਆਂ ਨਵ-ਉਦਾਰਵਾਦੀ ਨੀਤੀਆਂ ਖ਼ਿਲਾਫ਼ ਉਠ ਰਹੀ ਪ੍ਰਚੰਡ ਆਵਾਜ਼ ਦਾ ਨਾਮ ਹੈ। ਉਸ ਨੇ ਵੈਨਜ਼ੁਏਲਾ ਦੀ ਸਤਾ ਉੱਪਰ ਕਾਬਜ਼ ਹੋ ਕੇ ਵਿਸ਼ਵੀਕਰਨ ਦੇ ਨਾਮ ਹੇਠ ਚਲਾਈਆਂ ਜਾ ਰਹੀਆਂ ਲੋਕ ਮਾਰੂ ਨੀਤੀਆਂ ਦਾ ਭਾਂਡਾ ਚੁਰਾਹੇ ਵਿਚ ਭੰਨ੍ਹਿਆ ਸੀ, ਇਸ ਕਰ ਕੇ ਇਨ੍ਹਾਂ ਨੀਤੀਆਂ ਦੇ ਵਿਰੋਧ ਦੀ ਇਹ ਆਵਾਜ਼ ਜਦੋਂ ਦੀ ਖਾਮੋਸ਼ ਹੋ ਗਈ ਹੈ, ਉਦੋਂ ਤੋਂ ਹੀ ਲੋਕਾਂ ਦੀਆਂ ਅੱਖਾਂ ਇਸ ਪਰਬਤੋਂ ਭਾਰੀ ਮੌਤ ਦੇ ਖ਼ੌਫ਼ ਨਾਲ ਦਹਿਲ ਗਈਆਂ ਹਨ ਕਿ ਕਿਤੇ ਇਸ ਮੌਤ ਨਾਲ ਪੈਦਾ ਹੋਏ ਖਲਾਅ ਵਿਚੋਂ ਨਵ-ਸਾਮਰਾਜਵਾਦੀ ਸ਼ਕਤੀਆਂ ਮੁੜ ਤਕੜੀਆਂ ਨਾ ਹੋ ਜਾਣ। ਸੰਸਾਰ ਭਰ ਦੇ ਲੋਕਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਦੇਣ ਵਾਲਾ ਜੋਧਾ ਜਦੋਂ ਕੈਂਸਰ ਦੀ ਨਾ ਮੁਰਾਦ ਬਿਮਾਰੀ ਦੀ ਗ੍ਰਿਫ਼ਤ ਵਿਚ ਆ ਗਿਆ ਤਾਂ ਉਸ ਦੇ ਆਖ਼ਰੀ ਬੋਲ ਸਨ ਜੋ ਸ਼ਬਦਾਂ ਵਿਚ ਤਬਦੀਲ ਨਹੀਂ ਹੋ ਸਕੇ ਤੇ ਫਰਕਦੇ ਬੁੱਲ੍ਹਾਂ ਦੀ ਤਰਜ਼ਮਾਨੀ ਦਾ ਅਰਥ ਸੀ ''ਮੈਂ ਮਰਨਾ ਨਹੀਂ ਚਾਹੁੰਦਾ। ਮੈਂ ਆਪਣੇ ਲੋਕਾਂ ਲਈ ਹੋਰ ਕੰਮ ਕਰਨਾ ਚਾਹੰਦਾ ਹਾਂ। ਮੈਨੂੰ ਮੌਤ ਤੋਂ ਬਚਾਓ''। ਸ਼ਾਇਦ ਉਸ ਵਕਤ ਇਸ ਗੱਲ ਦੀ ਚਿੰਤਾ ਸ਼ਾਵੇਜ਼ ਨੂੰ ਵੀ ਹੋਵੇ ਕਿ ਆਉਣ ਵਾਲੇ ਸਮੇਂ ਵਿਚ ਨਵ-ਸਾਮਰਾਜਵਾਦ ਖ਼ਿਲਾਫ਼ ਲੜਨਾ ਹੋਰ ਵੀ ਜ਼ਰੂਰੀ ਹੈ। ਸ਼ਾਵੇਜ਼ ਸਾਡੇ ਤੋਂ ਉਦੋਂ ਗਿਆ, ਜਦੋਂ ਸੰਸਾਰ ਦੇ ਲੋਕਾਂ ਨੂੰ ਉਸ ਚਾਨਣ ਦੀ ਵਧੇਰੇ ਲੋੜ ਸੀ।


Elite Driving School
Learn to drive with experienced,
caring & friendly instructor
Lessons available in English, Hindi, Punjabi & Urdu
ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।
19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।
19 Years Road Experience
15 Hours in Class Room & 10 Hours in Car Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.



Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਨਾਵਲ "ਨਿਰਭਓ ਨਿਰਵੈਰ" ਸਾਂਭਣਯੋਗ ਦਸਤਾਵੇਜ਼




ਅੰਜਨਾ 'ਸ਼ਿਵਦੀਪ'
ਮੋਬਾਈਲ +91-98148-20939

ਹਰਪਿੰਦਰ ਰਾਣਾ ਦਾ ਨਾਵਲ "ਨਿਰਭਓ ਨਿਰਵੈਰ" ਯਥਾਰਥ ਦੇ ਧਰਾਤਲ 'ਤੇ ਵਿਚਰਦੇ ਸਾਧਾਰਨ ਬਾਲਕ ਤੋਂ ਅਸਾਧਾਰਨ ਮਨੁੱਖ ਵਿਚ ਪ੍ਰਵਰਤਿਤ ਹੁੰਦੇ ਯੋਧੇ ਮਨੁੱਖ ਦੀ ਕਹਾਣੀ ਹੈ। ਰਾਣਾ ਦੇ ਨਾਵਲ ਦਾ ਨਾਇਕ "ਨਿਰਵੈਰ" ਕਹਾਣੀ ਦੇ ਆਰੰਭ ਵਿਚ ਤੁਹਾਨੂੰ ਆਪਣੇ ਆਲੇ ਦੁਆਲੇ ਵਿਚੋਂ ਹੀ ਕੋਈ ਆਮ ਮਾਂ-ਮਹਿੱਟਰ ਬਾਲਕ ਪ੍ਰਤੀਤ ਹੁੰਦਾ ਹੈ। ਮਤਰੇਈ ਮਾਂ ਦੇ ਬੁਰੇ ਵਿਹਾਰ ਕਾਰਨ ਉਸ ਅੰਦਰਲੀ ਬਾਗ਼ੀ ਸੁਰ ਹੋਰ ਉੱਚੀ ਹੋ ਜਾਂਦੀ ਹੈ। ਇੱਥੇ ਹੀ ਬਾਲ ਮਨੋਵਿਗਿਆਨ ਨਾਲ ਜੁੜੀਆਂ ਕੁਝ ਗੁੰਝਲਾਂ ਦੇ ਸਿਰੇ ਹੱਥ ਲੱਗਦੇ ਹਨ ਕਿ ਰਿਸ਼ਤਿਆਂ ਵਿਚਲੀ ਟੁੱਟ-ਭੱਜ ਬਾਲ ਮਨਾਂ 'ਤੇ ਕਿਸ ਤਰ੍ਹਾਂ ਅਸਰ ਕਰਦੀ ਹੈ। ਨਿਰਵੈਰ ਅੰਦਰਲੀ ਨਿਡਰਤਾ ਅਤੇ ਮਾਂ ਦੇ ਪਿਆਰ ਦੀ ਕਮੀ ਕਿਸ਼ੋਰ ਅਵੱਸਥਾ ਵਿਚ ਹੀ ਉਸ ਨੂੰ ਦਬੰਗ ਅਤੇ ਪੰਗੇਬਾਜ਼ ਬਣਾ ਦਿੰਦੀ ਹੈ। ਭਾਵੇਂ ਕੁੱਟ ਮਾਰ ਅਤੇ ਰੋਅਬ ਜਮਾਉਂਦੇ ਅਜਿਹੇ ਵਰਤਾਰੇ ਪਿੱਛੇ ਉਸ ਦੀ ਕੋਈ ਮੰਦ ਭਾਵਨਾ ਨਹੀਂ ਪਰ ਇਹ ਊਰਜ਼ਾ ਨੂੰ ਸਹੀ ਦਿਸ਼ਾ ਨਾ ਮਿਲਣ ਦਾ ਸੰਕੇਤ ਵੀ ਹੈ। ਪਰ ਪੁਸਤਕਾਂ ਦੇ ਸੰਗ ਨੇ, ਸ਼ਬਦਾਂ ਦੇ ਜਾਦੂ ਨੇ ਉਸ ਦੀ ਸੋਚ ਨੂੰ "ਖੱਬੇ" ਪਾਸੇ ਮੋੜ ਦਿੱਤਾ। ਉਹ ਬੇਕਾਬੂ ਲਹਿਰਾਂ ਦਾ ਸਵਾਰ ਨਾ ਹੋ ਕੇ ਲੋਕ ਲਹਿਰ ਵਿਚ ਸ਼ਾਮਲ ਹੋ ਗਿਆ।

ਰਾਣਾ ਨੇ ਨਾਵਲ ਵਿਚ ਨਿਰਵੈਰ ਦੇ ਪਵਿੱਤਰ ਪਿਆਰ ਦਾ ਖ਼ੂਬਸੂਰਤ ਵਰਨਣ ਕੀਤਾ ਹੈ। ਇਸ ਇਸ਼ਕ ਦਾ ਅਸਫਲ ਰਹਿਣਾ ਅਤੇ ਨਿਰਵੈਰ ਦੇ ਸੀਨੇ ਵਿਚ ਇਸ ਦੀ ਕਸਕ ਦਾ ਤਾ-ਉਮਰ ਰਹਿਣਾ, ਨਿਰਵੈਰ ਦੇ ਕਿਰਦਾਰ ਨੂੰ ਸਾਧਾਰਨਤਾ ਬਖਸ਼ਦਾ ਹੈ। ਨਿਰਵੈਰ ਦਾ ਲੋਕਾਂ ਨਾਲ ਦਿਲੋਂ ਰਿਸ਼ਤਾ ਜੋੜਣਾ ਅਤੇ ਉਨ੍ਹਾਂ ਨੂੰ ਨਿਭਾਉਣਾ ਬਚਪਨ ਵਿਚਲੇ ਪਿਆਰ ਦੀ ਕਮੀ ਦੀ ਪੂਰਤੀ ਪ੍ਰਤੀਤ ਹੁੰਦਾ ਹੈ। ਸਿੱਟੇ ਵਜੋਂ ਭਜਨੀ ਮਾਸੀ, ਬਚਨੀ ਭੂਆ, ਸੁਰਿੰਦਰ ਅਤੇ ਉਹਦੀ ਬੇਟੀ ਰੂਪ, ਪ੍ਰੀਤਮ ਅਤੇ ਪਿੰਕੀ ਵਰਗੇ ਅਜਿਹੇ ਪਾਤਰ ਨਾਵਲ ਦਾ ਹਿੱਸਾ ਬਣਦੇ ਹਨ ਜਿਨ੍ਹਾਂ ਦਾ ਵਜੂਦ ਵਿਸ਼ਵੀਕਰਨ ਦੇ ਇਸ ਯੁੱਗ ਵਿਚ ਕਿਆਸ ਨਹੀਂ ਕੀਤਾ ਜਾ ਸਕਦਾ, ਜਿੱਥੇ ਮਨੁੱਖ ਖ਼ੂਨ ਦੇ ਰਿਸ਼ਤਿਆਂ ਦੇ ਨਿਭਾਓ ਵਿਚ ਵੀ ਅਸਮਰੱਥ ਹੈ।

ਨਾਵਲ ਦੀ ਕਹਾਣੀ "ਮੈਂ" ਰੂਪੀ ਸੂਤਰਧਾਰ ਭਾਵ ਉੱਤਮ ਪੁਰਖ ਬਿਰਤਾਂਤਕ ਸ਼ੈਲੀ ਵਿਚ ਹੈ। ਜਿਸ ਵਿਚ ਨੂਰਦੀਪ ਅਤੇ ਉਸ ਦੇ ਪਤੀ ਚੰਦਨ ਕੁਰੈਸ਼ੀ ਦੀ ਵਿਆਹੁਤਾ ਜੀਵਨ ਦੀ ਕਹਾਣੀ ਪਿੱਛਲ-ਝਾਤ ਯੁਗਤ ਰਾਹੀਂ ਇੱਕ ਉੱਪ ਕਹਾਣੀ ਵਾਂਗ ਨਿਰਵੈਰ ਦੀ ਮੁੱਖ ਕਹਾਣੀ ਦੇ ਸਮਾਨਅੰਤਰ ਚੱਲਦੀ ਹੈ। ਪਰ ਇਹ ਕਹਾਣੀ ਕਈ ਵਾਰ ਪਾਠਕ ਦੀ ਮੁੱਖ ਕਹਾਣੀ ਨਾਲੋਂ ਇਕਾਗਰਤਾ ਨੂੰ ਭੰਗ ਕਰਦੀ ਹੈ। ਇਹ ਕਹਾਣੀ ਇੱਕ ਹੋਰ ਨਾਵਲ ਦੀ ਕਹਾਣੀ ਜਿਹਾ ਫੈਲਾਅ, ਪ੍ਰਵਾਹ ਅਤੇ ਪ੍ਰਭਾਵ ਰੱਖਦੀ ਹੈ। ਭਾਵੇਂ ਲੇਖਿਕਾ ਨੇ ਦੋਵਾਂ ਨੂੰ ਅੰਤਰ ਸਬੰਧਤ ਕੀਤਾ ਹੈ ਪਰ ਕਈ ਵਾਰ ਨਿਰਵੈਰ ਦੀ ਕਹਾਣੀ ਤੋਂ "ਮੈਂ" ਰੂਪੀ ਸੂਤਰਧਾਰ ਦੀ ਕਹਾਣੀ ਵਧੇਰੇ ਰੋਚਕ ਹੋ ਜਾਂਦੀ ਹੈ।

ਸਮੁੱਚਾ ਨਾਵਲ "ਕਾਮਰੇਡ ਨਿਰਵੈਰ" ਦੇ "ਨਿਰਭਓ" ਦੀ ਅਵਸੱਥਾ ਤਕ ਪਹੁੰਚਣ ਦਾ ਦਸਤਾਵੇਜ਼ ਹੈ। ਨਿਰਵੈਰ ਦਾ ਆਪਣੇ ਬਾਪ, ਮਤਰੇਈ ਮਾਂ, ਪਤਨੀ ਆਦਿ ਰਿਸ਼ਤਿਆਂ ਵਿਚੋਂ ਆਪਣਾਪਣ ਅਤੇ ਨੇੜਤਾ ਪ੍ਰਾਪਤ ਨਾ ਕਰ ਸਕਣਾ ਵੀ ਉਸ ਦੀ ਸ਼ਖ਼ਸੀਅਤ ਨੂੰ ਲੋਕਾਂ ਪ੍ਰਤੀ ਸੁਹਿਰਦ ਬਣਾਉਣ ਵਿਚ ਸਹਾਈ ਹੋਇਆ ਹੈ। ਨਾਵਲ ਵਿਚ ਪਾਰਟੀਆਂ ਦੇ ਉਥਾਨ ਅਤੇ ਦੋ-ਫਾੜ ਹੋਣ, ਫਿਰ ਅਹੁਦਿਆਂ ਦੀ ਖਿੱਚ-ਧੂਹ ਕਾਰਨ ਅਧੋਗਤੀ ਦਾ ਸ਼ਿਕਾਰ ਹੋਣਾ ਵੀ ਲੋਕ ਲਹਿਰਾਂ ਦੀ ਅਸਫਲਤਾ ਦਾ ਇੱਕ ਕਾਰਨ ਜਾਪਦਾ ਹੈ। ਨਾਵਲ ਜੁਝਾਰੂ ਲਹਿਰਾਂ ਦੇ ਉਦੇਸ਼ਾਂ, ਕੰਮਾਂ ਅਤੇ ਕੰਮ ਕਰਨ ਦੇ ਢੰਗਾਂ 'ਤੇ ਵੀ ਚਾਨਣਾ ਪਾਉਂਦਾ ਹੈ। ਨਾਵਲ ਦਾ ਨਾਇਕ ਨਿਰਵੈਰ ਬਹੁਤੇ ਪਾਠਕਾਂ ਨੂੰ ਜਾਣਿਆ-ਪਛਾਣਿਆ ਸ਼ਖ਼ਸ ਪ੍ਰਤੀਤ ਹੁੰਦਾ ਹੈ, ਕਿਉਂਕਿ "ਸਮਰਪਣ" ਵਿਚ ਇਸ ਦੀ ਝਲਕ ਮਿਲਦੀ ਹੈ। ਪੂਰਾ ਨਾਵਲ ਨਿਰਵੈਰ ਦੀ ਜੀਵਨ ਕਹਾਣੀ ਕਹਿੰਦਾ ਹੋਇਆ ਉਸ ਦੇ ਅੰਤ ਨਾਲ ਮੁੱਕਦਾ ਹੈ। ਪਰ ਜੇ ਇਸ ਵਿਚ ਕੋਈ ਕਮੀ ਲੱਗਦੀ ਹੈ ਤਾਂ ਇਹ ਕਿ ਨਿਰਵੈਰ ਦੀ ਨਿੱਜੀ ਜ਼ਿੰਦਗੀ ਨੂੰ ਬਹੁਤ ਬਰੀਕੀ ਨਾਲ ਚਿਤਰਿਆ ਗਿਆ ਪਰ ਉਸ ਦੇ ਲੋਕ ਲਹਿਰ ਵਿਚ ਪਾਏ ਯੋਗਦਾਨ ਅਤੇ ਕਿਸੇ "ਵਿਸ਼ੇਸ਼ ਕਾਰਜ" ਦੀ ਘਾਟ ਜ਼ਰੂਰ ਰੜਕਦੀ ਹੈ। ਨਿਰਵੈਰ ਦੇ ਪਾਤਰ ਦੀ ਉਸਾਰੀ ਵਿਚ ਨੇੜਤਾ ਕਾਰਨ ਕਿਤੇ-ਕਿਤੇ ਲੇਖਿਕਾ ਥੋੜ੍ਹੀ ਉਲਾਰ ਹੋ ਜਾਂਦੀ ਹੈ। ਫੇਰ ਵੀ ਨਾਵਲ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਅੱਜ ਦੇ ਸਮੇਂ ਜਦੋਂ ਬਹੁਤੀਆਂ ਸਾਹਿਤਕ ਵਿਧਾਵਾਂ ਦਾ ਵਿਸ਼ਾ "ਔਰਤ-ਮਰਦ ਸਬੰਧ" ਹਨ, ਰਾਣਾ ਦਾ ਨਾਵਲ ਅਜਿਹੇ ਵਿਸ਼ੇ ਨੂੰ ਲੈ ਕੇ ਹੈ ਜੋ ਲੀਕ ਤੋਂ ਹਟਵਾਂ ਹੈ ਅਤੇ ਸੰਘਰਸ਼ਸ਼ੀਲ ਮਨੁੱਖਾਂ ਦੀ ਦਾਸਤਾਨ ਹੈ। ਇਹ ਗਤੀਮਾਨ ਯਥਾਰਥ ਦਾ ਚਿੱਤਰ ਪੇਸ਼ ਕਰਦਾ ਹੈ। ਜਿਵੇਂ ਨਿਰਵੈਰ ਦੀ ਜ਼ਿੰਦਗੀ ਵਿਚ ਪੁਸਤਕਾਂ ਦੇ ਰੋਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਵੇਂ ਹੀ ਰਾਣਾ ਦਾ ਨਾਵਲ "ਨਿਰਭਓ ਨਿਰਵੈਰ" ਕਿਸੇ ਬਾਗ਼ੀ ਮਨ ਨੂੰ ਦਿਸ਼ਾ ਦੇਣ ਦੇ ਸਮਰੱਥ ਹੈ। ਨਾਵਲ ਮਾਨਵੀ ਮੁੱਲਾਂ ਅਤੇ ਭਾਵਨਾਵਾਂ ਨਾਲ ਸਰੋਕਾਰ ਰੱਖਦਾ ਹੈ। ਬਾਪੂ ਜੀ ਭਾਵ "ਨਿਰਵੈਰ" ਦਾ ਅਤੇ ਨੂਰਦੀਪ ਦਾ ਰਿਸ਼ਤਾ ਭਾਵਨਾਤਮਕ ਸਾਂਝ ਵਾਲਾ ਰਿਹੈ। ਅਜਿਹੇ ਰਿਸ਼ਤਿਆਂ ਦੀ ਕਮੀ ਆਧੁਨਿਕ ਮਨੁੱਖ ਦੀ ਤ੍ਰਾਸਦੀ ਹੈ ਜੋ ਆਪਣੇ ਆਪ ਤੋਂ ਵੀ ਬਿਗਾਨਾ ਹੋ ਗਿਆ ਹੈ ਅਤੇ ਉਹ ਰਿਸ਼ਤਿਆਂ ਨੂੰ ਫੇਸ-ਬੁੱਕ ਦੇ ਅਕਾਉਂਟ ਤਕ ਸੀਮਤ ਕਰ ਲੈਂਦਾ ਹੈ। ਸਮੁੱਚੇ ਰੂਪ ਵਿਚ ਨਾਵਲ ਸਾਬਤ ਸਿਰ ਅਤੇ ਚਿੰਤਨ ਕਰਨ ਵਾਲੇ ਅਜਿਹੇ ਪਾਤਰ ਦਾ ਉਸਾਰ ਕਰਦਾ ਹੈ ਜੋ ਦੂਜਿਆਂ ਲਈ ਜਿਉਂਦਾ ਹੈ, ਇੱਕ ਵਿਚਾਰਧਾਰਾ ਦਾ ਧਾਰਨੀ ਹੋ ਕੇ ਪਾਠਕ ਨੂੰ ਵੀ ਨਿੱਜ ਤੋਂ ਉੱਪਰ ਉੱਠਕੇ ਸੋਚਣ ਲਈ, ਵਿਚਰਣ ਲਈ ਪ੍ਰੇਰਿਤ ਕਰਦਾ ਹੈ। ਜਥੇਬੰਦਕ ਘੋਲਾਂ ਦੇ ਯੋਧਿਆਂ ਦੀ ਨਿੱਜੀ ਜ਼ਿੰਦਗੀ, ਔਝੜ ਰਾਹਾਂ ਅਤੇ ਨਿਰੰਤਰ ਸੰਘਰਸ਼ ਨੂੰ ਬਿਆਨ ਕਰਦਾ ਇਹ ਨਾਵਲ ਲੋਕ ਨਾਇਕ ਦੇ ਇਤਿਹਾਸ ਦਾ ਸਾਂਭਣਯੋਗ ਦਸਤਾਵੇਜ਼ ਹੈ।


ਹਰਪਿੰਦਰ ਰਾਣਾ

# ਇੰਦੇ ਦੀ 'ਦਸ ਬਾਗਾਂ ਦਾ ਤੋਤਾ' ਨੂੰ ਪੜ੍ਹਦਿਆਂ

ਡਾ. ਨਰਿੰਦਰ ਸਿੰਘ
ਮੋਬਾਈਲ : 92135-03227

ਪ੍ਰੋ. ਇੰਦੇ ਦੀ ਕਾਵਿ ਪੁਸਤਕ 'ਦਸ ਬਾਗਾਂ ਦਾ ਤੋਤਾ' ਦੀਆਂ ਕਵਿਤਾਵਾਂ ਪੜ੍ਹ ਰਿਹਾਂ । ਇਕ ਤੋਂ ਬਾਅਦ ਇਕ। ਕੋਈ ਕੋਈ ਕਵਿਤਾ ਪਹਿਲੀ, ਦੂਜੀ, ਤੀਜੀ ਵਾਰੀ ਪੜ੍ਹਨ 'ਤੇ ਵੀ ਸੰਚਾਰ ਨੂੰ ਖੁਲ੍ਹਣ ਨਹੀਂ ਦਿੰਦੀ। ਕਿਉਂ? ਕੋਈ ਕੋਈ ਕਵਿਤਾ ਥੋੜ੍ਹੀ ਦੇਰ ਤੁਹਾਨੂੰ ਨਾਲ ਤੁਰਨ ਦਿੰਦੀ ਹੈ ਪਰ ਅੱਗੋਂ ਪਤਾ ਨਹੀਂ ਤੁਹਾਡੇ ਦੇਖਦੇ-ਦੇਖਦੇ ਕਿਧਰ ਤੁਰ ਪੈਂਦੀ ਹੈ। ਤੁਸੀਂ ਪੈੜ ਨਹੀਂ ਨੱਪ ਸਕਦੇ। ਕਿਉਂ?

ਇੰਦੇ ਦੀਆਂ ਕਵਿਤਾਵਾਂ ਬੁਰਸ਼ ਨਾਲ ਲੱਗੀਆਂ ਛੋਹਾਂ ਵਰਗੀਆਂ ਹਨ। ਪੇਂਟਿੰਗ ਸਾਹਵੇਂ ਖੜ੍ਹ ਕੇ ਤੁਸੀਂ ਅੱਖਰੀ ਬਿਰਤਾਂਤ ਨਹੀਂ ਲੱਭ ਸਕਦੇ, ਪ੍ਰਭਾਵ ਗ੍ਰਹਿਣ ਕਰ ਸਕਦੇ ਹੋ। ਤੁਸੀਂ ਕਿਹੋ ਜਿਹੇ ਮਨ ਨਾਲ ਪਾਰ ਵਿਚੋਂ ਲੰਘਦੇ ਹੋ। ਇਸ ਉਤੇ ਨਿਰਭਰ ਕਰਦਾ ਹੈ ਤੁਹਾਡਾ ਪ੍ਰਭਾਵ। 'ਸਵੇਰ ਦਾ ਬੂਹਾ' ਪੜ੍ਹੋ। ਦੇਖੋ ਕਾਇਨਾਤ ਕਿਵੇਂ ਸਵੇਰ ਦੀ ਆਮਦ ਨੂੰ ਵਾਚਦੀ ਹੈ। ਇਸ ਦੇ ਨਾਲ ਲਗਦੀ ਹੀ ਕਵਿਤਾ ਪੜ੍ਹੋ, 'ਪੰਛੀ ਨਹੀਂ ਇਹ ਬੋਟ ਏ।' ਪੰਛੀ ਦੀ ਉਡਾਰੀ ਨਾਲ ਚਹਿਕ ਨਾਲ ਕਾਇਨਾਤ ਦਾ ਪ੍ਰਫੁੱਲਤ ਹੋਣਾ ਦੇਖੋ ਤੇ ਫਿਰ ਮਨ ਦੇ ਪੰਛੀ ਦੀ ਉਡਾਣ ਦੇਖੋ। ਇਵੇਂ ਹੀ 'ਬੇੜੀ ਪਾਰ' ਵਿਚਲੀ ਗਤੀਮਾਨ ਪੇਂਟਿੰਗ ਜਾਂ 'ਪੁਰਖੇ ਬਿਨ ਪਰਾਂ ਦੇ' ਵਿਚਲਾ ਬੀਤ ਗਿਆ ਕਿਵੇਂ ਵਰਤਮਾਨ ਵਿਚ, ਭਵਿੱਖ ਵਿਚ ਸ਼ਾਮਲ ਰਹਿੰਦਾ ਹੈ- ਪੰਛੀ ਦੇ ਸਿਰ ਵਿਚ ਪੁਰਖੇ ਹਨ, ਬਿਨ ਪਰਾਂ ਦੇ - ਇਹ ਵੀ ਪੇਂਟਿੰਗ ਦਾ ਪ੍ਰਭਾਵ ਪਾਉਂਦਾ ਹੈ। ਇੰਦੇ ਦੀ ਕਵਿਤਾ ਵਿਚਲਾ ਸੰਚਾਰ ਬਹੁਤੀ ਵਾਰੀ ਇਸੇ ਲਈ ਸਹਿਜ ਨਹੀਂ ਰਹਿੰਦਾ ਕਿਉਂਕਿ ਉਹ ਛੋਹਾਂ ਨਾਲ ਗੱਲ ਕਰਦੈ। ਹਵਾ ਦੇ ਜੰਗਲ ਨੂੰ ਤੁਰ ਜਾਣਾ, ਗਲੇ ਵਿਚ ਕੰਡੇ ਉਗ ਪੈਣੇ, ਉਬਾਸੀ ਲੈਣ ਨਾਲ ਤੁਹਾਡੇ ਕਿੰਗਰਿਆਂ ਦਾ ਝੜ ਜਾਣਾ (ਜੀਣ ਦੀ ਰੂਪ ਰੇਖਾ ਵਿਚੋਂ), ਛੋਹਾਂ ਹਨ। ਤੁਸੀਂ ਇਨ੍ਹਾਂ ਸ਼ਬਦਾਂ ਨੂੰ ਮੁੜ ਸ਼ਬਦਾਂ ਵਿਚ ਨਹੀਂ ਸਮਝ ਸਕਦੇ। ਇਨ੍ਹਾਂ ਕਵਿਤਾਵਾਂ ਪਾਸੋਂ ਪਰੰਪਰਕ ਸੰਚਾਰ ਦੀ ਉਮੀਦ ਨਾ ਕਰੋ।

ਜੇ ਕਹੀਏ ਤਾਂ ਇੰਦੇ ਦੀ ਕਵਿਤਾ ਦਾ ਵਡੇਰਾ ਹਿੱਸਾ ਐਬਸਟ੍ਰੈਕਟ ਹੈ ਤਾਂ ਗਲਤ ਨਹੀਂ ਹੋਵੇਗਾ। ਪੁਰਖੇ, ਪ੍ਰੇਤ, ਪੰਛੀ, ਪਾਣੀ, ਇਹ ਕਵਿਤਾਵਾਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਦੁਹਰਾਏ ਗਏ ਹਨ। ਇਹ ਦੁਹਰਾਓ ਧੁਰ ਅੰਦਰ ਬੈਠੀ ਮਾਨਸਿਕਤਾ ਵਿਚੋਂ ਉਗਮੇ ਪ੍ਰਗਟਾਵੇ ਹਨ। ਇਨ੍ਹਾਂ ਇਕਾਈਆਂ ਨਾਲ ਉਹ ਅਪਣੇ ਐਬਸਟ੍ਰੈਕਟ ਪ੍ਰਗਟਾਵਿਆਂ ਨੂੰ ਸਜੀਵ ਕਰਦਾ ਹੈ। ਉਹਦੇ ਪ੍ਰਗਟਾਵੇ ਸਮਾਜਿਕ ਉਸਾਰ ਨਾਲ ਨਹੀਂ ਸਗੋਂ ਪ੍ਰਕਿਰਤਕ ਦਾਰਸ਼ਨਿਕਤਾ ਨਾਲ ਸਬੰਧ ਜੋੜਦੇ ਹਨ।

ਇੰਦੇ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਨਵੇਕਲੀ ਪ੍ਰਗਟਾਓ ਸ਼ੈਲੀ ਨਾਲ ਸਾਹਮਣੇ ਆਉਂਦਾ ਹੈ। ਉਹ ਸੰਚਾਰ ਪੱਖੋਂ ਸਰਲ ਨਾ ਲੱਗੇ ਤਾ ਮੁੜ ਮੁੜ ਪੜ੍ਹਨਾ। ਉਹਦੇ ਮੁਹਾਵਰੇ ਨਾਲ ਰਵਾਂ ਹੋ ਗਏ ਤਾਂ ਉਹ ਖੁਲ੍ਹ ਜਾਏਗਾ ਤੇ ਜੇ ਖੁਲ੍ਹ ਗਿਆ ਤਾਂ ਗੰਭੀਰ ਪ੍ਰੋੜਤਾ ਦੇ ਦੇਸ਼ ਦੀ ਸੈਰ ਕਰਾਏਗਾ। ਉਹ 2+2=4 ਨਹੀਂ ਹੈ, ਉਹ ਕਦੇ 2+2=5 ਹੈ ਤੇ ਕਦੇ 2+2=3। ਮੁਬਾਰਕ ਕਹਾਂਗਾ।




Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck **anywhere in** Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

ਹੋਲਾ ਮਹੱਲਾ-ਸ੍ਰੀ ਅਨੰਦਪੁਰ ਸਾਹਿਬ

# ਗੱਤਕੇ ਦੀਆ ਅਸਲ ਵਾਰਸ ਨਿਹੰਗ ਸਿੰਘ ਜਥੇਬੰਦੀਆਂ ਨੇ ਸਾਂਭੀ ਗਤਕਾ ਮੁਕਾਬਲਿਆਂ ਦੀ ਕਮਾਨ





ਅਮਰਪਾਲ ਸਿੰਘ ਬੈਂਸ
bainsa44@gmail.com

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮਨਾਏ ਜਾਂਦੇ ਹੋਲਾ ਮਹੱਲਾ ਦੀ ਵਿਰਾਸਤੀ ਦਿੱਖ ਅਤੇ ਪ੍ਰੰਪਰਾਵਾਂ ਵਿੱਚ ਤਬਦੀਲੀਆ ਆਉਣ ਲੱਗੀਆਂ ਹਨ। ਹੋਲੇ ਮਹੱਲੇ ਦੀ ਰਵਾਇਤ ਅਤੇ ਵਿਰਾਸਤੀ ਖਾਲਸਾਈ ਬਾਣੇ ਨੂੰ ਸਿਰਫ ਨਿਹੰਗ ਸਿੰਘਾਂ ਦੀਆ ਫੌਜਾਂ ਨੇ ਹੀ ਸਾਂਭ ਕੇ ਰੱਖਿਆਂ ਹੋਇਆ ਹੈ ਅਤੇ ਇਹ ਫੌਜਾਂ ਇਸ ਵਾਰ ਵੀ ਆਪਣੇ ਦਲਾਂ ਨਾਲ ਅਨੰਦਪੁਰ ਸਾਹਿਬ ਦੀ ਧਰਤੀ ਤੇ ਪੂਰੇ ਜਾਹੋ ਜਲਾਲ ਨਾਲ ਪਹੁੰਚੀਆ ਹੋਈਆ ਸਨ। ਇਸ ਪਵਿੱਤਰ ਤਿਓਹਾਰ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ, 'ਹੋਲਾ ਮਹੱਲਾ' ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। 'ਹੂਲ' ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚਲਣਾ ਕੀਤੇ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਤਿਉਹਾਰ ਦੇ ਮੁਕਾਬਲੇ 'ਹੋਲਾ ਮਹੱਲਾ' ਮਨਾਉਣ ਦੀ ਰਵਾਇਤ ਕਾਇਮ ਕੀਤੀ ਸੀ। ਮਕਸਦ ਸੀ, ਹਿੰਦੁਸਤਾਨੀ ਜਨਤਾ ਨੂੰ ਨਵਾਂ ਇਨਕਲਾਬੀ ਸੁਨੇਹਾ ਦੇਣਾ। ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਅਨੰਦਪੁਰ ਸਾਹਿਬ ਵਿਚ ਹੋਲ-ਗੜ੍ਹ ਕਿਲੇ ਵਾਲੀ ਥਾਂ'ਤੇ ਸੰਨ 1700 ਈਸਵੀ ਵਿਚ ਪਹਿਲੀ ਵਾਰ ਹੋਲਾ-ਮਹੱਲਾ ਮਨਾਇਆ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਸ ਪ੍ਰੰਪਰਾ ਦਾ ਅਰੰਭ ਕੀਤਾ ਸੀ ਅਤੇ ਆਪਣੇ ਸਿੱਖਾਂ ਨੂੰ ਜੰਗੀ ਕਰਤਬ ਦਿਖਾਉਣ ਦਾ ਹੁਕਮ ਦਿੱਤਾ ਸੀ। ਹੋਲਾ ਮਹੱਲਾ ਮਨਾਉਣ ਲਈ ਸਿੱਖ ਸਿਪਾਹੀ ਆਪਣੇ-ਆਪ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦੇ ਸਨ ਅਤੇ ਇਕ ਕਿਸਮ ਦਾ ਬਨਾਵਟੀ ਯੁੱਧ ਰਚ ਕੇ ਜੰਗੀ ਕਰਤਬਾਂ ਦਾ ਪ੍ਰਦਰਸ਼ਨ ਕਰਦੇ ਸਨ। ਗੁਰੂ ਸਾਹਿਬ ਦਾ ਸੰਦੇਸ਼ ਬਹੁਤ ਸਪੱਸ਼ਟ ਸੀ, ਮੁਲਕ ਗੁਲਾਮ ਹੈ, ਲੋਕੀਂ ਅਧੀਨਗੀ ਦੀ ਜ਼ਿੰਦਗੀ ਜੀਅ ਰਹੇ ਹਨ। ਅਜਿਹੇ ਸਮੇਂ ਕ੍ਰਾਂਤੀਕਾਰੀ ਤਬਦੀਲੀਆਂ ਕਰਦੇ ਹੋਏ ਜਿੱਥੇ ਉਨਾਂ ਨੇ ਖਾਲਸੇ ਦੀ ਸਿਰਜਨਾ ਕੀਤੀ ਉਥੇ ਹੋਲੀ ਦੀ ਥਾਂ ਤੇ ਹੋਲਾ ਮਹੱਲਾ ਮਨਾਉਣ ਦੀ ਵਿਲੱਖਣ ਰੀਤ ਸਥਾਪਤ ਕੀਤੀ। ਇਸ ਰਵਾਇਤ ਨੂੰ ਕਾਇਮ ਕਰਨ ਬਾਰੇ ਕਵੀ ਸੁਮੇਰ ਸਿੰਘ ਨੇ ਗੁਰੂ ਸਾਹਿਬ ਦੇ ਹੁਕਮਾਂ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

ਔਰਨ ਕੀ ਹੋਲੀ, ਮਮ ਹੋਲਾ।।
ਕਹਯੋ ਕ੍ਰਿਪਾਨਿਧ ਬਚਨ ਅਮੋਲਾ।।

ਬਸੰਤ ਰੁੱਤ ਵਿੱਚ ਮਨਾਏ ਜਾਂਦੇ ਖੁਸ਼ੀਆ ਭਰੇ ਇਸ ਤਿਉਹਾਰ ਦੇ ਮੌਕੇ ਇਸ ਵਾਰ ਵੀ ਹਰ ਸਾਲ ਦੀ ਤਰ੍ਹਾਂ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ ਅਤੇ ਸੰਗਤਾਂ ਸ੍ਰੀ ਕੇਸਗੜ੍ਹ ਸਾਹਿਬ ਅਤੇ ਦੂਜੇ ਗੁਰੂਦੁਆਰਿਆਂ ਵਿੱਚ ਨਤਮਸਤਕ ਹੋਈਆਂ। ਇਸ ਤਿਉਹਾਰ ਦੀ ਵਿਸੇਸ਼ ਖਿੱਚ ਦਾ ਕੇਂਦਰ ਬਣਨ ਵਾਲੀਆਂ ਗੁਰੂ ਦੀਆਂ ਲਾਡਲੀਆਂ ਨਿਹੰਗ ਸਿੰਘਾਂ ਦੀਆਂ ਫੌਜਾਂ ਪੂਰੇ ਜਾਹੋ ਜਲਾਲ ਦੇ ਨਾਲ ਪਹੁੰਚੀਆਂ ਹੋਈਆਂ ਸਨ। ਇਸ ਪਵਿੱਤਰ ਸ਼ਹਿਰ ਨੂੰ ਜਾਣ ਵਾਲੀਆ ਸਾਰੀਆਂ ਸੜਕਾਂ ਉੱਤੇ ਕਾਰਾਂ, ਬੱਸਾਂ, ਟਰੱਕਾਂ, ਟ੍ਰੈਕਟਰ ਟਰਾਲੀਆਂ ਅਤੇ ਮੋਟਰਸਾਈਕਲਾਂ ਦੇ ਵੱਡੇ ਕਾਫ਼ਲੇ ਨਜਰ ਆਂ ਰਹੇ ਸਨ ਅਤੇ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਮੁੱਚੇ ਲੋਕ ਅਨੰਦਪੁਰ ਸਾਹਿਬ ਦੀ ਧਰਤੀ ਵੱਲ ਨੂੰ ਚੱਲ ਪਏ ਹੋਣ। ਥਾਂ ਥਾਂ ਤੇ ਸ਼ਰਧਾਲੂਆਂ ਦੀ ਸਹੂਲਤ ਲਈ ਲੰਗਰ ਲਗਾਏ ਗਏ ਸਨ।

26 ਮਾਰਚ ਤੋਂ 28 ਮਾਰਚ ਤੱਕ ਇਸ ਵਾਰ ਮਨਾਏ ਗਏ ਤਿੰਨ ਰੋਜ਼ਾ ਹੋਲੇ ਮਹੱਲੇ ਤੇ ਜਿਹੜੀ ਗੱਲ ਤਸੱਲੀ ਦੇਣ ਵਾਲੀ ਹੈ ਉਹ ਹੈ ਗੱਤਕੇ ਦੀਆਂ ਅਸਲ ਵਾਰਸ ਨਿਹੰਗ ਸਿੰਘ ਜਥੇਬੰਦੀਆਂ ਦੁਆਰਾ ਗਤਕਾ ਮੁਕਾਬਲਿਆਂ ਦੀ ਕਮਾਨ ਸਾਂਭਣ ਦਾ ਉਪਰਾਲਾ। ਭਾਵੇਂ ਕਿ ਪਹਿਲਾਂ ਗਤਕਾ ਐਸੋਸੀਏਸ਼ਨ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ਼ੁਰੂ ਕੀਤੀ ਖਾਲਸਾਈ ਖੇਡ ਗਤਕਾ ਨੂੰ ਪ੍ਰਫੁਲਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਸੀ । ਪਰ ਇਸ ਵਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੇਠਾਂ ਵਾਲੇ ਪਾਸੇ ਨਿਹੰਗ ਸਿੰਘ ਬੁਢਾ ਦਲ ਦੀ ਛਾਉਣੀ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਦੁਆਰਾ ਸਟੇਜ ਲਗਾ ਕੇ ਇਸ ਖਾਲਸਾਈ ਖੇਡ ਦੇ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ ਜਿਸ ਦਾ ਵੱਡੀ ਗਿਣਤੀ ਵਿੱਚ ਸਰਧਾਲੂਆਂ ਨੇ ਅਨੰਦ ਮਾਣਿਆ। ਇਨ੍ਹਾ ਮੁਕਾਬਲਿਆਂ ਦੀ ਸ਼ੁਰੂਆਤ ਮੌਕੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜਥੇਦਾਰ ਕੇਸਗੜ੍ਹ ਸਾਹਿਬ, ਜਥੇਦਾਰ ਅਵਤਾਰ ਸਿੰਘ ਮੱਕੜ ਪ੍ਰਧਾਨ ਐਸਜੀਪੀਸੀ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਵੀਰ ਸਿੰਘ,ਹਰੀਆ ਵੇਲਾਂ ਵਾਲੇ ਬਾਬਾ ਨਿਹਾਲ ਸਿੰਘ ਅਤੇ ਹੋਰ ਨਿਹੰਗ ਸਿੰਘ ਜਥੇਬੰਦੀਆ ਦੇ ਆਗੂ ਵੀ ਹਾਜ਼ਰ ਸਨ। ਹੋਲੇ ਮਹੱਲੇ ਦੇ ਦੂਜੇ ਦਿਨ ਰਾਜਨੀਤਕ ਪਾਰਟੀਆਂ ਨੇ ਆਪੋ ਆਪਣੀਆਂ ਕਾਨਫਰੰਸਾਂ ਕਰਕੇ ਭਾਰੀ ਇਕੱਠਾਂ ਦਾ ਲਾਹਾ ਲਿਆ। ਅਕਾਲੀ ਦਲ (ਬ) ਦੁਆਰਾ ਕੀਤੀ ਗਈ ਕਾਂਨਫਰੰਸ ਵਿੱਚ ਸੂਬੇ ਦੇ ਮੁੱਖ ਮੰਤਰੀ ਸ:ਪ੍ਰਕਾਸ਼ ਸਿੰਘ ਬਾਦਲ, ਉਨਾਂ ਦੇ ਪੁੱਤਰ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰੂਦੁਆਂਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਸਮੇਤ ਪਾਰਟੀ ਦੀ ਲੀਡਰਸ਼ਿਪ ਨੇ ਰਾਜ ਸਰਕਾਰ ਦੀਆਂ ਪ੍ਰਾਪਤੀਆਂ ਦਾ ਰਾਗ ਅਲਾਪਿਆ। ਕਾਂਗਰਸ ਪਾਰਟੀ ਦੁਆਰਾ ਕੀਤੀ ਗਈ ਸਿਆਸੀ ਕਾਨਫਰੰਸ ਵਿੱਚ ਪਾਰਟੀ ਦੇ ਨਵਨਿਯੁਕਤ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਤੇ ਪੰਜਾਬੀ ਦਿਨੋ-ਦਿਨ ਗਰੀਬ ਹੁੰਦੇ ਜਾ ਰਹੇ ਹਨ ਜਦਕਿ ਅਕਾਲੀ ਦਲ ਦੇ ਨੇਤਾ ਪੰਜਾਬ ਤੇ ਕਬਜ਼ਾ ਕਰਕੇ ਆਪਣੀਆਂ ਝੋਲੀਆਂ ਭਰ ਰਹੇ ਹਨ ਅਤੇ ਸਰਕਾਰ ਨੇ ਪੰਜਾਬ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ।

ਇਸ ਤਿਉਹਾਰ ਦੇ ਤੀਜੇ ਦਿਨ ਨਿਹੰਗ ਸਿੰਘਾਂ ਦੀਆਂ ਫੌਜਾਂ ਦੁਆਰਾ ਮਹੱਲਾ ਭਾਵ ਨਗਰ ਕੀਰਤਨ ਕੱਢਿਆ ਗਿਆ ਜਿਸ ਵਿੱਚ ਨਿਹੰਗ ਸਿੰਘਾਂ ਨੇ ਸਮੁੱਚੇ ਰਸਤੇ ਵਿੱਚ ਸੰਗਤਾਂ ਤੇ ਗੁਲਾਲ ਸੁੱਟ ਕੇ ਇਸ ਤਿਉਹਾਰ ਨੂੰ ਰੰਗ ਬਿਰੰਗਾ ਕਰ ਦਿੱਤਾ। ਮਹੱਲੇ ਦੀ ਸਮਾਪਤੀ ਚਰਨ ਗੰਗਾ ਸਟੇਡੀਅਮ ਵਿੱਚ ਹੋਈ ਜਿੱਥੇ ਨੀਲੇ ਬਾਣੇ ਵਿੱਚ ਸਜੀਆਂ ਨਿਹੰਗ ਸਿੰਘਾਂ ਦੀਆ ਫੌਜਾਂ ਦਾ ਨਜ਼ਾਰਾ ਵਿਲੱਖਣ ਹੀ ਨਜਰ ਆ ਰਿਹਾ ਸੀ ਅਤੇ ਸੰਗਤਾਂ ਦਾ ਠਾਂਠਾਂ ਮਾਰਦਾ ਇਕੱਠ ਇਨ੍ਹਾਂ ਦੇ ਜੌਹਰ ਦੇਖਣ ਲਈ ਉਮੜਿਆ ਹੋਇਆ ਸੀ। ਸਟੇਡੀਅਮ ਵਿੱਚ ਨਿਹੰਗ ਸਿੰਘ ਦੋ ਦੋ ਘੋੜਿਆਂ ਉੱਤੇ ਸਵਾਰ ਹੋ ਕੇ ਦਿਖਾਏ ਗਏ ਘੋੜ ਸਵਾਰੀ ਦੇ ਦਲੇਰੀ ਭਰੇ ਕਰਤੱਵਾਂ, ਗੱਤਕਾ ਅਤੇ ਨੇਜ਼ੇਬਾਜੀ ਦੇ ਨਜ਼ਾਰਿਆਂ ਨੇ ਸੰਗਤਾਂ ਨੂੰ ਸਾਹ ਰੋਕ ਕੇ ਦੇਖਣ ਲਈ ਮਜਬੂਰ ਕਰ ਦਿੱਤਾ। ਇਸ ਵਾਰ ਇਸ ਹੋਲੇ ਮਹੱਲੇ ਮੌਕੇ ਵੱਡੀ ਗਿਣਤੀ ਵਿਚ ਵਿਦੇਸ਼ੀ ਸੈਲਾਨੀ ਵੀ ਪਹੁੰਚੇ ਹੋਏ ਸਨ ਅਤੇ ਪੂਰੇ ਗਹੁ ਨਾਲ ਜਾਣਕਾਰੀਆਂ ਹਾਸਲ ਕਰ ਰਹੇ ਸਨ।






# ਸਮੇਂ ਦੀ ਅਦਲਾ ਬਦਲੀ ਸਿਹਤ ਲਈ ਹੋ ਸਕਦੀ ਹੈ ਮਾੜੀ

ਬਹਾਰ ਵਿੱਚ ਇੱਕ ਘੰਟੇ ਦੀ ਨੀਂਦ ਖਰਾਬ ਕਰਨ ਦੀ ਸਲਾਨਾ ਰਵਾਇਤ ਸਭ ਤੋਂ ਪਹਿਲਾਂ ਪਹਿਲੀ ਵਿਸ਼ਵ ਜੰਗ ਦੌਰਾਨ ਪੈਸੇ ਦੀ ਬਚਤ ਕਰਨ ਲਈ ਸ਼ੁਰੂ ਕੀਤੀ ਗਈ ਸੀ ਪਰ ਅੱਜ ਕੱਲ੍ਹ ਸਮੇਂ ਦੀ ਅਦਲਾ ਬਦਲੀ ਸਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। 2008 ਵਿੱਚ ਸਵੀਡਨ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਬਹਾਰ ਵਿੱਚ ਸਮੇਂ ਦੀ ਗਤੀ ਨੂੰ ਇੱਕ ਘੰਟਾ ਅੱਗੇ ਪਾਉਣ ਨਾਲ ਪਹਿਲੇ ਤਿੰਨ ਕੰਮ ਵਾਲੇ ਦਿਨਾਂ ਵਿੱਚ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਵੱਧ ਜਾਂਦਾ ਹੈ। ਖੋਜਾਰਥੀਆਂ ਨੇ ਪਤਾ ਲਾਇਆ ਕਿ ਇਹ ਸਭ ਨੀਂਦ ਪੂਰੀ ਨਾ ਹੋਣ ਕਾਰਨ ਹੁੰਦਾ ਹੈ ਤੇ ਇਹ ਵੀ ਪਾਇਆ ਗਿਆ ਕਿ ਸਾਲ ਦੇ ਅਖੀਰ ਵਿੱਚ ਜਦੋਂ ਸਮੇਂ ਦੇ ਗੇੜ ਨੂੰ ਇੱਕ ਘੰਟਾ ਪਿੱਛੇ ਕਰ ਦਿੱਤਾ ਜਾਂਦਾ ਹੈ ਤਾਂ ਦਿਲ ਦਾ ਦੌਰਾ ਪੈਣ ਦੇ ਮਾਮਲਿਆਂ ਵਿੱਚ ਕਮੀ ਆ ਜਾਂਦੀ ਹੈ। ਡਰਾਈਵਰਾਂ ਤੇ ਪੈਦਲ ਜਾਣ ਵਾਲਿਆਂ ਦੇ ਸਬੰਧ ਵਿੱਚ ਵੀ ਇਹ ਧਾਰਨਾ ਹੈ ਕਿ ਜਿਨ੍ਹਾਂ ਲੋਕਾਂ ਨੇ ਇੱਕ ਘੰਟੇ ਦੀ ਨੀਂਦ ਗਵਾਈ ਹੋਵੇ, ਉਹ ਡਰਾਈਵਰ ਗੱਡੀ ਚਲਾਉਂਦੇ ਸਮੇਂ ਸੁਸਤ ਰਹਿੰਦੇ ਹਨ ਤੇ ਪੈਦਲ ਜਾਣ ਵਾਲੇ ਵੀ ਆਮ ਵਾਂਗ ਓਨੇ ਚੁਸਤ ਦਰੁਸਤ ਨਹੀਂ ਹੁੰਦੇ। ਇੰਸ਼ੋਰੈਂਸ ਕਾਰਪੋਰੇਸ਼ਨ ਆਫ ਬ੍ਰਿਟਿਸ਼ ਕੋਲੰਬੀਆ ਦੇ ਮਨੋਵਿਗਿਆਨੀ ਡਾ. ਜੌਹਨ ਵੈਵਰਿਕ ਦਾ ਕਹਿਣਾ ਹੈ ਕਿ ਸਮੇਂ ਦੀ ਬਚਤ ਕਰਨ ਦਾ ਪੱਖ ਸੜਕਾਂ ਉਤੇ ਹੋਣ ਵਾਲੇ ਹਾਦਸਿਆਂ ਵਿੱਚ ਕੋਈ ਵੱਡੀ ਭੂਮਿਕਾ ਅਦਾ ਨਹੀਂ ਕਰਦਾ। ਇਸ ਰਵਾਇਤ ਨੂੰ ਮੰਨਣ ਵਾਲੇ ਤੇ ਨਾ ਮੰਨਣ ਵਾਲੇ ਪ੍ਰੋਵਿੰਸਾਂ ਦਰਮਿਆਨ ਸਮੇਂ ਵਿੱਚ ਹੋਣ ਵਾਲੀ ਇਸ ਤਬਦੀਲੀ ਕਾਰਨ ਭੰਬਲਭੂਸੇ ਵਾਲੀ ਸਥਿਤੀ ਬਣ ਸਕਦੀ ਹੈ। ਸਸਕੈਚਵਨ ਦੇ ਲੋਕ ਸਾਰਾ ਸਾਲ ਸਟੈਂਡਰਡ ਸਮੇਂ ਮੁਤਾਬਕ ਹੀ ਕੰਮ ਕਾਜ ਕਰਦੇ ਹਨ। ਕੁੱਝ ਕੁ ਦਾ ਕਹਿਣਾ ਹੈ ਕਿ ਸਮੇਂ ਦੀ ਅਦਲਾ ਬਦਲੀ ਤੋਂ ਹੋਣ ਵਾਲੀ ਥਕਾਨ ਤੋਂ ਬਚਣ ਦਾ ਰਾਹ ਹੈ ਕਸਰਤ ਕਰਨਾ, ਸੌਣ ਤੋਂ ਪਹਿਲਾਂ ਕੈਫੀਨ ਨਾ ਲੈਣਾ, ਸਮੇਂ ਸਿਰ ਸੌਣਾ ਤੇ ਸਮਾਰਟਫੋਨ ਤੋਂ ਦੂਰ ਰਹਿਣਾ। ਇਸ ਤੋਂ ਵੀ ਬਿਹਤਰ ਰਾਹ ਇਹ ਹੈ ਕਿ ਸ਼ਨਿੱਚਰਵਾਰ ਰਾਤ ਤੋਂ ਹੀ ਸਮਾਂ ਬਦਲੀ ਕਰ ਲਿਆ ਜਾਵੇ।

# ਮਰ ਰਹੀਆਂ ਭਾਸ਼ਾਵਾਂ ਤੇ ਪੰਜਾਬੀ ਭਾਸ਼ਾ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)



ਗਿਆਨ ਸਿੰਘ ਬਿਲਗਾ
(ਯੂ.ਐਸ.ਏ.)
+1- 661-397-7330

1931 ਈਸਵੀ ਕਰਾਚੀ ਕਾਨਫ਼ਰੰਸ ਦਾ ਸਾਰਾ ਮਤਾ ਤਾਂ ਨਹੀਂ, ਉਸ ਦੀ ਇਕ ਲਾਈਨ ਇਸ ਤਰ੍ਹਾਂ ਹੈ, -"''ਬੋਲਣ, ਪ੍ਰੈੱਸ ਦੀ ਆਜ਼ਾਦੀ, ਸੂਬਿਆਂ ਦੀ ਜ਼ੁਬਾਨ ਦੇ ਅਧਾਰ 'ਤੇ ਨਵੀਂ ਹੱਦਬੰਦੀ ਕੀਤੀ ਜਾਵੇਗੀ।" ਇਹ ਮਤਾ ਇਸ ਗੱਲ ਦੀ ਗਾਰੰਟੀ ਕਰਦਾ ਹੈ। ਅੰਗਰੇਜ਼ ਸਾਮਰਾਜ ਨੇ ਕੌਮੀ ਘੋਲ ਅੱਗੇ ਗੋਡੇ ਟੇਕਦਿਆਂ 15 ਅਗਸਤ 1947 ਈਸਵੀ ਨੂੰ ਭਾਰਤ ਨੂੰ ਆਜ਼ਾਦ ਕਰਨ ਦਾ ਫ਼ੈਸਲਾ ਲੈਂਦਿਆਂ ਕਮਿਊਨਲ ਐਵਾਰਡ ਦੇ ਫ਼ੈਸਲੇ ਅਨੁਸਾਰ ਭੂਗੋਲਿਕ ਇਲਾਕਾਈ ਏਕਤਾ, ਸਭਿਆਚਾਰਕ, ਸਮਾਜਕ, ਬੋਲੀ ਤੇ ਭਾਸ਼ਾਈ ਸਾਂਝ ਦੇ ਹੁੰਦਿਆਂ ਗੈਰ ਜਮਹੂਰੀ ਅਣਵਿਗਿਆਨਕ ਪਹੁੰਚ ਅਪਣਾਉਂਦਿਆਂ ਵੱਖ ਵੱਖ ਧਰਮਾਂ ਦੇ ਮੰਨਣ ਵਾਲਿਆਂ ਦੀ ਵਸੋਂ ਗਿਣਤੀ ਅਨੁਸਾਰ ਲਾਰਡ ਰੈਡਕਲਿਫ਼ ਨੇ ਪੰਜਾਬ ਤੇ ਬੰਗਾਲ ਦੀ ਵੰਡ ਦਾ ਐਲਾਨ ਕਰ ਕੇ ਹੱਦ ਮਿਥਣ ਦਾ ਫ਼ੈਸਲਾ ਲੈ ਲਿਆ। ਫਿਰਕੂ ਦੰਗਿਆਂ ਨੇ ਸਮੁੱਚੇ ਭਾਰਤ ਖਾਸ ਤੌਰ 'ਤੇ ਪੰਜਾਬ ਤੇ ਬੰਗਾਲ ਨੂੰ ਆਪਣੀ ਲਪੇਟ ਵਿਚ ਲੈ ਲਿਆ। ਦੋ ਢਾਈ ਲੱਖ ਲੋਕਾਂ ਦਾ ਧਾਰਮਕ ਜਨੂੰਨੀਆਂ ਹੱਥੋਂ ਕਤਲ, ਜਾਇਦਾਦ ਦੀ ਸਾੜ ਫੂਕ, ਬਹੂ ਬੇਟੀਆਂ ਦੀ ਇੱਜ਼ਤ ਨਾਲ ਖਿਲਵਾੜ ਦੇ ਸਨਮੁੱਖ , ਲਹਿੰਦੇ ਪੰਜਾਬ ਤੋਂ ਹਿੰਦ ਸਿੱਖ, ਚੜ੍ਹਦੇ ਪੰਜਾਬ ਤੋਂ ਮੁਸਲਮਾਨ, ਆਪਣੀਆਂ ਚੱਲ ਤੇ ਅਚੱਲ ਜਾਇਦਾਦਾਂ ਛੱਡ ਕੇ ਜਾਨ ਬਚਾਉਣ ਲਈ ਕਾਫ਼ਲਿਆਂ ਦੇ ਰੂਪ ਵਿਚ ਤਬਾਦਲੇ ਲਈ ਮਜਬੂਰ ਹੋ ਗਏ। ਕਵੀਆਂ, ਲੇਖਕਾਂ ਨੇ ਇਸ ਦੁਖਾਂਤ ਦਾ ਹਿਰਦੇ ਵੇਦਕ ਵਰਨਣ ਕੀਤਾ, ਇਸ ਵਿਸ਼ੇ 'ਤੇ ਅੱਜ ਵੀ ਅਤੀਤ ਦੀਆਂ ਸਿਮਰਤੀਆਂ ਦੇ ਰੂਪ ਵਿਚ ਅਨੇਕਾ ਪੁਸਤਕਾਂ ਦੀ ਰਚਨਾ ਹੋ ਰਹੀ ਹੈ।

*ਇਸ ਮੁਲਕ ਦੀ ਵੰਡ ਕੋਲੋਂ ਯਾਰੋ*
*ਖੋਏ ਤੁਸੀਂ ਵੀ ਹੋ ਖੋਏ ਅਸੀਂ ਵੀ ਹਾਂ।*
*ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਯਾਰੋ,*
*ਹੋਏ ਤੁਸੀਂ ਵੀ ਹੋ, ਹੋਏ ਅਸੀਂ ਵੀ ਹਾਂ।*
*ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,*
*ਸੋਏ ਤੁਸੀਂ ਵੀ ਹੋ ਸੋਏ ਅਸੀਂ ਵੀ ਹਾਂ।*
*ਲਾਲੀ ਅੱਖੀਆਂ ਦੀ ਪਈ ਦੱਸਦੀ ਏ*
*ਰੋਏ ਤੁਸੀਂ ਵੀ ਹੋ ਰੋਏ ਅਸੀਂ ਵੀ ਹਾਂ।*

ਦੋਹਾਂ ਮੁਲਕਾਂ ਦੇ ਸਾਂਝੇ ਕਵੀ ਦਰਬਾਰ ਵਿਚ ਜਿਸ ਦੀ ਪ੍ਰਧਾਨਗੀ ਭਾਰਤ ਦੇ ਡਾ. ਰਾਜਿੰਦਰ ਪ੍ਰਸ਼ਾਦ ਕਰ ਰਹੇ ਸਨ, ਉਸਤਾਦ ਦਾਮਨ ਦੀ ਇਸ ਕਵਿਤਾ ਨੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨੂੰ ਹੁਬਕੀਂ ਰੋਣ ਤੇ ਹੰਝੂ ਵਹਾਉਣ ਲਈ ਮਜਬੂਰ ਕਰ ਦਿੱਤਾ ਸੀ। ਉਜੜੇ ਲੋਕਾਂ, ਟੁੱਟੇ ਪਰਿਵਾਰਾਂ ਦੇ ਮੁੜ ਵਸੇਬੇ ਦੀ ਦਿਓ ਕੱਦ ਸਮੱਸਿਆ ਅੱਗੇ ਦੋਵੇਂ ਸਰਕਾਰਾਂ ਬੇਵੱਸ ਨਜ਼ਰ ਆ ਰਹੀਆਂ ਸਨ।

ਉਸ ਉਜੜੇ ਪੁੱਜੜੇ ਪੰਜਾਬ ਲਈ ਭਾਸ਼ਾ ਤੇ ਸਿੱਖਿਆ ਦਾ ਮੂੰਹ ਮੁਹਾਂਦਰਾ ਉਲੀਕਦਿਆਂ ਅੱਠ ਦੇਸੀ ਰਿਆਸਤਾਂ (ਪੈਪਸੂ) ਵਿਚ ਪੰਜਾਬੀ ਨੂੰ ਰਾਜ ਭਾਸ਼ਾ ਮੰਨ ਲਿਆ ਗਿਆ।

ਪੰਜਾਬੀ ਖਿੱਤੇ ਵਿਚ ਪੰਜਾਬੀ ਭਾਸ਼ਾ ਪਹਿਲੀ ਜਮਾਤ ਤੋਂ ਤੇ ਹਿੰਦੀ ਦਾ ਗਿਆਨ ਤੀਜੀ ਜਮਾਤ ਤੋਂ ਦੇਣਾ ਮਿੱਥਿਆ ਗਿਆ। ਹਿੰਦੀ ਖਿੱਤੇ ਵਿਚ ਪਹਿਲੀ ਜਮਾਤ ਤੋਂ ਹਿੰਦੀ ਤੇ ਤੀਜੀ ਤੋਂ ਪੰਜਾਬੀ ਲਾਗੂ ਕੀਤੀ ਗਈ। ਬਾਕੀ ਪੰਜਾਬ, ਹਿੰਦੀ ਜ਼ੋਨ, ਜ਼ਿਲ੍ਹਾ ਰੋਹਤਕ, ਕਰਨਾਲ, ਗੜਗਾਵਾਂ, ਹਿਸਾਰ, ਅੰਬਾਲੇ ਦੀਆਂ ਦੋ ਤਹਿਸੀਲਾਂ ਜਗਾਧਰੀ ਤੇ ਨਰਾਇਣਗੜ੍ਹ ਅਤੇ ਦੋ ਭਾਸ਼ੀ ਸ਼ਿਮਲਾ ਤੇ ਅੰਬਾਲਾ ਨੂੰ ਛੱਡ ਕੇ ਪੰਜਾਬੀ ਪਹਿਲੀ ਸ਼੍ਰੇਣੀ ਤੋਂ ਹਿੰਦੀ ਪੰਜਵੀਂ ਤੋਂ ਹਿੰਦੀ ਜ਼ੋਨ ਵਿਚ ਉਸ ਦੇ ਉਲਟ ਲਾਗੂ ਹੋ ਗਿਆ। ਸਿੱਖਿਆ ਦੇ ਮਾਧਿਅਮ ਦਾ ਫ਼ੈਸਲਾ ਬੱਚਿਆਂ ਦੇ ਮਾਪਿਆਂ 'ਤੇ ਛੱਡ ਦਿੱਤਾ ਗਿਆ। ਮਾਤ ਭਾਸ਼ਾ ਤੋਂ ਮੂੰਹ ਮੋੜਨ ਦਾ ਮਾਨਸਿਕ ਕਸ਼ਟ ਕਿੰਨਾ ਕੁ ਹੁੰਦਾ ਹੈ; ਗੋਰਕੀ ਦੇ ਮਾਂ ਨਾਵਲ ਦੇ ਪਾਤਰ ਦਾ ਬ੍ਰਿਤਾਂਤ ਦਸੱਦਾ ਹੈ। ਰੂਸੀ ਮਾਂ ਬਿਸਤਰੇ ਮਰਗ 'ਤੇ ਹੈ, ਉਸ ਦਾ ਫ਼ੌਜੀ ਪੁੱਤਰ ਉਸ ਦੇ ਆਖ਼ਰੀ ਦਰਸ਼ਨਾਂ ਲਈ ਆਉਂਦਾ ਹੈ ਤੇ ਪ੍ਰਦੇਸੀ ਭਾਸ਼ਾ ਵਿਚ ਗੱਲਬਾਤ ਕਰਦਾ ਹੈ। ਮਾਂ ਕਹਿੰਦੀ ਹੈ, ਮੈਂ ਉਸ ਨੂੰ ਆਪਣੇ ਪੇਟ ਵਿਚ ਜਿਹੜੀ ਬੋਲੀ ਸਿਖਾਈ ਸੀ, ਇਸ ਨੇ ਉਸ ਨੂੰ ਵਿਸਾਰ ਦਿੱਤਾ ਹੈ। ਇਹ ਮੇਰਾ ਪੁੱਤਰ ਹੋ ਹੀ ਨਹੀਂ ਸਕਦਾ ਕੋਈ ਹੋਰ ਹੈ। ਕਹਿੰਦਿਆਂ ਚਾਦਰ ਨਾਲ ਮੂੰਹ ਢੱਕਦਿਆਂ ਪ੍ਰਾਣ ਤਿਆਗ ਦਿੱਤੇ। ਪਰ 1951 ਈਸਵੀ ਅਤੇ 1961 ਈਸਵੀ ਦੀ ਜਨ ਗਣਨਾ ਸਮੇਂ ਦੋਸ਼ ਪੂਰਨ ਫਿਰਕੂ ਪਹੁੰਚ ਅਪਣਾਉਂਦਿਆਂ ਪੰਜਾਬ ਦੀ ਹਿੰਦੂ ਬਹੁਗਿਣਤੀ ਨੇ ਮਾਤ ਭਾਸ਼ਾ ਦੇ ਖਾਨੇ ਵਿਚ ਹਿੰਦੀ ਲਿਖਵਾ ਕੇ ਭਾਸ਼ਾ ਦੀ ਵਿਦਿਅਕ ਤੇ ਸਭਿਆਚਾਰਕ ਸਮੱਸਿਆ ਨੂੰ ਫਿਰਕੂ ਰੰਗਣ ਚਾੜ੍ਹ ਦਿੱਤੀ।

ਕੇਂਦਰ ਦੀ ਕਾਂਗਰਸ ਸਰਕਾਰ ਨੇ ਭਾਸ਼ਾ ਦੇ ਅਧਾਰ 'ਤੇ ਸੂਬਿਆਂ ਦੀ ਹੱਦਬੰਦੀ ਦਾ ਕੰਮ ਬਾਕੀ ਸਾਰੇ ਰਾਜਾਂ ਵਿਚ ਤਾਂ ਮੁਕੰਮਲ ਕਰ ਲਿਆ। ਪਰ ਤਾਮਿਲ ਭਾਸ਼ਾਈ, ਆਂਧਰਾ ਪ੍ਰਦੇਸ਼ ਦਾ ਗਠਨ ਡਾ. ਰਮੂਲੋ ਦੇ ਸੜ ਮਰ ਕੇ ਸ਼ਹੀਦੀ ਪਾਉਣ ਪਿਛੋਂ ਹੀ ਕੀਤਾ ਗਿਆ। ਉਤਰੀ ਭਾਰਤ ਵਿਚ ਹਿੰਦੀ ਭਾਸ਼ਾ ਦੇ ਅਧਾਰ 'ਤੇ ਪੰਜਾਬੀ ਸੂਬੇ ਦੀ ਹੱਦਬੰਦੀ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਗਿਆ। ਵੀਹ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਕਾਂਗਰਸ ਪਾਰਟੀ ਆਪਣੇ ਸੰਵਿਧਾਨਕ ਨਜ਼ਰੀਏ ਤੋਂ ਭਾਸ਼ਾਈ ਆਧਾਰ ਤੇ ਸੂਬਿਆਂ ਦੀ ਸਿਰਜਣਾ ਨੂੰ ਉਤਸ਼ਾਹਿਤ ਕਰਦੀ ਰਹੀ ਹੈ। ਭਾਸ਼ਾ ਦੇ ਉਸ ਨਾਲ ਜੁੜੇ ਸਭਿਆਚਾਰਾਂ ਦੀ ਉਨਤੀ ਦੇ ਪੱਖ ਤੋਂ ਪ੍ਰੰਤੂ ਕੇਵਲ ਭਾਸ਼ਾ ਨੂੰ ਹੀ ਕਿਸੇ ਰਾਜ ਦੀ ਹੱਦਬੰਦੀ ਲਈ ਪ੍ਰਭਾਵੀ ਤੱਤ ਨਹੀਂ ਕਿਹਾ ਜਾ ਸਕਦਾ। ਜੇ ਭਾਸ਼ਾ ਨੂੰ ਵੱਖਵਾਦੀ ਰੁਚੀਆਂ ਨੂੰ ਉਤਸ਼ਾਹਤ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਤਾਂ ਭਾਰਤ ਦੀ ਅਖੰਡਤਾ ਤੇ ਮੂਲ ਸੰਕਲਪ 'ਤੇ ਹੀ ਸੱਟ ਲੱਗਦੀ ਹੈ। ਪੰਜਾਬੀ ਭਾਸ਼ਾ ਨੂੰ ਦੂਜੀਆਂ ਰਾਜ ਭਾਸ਼ਾਵਾਂ ਦੇ ਬਰਾਬਰ ਦਾ ਦਰਜਾ ਨਾ ਮਿਲਣ ਦਾ ਪੰਜਾਬੀ ਸਾਹਿਤਕਾਰਾਂ, ਕਵੀਆਂ ਨੇ ਉਚੇਚਾ ਵਰਨਣ ਕੀਤਾ ਹੈ।

*ਹਾਏ ਜੀਹਨੂੰ ਅੱਖਾਂ ਮੇਰੀਆਂ ਵੇਹਿੰਦੀਆਂ ਸਨ,*
*ਉਹ ਨਾ ਲੱਭੀ ਉਸ ਦਰਬਾਰ ਵਿਚੋਂ*
*ਹੁੰਦੀ ਉਥੇ ਭਲਾ ਉਹ ਛੁਪੀ ਰਹਿੰਦੀ,*
*ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।*

3 ਮਾਰਚ 1949 ਨੂੰ ਪਹਿਲੀ ਵਾਰ ਪੰਜਾਬੀ ਸੂਬੇ ਦੀ ਮੰਗ ਰੱਖੀ ਗਈ। ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਪੰਜਾਬੀਆਂ ਵਲੋਂ 17 ਸਾਲ ਦੇ ਲੰਮੇ ਦ੍ਰਿੜਤਾ ਪੂਰਨ ਸੰਘਰਸ਼ ਨਾਲ ਹੀ ਬੋਲੀ ਦੇ ਅਧਾਰ 'ਤੇ ਇਕ ਨਵੰਬਰ 1966 ਨੂੰ ਪੰਜਾਬ ਦਾ ਪੁਨਰ ਗਠਨ ਕਰਵਾਇਆ ਜਾ ਸਕਿਆ। ਉਂਝ ਸੰਘਰਸ਼ ਤਾਂ ਨਿਰੰਤਰ ਚਲਦਾ ਰਿਹਾ ਪਰ 9 ਮਈ 1955 ਈਸਵੀ ਤੋਂ ਪੰਜਾਬ ਸੂਬੇ ਦੇ ਨਾਅਰੇ 'ਤੇ ਪਾਬੰਦੀ ਦੇ ਸ਼ਹਿਰੀ ਆਜ਼ਾਦੀਆਂ ਦੇ ਮੋਰਚੇ ਵਿਚ ਅਕੂਤਬਰ 1955 ਤਕ 12000 ਪੰਜਾਬੀਆਂ ਨੇ ਗ੍ਰਿਫ਼ਤਾਰੀ ਦਿੱਤੀ। ਪਾਬੰਦੀ ਹਟਾਏ ਜਾਣ ਨਾਲ ਮੋਰਚਾ ਜਿੱਤਿਆ ਗਿਆ। ਇਹ ਇਕ ਵੱਡਾ ਜਨਤਕ ਐਕਸ਼ਨ ਸੀ।

- 1957 ਪੈਪਸੂ ਪੰਜਾਬ ਵਿਚ ਕਰ ਦਿੱਤਾ ਗਿਆ ਤੇ ਰਿਜ਼ਨਲ ਫਾਰਮੂਲਾ ਲਾਗੂ ਕੀਤਾ ਗਿਆ।
- 1960 ਵਿਚ ਪੰਜਾਬੀ ਸੂਬਾ ਮੋਰਚਾ ਵਿਚ 57000 ਪੰਜਾਬੀਆਂ ਨੇ ਗ੍ਰਿਫ਼ਤਾਰੀ ਦਿੱਤੀ। ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹਿ ਸਿੰਘ ਦੇ ਮਰਨ ਵਰਤ ਕੇਂਦਰ ਦੀਆਂ ਰਾਜਸੀ ਚਾਲਬਾਜ਼ੀਆਂ ਨਾਲ ਤੁੜਵਾਏ ਗਏ, ਪੰਜਾਬੀਆਂ ਦੇ ਵਿਸਤ੍ਰਿਤ ਜਨ ਸਮੂਹਾਂ ਵਿਚ ਨਿਰਾਸ਼ਤਾ ਦਾ ਆਲਮ ਛਾ ਗਿਆ।
- 1965 ਦੀ 10 ਸਤੰਬਰ ਨੂੰ ਸੰਤ ਫ਼ਤਹਿ ਸਿੰਘ ਦਾ ਮਰਨ ਵਰਤ ਤੇ ਹੋਰ ਜਨਤਕ ਐਕਸ਼ਨ ਹਿੰਦ ਪਾਕਿ ਜੰਗ ਕਾਰਨ ਮੁਲਤਵੀ ਕਰਨੇ ਪਏ।
- 1966 ਦੀ 3 ਸਤੰਬਰ ਨੂੰ ਲੋਕ ਸਭਾ ਵਿਚ ਪੰਜਾਬ ਪੁਨਰਗਠਨ ਦਾ ਬਿੱਲ ਪੇਸ਼ ਹੋਇਆ। ਜਿਸ ਅਨੁਸਾਰ ਕੇਂਦਰ ਦੀ ਸਰਕਾਰ ਨੇ ਵੋਟ ਦੀ ਰਾਜਨੀਤੀ ਨੂੰ ਸਨਮੁੱਖ ਰੱਖਦਿਆਂ ਭਾਰਤੀ ਬਹੁਗਿਣਤੀ ਸੰਪਰਦਾਇ ਨੂੰ ਖੁਸ਼ ਕਰਨ ਹਿੱਤ ਰਾਜਨੀਤਕ ਛੜਯੰਤਰ ਰਚਦਿਆਂ ਤੇ ਕਲੇਸ਼ ਨੂੰ ਕਾਇਮ ਰੱਖਦਿਆਂ ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ ਇਸ ਵਿਚ ਸ਼ਾਮਲ ਨਾ ਕੀਤੇ। ਵੱਖਰੇ ਹੋਏ ਹਰਿਆਣਾ ਪ੍ਰਾਂਤ ਨਾਲ ਸਾਂਝੀ ਹਾਈਕੋਰਟ, ਸਾਂਝੀ ਰਾਜਧਾਨੀ ਚੰਡੀਗੜ੍ਹ, ਕੇਂਦਰ ਸ਼ਾਸਤ ਪ੍ਰਦੇਸ਼ ਅਤੇ ਬਿਜਲੀ ਦੇ ਦਰਿਆਈ ਪਾਣੀਆਂ ਦੀ ਵੰਡ ਦੀਆਂ ਅਸਧਾਰਨ ਦੀਰਘ ਕਾਲ ਸਮੱਸਿਆਵਾਂ ਨੇ ਅਗਲੇਰੇ ਸੰਘਰਸ਼ ਦਾ ਪੁੜੁਲ ਬੰਨ੍ਹਿਆ। ਕੇਂਦਰ ਦੇ ਨਾ ਸਮਝੌਤਾ ਕਰੂ ਅੜੀਅਲ ਵਤੀਰੇ ਕਾਰਨ ਪੰਜਾਬੀਆਂ ਵਿਚ ਬੇਗਾਨਗੀ ਦੀ ਭਾਵਨਾ ਵਧਦੀ ਗਈ। ਪੰਜਾਬ ਤੋਂ ਬਾਹਰ ਰਹਿ ਰਹੇ ਪੰਜਾਬੀ ਬੋਲਦੇ ਇਲਾਕਿਆਂ ਦੀ ਪ੍ਰਾਪਤੀ ਹਿੱਤ ਦਰਸ਼ਨ ਸਿੰਘ ਫੇਰੂਮਾਨ ਨੇ 15 ਅਗਸਤ 1969 ਨੂੰ ਮਰਨ ਵਰਤ ਰੱਖਿਆ। ਉਨ੍ਹਾਂ ਆਪਣਾ ਸਿਰੜ ਪੁਗਾਉਂਦਿਆਂ 27 ਅਗਸਤ 1969 ਨੂੰ ਪ੍ਰਾਣ ਤਿਆਗ ਦਿੱਤੇ। ਜਮਹੂਰੀ ਸੰਘਰਸ਼ ਦਾ ਸਿੱਟਾ ਰਹਿਤ ਰਹਿਣ ਦਾ ਕਾਰਨ ਇਹ ਲਹਿਰ ਫਿਰਕੂ ਹਥਿਆਰਬੰਦ ਸੰਘਰਸ਼ ਵੱਲ ਮੋੜ ਕੱਟ ਗਈ। ਜਿਸ ਦਾ ਨਤੀਜਾ ਹਜ਼ਾਰਾਂ ਬੇਕਸੂਰ ਨੌਜਵਾਨਾਂ ਦੀ ਮੌਤ, ਫਿਰਕੂ ਡੂੰਘੀ ਵੰਡ, ਧਾਰਮਕ ਸਥਾਨਾਂ ਦੀ ਬੇਹੁਰਮਤੀ ਵਿਚ ਨਿਕਲਿਆ। ਇਨ੍ਹਾਂ ਜ਼ਖ਼ਮਾਂ ਦੀ ਟੀਸ ਅੱਜ ਤਕ ਮਹਿਸੂਸ ਕੀਤੀ ਜਾਂਦੀ ਹੈ।

ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿੰਦਾ ਭਾਸ਼ਾ ਐਕਟ 1968 ਦਾ ਇਤਿਹਾਸਕ ਕੰਮ ਮਰਹੂਮ ਲਛਮਣ ਸਿੰਘ ਗਿੱਲ ਘੱਟ ਗਿਣਤੀ ਥੋੜ੍ਹ ਚਿਰੀ ਸਰਕਾਰ ਵਲੋਂ ਨੇਪਰੇ ਚਾੜ੍ਹਿਆ ਗਿਆ, ਜਿਸ ਅਨੁਸਾਰ ਸਾਰੇ ਪ੍ਰਾਂਤਕ ਪ੍ਰਸ਼ਾਸਨਿਕ ਵਿਭਾਗਾਂ ਦਾ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਕਰਨ, ਸਕੂਲਾਂ ਵਿਚ ਪੰਜਾਬੀ ਲਾਗੂ ਕਰਨ ਤੇ ਇਸ ਨੂੰ ਸਿਖਿਆ ਦਾ ਮਾਧਿਅਮ ਬਣਾਉਣ ਦਾ ਫ਼ੈਸਲਾ ਲਾਗੂ ਕੀਤਾ ਗਿਆ। ਅਕਾਲੀ ਪਾਰਟੀ ਜਿਸ ਦੀ ਅਗਵਾਈ ਵਿਚ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬੇ ਦੀ ਸਥਾਪਤੀ ਲਈ ਪੰਜਾਬੀਆਂ ਨੇ ਸੰਘਰਸ਼ ਲੜਿਆ ਤੇ ਕੁਰਬਾਨੀਆਂ ਕੀਤੀਆਂ, ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਿਸ ਦੇ ਮੰਤਰੀ ਮੰਡਲ ਵਿਚ ਤੋਤਾ ਸਿੰਘ ਭਾਸ਼ਾ ਤੇ ਸਿਖਿਆ ਮੰਤਰੀ ਸੀ, ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਲਾਗੂ ਕਰਨ ਦੇ ਐਲਾਨ ਕਰਨ ਦਾ ਸਮਾਗਮ ਮਰਹੂਮ ਲਛਮਣ ਸਿੰਘ ਗਿੱਲ ਦੇ ਪਿੰਡ ਚੂਹੜ ਚੱਕ (ਮੋਗਾ) ਵਿਖੇ ਹੀ ਰੱਖਿਆ ਗਿਆ ਸੀ। ਇਸ ਸਮਾਗਮ ਵਿਚ ਕੁਝ ਕੁ ਸਾਹਿਤਕਾਰ ਵੀ ਪੁੱਜੇ ਸਨ, ਜਿਨ੍ਹਾਂ ਨੇ ਸਰਕਾਰ ਦੇ ਇਸ ਫ਼ੈਸਲੇ ਦੀ ਸਰਾਹਣਾ ਕੀਤੀ ਸੀ। ਪਰ ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਕਵੀ ਹਰਭਜਨ ਸਿੰਘ ਹੁੰਦਲ ਨੇ ਇਸ ਅਣਵਿਗਿਆਨਕ ਫ਼ੈਸਲੇ 'ਤੇ ਕਵਿਤਾ ਰਾਹੀਂ ਵਿਅੰਗ ਕੱਸਿਆ ਸੀ। ਸਾਹਿਤ ਸਭਾਵਾਂ, ਪੰਜਾਬੀ ਲੇਖਕਾਂ, ਸਾਹਿਤਕਾਰਾਂ ਨੇ ਫ਼ੈਸਲੇ ਦੀ ਨਿੰਦਿਆਂ ਕਰਦਿਆਂ ਜਨਤਕ ਰੋਹ ਦਾ ਪ੍ਰਗਟਾਵਾ ਕੀਤਾ ਸੀ।

*ਤੋਤਾ ਸਿੰਘ ਨੇ ਆਖਿਆ ਸੁਣੋ ਸਿੰਘੋ,*
*ਹੁਣ ਨਾ ਬਿਨਾਂ ਅੰਗਰੇਜ਼ੀ ਦੇ ਸਰੇਗਾ ਜੀ।*
*ਭੁੱਲ ਜਾਓ ਪੰਜਾਬੀ ਵਿਚ ਗੱਲ ਕਰਨੀ,*
*ਪੜ੍ਹੇ ਗੁਰਮੁਖੀ ਜੋ ਭੁੱਖਾ ਮਰੇਗਾ ਜੀ।*
*ਬੜੇ ਸਾਲ ਅਸਾਨੂੰ ਨਹੀਂ ਅਕਲ ਆਈ,*
*ਅੱਗੋਂ ਪੰਥ ਨਾ ਗਲਤੀਆਂ ਕਰੇਗਾ ਜੀ।*
*ਵੈਣ ਪੈਣਗੇ ਵਿਚ ਅੰਗਰੇਜ਼ੀਆਂ ਦੇ*
*ਅਗਲੇ ਸਾਲ ਬੁੱਢਾ ਜਿਹੜਾ ਮਰੇਗਾ ਜੀ।*
*ਸਾਨੂੰ ਪਤਾ ਹੈ ਰਹੇ ਉਸਤਾਦ ਜਿਹੜੇ*
*ਅਗਲੇ ਸਾਲ ਤੋਂ ਚੰਦ ਜੁ ਚੜ੍ਹਨਗੇ ਜੀ।*
*ਬੱਚੇ ਪਿੰਡਾਂ ਦੇ ਬਣਨ ਅੰਗਰੇਜ਼ ਲੱਗੇ,*
*ਬਿਨਾਂ ਟੀਚਰਾਂ ਦੇ ਇੰਗਲਿਸ਼ ਪੜ੍ਹਨਗੇ ਜੀ।*
*ਸ਼ਾਹ ਮੁਹੰਮਦਾ ਰੋਣਗੇ ਵੇਖ ਮਾਪੇ*
*ਜਦੋਂ ਬਾਲ ਵਿਹਲੇ ਬੈਠੇ ਲੜਨਗੇ ਜੀ।*

ਅਕਾਲੀ ਭਾਜਪਾ ਸਾਂਝੀ ਸਰਕਾਰ ਅਤੇ ਵਿਰੋਧੀ ਧਿਰ 'ਚ ਬੈਠੀ ਕਾਂਗਰਸ ਸਾਰਿਆਂ ਨੇ ਸਰਬ ਸੰਮਤੀ ਨਾਲ ਪੰਜਾਬੀ ਭਾਸ਼ਾ ਬਾਰੇ ਦੋ ਅਹਿਮ ਤਰਮੀਮੀ ਬਿੱਲ ਲਿਆਂਦੇ। ਪਹਿਲੇ ਦਾ ਸਬੰਧ ਸਕੂਲੀ ਵਿਦਿਆ ਨਾਲ ਤੇ ਵਿਦਿਅਕ ਅਦਾਰਿਆਂ ਨਾਲ ਹੈ, ਵਿਧਾਨ ਸਭਾ ਦੇ ਆਖ਼ਰੀ ਦਿਨ ਪਾਸ ਕਰ ਦਿੱਤਾ ਤੇ ਇਥੇ ਯਾਦ ਕਰਵਾ ਦੇਣਾ ਜ਼ਰੂਰੀ ਬਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਮੁੱਢੋਂ ਸੁੱਢੋਂ ਹੀ ਪੰਜਾਬੀ ਭਾਸ਼ਾ ਵਿਰੋਧੀ ਰਹੀ ਹੈ। ਬਕਾਇਦਾ 22 ਅਕਤੂਬਰ 2008 ਤੋਂ ਨੋਟੀਫ਼ਿਕੇਸ਼ਨ ਜਾਰੀ ਕਰਨ ਨਾਲ ਲਾਗੂ ਹੋ ਗਿਆ ਹੈ। ਸੈਸ਼ਨ 2009-2010 ਪੰਜਾਬ ਦੇ ਸਾਰੇ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਾਰ ਦਿੱਤੀ ਗਈ ਹੈ। ਕਾਨੂੰਨ ਦੀ ਉਪ ਧਾਰਾ ਦੋ ਤੇ ਤਿੰਨ ਅਨੁਸਾਰ ਦਸਵੀਂ ਤਕ ਪੰਜਾਬੀ ਪਾਸ ਵਿਦਿਆਰਥੀ ਨੂੰ ਹੀ ਬੋਰਡ ਜਾਂ ਸੰਸਥਾ ਮੈਟਰਿਕ ਪਾਸ ਹੋਣ ਦਾ ਪ੍ਰਮਾਣ ਪੱਤਰ ਜਾਰੀ ਕਰ ਸਕੇਗੀ। ਇਹ ਕਾਨੂੰਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਲਹਾਕ ਬੱਧ ਸਕੂਲਾਂ 'ਤੇ ਵੀ ਲਾਗੂ ਹੋਵੇਗਾ। ਚਾਰ ਤੇ ਪੰਜ ਨੰਬਰ ਦੀਆਂ ਉਪ ਧਾਰਾਵਾਂ ਵਿਚ ਉਲੰਘਣਾ ਕਰਨ ਵਾਲਿਆਂ ਲਈ ਸਜ਼ਾਵਾਂ ਦਾ ਉਲੇਖ ਹੈ। ਪਹਿਲੀ ਤੋਂ ਅੰਗਰੇਜ਼ੀ ਲਾਗੂ ਕਰਨ ਵਾਲੇ ਪਹਿਲੇ ਕਾਨੂੰਨ ਤੇ ਇਸ ਦਾ ਕੋਈ ਪ੍ਰਭਾਵ ਨਹੀਂ ਪਵੇਗਾ, ਇਹ ਇਨ ਬਿਨ ਲਾਗੂ ਰਹੇਗਾ। ਇਸ ਕਾਨੂੰਨ ਦੇ ਦੂਜੇ ਭਾਗ ਵਿਚ ਪੰਜਾਬੀ ਭਾਸ਼ਾ ਨੂੰ ਸੁਚਾਰੂ ਰੂਪ ਵਿਚ ਅਦਾਲਤਾਂ ਟ੍ਰਿਬਿਊਨਲਾਂ, ਸਿਵਲ ਤੇ ਕਰੀਮੀਨਲ ਅਦਾਲਤਾਂ, ਸਰਕਾਰੀ ਦਫ਼ਤਰਾਂ, ਪਬਲਿਕ ਅਦਾਰਿਆਂ, ਬੋਰਡਾਂ, ਲੋਕਲ ਬਾਡੀਜ਼, ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਲਾਗੂ ਕਰਨ ਹਿੱਤ ਪੱਤਰ ਵਿਹਾਰ ਪੰਜਾਬੀ ਵਿਚ ਕਰਨਾ ਹੋਵੇਗਾ। ਇਸ ਨਾਲ ਜੁੜੀ ਧਾਰਾ ਅੱਠ ਬੀ ਅਨੁਸਾਰ ਉਚ ਅਧਿਕਾਰਾਂ ਵਾਲੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਅਮਲ ਨਾ ਕਰਨ ਵਾਲੇ ਅਧਿਕਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਨਿਰਧਾਰਤ ਸਜ਼ਾਵਾਂ ਦੇਣਗੀਆਂ। ਫਿਰ ਵੀ ਹਾਲੇ ਤਕ ਭਾਸ਼ਾ ਤੇ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਵਲੋਂ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਲਈ ਕੇਵਲ ਤਾੜਨਾ ਭਰੇ ਬਿਆਨ ਹੀ ਅਖ਼ਬਾਰ ਵਿਚ ਆ ਰਹੇ ਹਨ, ਜਿਸ ਤੋਂ ਸਰਕਾਰ ਦੀ ਇੱਛਾ ਸ਼ਕਤੀ ਦੀ ਘਾਟ ਦਾ ਸੰਕੇਤ ਮਿਲਦਾ ਹੈ। ਕਿਤੇ ਪਰਨਾਲਾ ਉਥੇ ਦਾ ਉਥੇ ਤਾਂ ਹੀ ਨਹੀਂ ਰਹੇਗਾ। ਪੰਜਾਬੀ ਪਿਆਰਿਆਂ ਦਾ ਸਮੂਹਕ ਜਥੇਬੰਦਕ ਦਬਾਅ ਹੀ ਪੰਜਾਬ ਸਰਕਾਰ ਨੂੰ ਸਿੱਧੇ ਲੀਹ ਤੋਰ ਸਕਦਾ ਹੈ। ਆ ਰਿਹਾ ਸਮਾਂ ਹੀ ਦੱਸੇਗਾ, ਸੁਚੇਤ ਰਹਿਣ ਦੀ ਲੋੜ ਹੈ।

ਹਾਲੇ ਤਕ ਅਸੀਂ ਗਵਾਂਢੀ ਰਾਜ ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਵੀ ਪ੍ਰਦਾਨ ਨਹੀਂ ਕਰਵਾ ਸਕੇ। ਰਹਿੰਦੇ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਜੀਵਤ ਰੱਖਣ ਲਈ ਪੰਜਾਬੀ ਸਾਹਿਤਕਾਰਾਂ, ਕਵੀਆਂ ਤੇ ਪੰਜਾਬੀ ਪਿਆਰਿਆਂ ਨੇ ਫ਼ੌਜੀ ਤਾਨਾਸ਼ਾਹ ਤੇ ਲੋਕਤੰਤਰਿਕ ਸਰਕਾਰਾਂ ਦੀਆਂ ਸਖ਼ਤੀਆਂ ਦੇ ਬਾਵਜੂਦ ਕੁਰਬਾਨੀਆਂ ਭਰਿਆ ਬੜਾ ਬਿਖੜਾ ਤੇ ਲੰਮਾ ਪੈਂਡਾ ਤੈਅ ਕੀਤਾ ਹੈ, ਉਥੇ ਪੰਜਾਬੀ ਜ਼ੁਬਾਨ ਨੂੰ ਫ਼ਾਰਸੀ ਅੱਖਰਾਂ ਭਾਵ ਸ਼ਾਹਮੁਖੀ ਵਿਚ ਲਿਖਿਆ ਜਾਂਦਾ ਹੈ। ਪਾਕਿਸਤਾਨ ਵਿਚ ਬੜੇ ਹੀ ਸਿਹਤਮੰਦ ਉਚ ਮਿਆਰੀ ਪੰਜਾਬੀ ਸਾਹਿਤ ਦੀ ਰਚਨਾ ਹੋ ਰਹੀ ਹੈ। ਮਾਸਿਕ ਪਰਚੇ ਪ੍ਰਕਾਸ਼ਿਤ ਹੁੰਦੇ ਹਨ। ਹੁਣ ਦੋਵੇਂ ਪਾਸਿਆਂ ਦੇ ਪੰਜਾਬੀ ਸਾਹਿਤ ਦਾ ਅਦਾਨ ਪ੍ਰਦਾਨ ਕਰ ਲੈਂਦੇ ਹਨ। ਲਿੱਪੀ ਅੰਤਰਿਤ ਕਰ ਕੇ ਦੋਹੇਂ ਪਾਸੀਂ ਪ੍ਰਕਾਸ਼ਿਤ ਵੀ ਹੋ ਰਿਹਾ ਹੈ। ਯੂਨੀਵਰਸਿਟੀ ਪੱਧਰ ਤਕ ਪੰਜਾਬੀ ਦੀ ਪੜ੍ਹਾਈ ਦਾ ਪ੍ਰਾਵਧਾਨ ਹੈ, ਲਿਪੀ ਸ਼ਾਹਮੁਖੀ ਹੈ।

ਪਰ ਰਾਜ ਭਾਸ਼ਾ ਉਰਦੂ ਹੀ ਹੈ, ਸਾਰਾ ਸਰਕਾਰੀ ਕੰਮਕਾਜ ਉਸੇ ਵਿਚ ਹੁੰਦਾ ਹੈ। ਇਕ ਵਾਰੀ ਖੁਰਸ਼ੀਦ ਸ਼ਾਹ ਉਰਫ਼ ਸ਼ੀਦੇਸ਼ਾਹ ਵਜ਼ੀਰੇ ਤਾਲੀਮ ਨੇ ਇਕ ਸਵਾਲ ਦੇ ਉਤਰ ਵਿਚ ਕਿਹਾ ਸੀ ਕਿ ਪੱਛੜੀ ਹੋਣ ਕਾਰਨ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਤੇ ਸਿਖਿਆ ਦਾ ਮਾਧਿਅਮ ਨਹੀਂ ਬਣਾਇਆ ਜਾ ਸਕਿਆ। ਭਾਵੇਂ ਇਹ ਲਹਿੰਦੇ ਪੰਜਾਬ ਦੀ ਬੋਲੀ ਹੈ, ਲਹਿੰਦੇ ਪੰਜਾਬ ਦੇ ਪ੍ਰਸਿੱਧ ਸ਼ਾਇਰ ਬਾਬਾ ਨਜ਼ਮੀ ਨੇ ਸ਼ੀਦੇ ਸ਼ਾਹ ਨੂੰ ਕਵਿਤਾ ਰਾਹੀਂ ਠੋਕਵਾਂ ਉਤਰ ਦਿੱਤਾ ਸੀ :

*ਆਪਣੇ ਮੂੰਹ ਨੂੰ ਡੱਕਾ ਲਾ ਓਏ ਸ਼ੀਦੇ ਸ਼ਾਹ*
*ਇੰਜ ਨਾ ਆਪਣਾ ਕੱਦ ਵਧਾ ਓਏ ਸ਼ੀਦੇ ਸ਼ਾਹ*
*ਨਿੰਦਿਆ ਮੇਰੀ ਮਾਂ ਬੋਲੀ ਦੀ ਕਰ ਕੇ ਤੂੰ*
*ਦਿੱਤੀ ਆਪਣੀ ਜਾਤ ਵਿਖਾ ਓਏ ਸ਼ੀਦੇ ਸ਼ਾਹ*
*ਸੱਚਲ, ਵਾਰਸ, ਫਰੀਦ, ਭਟਾਈ ਇਕੋ ਜਿਹੇ*
*ਗੰਦੀਆਂ ਅੱਖਾਂ ਸਾਫ਼ ਕਰਾ ਓਏ ਸ਼ੀਦੇ ਸ਼ਾਹ*
*ਮੇਰਾ ਵਿਰਸਾ ਝੱਲਿਆ ਵਾਂਗ ਸਮੁੰਦਰ ਦੇ*
*ਆਪਣੇ ਵਿਹੜੇ ਝਾਤੀ ਪਾ ਓਏ ਸ਼ੀਦੇ ਸ਼ਾਹ*
*ਲੂਸੇ ਤੇਰਾ ਜੁੱਸਾ ਤੇਰੀ ਜੀਭ ਸੜੇ*
*ਹੋਵੇ ਤੇਰਾ ਮੁੱਕ ਮੁਕਾ ਓਏ ਸ਼ੀਦੇ ਸ਼ਾਹ।*
*ਹੇਠ ਸਦਾ ਨਹੀਂ ਰਹਿਣਾ ਪੰਜਾ ਚੌਧਰ ਦਾ*
*ਰੱਜਵੀਂ ਲਭੀ ਜਰ ਕੇ ਖਾਹ ਓ ਸ਼ੀਦੇ ਸ਼ਾਹ।*

ਮਜ਼ਬੀ ਜਨੂੰਨੀਆਂ ਦੀਆਂ ਰੁਕਾਵਟਾਂ ਦੇ ਬਾਵਜੂਦ ਲਹਿੰਦੇ ਪੰਜਾਬ ਵਿਚ ਵੀ ਪੰਜਾਬੀ ਭਾਸ਼ਾ ਉਨਤੀ ਕਰ ਰਹੀ ਹੈ, ਜਥੇਬੰਦਕ ਉਪਰਾਲੇ ਵੀ ਹੋ ਰਹੇ ਹਨ। ਪੰਜਾਬੀ; ਮਿੱਠੀ ਪਿਆਰੀ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਦੇ ਹਨ। ਲਾਹੌਰ ਵਿਚ ਸ਼ਾਹ ਹੁਸੈਨ ਦੇ ਹੁਜਰੇ ਵਿਚ ਆਪਣੀ ਜ਼ਿੰਦਗੀ ਦੀਆਂ ਆਖ਼ਰੀ ਘੜੀਆਂ ਗਿਣ ਰਹੇ ਲਹਿੰਦੇ ਪੰਜਾਬ ਦੇ ਪ੍ਰਸਿੱਧ ਸ਼ਾਇਰ ਉਸਤਾਦ ਦਾਮਨ ਨੇ ਪੁਕਾਰ ਪੁਕਾਰ ਕੇ ਕਿਹਾ ਸੀ :

*ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ*
*ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ।*
*ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ,*
*ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।*

ਇਕ ਪੰਜਾਬੀ ਮੁਸ਼ਾਹਰੇ ਵਿਚ ਕਿਹਾ ਗਿਆ ਹੈ ਕਿ ਜਿੰਨਾ ਚਿਰ ਪੰਜਾਬੀ ਬੱਚੇ ਨੂੰ ਜਨਮ ਦੇਣ ਵਾਲੀ ਇਕ ਵੀ ਪੰਜਾਬੀ ਮਾਂ ਜਿਊਂਦੀ ਹੈ, ਪੰਜਾਬੀ ਭਾਸ਼ਾ ਮਰ ਨਹੀਂ ਸਕਦੀ। ਇੰਗਲੈਂਡ, ਕਨੇਡਾ, ਅਮਰੀਕਾ, ਅਸਟਰੇਲੀਆ ਅਤੇ ਕੀਨੀਆ ਵਿਚ ਪੰਜਾਬੀ ਪ੍ਰਵਾਸੀ ਵਸਿਆ ਹੋਇਆ ਹੈ, ਉਂਝ ਤਾਂ ਸੰਸਾਰ ਦੇ ਹੋਰ ਭਾਗਾਂ ਵਿਚ ਪੰਜਾਬੀ ਵੱਸਿਆ ਹੋਇਆ ਹੈ ਪਰ ਗਿਣਨਯੋਗ ਸੰਖਿਆ ਇਨ੍ਹਾਂ ਮੁਲਕਾਂ ਵਿਚ ਹੀ ਹੈ। ਇਨ੍ਹਾਂ ਮੁਲਕਾਂ ਵਿਚ ਪੰਜਾਬੀ ਸਪਤਾਹਿਕ ਅਖ਼ਬਾਰ ਤੇ ਮਾਸਕ ਰਸਾਲਿਆਂ ਦੀ ਭਰਮਾਰ ਹੈ। ਸਾਹਿਤ ਸਭਾਵਾਂ, ਲੇਖਕ ਸਭਾਵਾਂ ਵਿਚ ਸਾਹਿਤਕਾਰ ਜਥੇਬੰਦਕ ਰੂਪ ਵਿਚ ਮਾਤ ਭਾਸ਼ਾ ਤੇ ਸਭਿਆਚਾਰ ਦੀ ਰਾਖੀ ਲਈ ਯਤਨਸ਼ੀਲ ਵੀ ਹਨ। ਵੱਡੇ ਵੱਡੇ ਅੰਤਰ-ਰਾਸ਼ਟਰੀ ਪੰਜਾਬੀ ਸਾਹਿਤ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਰਚਨਾਵਾਂ ਵੀ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਵੱਡੀ ਗਿਣਤੀ ਵਿਚ ਰਚਨਾਵਾਂ ਦੀ ਛਪਾਈ ਵੀ ਹੋ ਰਹੀ ਹੈ। ਪਰ ਪ੍ਰਵਾਸ ਕਰ ਕੇ ਆਏ ਪੰਜਾਬੀਆਂ ਦੀ ਤੀਜੀ ਪੀੜ੍ਹੀ ਆਪਣੇ ਸਭਿਆਚਾਰ ਤੋਂ ਮੂੰਹ ਮੋੜ ਰਹੀ ਹੈ।

## ਕੀ ਕਰਨਾ ਲੋੜੀਏ

- ਬੀ.ਸੀ. ਕਨੇਡਾ ਇਸ ਲਈ ਰਾਹ ਦਸੇਰੇ ਦਾ ਕੰਮ ਕਰਦਾ ਹੈ। ਪੰਜਾਬੀ ਉਥੇ ਰਾਜਨੀਤਕ ਖੇਤਰ ਵਿਚ ਵੀ ਆਪਣੇ ਪੂਰੀ ਤਰ੍ਹਾਂ ਪੈਰ ਜਮ੍ਹਾ ਕੇ ਰੱਖਦਾ ਹੈ। ਬੀ.ਸੀ. ਕਨੇਡਾ ਵਿਚ ਜਿਥੇ ਵੀ ਜਿਸ ਕਲਾਸ ਵਿਚ ਵੀ 20 ਵਿਦਿਆਰਥੀ ਪੰਜਾਬੀ ਭਾਸ਼ਾ ਸਿੱਖਣ ਦੀ ਮੰਗ ਕਰਦੇ ਹਨ, ਸਿਖਿਆ ਵਿਭਾਗ ਸੁਸਿਖਿਆਤ ਅਧਿਆਪਕ ਤੇ ਕਲਾਸ ਪੀਰੀਅਡ ਦਾ ਪ੍ਰਬੰਧ ਕਰਦਾ ਹੈ। ਜਿਥੇ ਵੀ ਪੰਜਾਬੀ ਗਿਣਨਯੋਗ ਵਸੋਂ ਵਿਚ ਹੈ, ਇਹ ਢੰਗ ਅਪਣਾਉਣ ਦਾ ਯਤਨ ਕਰਨਾ ਚਾਹੀਦਾ ਹੈ।
- ਕੀਨੀਆ ਨੈਰੋਬੀ ਵਿਚ ਪੰਜਾਬੀਆਂ ਨੇ ਆਪਣੇ ਸਕੂਲ ਖੋਲ੍ਹੇ ਹੋਏ ਹਨ। ਉਸ ਦੇਸ਼ ਦੇ ਵਿਸ਼ੇ 'ਤੇ ਸਿਲੇਬਸ ਦੇ ਨਾਲ-ਨਾਲ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਇਨ੍ਹਾਂ ਸਕੂਲਾਂ ਵਿਚ ਛੁੱਟੀਆਂ ਦੇ ਸਮੇਂ ਪੰਜਾਬੀ ਭਾਸ਼ਾ ਦਾ ਗਿਆਨ ਦੇਣ ਲਈ ਕਲਾਸਾਂ ਲੱਗਦੀਆਂ ਹਨ।
- ਪਰਦੇਸੀਂ ਬੈਠੇ ਪੰਜਾਬੀ ਪਰਿਵਾਰਾਂ ਦੇ ਬਜ਼ੁਰਗਾਂ ਨੂੰ ਜੋ ਮਾਤ ਭਾਸ਼ਾ ਦਾ ਗਿਆਨ ਰਖਦੇ ਹਨ, ਆਪਣੇ ਪੋਤੇ, ਪੋਤੀਆਂ, ਦੋਹਤਰੇ, ਦੋਹਤਰੀਆਂ ਨੂੰ ਮਾਤ ਭਾਸ਼ਾ ਦਾ ਗਿਆਨ ਦੇਣਾ ਚਾਹੀਦਾ ਹੈ। ਘਰਾਂ ਵਿਚ ਬੱਚਿਆਂ ਨਾਲ ਪੰਜਾਬੀ ਵਿਚ ਗੱਲਬਾਤ ਕੀਤੀ ਜਾਵੇ ਤਾਂ ਕਿ ਉਹ ਸ਼ੁੱਧ, ਸਰਲ ਪੰਜਾਬੀ ਬੋਲ ਸਕਣ।
- ਪ੍ਰਦੇਸ ਵਿਚ ਗੁਰਦਵਾਰਿਆਂ ਵਿਚ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਲਾਉਣ ਦੇ ਯਤਨ ਕੀਤੇ ਜਾਂਦੇ ਹਨ, ਪਰ ਸਫ਼ਲਤਾ ਨਹੀਂ ਮਿਲਦੀ, ਕਿਉਂਕਿ ਹਫ਼ਤੇ ਵਿਚ ਕੇਵਲ ਇਕ ਦਿਨ ਐਤਵਾਰ ਨੂੰ ਹੀ ਕੀਤੇ ਯਤਨ ਕਾਰਗਰ ਸਿੱਧ ਨਹੀਂ ਹੋ ਸਕਦੇ। ਸਮਰ ਸਕੂਲ (ਲੰਮੀਆਂ ਛੁੱਟੀਆਂ) ਦੇ ਦਿਨਾਂ ਵਿਚ ਕਲਾਸਾਂ ਲਾਉਣ ਦਾ ਪ੍ਰਾਵਧਾਨ ਕੀਤਾ ਜਾਣਾ ਚਾਹੀਦਾ ਹੈ ਤਾਂ ਸਫ਼ਲਤਾ ਮਿਲ ਸਕਦੀ ਹੈ। ਇਨ੍ਹਾਂ ਯਤਨਾਂ ਨੂੰ ਕੇਵਲ ਧਾਰਮਕ ਸਿਖਿਆ ਤਕ ਸੀਮਤ ਨਾ ਕੀਤਾ ਜਾਵੇ। ਹੋਰ ਵੀ ਭਾਸ਼ਾ ਸ਼ਾਸਤਰੀਆਂ ਤੋਂ ਸੁਝਾਅ ਮੰਗੇ ਜਾ ਸਕਦੇ ਹਨ।

ਯੂਨੈਸਕੋ ਅਤੇ ਬੀ.ਬੀ.ਸੀ. ਲੰਡਨ ਦੀਆਂ ਰਿਪੋਰਟਾਂ ਅਨੁਸਾਰ ਪੰਜਾਬੀ ਭਾਸ਼ਾ ਲਈ ਨੇੜਲੇ ਭਵਿੱਖ ਵਿਚ ਆ ਰਹੇ ਖਤਰਿਆਂ ਦੇ ਸਨਮੁੱਖ ਪੰਜਾਬੀ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਵਸਦਾ ਹੈ, ਨੂੰ ਸੰਸਾਰੀਕਰਨ, ਸੰਚਾਰ ਸਾਧਨਾਂ ਦੇ ਉਚ ਵਿਕਾਸ, ਤੇਜ਼ ਰਫ਼ਤਾਰ ਚੱਲ ਰਹੇ ਵਿਕਾਸ ਦੇ ਘਟਨਾ ਚੱਕਰ ਨੂੰ ਧਿਆਨ ਵਿਚ ਰੱਖਦਿਆਂ ਮਾਂ ਬੋਲੀ, ਭਾਸ਼ਾ ਤੇ ਸਭਿਆਚਾਰ ਦੀ ਹੋਂਦ ਨੂੰ ਬਚਾਉਣ ਤੇ ਸਮੇਂ ਦੇ ਹਾਣ ਦਾ ਹੋਣ ਲਈ ਨਿਰੰਤਰ ਜਥੇਬੰਦਕ ਸਮੂਹਕ ਯਤਨ ਜਾਰੀ ਰੱਖਣੇ ਹੋਣਗੇ ਤਾਂ ਜੋ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਸੱਚੇ ਸਪੂਤ ਹੋ ਨਿੱਬੜੀਏ। *(ਸਮਾਪਤ)*




# ਮੈਨੂੰ ਦੁਖੀ ਕਰਨ ਵਾਲੇ



ਹਰਜੀਤ ਤੇਜਾ ਸਿੰਘ
+91-94644-17200

ਅੱਜ ਕੱਲ੍ਹ ਮੈਨੂੰ ਬੜੀ ਅਜੀਬ ਸਥਿਤੀ ਵਿੱਚੋਂ ਲੰਘਣਾ ਪੈ ਰਿਹਾ ਹੈ। ਇਸ ਸਾਰੀ ਸਮੱਸਿਆ ਦੀ ਜੜ੍ਹ ਸਾਹਿਤ ਦੀ ਸਮਝ ਆਉਣ ਲੱਗਣਾ ਹੈ। ਸਾਹਿਤ ਦੀ ਸਮਝ ਵੀ ਬੜੀ ਖਾਸ ਕਿਸਮ ਦੀ ਸਮੱਸਿਆ ਹੈ ਕਿ ਜ਼ਿੰਦਗੀ ਨੂੰ ਕਦੇ ਸਧਾਰਨ ਵਿਅਕਤੀ ਵਜੋਂ ਦੇਖਣਾ/ਸਮਝਣਾ ਯਾਦ ਹੀ ਨਹੀਂ ਰਹਿੰਦਾ। ਹਰ ਘਟਨਾ ਸਬੰਧੀ ਗੂੜ੍ਹ ਗਿਆਨ ਘੋਟਣ ਲਈ ਕੋਈ ਨਾ ਕੋਈ ਕਵੀ, ਕਹਾਣੀਕਾਰ ਜਾਂ ਪਾਤਰ ਅਪਣਾ ਨਜ਼ਰੀਆ ਲਈ ਸਰ੍ਹਾਣੇ ਆ ਖੜ੍ਹਦਾ ਹੈ। ਕਿਸੇ ਰਿਕਸ਼ੇ ਵਾਲੇ ਨੂੰ ਦੇਖਦਾ ਹਾਂ ਤਾਂ 'ਪਾਸ਼' ਤੇ 'ਦਿਲ' ਆ ਜਾਂਦੇ ਨੇ ਤੇ 'ਕਿਰਤ ਦੀ ਲੁੱਟ' ਹੁੰਦੀ ਦਿਖਾਉਣ ਵਾਲੀ ਐਨਕ ਲੱਗ ਜਾਂਦੀ ਹੈ। ਚੌਕ 'ਚ ਖੜ੍ਹੇ ਮਜ਼ਦੂਰਾਂ ਨੂੰ ਦੇਖਕੇ ਕੈਨੇਡਾ, ਅਮਰੀਕਾ ਤੇ ਇੰਗਲੈਂਡ ਆਦਿ ਮੁਲਕਾਂ 'ਚ ਗਏ ਦੋਸਤ-ਮਿੱਤਰ ਯਾਦ ਆ ਜਾਂਦੇ ਹਨ।

ਪੰਜਾਬ 'ਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਕਾਰਨ, ਨਸ਼ਿਆਂ 'ਚ ਫਸੇ ਮੁੰਡਿਆਂ ਨੂੰ ਦੇਖੀਦਾ ਤਾਂ 'ਸ਼ਿਵ' ਆ ਕੇ ਕਹਿੰਦਾ ਹੈ-

-ਕੋਈ ਨੀ ਬਾਈ ਜੀ, ਜੋਬਨ ਰੁੱਤੇ ਮਰ ਕੇ ਤਾਰੇ ਬਣ ਜਾਣਗੇ-

ਮੈਂ ਸੋਚਦਾਂ, ਮਰ ਕੇ ਅੰਬਰ ਦੇ ਤਾਰੇ ਤਾਂ ਬਣ ਜਾਣਗੇ ਪਰ ਅੱਖਾਂ ਦੇ ਤਾਰੇ ਬਣਨ ਲਈ ਤਾਂ ਜਿਉਣਾ ਜ਼ਰੂਰੀ ਹੈ। 'ਸ਼ਿਵ' ਕਹਿੰਦਾ ਹੈ-

-ਹਿਜ਼ਰ ਤਾਂ ਧੁਰੋਂ ਕਰਮਾਂ ਵਿਚ ਲਿਖਵਾਇਆ, ਕੁੱਝ ਨੀ ਹੋ ਸਕਦਾ ਹੁਣ, ਹੱਥਾਂ ਦੀਆਂ ਚਾਰ ਲਕੀਰਾਂ ਨਹੀਂ ਬਦਲਣੀਆਂ--

ਪਾਤਰ ਸਾਹਬ ਆ ਪ੍ਰਗਟ ਹੁੰਦੇ ਹਨ ਤੇ ਕਹਿੰਦੇ ਹਨ

- ਨਾ, ਬਈ ਨਾ ਨਿਰਾਸ਼ ਨੀ ਹੋਣਾ, ਹਰ ਪਤਝੜ੍ਹ ਤੋਂ ਬਾਅਦ ਅਗਲੀ ਰੁੱਤ ਵੀ ਆਉਂਦੀ ਹੈ ਬਸ ਦਿਲ 'ਚ ਯਕੀਨ ਰੱਖੋ ਤੇ ਸੁਫ਼ਨੇ ਹਸੀਨ ਰੱਖੋ-

ਇਹ ਕਹਿ ਕੇ ਆਪ ਤਾਂ ਅਲੋਪ ਹੋ ਜਾਂਦੇ ਹਨ ਪਰ ਅਪਣੇ ਪਿੱਛੇ ਹਵਾ 'ਚ ਲਿਖੇ ਹਰਫ਼ ਛੱਡ ਜਾਂਦੇ ਹਨ।

ਬੁਰੇ ਦਿਨਾਂ ਤੋਂ ਡਰੀਂ ਨਾ ਪਾਤਰ
ਭਲੇ ਦਿਨਾਂ ਨੂੰ ਲਿਆਉਣ ਖ਼ਾਤਰ
ਤੂੰ ਸਿਦਕ ਦਿਲ ਵਿਚ ਤੇ ਆਸ ਰੂਹ ਵਿਚ
ਨਜ਼ਰ 'ਚ ਸੁਪਨੇ ਹਸੀਨ ਰੱਖੀਂ ।

ਇਕ ਦਿਨ ਇਕ ਮੁਟਿਆਰ ਨੂੰ ਚੂੜਾ ਪਾਈਂ, ਤਿਆਰ-ਬਰ-ਤਿਆਰ ਦੇਖਕੇ ਮਨ ਖੁਸ਼ ਹੋਣ ਹੀ ਲੱਗਾ ਸੀ ਕਿ 'ਪਾਤਰ' ਸਾਹਿਬ ਨੇ ਆ ਕੇ ਹਲੂਣਾ ਦਿੱਤਾ।

- ਪੁੱਤਰ ਜੀ ਹੋ ਸਕਦਾ ਇਹ ਵਿਚਾਰੀ ਖੁਸ਼ ਨਾ ਹੋਵੇ-

ਤੇ ਅੱਖਾਂ ਮੁੰਦਕੇ, ਜਿਵੇਂ ਕੋਈ ਜੋਗੀ ਧਿਆਨ ਮਗਨ ਹੋ ਜਾਂਦਾ ਹੈ, ਅਪਣੀ ਰਚਨਾ ਗੁਣਗੁਣਾਉਣ ਲੱਗੇ- ਇੱਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਏਂ ਕੀ ਖੱਟਿਆ ਮਹਿੰਦੀ ਲਾ ਕੇ ਵਟਣਾ ਮਲ਼ਕੇ। ਬਸ ਫੇਰ ਮੈਨੂੰ ਪੁੱਛਿਆ ਈ ਜਾਣੀਏ, ਦੋ ਮਿੰਟ ਪਹਿਲਾਂ ਖੁਸ਼ੀ ਦੇਣ ਵਾ਼ਲੀ ਝਾਕੀ ਤਰਸ ਦੀ 'ਪਾਤਰ' ਬਣਕੇ ਰਹਿ ਗਈ। ਘਰਦੇ ਕਹਿੰਦੇ ਰਹਿੰਦੇ ਨੇ "ਮੁੰਡਿਆ ਕੋਈ ਕੰਮ ਤਾਂ ਕਰ ਲਿਆ ਕਰ, ਰੋਟੀ ਕਿੱਥੋਂ ਖਾਂਏਗਾ।" ਪਰ 'ਪਾਸ਼' ਕਹਿੰਦਾ-

ਅਫਸੋਸ ਹੈ ਕਿ ਸਦੀਆਂ ਬੀਤ ਗਈਆਂ ਹਨ,
ਰੋਟੀ, ਕੰਮ ਤੇ ਸਿਵੇ ਅਜੇ ਵੀ ਸਮਝਦੇ ਹੋਣੇ ਨੇ
ਕਿ ਅਸੀਂ ਇਨ੍ਹਾਂ ਦੀ ਖ਼ਾਤਿਰ ਹੀ ਹਾਂ।

ਪਾਸ਼ ਧੱਕੜ ਜਾਫੀ ਦੀ ਤਰ੍ਹਾਂ ਮੇਰਾ ਗੁੱਟ ਫੜ੍ਹ ਲੈਂਦਾ ਹੈ ਤੇ ਨਿੱਜ ਤੋਂ ਹਟਕੇ 'ਧੁੱਪ ਵਾਂਗ ਧਰਤੀ 'ਤੇ ਖਿੜ ਜਾਣ' ਦਾ ਜਿਉਣ ਸਲੀਕਾ ਅਪਣਾਉਣ ਲਈ ਕਹਿੰਦਾ ਹੈ। ਪਰ ਮੈਂ ਰੋਂਡੀ ਖਿਡਾਰੀ ਦੀ ਤਰ੍ਹਾਂ ਅਪਣੇ ਗੁੱਟ 'ਤੇ ਬਹਾਨਿਆਂ ਵਾ਼ਲਾ ਤੇਲ ਲਾ ਰੱਖਿਆ ਹੈ। ਪਾਸ਼ ਤੋਂ ਗੁੱਟ ਛੁਡਾ ਡਾਢਿਆਂ ਦੇ ਪਾੜੇ ਵਿੱਚ ਆ ਖੜ੍ਹਦਾ ਹਾਂ। ਅਧਿਆਪਨ ਨੂੰ ਅਪਣਾ ਕਿੱਤਾ ਤੇ ਜ਼ਮੀਨ-ਜਾਇਦਾਦ ਨੂੰ ਅਪਣੀ ਪਛਾਣ ਦੇ ਤੌਰ 'ਤੇ ਫੱਟੀ ਵਾਂਗ ਅਪਣੇ ਮੱਥੇ 'ਤੇ ਲਟਕਾਈ ਰੱਖਦਾ ਹਾਂ।

ਜਦੋਂ ਕਲਾਸ-ਰੂਮ ਵਿੱਚ, ਕਿਸੇ ਕਲਾਸ ਨੂੰ ਕੋਈ ਕਵਿਤਾ ਪੜ੍ਹਾ ਰਿਹਾ ਹੁੰਦਾਂ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਤੁਸੀਂ ਪੱਖੇ ਹੇਠ ਆਰਾਮ ਨਾ਼ਲ ਬੈਠਕੇ, ਮਜ਼ਦੂਰ ਦੇ ਜ਼ਿਕਰ ਵਾਲੀ ਕਵਿਤਾ ਕਿਵੇਂ ਸਮਝ ਤੇ ਸਮਝਾ ਸਕਦੇ ਹੋ ਤੇ 'ਸਭ ਤੋਂ ਖ਼ਤਰਨਾਕ' ਪੜ੍ਹਾਉਂਦੇ ਸਮੇਂ ਤੁਹਾਡਾ ਸਾਹ ਉੱਖੜ ਕਿਉਂ ਨਹੀਂ ਜਾਂਦਾ।

ਸ਼ਾਮ ਨੂੰ ਸਾਡੇ ਪਿੰਡ ਦੇ ਮੁੰਡੇ ਬਾਲੀਬਾਲ ਖੇਡਦੇ ਹਨ। ਚਾਹੇ ਬੱਚੇ ਕਹਿ ਲਈਏ। ਕਿਉਂਕਿ ਮੈਂ ਸਤਾਈ ਦਾਂ ਤੇ ਉਹ ਅਠਾਰਾਂ ਤੋਂ ਵੀਹ ਦੇ ਵਿਚਕਾਰ ਦੇ ਨੇ। ਮੈਂ ਵੀ ਉਹਨਾਂ ਨਾ਼ਲ ਆ ਰ਼ਲਦਾ ਹਾਂ। ਮੋੜ 'ਤੇ ਬੈਠਣ ਵਾ਼ਲੇ ਕਹਿਣਗੇ-

-ਬਸ ਕਰ ਹੁਣ! ਬੁੜ੍ਹਾ ਹੋ ਕੇ ਜੁਆਕਾਂ ਨਾ਼ਲ ਖੇਲ੍ਹਦਾ ਚੰਗਾ ਲੱਗਦਾਂ- ਸਾਹਿਤਕਾਰ ਕਹਿਣਗੇ -ਅੰਦਰਲੇ ਬੱਚੇ ਨੂੰ ਕਦੇ ਵੀ ਮਰਨ ਨਾ ਦਿਓ-ਘਰ ਤੋਂ ਗਰਾਉਂਡ ਤੱਕ ਦਾ ਰਸਤਾ ਦਿਮਾਗੀ ਘੋ਼ਲ ਵਿਚ ਲੰਘਦਾ ਹੈ ਕਿ ਗਰਾਂਈਆਂ ਦੀ ਮੰਨਾਂ ਤੇ ਅੰਦਰਲੇ ਬੱਚੇ ਨੂੰ ਮਾਰ ਲਵਾਂ ਜਾਂ ਸਾਹਿਤਕਾਰਾਂ ਦੀ। ਖੁਸ਼ੀ ਦੀ ਗੱਲ ਏ ਕਿ ਹਾਲੇ ਤੱਕ ਬੱਚਾ ਜਿਉਂਦਾ ਹੈ। ਅੰਦਰਲੇ ਬੱਚੇ ਨੂੰ ਜਿਊਂਦਾ ਰੱਖਣ ਲਈ ਜਿੰਨਾ ਕੰਮ ਸਾਹਿਤਕਾਰਾਂ ਨੇ ਕੀਤਾ, ਓਨੀ ਹੀ ਮਦਦ ਇੱਕ ਬਿਹਾਰੀ ਨੌਕਰ ਬੱਚੇ ਤੋਂ ਮਿ਼ਲੀ। ਹੋਇਆ ਕੀ ਕਿ ਇੱਕ ਦਿਨ ਮੈਂ ਵਿਹੜੇ 'ਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ ਤੇ ਮੇਰਾ ਛੋਟਾ ਭਰਾ ਤਿਸਨੂਰ, ਜੋ ਕਿ ਪੰਜਵੀਂ 'ਚ ਪੜ੍ਹਦਾ ਹੈ, ਫੁੱਟਬਾਲ ਨਾ਼ਲ ਖੇਡ ਰਿਹਾ ਸੀ। ਪਹਿਲਾਂ ਉਹਨੇ ਮੈਨੂੰ ਖੇਡਣ ਲਈ ਕਿਹਾ ਪਰ ਜਵਾਬ ਮਿਲਣ 'ਤੇ ਉਹ ਪਰ੍ਹਾਂ ਜਾ ਬੈਠਾ। ਜਿੱਥੇ ਉਹ ਜਾ ਕੇ ਬੈਠਿਆ ਓਥੇ ਸਾਡਾ ਨੌਕਰ ਕਬੀਰ, ਜੋ ਕੇ ਤਿਸਨੂਰ ਦੀ ਉਮਰ ਦਾ ਹੀ ਸੀ, ਮੱਝਾਂ-ਕੱਟੀਆਂ ਨੂੰ ਪਾਣੀ ਪਿਲਾਕੇ ਇੱਕ ਖੁਰਲੀ ਤੋਂ ਦੂਜੀ ਖੁਰਲੀ 'ਤੇ ਬੰਨ੍ਹ ਰਿਹਾ ਸੀ। ਤਿਸਨੂਰ ਬੈਠਾ-ਬੈਠਾ 'ਕਬੀਰ' ਨੂੰ ਕਹਿਣ ਲੱਗਿਆ।

-ਕਬੀਰ! ਜੇ ਯਾਰ ਤੂੰ ਸਾਡੇ ਪਿੰਡ ਜੰਮਿਆ ਹੁੰਦਾ, ਕਿੰਨਾ ਵਧੀਆ ਹੋਣਾ ਤੀ। ਤੂੰ ਵੀ ਮੇਰੇ ਵਾਂਗੂ ਸੈਕਰਟ-ਹਰਟ 'ਚ ਪੜ੍ਹਦਾ-

ਕਬੀਰ ਮੱਝ ਨੂੰ ਸੰਗ਼ਲ ਤੋਂ ਫੜਕੇ ਕੀਲੇ ਵੱਲ ਖਿੱਚ ਰਿਹਾ ਸੀ ਤੇ ਮੱਝ ਮੱਲੋ ਜੋਰੀ ਦਾਣੇ ਵਾ਼ਲੀ ਕੁੰਡ ਵਿੱਚ ਮੂੰਹ ਪਾਉਣ ਲੱਗੀ ਹੋਈ ਸੀ। ਉਹਨੇ ਸਿਰਫ ਐਨਾ ਕੁ ਹੀ ਜਵਾਬ ਦਿੱਤਾ।

-ਹੂੰ-

ਤਿਸਨੂਰ ਉਹਨੂੰ ਫਿਰ ਕਹਿੰਦਾ-

- ਕਬੀਰ! ਜੇ ਯਾਰ ਤੂੰ ਸਾਡੇ ਘਰ ਜੰਮਿਆ ਹੁੰਦਾ, ਤੈਨੂੰ ਕੰਮ ਨਾ ਕਰਨਾ ਪੈਂਦਾ। ਤੂੰ ਵੀ ਸੋਹਣੇ-ਸੋਹਣੇ ਕੱਪੜੇ ਪਾਉਂਦਾ-ਕਬੀਰ ਹੁਣ ਦੂਜੀ ਮੱਝ ਨੂੰ ਪਾਣੀ ਪਿਲਾ ਰਿਹਾ ਸੀ। ਉਹਨੇ ਫਿਰ ਓਹੀ ਜਵਾਬ ਦਿੱਤਾ।

-ਹੂੰ-

ਤਿਸਨੂਰ ਕਹਿੰਦਾ-

- ਕਬੀਰ! ਜੇ ਯਾਰ ਤੂੰ ਸਾਡੇ ਘਰ ਜੰਮਿਆ ਹੁੰਦਾ, ਆਪਾਂ ਦੋਵੇ ਭਾਈ-ਭਾਈ ਹੁੰਦੇ। ਆਪਾਂ ਦੋਵੇ 'ਕੱਠੇ ਖੇਡਿਆ ਕਰਦੇ-ਕਬੀਰ ਜੋ ਕਿ ਇਸ ਵਾਰ ਇੱਕ ਛੋਟੇ ਕੱਟੇ ਦਾ ਸੰਗ਼ਲ ਫੜੀਂ ਜਾ ਰਿਹਾ ਸੀ। ਉਹਨੇ ਉਸੇ ਥਾਂ ਸੰਗ਼ਲ ਛੱਡਿਆ ਤੇ ਤਿਸਨੂਰ ਨੂੰ ਆ ਕੇ ਕਹਿੰਦਾ-

-ਤੋ ਕਿਆ ਹੂਆ! ਅਬ ਖੇਲ ਲੇਤੇ ਹੈਂ-

ਇਹ ਕਹਿੰਦਿਆਂ ਉਹਨੇ ਫੁਟਬਾਲ ਨੂੰ ਕਿੱਕ ਮਾਰ ਦਿੱਤੀ।

ਸਾਰੀ ਘਟਨਾ ਦੇਖਕੇ ਮੈਂ ਸੁੰਨ ਹੋ ਗਿਆ। ਅਮੀਰ ਤਾਂ 'ਖੇਡ' ਲਈ ਕੰਮ ਛੱਡ ਦਿੰਦੇ ਨੇ ਮੈਨੂੰ ਪਤਾ ਸੀ। ਪਰ ਇੱਕ ਗਰੀਬ 'ਕੰਮ' ਛੱਡਕੇ ਖੇਡ ਸਕਦਾ। ਮੈਨੂੰ ਪਹਿਲੀ ਵਾਰ ਮਨੁੱਖ ਅੰਦਰਲੀ ਤਾਕਤ ਦਾ ਅਹਿਸਾਸ ਹੋਇਆ। ਮੈਂ ਮਨ ਹੀ ਮਨ ਕਿਹਾ-

-ਤਿਸਨੂਰ ਸਿਆਂ! ਕਬੀਰ ਤਾਂ ਚਾਹੇ ਜਿੱਥੇ ਮਰਜ਼ੀ ਜੰਮ ਪਵੇ ਇਹ ਤਾਂ ਖੇਡੂ ਈ ਖੇਡੂ-

ਤੇ 'ਕਬੀਰ' ਕਾਰਨ ਮੇਰੇ ਅੰਦਲੇ ਬੱਚੇ ਦੀ ਉਮਰ ਕੁਝ ਸਾਲ ਹੋਰ ਵਧ ਗਈ। ਕਈ ਵਾਰ ਸਧਾਰਨ ਦਿਸਦੇ ਬੰਦੇ ਸਾਹਿਤਕਾਰਾਂ ਨਾਲੋਂ ਵੀ ਬੁਰੀ ਕਰਦੇ ਹਨ। ਤੇ ਇਹ ਕਈ-ਕਈ ਦਿਨ ਜਾਂ ਹਫਤੇ ਸੌਣ ਨਹੀਂ ਦਿੰਦੀ ਤੇ ਜੀਵਨ ਦੇ ਹੋਰ ਨੇੜੇ ਕਰ ਦਿੰਦੀ ਹੈ। ਮਹੀਨਾ ਕੁ ਪਹਿਲਾਂ ਕਿਸੇ ਕੰਮ ਗਵਾਲੀਅਰ ਜਾਣਾ ਪਿਆ। ਕੰਮ ਤੋਂ ਵਿਹਲੇ ਹੋ ਕੇ ਸਲਾਹ ਬਣੀ ਕਿ 'ਬੰਦੀ ਛੋੜ' ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਲਏ ਜਾਣ। ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਬਾਕੀ ਲੰਗਰ ਵੱਲ ਚਲੇ ਗਏ ਤੇ ਮੈਂ ਗੁਰਦੁਆਰੇ ਦੇ ਵਿਹੜੇ ਵਿਚਲੇ ਵੱਡੇ ਪਿੱਪਲ ਹੇਠਾਂ ਬਣੇ ਥੜ੍ਹੇ 'ਤੇ ਬੈਠ ਗਿਆ। ਉਸੇ ਥੜ੍ਹੇ ਉਪਰ ਇੱਕ ਸੱਤਰ-ਪਚੱਤਰ ਕੁ ਸਾਲਾਂ ਦਾ ਬਜ਼ੁਰਗ ਬੈਠਾ ਸੀ। ਅਚਾਨਕ ਉਹ ਮੇਰੇ ਵੱਲ ਮੂੰਹ ਕਰਕੇ ਉੱਚੀ-ਉੱਚੀ ਪਾਠ ਕਰਨ ਲੱਗਿਆ। ਪਹਿਲਾਂ ਤਾਂ ਮੈਨੂੰ ਬਿਨਾਂ ਦੰਦਾ ਵਾ਼ਲੇ ਮੂੰਹ ਵਿਚੋਂ ਨਿਕਲਦੀ ਆਵਾਜ਼ ਦਾ ਕੁੱਝ ਵੀ ਸਮਝ ਨਹੀਂ ਆਇਆ। ਜਦ ਤੱਕ ਮੈਨੂੰ ਪਤਾ ਲੱਗਾ ਕਿ ਬਾਬਾ ਕੀ ਕਹਿੰਦਾ, ਗੁਰੂ ਘਰ ਦਾ ਇੱਕ ਸਿੰਘ ਬੋਲਿਆ-

-ਬਾਬਾ ਬਸ ਕਰ ਹਰ ਵੇ਼ਲੇ ਬੋਲੀ ਜਾਨਾਂ-

ਦੂਜਾ ਸਿੰਘ ਬੋਲਿਆ-

-ਬੋਲ ਲੈਣ ਦੇ ਇਹ ਤਾਂ ਜਦ ਵੀ ਮੂੰਹ ਖੋਲ੍ਹਦਾ ਗੁਰਬਾਣੀ ਈ ਬੋਲਦਾ-

ਇਹ ਕਹਿੰਦੇ ਉਹ ਦੋਨੋਂ ਅੱਗੇ ਲੰਘ ਗਏ ਤੇ ਮੈਂ ਬਾਬੇ ਕੋਲ ਬੈਠ ਗਿਆ। ਮੈਂ ਉਸ ਤੋਂ ਪੁੱਛਿਆ -

-ਬਾਬਾ ਜੀ ਕਿੱਥੇ ਦੇ ਰਹਿਣ ਵਾ਼ਲੇ ਓ-

ਮੈਂ ਸੋਚਿਆ ਕਿਸੇ ਜੱਥੇ ਨਾਲ ਆਏ ਹੋਣਗੇ।

-ਪੁੱਤਰ! ਮੈਂ ਹਾਂ ਤਾਂ ਕਸ਼ਮੀਰ ਦਾ ਪਰ ਰਹਿੰਦਾ ਇੱਥੇ ਈ ਆਂ ਗਵਾਲੀਅਰ। ਮੈਂ ਖੱਤਰੀ ਆਂ। ਤੈਨੂੰ ਪਤਾ ਈ ਆ ਵੀ ਖੱਤਰੀ ਕਿੰਨੇ ਸਿਆਣੇ ਹੁੰਦੇ ਨੇ-

ਉਹ ਬੇ-ਵਿਸਾਹੀ ਨਾਲ ਇੱਕ ਦਮ ਸਭ ਕੁੱਝ ਦੱਸ ਗਿਆ। ਮੈਨੂੰ ਐਂ ਲੱਗਿਆ ਜਿਵੇਂ ਉਹਨੂੰ ਉਸ ਬਾਰੇ ਕਿਸੇ ਨੇ ਕਦੇ ਕੁੱਝ ਪੁੱਛਿਆ ਈ ਨਾ ਹੋਵੇ। ਓਸੇ ਥੜ੍ਹੇ 'ਤੇ ਬੈਠਾ ਇੱਕ ਹੋਰ ਬੰਦਾ, ਜੋ ਕਿ ਕਿਸੇ ਜੱਥੇ ਨਾ਼ਲ ਆਇਆ ਹੋਇਆ ਸੀ, ਸਿਰ ਹੇਠਾਂ ਝੋ਼ਲਾ ਰੱਖੀਂ, ਅੱਖਾਂ ਬੰਦ ਕਰੀਂ, ਸਾਰੀਆਂ ਗੱਲਾਂ ਸੁਣ ਰਿਹਾ ਸੀ, ਬੋਲਿਆ- ਖੱਤਰੀ ਸਿਆਣੇ ਨੀਂ, ਹਰਾਮੀ ਹੁੰਦੇ ਨੇ- ਮੈਂ ਉਹਦੀ ਗੱਲ ਸੁਣਕੇ ਬੜਾ ਹੈਰਾਨ ਹੋਇਆ। ਪਰ ਬਾਬਾ ਸ਼ਾਂਤ ਚਿੱਤ ਵਾਹਿਗੁਰੂ ਦਾ ਜਾਪ ਕਰ ਰਿਹਾ ਸੀ। ਮੈਂ ਬਾਬੇ ਨੂੰ ਕਿਹਾ।

-ਬਾਬਾ! ਤੈਨੂੰ ਹਰਾਮੀ ਕਹਿੰਦਾ। ਗੁੱਸਾ ਨੀ ਲੱਗਿਆ?-

ਲੰਬੀ ਚਿੱਟੀ ਦਾਹੜੀ ਹਿੱਲੀ, ਮੁੱਛਾਂ ਪਿੱਛੇ ਲੁੱਕੇ ਬੁੱਲ੍ਹ ਥੋੜ੍ਹਾ ਜਿਹਾ ਮੁਸਕਰਾਏ। ਕੰਬਦਾ ਹੱਥ ਚੁੱਕ ਕੇ ਬਾਬਾ ਉਸ ਅਣਜਾਣ ਬੰਦੇ ਵੱਲ ਇਸ਼ਾਰਾ ਕਰਕੇ ਬੋਲਿਆ।

-ਪੁੱਤਰਾ! ਇਹ ਸਿੱਖ ਆ, ਮਨੁੱਖ ਥੋੜ੍ਹੀ ਆ- ਬਾਬਾ ਅਪਣੇ ਅੰਦਰ ਸਿੱਖੀ ਦੇ ਵਿਸ਼ਾਲ ਅਰਥ ਸਮੋਈ ਬੈਠਾ ਸੀ। ਮੈਨੂੰ ਬਾਬਾ ਕਲੰਡਰ ਵਿਚਲੀ ਫੋਟੋ ਵਰਗਾ ਲੱਗਿਆ। ਮੈਂ ਮਨੋ-ਮਨੀ ਬਾਬੇ ਨੂੰ ਕਿਹਾ। "ਬਾਬਾ! ਮੈਨੂੰ 'ਦੁਖੀ' ਕਰਨ ਵਾ਼ਲਿਆਂ 'ਚ ਹੁਣ ਤੂੰ ਵੀ ਰ਼ਲਗਿਆ"

# South Edmonton's Pre-Owned Truck Superstore Outlet

**$500 OFF** your vehicle purchase with this ad


2013 CHEVROLET SILVERADO 1500 C/C #12286-0
4X4 LT
$33,495


2013 FORD EDGE LTD SEL #12271-0
21,000KM NAV
$33,995


2013 GMC YUKON SLE 4X4 #12292-0
LOADED 9 PASS.
$41,995


2013 GMC SIERRA 1500 SLE C/C #12289-0
4X4
$32,595


2012 CHEVROLET AVALANCHE LT #12295-0
4X4
$33,495


2012 DODGE DURANGO #12199-0
$29,995


2012 RAM 1500 Q/C SXT #12309-0
4X4
$27,995


2012 FORD ESCAPE XLT #12089-1
15,000KM LEATHER SUNROOF
$20,995


2012 JEEP LIBERTY SPORT #12206-0
$22,995


2012 NISSAN PATHFINDER #12142-0
26,000 KM
$28,995


2007 FORD F-150 C/C XLT #12231-1
4X4
$14,995


2003 DODGE DAKOTA C/C 4X4 #12034-1
$8,995

**Open 24/7 @ MILLWOODSSUZUKI.COM**

...WONDERING WHERE TO SERVICE YOUR VEHICLE?
Honda? Saturn? Toyota? GM? Ford? Chrysler?
Kia? Mazda? Hyundai? Volkswagen?
Come to Millwoods Suzuki!!!
We Service All Makes and Models



**POTHOLE SPECIAL**
Free Suspension & Brake Inspection with this coupon


LAHA JEFFREY Service Department Manager
HAMID BHASIN Used Vehicle Manager

**780.450.4500**
34th AVE AUTO ROW | 3403-93 ST | SPECIAL TOLL FREE 1-866-897-4500

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985

Experts in Interior & Exterior Paint



**Residential & Commercial**
- Excellent Colour Matching
- Guaranteed Work
- Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT
Edmonton (780) 934-3535 Winnipeg (204) 979-7070


CALL TODAY TO BOOK YOUR APPOINTMENT OR EMAIL SERVICE@SHERWOODFORD.BIZ!
SHERWOOD Ford
GET READY for SPRING SERVICE SALE
6.0 + 7.3L Diesel Health Check
$139.95 - Engine
$289.95 - Full Truck
only applicable on Ford vehicles. Taxes and fees not included.
A/C Check-Up
$54.95
No Top Ups!
Diesel Labour Rate
6.0 & 7.3L
$90 PER HOUR
SPRING WILL BE HERE! (OFFER VALID WITH COUPONS ONLY)
Transmission Flush and Filter
Starting at $299.95
Power Steering Flush
$99.95 Includes parts and labour
Brake Flush
$99.95 Includes parts and labour
187 Point Inspection
$99.95
NOW HIRING ALL SERVICE AND PARTS STAFF
Find Sherwood Ford on
Let's get connected.
SHERWOOD Ford
local & toll free 1.866.444.7183
2540 Broadmoor Blvd.
Mon. - Fri. 9am - 9pm
Saturday 9am - 6pm
sherwoodford.ca
Alberta Motor Vehicle Industry Council


'THE MOVIE THEY TRIED TO STOP YOU SEEING'
OXL FILMS
CSC
CANADIAN SIKH COALITION
SADDA HAQ
BEHIND THOSE PAINFUL DAYS, THERE IS AN UNTOLD STORY
ਸਾਡਾ ਹੱਕ
5 ਅਪ੍ਰੈਲ ਤੋਂ ਦੁਨੀਆ ਭਰ 'ਚ ਰਿਲੀਜ਼ ਹੋ ਰਹੀ ਹੈ
Cinema City
Movies 12
5074-130th Ave.
EDMONTON
PRODUCED BY KULJINDER SIDHU & DINESH SOOD | DIRECTED BY MANDEEP BENIPAL
'ਸਾਡਾ ਹੱਕ' ਫ਼ਿਲਮ ਦੀ ਕਹਾਣੀ ਕਨੇਡਾ ਤੋਂ ਆਈ ਪੀ.ਐਚ.ਡੀ. ਰਿਸਰਚ ਵਿਦਿਆਰਥਣ ਸ਼ੈਰਨ ਗਿਲ ਦੇ ਆਲੇ-ਦੁਆਲੇ ਘੁੰਮਦੀ ਹੈ। ਸ਼ੈਰਨ ਪੰਜਾਬ ਵਿੱਚ ਉੱਠੇ ਖਾੜਕੂਵਾਦ ਦੇ ਕਾਰਣਾ ਦੀ ਖੋਜ ਕਰਨ ਭਾਰਤ ਆਉਂਦੀ ਹੈ। ਭਾਰਤ ਆ ਕੇ ਉਸ ਦੀ ਮੁਲਾਕਾਤ ਹਾਕੀ ਦੇ ਖਿਡਾਰੀ ਰਹਿ ਚੁੱਕੇ ਕਰਤਾਰ ਸਿੰਘ ਨਾਲ ਹੁੰਦੀ ਹੈ ਜਿਸ ਦੀ ਇੱਕੋ-ਇੱਕ ਇੱਛਾ ਭਾਰਤ ਵੱਲੋਂ ਹਾਕੀ ਖੇਡਣਾ ਸੀ। ਪਰ ਹਲਾਤਾਂ ਨੇ ਉਸ ਨੂੰ ਖਾੜਕੂਵਾਦ ਦੇ ਰਾਹ 'ਤੇ ਤੌਰ ਦਿੱਤਾ। ਸ਼ੈਰਨ ਨੂੰ ਖੋਜ ਦੌਰਾਨ ਹੀ ਪਤਾ ਲੱਗਾ ਦੈ ਕਿ ਕਰਤਾਰ ਸਿੰਘ ਵਾਂਗ ਹਜਾਰਾਂ ਹੋਰ ਵੀ ਸਿੱਖ ਨੌਜਵਾਨਾਂ ਨੇ ਉਸ ਸਮੇਂ ਦੌਰਾਨ ਖਾੜਕੂਵਾਦ ਦੇ ਰਾਹ 'ਤੇ ਤੁਰ ਕੇ ਆਪਣੀਆ ਜਾਨਾਂ ਗਵਾਈਆਂ। ਆਖਿਰ ਇਹ ਨੌਜਵਾਨ ਖਾੜਕੂਵਾਦ ਦੇ ਰਸਤੇ 'ਤੇ ਕਿਉਂ ਤੁਰੇ? ਕੀ ਸ਼ੈਰਨ ਨੂੰ ਇਹਨਾਂ ਸਵਾਲਾਂ ਜਾ ਜਵਾਬ ਮਿਲੇਗਾ? ਕੀ ਸ਼ੈਰਨ ਸੱਚ ਨੂੰ ਜਾਣ ਸਕੇਗੀ? ਅੱਗੇ ਕੀ ਹੁੰਦਾ ਹੈ ਜਾਨਣ ਲਈ 5 ਅਪ੍ਰੈਲ ਨੂੰ ਆਪਣੇ ਨਜ਼ਦੀਕੀ ਸਿਨੇਮਾ ਘਰ ਪਹੁੰਚੋ !
www.saddahaqmovie.com
For Info: Lakhwinder Singh Atwal: 587-709-5205
Harjit Singh: 780-907-0909
Sam Singh: 780-293-7477
5RUOUTH

# ਵਿਦੇਸ਼ਾਂ ਵਿਚ ਭਾਰਤੀ ਇਨਕਲਾਬ ਦਾ ਮੋਢੀ ਤਾਰਕ ਨਾਥ ਦਾਸ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾਉਣ ਵੱਲ ਵਧ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ਼ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

ਉਨ੍ਹਾਂ ਦਿਨਾਂ ਵਿਚ ਕਨੇਡਾ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਇੱਥੇ ਭਾਰਤ ਤੋਂ ਆਏ ਕਿਰਤੀ ਕਾਮਿਆਂ ਨੂੰ ਦੋ ਨੰਬਰ ਦੇ ਸ਼ਹਿਰੀ ਵੀ ਨਹੀਂ ਸੀ ਸਮਝਿਆ ਜਾਂਦਾ। ਇਸ ਜ਼ੁਲਮ ਦਾ ਇਕੋ ਇਕ ਕਾਰਨ ਸੀ ਕਿ ਉਸ ਸਮੇਂ ਕਨੇਡਾ ਵੀ ਅੰਗਰੇਜ਼ਾਂ ਦੀ ਹੀ ਇਕ ਬਸਤੀ ਸੀ। ਰੋਜ਼ੀ ਰੋਟੀ ਦੀ ਭਾਲ ਵਿਚ ਗਏ ਇਨ੍ਹਾਂ ਭਾਰਤੀਆਂ ਨੂੰ ਇਸ ਨਰਕ ਵਿਚੋਂ ਦੀ ਲੰਘਣਾ ਪਵੇਗਾ। ਇਸ ਦਾ ਕਦੇ ਉਨ੍ਹਾਂ ਨੇ ਸੁਪਨਾ ਵੀ ਨਹੀਂ ਸੀ ਲਿਆ। ਜਦੋਂ ਕਨੇਡਾ ਦੀ ਸਰਕਾਰ ਭਾਰਤੀਆਂ ਨੂੰ ਹਿੰਡੂਰਸ ਦੇ ਨਰਕ ਵਿਚ ਧੱਕਣ ਲਈ ਯਤਨਸ਼ੀਲ ਸੀ, ਉਸ ਵਕਤ ਤਾਰਕ ਨਾਥ ਦਾਸ ਨੇ ਭਾਰਤੀ ਪਰਵਾਸੀਆਂ ਦੀ ਆਵਾਜ਼ ਨੂੰ ਆਪਣੇ ਪਰਚੇ ਵਿਚ ਬੁਲੰਦ ਕੀਤਾ ਸੀ। ਇਸ ਦੇ ਸਿੱਟੇ ਵਜੋਂ ਭਾਰਤੀ ਉਸ ਨਰਕ ਵਿਚ ਜਾਣ ਤੋਂ ਬਚ ਗਏ ਸਨ, ਜਿੱਥੇ 1857 ਦੇ ਗ਼ਦਰ ਤੋਂ ਬਾਅਦ ਯੂ.ਪੀ. ਤੇ ਬਿਹਾਰ ਦੇ ਭਾਰਤੀਆਂ ਨੂੰ ਲਿਆ ਕੇ ਸੁੱਟਿਆ ਗਿਆ ਸੀ। ਕਨੇਡਾ ਵਿਚ ਭਾਰਤੀਆਂ ਦੀ ਹੁੰਦੀ ਦੁਰਦਸ਼ਾ 'ਤੇ ਤਾਰਕ ਨਾਥ ਦਾਸ ਨੇ ਕੇਵਲ ਅੱਥਰੂ ਹੀ ਨਹੀਂ ਸਨ ਕੇਰੇ ਸਗੋਂ ਉਨ੍ਹਾਂ ਨੂੰ ਯੁੱਧ ਲਈ ਲਾਮਬੰਦ ਵੀ ਕੀਤਾ ਸੀ। ਜਦੋਂ ਕਨੇਡਾ ਸਰਕਾਰ ਭਾਰਤੀਆਂ ਨੂੰ ਹਰ ਹੀਲੇ ਕਨੇਡਾ ਵਿਚੋਂ ਬਾਹਰ ਕੱਢਣ ਲਈ ਬਜ਼ਿੱਦ ਸੀ, ਉਸ ਵਕਤ 'ਫਰੀ ਹਿੰਦੋਸਤਾਨ' ਨੇ ਲਿਖਿਆ ''ਸਾਡਾ ਕੌਮੀ ਜੀਵਨ ਖ਼ਤਰੇ ਵਿਚ ਹੈ। ਜੇ ਬਰਤਾਨਵੀ ਸਰਕਾਰ ਭਾਰਤੀਆਂ ਨੂੰ ਬਰਤਾਨਵੀ ਬਸਤੀਆਂ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਦਿੰਦੀ ਤਾਂ ਜਲਦੀ ਹੀ ਬਰਤਾਨਵੀ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣ ਲਈ ਅੰਦੋਲਨ ਕਰਨਾ ਪਵੇਗਾ।'' ਇਸ ਮਕਸਦ ਲਈ ਉਨ੍ਹਾਂ ਨੇ ਪਰਚੇ ਦੇ ਇਕ ਅੰਕ ਵਿਚ ਇਹ ਵੀ ਲਿਖਿਆ ਸੀ ਕਿ ਬਰਤਾਨੀਆ ਤੋਂ ਮੁਕਤੀ ਪਾਉਣ ਲਈ ਸਿੱਖ ਸਿਪਾਹੀਆਂ ਵਿਚ ਰਾਜਸੀ ਕੰਮ ਕੀਤਾ ਜਾਵੇ ਕਿਉਂਕਿ ਉਸ ਵਕਤ ਵੱਡੀ ਗਿਣਤੀ ਵਿਚ ਸਿੱਖ ਬਰਤਾਨਵੀ ਸਾਮਰਾਜ ਲਈ ਵੱਖ ਵੱਖ ਦੇਸ਼ਾਂ ਵਿਚ ਲੜ੍ਹ ਮਰ ਰਹੇ ਸਨ। ਪੰਜਾਬੀ ਪਾਠਕਾਂ ਤੇ ਵਿਸ਼ੇਸ਼ ਤੌਰ 'ਤੇ ਭਾੜੇ ਦੇ ਸਿੱਖ ਸਿਪਾਹੀਆਂ ਦੀ ਰਾਜਸੀ ਚੇਤਨਾ ਲਈ ਉਹ ਕਦੇ ਕਦਾਈਂ ਹਿੰਦੀ, ਪੰਜਾਬੀ, ਉਰਦੂ ਅਤੇ ਮਰਾਠੀ ਵਿਚ ਇਨਕਲਾਬੀ ਸਰਕੂਲਰ ਵੀ ਕੱਢਿਆ ਕਰਦੇ ਸਨ। ਇਹ ਸਰਕੂਲਰ ਅਮਰੀਕਾ, ਕਨੇਡਾ ਦੇ ਹਿੰਦੋਸਤਾਨੀਆਂ ਵਿਚ ਵੰਡੇ ਜਾਂਦੇ ਸਨ। ਇਹ ਸਰਕੂਲਰ ਭਾਰਤ ਨੂੰ ਵੀ ਭੇਜੇ ਜਾਂਦੇ ਸਨ। ਇਸ ਕਰ ਕੇ ਅਮਰੀਕਾ ਤੇ ਕਨੇਡਾ ਦੀ ਧਰਤੀ 'ਤੇ ਵੱਸਦੇ ਹਿੰਦੋਸਤਾਨੀਆ ਦਾ ਇਕ ਵਰਗ ਉਨ੍ਹਾਂ ਦੇ ਵਿਚਾਰਾਂ ਦਾ ਹਮਦਰਦ ਸੀ, ਜਿਹੜੇ ਵਿਚਾਰ ਤਾਰਕ ਨਾਥ ਦਾਸ ਪ੍ਰਚਾਰਨੇ ਚਾਹੁੰਦਾ ਸੀ। ਤਾਰਕ ਨਾਥ ਦਾਸ ਨੇ ਆਪਣੀ ਰਿਹਾਇਸ਼ ਦਾ ਨਾਂ 'ਯੁਗਾਂਤਰ ਆਸ਼ਰਮ' ਰੱਖਿਆ। ਉਹ ਬੰਗਾਲ ਵਿਚ ਸਰਗਰਮ ਯੁਗਾਂਤਰ ਪਾਰਟੀ ਤੋਂ ਵਿਸ਼ੇਸ਼ ਤੌਰ 'ਤੇ ਪ੍ਰਭਾਵਤ ਸੀ। ਯੁਗਾਂਤਰ ਬੰਗਾਲੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਯੁੱਗ ਦਾ ਅੰਤ। ਉਹ ਬਰਤਾਨਵੀ ਸਾਮਰਾਜ ਦੇ ਬਸਤੀਵਾਦੀ ਯੁੱਗ ਦਾ ਅੰਤ ਕਰਨਾ ਚਾਹੁੰਦਾ ਸੀ। ਤਾਰਕ ਨਾਥ ਦਾਸ ਬੰਗਾਲ ਦੀਆਂ ਕ੍ਰਾਂਤੀਕਾਰੀ ਲਹਿਰਾਂ ਤੋਂ ਜਿੱਥੇ ਆਪ ਪ੍ਰਭਾਵਤ ਸੀ, ਉੱਥੇ ਉਹ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਨੂੰ ਵੀ ਇਨ੍ਹਾਂ ਲਹਿਰਾਂ ਬਾਰੇ ਗਿਆਨ ਦਿੰਦਾ ਰਹਿੰਦਾ ਸੀ। ਉਹ ਸਮਾਜਕ ਮਸਲਿਆਂ ਨੂੰ ਤਰਕ ਨਾਲ ਸਮਝਣ ਤੇ ਸਮਝਾਉਣ ਦੇ ਸਮਰੱਥ ਸੀ। ਆਰਕਾਈਵਜ਼ ਦੇ ਰਿਕਾਰਡ ਮੁਤਾਬਕ ਸਿਆਟਲ ਵਿਖੇ 1906 ਵਿਚ ਹੀ ਹਿੰਦੋਸਤਾਨ ਐਸੋਸੀਏਸ਼ਨ ਬਣ ਗਈ ਸੀ। ਇਸ ਐਸੋਸੀਏਸ਼ਨ ਦੇ ਮੈਂਬਰ ਅਮਰੀਕਾ ਤੇ ਕਨੇਡਾ ਦੋਹਾਂ ਦੇਸ਼ਾਂ ਵਿਚ ਹੀ ਸਨ। ਤਾਰਕ ਨਾਥ ਦਾਸ ਨੇ ਇਸ ਐਸੋਸੀਏਸ਼ਨ ਨੂੰ ਕੇਵਲ ਸਰਗਰਮ ਹੀ ਨਹੀਂ ਸੀ ਕੀਤਾ ਸਗੋਂ ਵਿਗਿਆਨਕ ਲੀਹਾਂ ਵੀ ਪ੍ਰਦਾਨ ਕੀਤੀਆਂ ਸਨ।

1857 ਦੇ ਅਸਫਲ ਗ਼ਦਰ ਦੀ ਕਸਕ ਤਾਰਕ ਨਾਥ ਦਾਸ ਨੂੰ ਹਮੇਸ਼ਾ ਹੀ ਬੇਚੈਨ ਕਰਦੀ ਸੀ। ਉਹ ਆਪਣੀਆਂ ਲਿਖਤਾਂ ਰਾਹੀਂ ਸਦਾ ਹੀ ਇਸ ਕੋਸ਼ਿਸ਼ ਵਿਚ ਲੱਗਾ ਰਹਿੰਦਾ ਕਿ ਗ਼ਦਰ ਅੱਜ ਵੀ ਜਾਰੀ ਹੈ। ਉਹ ਅਧੂਰੇ ਗ਼ਦਰ ਦਾ ਜੁਝਾਰੂ ਜੋਧਾ ਸੀ। 'ਫਰੀ ਹਿੰਦੋਸਤਾਨ' ਵਿਚ ਛਪੀ ਹਿੰਦੋਸਤਾਨੀ ਫੌਜੀਆਂ ਦੇ ਨਾਮ ਅਪੀਲ ਗੁਜਰਾਂਵਾਲਾ ਤੋਂ ਛਪਦੇ ਅਖ਼ਬਾਰ 'ਇੰਡੀਆ' ਨੇ ਪੁਨਰ ਪ੍ਰਕਾਸ਼ਤ ਕਰ ਦਿੱਤੀ ਸੀ। ਸਰਕਾਰ ਨੇ 30 ਜੁਲਾਈ 1907 ਨੂੰ ਇਸ ਅਖ਼ਬਾਰ ਦੇ ਪ੍ਰਬੰਧਕਾਂ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰ ਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਸਨ। ''ਪਿੰਡੀ ਦਾਸ ਅਤੇ ਦੀਨਾ ਨਾਥ ਨੂੰ ਪੰਜ ਪੰਜ ਸਾਲ ਦੀ ਸਖ਼ਤ ਸਜ਼ਾ ਅਤੇ ਸੂਫੀ ਅੰਬਾ ਪ੍ਰਸ਼ਾਦ ਨੂੰ ਮਫ਼ਰੂਰ ਕਰਾਰ ਦੇ ਦਿੱਤਾ ਗਿਆ।'' ਬਰਤਾਨਵੀ ਸਰਕਾਰ 'ਫਰੀ ਹਿੰਦੋਸਤਾਨ' ਦੀਆਂ ਲਿਖਤਾਂ ਤੋਂ ਬਹੁਤ ਹੀ ਪ੍ਰੇਸ਼ਾਨ ਸੀ। ਸਰਕਾਰ 'ਫ਼ਰੀ ਹਿੰਦੋਸਤਾਨ' ਨੂੰ ਬੰਦ ਕਰਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਸੀ। ਬਰਤਾਨਵੀ ਅੰਗਰੇਜ਼ਾਂ ਨੇ ਅਮਰੀਕਾ ਦੀ ਸਰਕਾਰ 'ਤੇ ਬਹੁਤ ਦਬਾਅ ਪਾਇਆ ਪਰ ਅਮਰੀਕੀ ਸਰਕਾਰ ਦੇ ਕਾਨੂੰਨੀ ਸਲਾਹਕਾਰਾਂ ਨੇ ਇਸ ਸਬੰਧੀ ਕੋਈ ਐਕਸ਼ਨ ਨਾ ਕਰਨ ਦੀ ਹੀ ਸਲਾਹ ਦਿੱਤੀ। ਇਕ ਪਾਸੇ ਸਰਕਾਰ ਇਸ ਨੂੰ ਬੰਦ ਕਰਵਾਉਣਾ ਚਾਹੁੰਦੀ ਸੀ ਪਰ ਦੂਸਰੇ ਪਾਸੇ ਤਾਰਕ ਨਾਥ ਦਾਸ ਦੀ ਕੋਸ਼ਿਸ਼ ਸੀ ਕਿ ਉਹ ਇਸ ਦਾ ਘੇਰਾ ਹੋਰ ਵਿਸ਼ਾਲ ਕਰੇ। ਤਾਰਕ ਨਾਥ ਦਾਸ ਨੇ ਸਖ਼ਤ ਮਿਹਨਤ ਨਾਲ ਇਸ ਅਖ਼ਬਾਰ ਨੂੰ ਬਰਤਾਨਵੀ ਹਾਕਮਾਂ ਦੇ ਘਰ ਇੰਗਲੈਂਡ ਤਕ ਪਹੁੰਚਦਾ ਕਰ ਦਿੱਤਾ। ਜਦੋਂ 'ਫ਼ਰੀ ਹਿੰਦੋਸਤਾਨ' ਇੰਗਲੈਂਡ ਜਾਣ ਲੱਗਾ ਤਾਂ ਉਥੇ ਪੜ੍ਹਦੇ ਹਿੰਦੋਸਤਾਨੀ ਵਿਦਿਆਰਥੀਆਂ 'ਤੇ ਇਸ ਦਾ ਡੂੰਘਾ ਅਸਰ ਪਿਆ। ਉਹ ਸਾਰੇ ਇਸ ਪਰਚੇ ਵੱਲ ਖਿੱਚੇ ਗਏ। ਇਸੇ ਅਖ਼ਬਾਰ ਦਾ ਪ੍ਰਭਾਵ ਹੀ ਸੀ ਕਿ ਸਾਵਰਕਰ, ਹਰਨਾਮ ਸਿੰਘ ਤੇ ਹਮੀਦ ਖਾਨ ਆਦਿ ਨੇ ਲਿਨਕੋਲਿਨ ਬਾਰ ਵਿਚ ਹਿੰਦੋਸਤਾਨ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਕਾਇਮ ਕਰ ਲਈ। ਸਿਆਟਲ ਦੇ ਇਨਕਲਾਬੀ



ਕੇਂਦਰ ਦੀ ਸਾਂਝ ਲੰਡਨ ਤੇ ਪੈਰਿਸ ਦੇ ਇਨਕਲਾਬੀ ਕੇਂਦਰਾਂ ਨਾਲ ਪਾਉਣ ਵਾਲੀ ਅਖ਼ਬਾਰ 'ਫਰੀ ਹਿੰਦੋਸਤਾਨ' ਹੀ ਸੀ। ਸ਼ਿਆਮ ਜੀ ਕ੍ਰਿਸ਼ਨ ਵਰਮਾ ਅਤੇ ਮੈਡਮ ਕਾਮਾਂ ਛੇਤੀ ਹੀ ਸਿਆਟਲ ਦੇ ਇਨਕਲਾਬੀ ਕੇਂਦਰ ਨਾਲ ਜੁੜ ਗਏ ਸਨ। ਵੱਖ ਵੱਖ ਦੇਸ਼ਾਂ ਵਿਚ ਕੰਮ ਕਰ ਰਹੇ ਭਾਰਤੀ ਇਨਕਲਾਬੀਆਂ ਨੂੰ ਸ਼ੁਰੂ ਸ਼ੁਰੂ ਵਿਚ ਇਕ ਕੇਂਦਰ ਨਾਲ ਜੋੜਨ ਦਾ ਕੰਮ ਤਾਰਕ ਨਾਥ ਦੀ ਅਖ਼ਬਾਰ ਨੇ ਹੀ ਕੀਤਾ ਸੀ।

ਛੇਤੀ ਹੀ ਸਿਆਟਲ ਤੇ ਇੰਗਲੈਂਡ ਵਿਚ ਕੰਮ ਕਰਦੇ ਦੇਸ਼ ਭਗਤ ਕ੍ਰਾਂਤੀਕਾਰੀਆਂ ਦੀ ਆਪਸ ਵਿਚ ਸਾਂਝ ਪੈ ਗਈ। ਬਰਤਾਨਵੀ ਸਰਕਾਰ 1907 ਈ. ਵਿਚ ਸਰਦਾਰ ਅਜੀਤ ਸਿੰਘ ਦੁਆਰਾ ਭਾਰਤ ਵਿਚ ਸ਼ੁਰੂ ਕੀਤੀ 'ਪਗੜੀ ਸੰਭਾਲ ਜੱਟਾ' ਲਹਿਰ ਨੂੰ ਸਿਆਟਲ ਦੇ ਇਨਕਲਾਬੀ ਕੇਂਦਰ ਨਾਲ ਜੋੜਦੀ ਸੀ। ''ਮਾਸਟਰ ਚਤਰ ਸਿੰਘ ਸਾਂਗਲਾ ਹਿਲ ਵੱਲੋਂ ਅਦਾਲਤ ਵਿਚ ਦਿੱਤੇ ਬਿਆਨ ਤੋਂ ਪਤਾ ਲਗਦਾ ਹੈ ਕਿ 'ਫ਼ਰੀ ਹਿੰਦੋਸਤਾਨ' ਹਰਚੰਦ ਸਿੰਘ ਲਾਇਲਪੁਰੀ ਕੋਲ ਪਹੁੰਚਦਾ ਸੀ।'' ਗ਼ਦਰ ਲਹਿਰ ਤੋਂ ਪਹਿਲਾਂ ਜਿਹੜਾ ਬੌਧਿਕ ਮਾਹੌਲ ਦੇਸ਼ ਭਗਤੀ ਦਾ ਪੈਦਾ ਹੋਇਆ, ਉਸ ਵਿਚ ਇਸ ਅਖ਼ਬਾਰ ਦਾ ਆਗੂ ਰੋਲ ਸੀ ਜਿਸ ਕਰ ਕੇ ਬਰਤਾਨਵੀ ਹਾਕਮ ਭਾਰਤ ਵਿਚ ਇਸ ਦੇ ਦਾਖ਼ਲੇ ਤੋਂ ਚਿੜਦੇ ਸਨ ਤੇ ਹਰ ਸੰਭਵ ਕੋਸ਼ਿਸ਼ ਕਰ ਰਹੇ ਸਨ ਕਿ ਇਹ ਅਖ਼ਬਾਰ ਭਾਰਤ ਵਿਚ ਨਾ ਆਵੇ।

''3 ਅਕਤੂਬਰ 1908 ਨੂੰ ਬਰਤਾਨਵੀ ਸਰਕਾਰ ਨੇ 'ਫ਼ਰੀ ਹਿੰਦੋਸਤਾਨ' ਦੀ ਭਾਰਤ ਵਿਚ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ।'' ਪਰ ਇਸ ਨੂੰ ਪੜ੍ਹਨ ਲਈ ਭਾਈ ਸੰਤੋਖ ਸਿੰਘ ਵਰਗੀਆਂ ਸ਼ਖਸੀਅਤਾਂ ਭਾਰਤ ਤੋਂ ਅਮਰੀਕਾ ਨੂੰ ਚੱਲ ਪਈਆਂ ਸਨ।

ਕਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਲੱਕੜ ਦੀ ਮਿਲ 'ਤੇ ਕੰਮ ਕਰਦਿਆਂ ਜਿੱਥੇ ਪੰਜਾਬੀਆਂ ਨੂੰ ਆਉਂਦੀਆਂ ਮੁਸ਼ਕਲਾਂ ਦਾ ਗਿਆਨ ਹੋਇਆ, ਉਥੇ ਆਜ਼ਾਦੀ ਲਈ ਸੰਘਰਸ਼ ਕਰਦੇ ਲੋਕਾਂ ਨਾਲ ਵਾਹ ਵੀ ਪੈਣ ਲੱਗਾ। ਉਸ ਸਮੇਂ ਕਨੇਡਾ ਦੇ ਲੋਕ ਭਾਰਤੀਆਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਸਨ। ਇਸ ਅਪਮਾਨ ਦਾ ਅਸਲ ਕਾਰਨ ਭਾਰਤ ਦਾ ਗ਼ੁਲਾਮ ਹੋਣਾ ਸੀ। ਇਨ੍ਹਾਂ ਮੁਸ਼ਕਲਾਂ ਤੋਂ ਨਿਜਾਤ ਪਾਉਣ ਲਈ 'ਫਰੀ ਹਿੰਦੋਸਤਾਨ ' ਜਥੇਬੰਦਕ ਲਾਮਬੰਦੀ ਦਾ ਹੋਕਾ ਦੇ ਰਿਹਾ ਸੀ।

ਗ਼ਦਰ ਪਾਰਟੀ ਦੀ ਬੁਨਿਆਦ ਵਿਚ ਤਾਰਕ ਨਾਥ ਦਾਸ ਦਾ ਬਾਨੀਆਂ ਵਾਲਾ ਸਥਾਨ ਹੈ। ਉਸ ਨੇ ਅਕਤੂਬਰ 1909 ਦੇ ਪਰਚੇ ''ਫਰੀ ਹਿੰਦੋਸਤਾਨ'' ਵਿਚ ਸਿੱਖਾਂ ਨੂੰ ਸਿੱਧੀ ਅਪੀਲ ਪ੍ਰਕਾਸ਼ਤ ਕੀਤੀ, ਜਿਸ ਨੂੰ ਬਾਅਦ ਵਿਚ 'ਸਵਦੇਸ਼ ਸੇਵਕ' ਨੇ ਗੁਰਮੁਖੀ ਜ਼ੁਬਾਨ ਵਿਚ ਪ੍ਰਕਾਸ਼ਤ ਕੀਤਾ। ਇਸ ਅਪੀਲ ਦਾ ਕਨੇਡਾ, ਅਮਰੀਕਾ ਵਿਚ ਵੱਸਦੇ ਭਾਰਤੀਆਂ 'ਤੇ ਡੂੰਘਾ ਅਸਰ ਪਿਆ। ਇਸੇ ਲੇਖ ਨਾਲ ਸਿੱਖਾਂ ਦੀ ਕਨੇਡਾ ਵਿਚ ਲਾਮਬੰਦੀ ਦਾ ਸ਼੍ਰੀ ਗਨੇਸ਼ ਹੁੰਦਾ ਹੈ।

ਸਿਆਟਲ ਪਹੁੰਚਣ 'ਤੇ ਤਾਰਕ ਨਾਥ ਦਾਸ ਨੇ 1910 ਵਿਚ 'ਯੂਨਾਈਟਡ ਇੰਡੀਆ ਹਾਊਸ' ਕਾਇਮ ਕੀਤਾ, ਜਿਸ ਦਾ ਸਕੱਤਰ ਉਹ ਆਪ ਬਣਿਆ। ਇਸ ਵਿਚ ਵੱਡੀ ਗਿਣਤੀ 'ਚ ਪਰਵਾਸੀ ਭਾਰਤੀ ਆਉਂਦੇ। ਤਾਰਕ ਨਾਥ ਦਾਸ ਤੇ ਹੋਰ ਬੁੱਧੀਜੀਵੀ ਉਨ੍ਹਾਂ ਨੂੰ ਰਾਜਸੀ ਗਿਆਨ ਦੇਣ ਲਈ ਲੈਕਚਰ ਦਿੰਦੇ।

ਮਾਰਚ 1912 ਵਿਚ ਤਾਰਕ ਨਾਥ ਦਾਸ ਨੇ ਇਕ ਪੱਤਰ ਪੰਜਾਬੀ ਵਿਚ ਪ੍ਰਕਾਸ਼ਤ ਕੀਤਾ, ਜਿਸ ਵਿਚ ਸਿੱਖਾਂ ਨੂੰ ਦੇਸ਼ ਲਈ ਜਥੇਬੰਦ ਹੋਣ ਦੀ ਅਪੀਲ ਕੀਤੀ ਗਈ ਸੀ। ਇਹ ਪੱਤਰ ਹੀ ਪੰਜਾਬੀਆਂ ਨੂੰ ਅਮਰੀਕਾ, ਕਨੇਡਾ ਵਿਚ ਲਾਮਬੰਦ ਕਰਨ ਵਿਚ ਕਾਮਯਾਬ ਹੋਇਆ। ਜਿਸ ਮੀਟਿੰਗ ਨਾਲ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਗਈ ਸੀ, ਉਹ ਮੀਟਿੰਗ ਇਸੇ ਪੱਤਰ ਦੇ ਸਿੱਟੇ ਵਜੋਂ ਹੀ ਹੋਂਦ ਵਿਚ ਆਈ ਸੀ। ਜਦੋਂ ਬਾਬਾ ਜਵਾਲਾ ਸਿੰਘ ਨੇ ਅਮਰੀਕਾ ਵਿਖੇ ਪੜ੍ਹਨ ਗਏ ਵਿਦਿਆਰਥੀਆਂ ਲਈ ਵਜ਼ੀਫੇ ਦੇਣੇ ਸ਼ੁਰੂ ਕੀਤੇ, ਉਸ ਵਕਤ ਤਾਰਕ ਨਾਥ ਦਾਸ ਵੀ ਉਸ ਕਮੇਟੀ ਦਾ ਮੈਂਬਰ ਸੀ, ਜਿਹੜੀ ਵਿਦਿਆਰਥੀਆਂ ਦੀ ਚੋਣ ਕਰਦੀ ਸੀ। ਇਸ ਕਮੇਟੀ ਨੇ ਸੰਤੋਖ ਸਿੰਘ ਤੇ ਕਰਤਾਰ ਸਰਾਭੇ ਵਰਗਿਆਂ ਨੂੰ ਆਪ ਪੜ੍ਹਾਇਆ ਸੀ।

1914 ਵਿਚ ਤਾਰਕ ਨਾਥ ਦਾਸ ਵੱਲੋਂ ਐਮ.ਏ. ਕਰਨ ਤੋਂ ਬਾਅਦ ਪੀ.ਐਚ.ਡੀ. ਦਾ ਖੋਜ ਕਾਰਜ ਆਰੰਭ ਕਰ ਦਿੱਤਾ। ਉਸ ਦੀ ਖੋਜ ਦਾ ਵਿਸ਼ਾ ਸੀ 'ਅੰਤਰਰਾਸ਼ਟਰੀ ਸਬੰਧ ਅਤੇ ਅੰਤਰਰਾਸ਼ਟਰੀ ਨਿਯਮ'। ਇਸ ਸਮੇਂ ਉਸ ਨੂੰ ਬਰਕਲੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ। ਇਸੇ ਸਾਲ ਉਹ ਅਮਰੀਕਨ ਨਾਗਰਿਕਤਾ ਲੈਣ ਵਿਚ ਵੀ ਕਾਮਯਾਬ ਹੋ ਗਿਆ। ਹੁਣ ਉਸ ਲਈ ਭਾਰਤ ਦੀ ਆਜ਼ਾਦੀ ਲਈ ਖੁੱਲ੍ਹ ਕੇ ਕੰਮ ਕਰਨ ਦਾ ਵਕਤ ਸੀ। ਇਸ ਸਮੇਂ ਪਹਿਲੀ ਸੰਸਾਰ ਜੰਗ ਦੇ ਬੱਦਲ ਵਿਸ਼ਵ ਉਪਰ ਮੰਡਰਾ ਰਹੇ ਸਨ। ਉਹ ਆਪਣੀ ਤੀਖਣ ਬੁੱਧੀ ਨਾਲ ਇਸ ਸਾਮਰਾਜੀ ਜੰਗ ਦੇ ਦਵੰਦ ਵਿਚੋਂ ਭਾਰਤ ਦੀ ਆਜ਼ਾਦੀ ਬਾਰੇ ਸੋਚਣ ਲੱਗ ਪਿਆ ਸੀ।

ਵਿਦੇਸ਼ਾਂ ਵਿਚ ਵੱਸਦੇ ਜਿਹੜੇ ਭਾਰਤੀ 'ਫਰੀ ਹਿੰਦੋਸਤਾਨ' ਪੜ੍ਹਦੇ ਸਨ, ਉਹ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਵੀ ਲੈਣ ਲੱਗ ਪਏ ਸਨ। ਜਿਹੜਾ ਗ਼ਦਰ 1914-15 ਵਿਚ ਹੋਇਆ, ਉਸ ਦਾ ਸਿੱਧਾ ਸਬੰਧ ਤਾਰਕ ਨਾਥ ਦਾਸ ਨਾਲ ਵੀ ਸੀ। ਤਾਰਕ ਨਾਥ ਦਾਸ ਨੇ ਗ਼ਦਰ ਲਹਿਰ ਲਈ ਵੀ ਕੰਮ ਕੀਤਾ। ਉਸ ਨੇ ਭਾਈ ਸੰਤੋਖ ਸਿੰਘ ਹੁਰਾਂ ਨਾਲ 22 ਮਹੀਨੇ ਸਨਫਰਾਂਸਿਸਕੋ ਸਾਜ਼ਿਸ਼ ਕੇਸ ਵਿਚ ਕੈਦ ਕੱਟੀ। ਕੌਮਿਟਰਨ ਦੀ ਮੀਟਿੰਗ ਵਿਚ ਜਾਣ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਅਗਸਤ 1922 ਨੂੰ ਤਾਰਕ ਨਾਥ ਦਾਸ ਨੂੰ ਮਿਲਣ ਨਿਊਯਾਰਕ ਗਏ। ਦੋ ਮਹਾਨ ਇਨਕਲਾਬੀਆਂ ਦੀ ਇਹ ਆਖ਼ਰੀ ਮੁਲਾਕਾਤ ਸੀ।

ਜਦੋਂ ਸੰਸਾਰ ਪੱਧਰ 'ਤੇ ਭਾਰਤ ਦੀ ਆਜ਼ਾਦੀ ਲਈ ਕੰਮ ਕਰਦੀਆਂ ਧਿਰਾਂ ਨੂੰ ਲਾਮਬੰਦ ਕਰਨ ਦਾ ਵਕਤ ਆਇਆ ਤਾਂ ਉਸ ਵਕਤ ਤਾਰਕ ਨਾਥ ਦਾਸ 18 ਮਹੀਨਿਆਂ ਦੇ ਯੂਰਪ ਦੇ ਟੂਰ 'ਤੇ ਗਏ ਤਾਂ ਕਿ ਪਹਿਲੀ ਸੰਸਾਰ ਜੰਗ ਦੇ ਮੌਕੇ ਨੂੰ ਕਿਸੇ ਵੀ ਕੀਮਤ ਭਾਰਤ ਦੀ ਆਜ਼ਾਦੀ ਲਈ ਵਰਤਿਆ ਜਾ ਸਕੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਜਰਮਨੀ, ਹਾਲੈਂਡ, ਸਵਿਟਜ਼ਰਲੈਂਡ, ਸਵੀਡਨ, ਰੁਮਾਨੀਆ, ਤੁਰਕੀ ਆਦਿ ਦੇਸ਼ਾਂ ਦਾ ਦੌਰਾ ਕੀਤਾ। ਇਨ੍ਹਾਂ ਤੋਂ ਬਿਨਾਂ ਉਹ ਏਸ਼ੀਆ ਦੇ ਦੇਸ਼ਾਂ ਦਾ ਦੌਰਾ ਕਰਨ ਵੀ ਗਏ। ਤਾਰਕ ਨਾਥ ਦਾ ਕਾਬੁਲ ਦੌਰਾ ਸਭ ਤੋਂ ਵੱਧ ਮਹੱਤਤਾ ਦਾ ਲਿਖਾਇਕ ਹੈ। ਤਾਰਕ ਨਾਥ ਦਾਸ ਨੇ ਕੇਵਲ ਜਥੇਬੰਦਕ ਕੰਮਾਂ ਤਕ ਆਪਣੇ ਆਪ ਨੂੰ ਸੀਮਤ ਨਹੀਂ ਰੱਖਿਆ, ਸਗੋਂ ਉਨ੍ਹਾਂ ਨੇ ਖੁਫ਼ੀਆ ਦਸਤਾ ਵੀ ਕਾਇਮ ਕੀਤਾ, ਜਿਹੜਾ ਬੰਬ ਬਣਾਉਣ ਤੇ ਬੰਬ ਚਲਾਉਣ ਦਾ ਮਾਹਰ ਸੀ। ਬੰਬ ਬਣਾਉਣ ਤੇ ਚਲਾਉਣ ਦਾ ਜਿਹੜਾ ਫਾਰਮੂਲਾ ਰੂਸ ਦੇ ਇਨਕਲਾਬੀ ਵਰਤਦੇ ਸਨ, ਉਹ ਫਾਰਮੂਲਾ ਬੜੀ ਮਿਹਨਤ ਨਾਲ ਤਾਰਕ ਨਾਥ ਦਾਸ ਨੇ ਪ੍ਰਾਪਤ ਕੀਤਾ।

1924 ਵਿਚ ਤਾਰਕ ਨਾਥ ਦਾਸ ਨੇ ਮੇਰੀ ਕੀਟਿੰਗ ਨਾਲ ਵਿਆਹ ਕਰਵਾ ਲਿਆ ਤੇ ਯੂਰਪ ਦੇ ਟੂਰ 'ਤੇ ਚਲਾ ਗਿਆ। ਉੱਥੇ ਉਸ ਨੇ ਇਹ ਨਿਰਣਾ ਕੀਤਾ ਕਿ ਭਾਰਤੀ ਵਿਦਿਆਰਥੀਆਂ ਨੂੰ ਰਾਜਸੀ ਗਿਆਨ ਦੇਣ ਲਈ ਵਿਦੇਸ਼ਾਂ ਵਿਚ ਵਜ਼ੀਫੇ ਦੇਣੇ ਜ਼ਰੂਰੀ ਹਨ। ਵਾਪਸ ਆ ਕੇ ਉਹ ਕੋਲੰਬੀਆ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦਾ ਪ੍ਰੋਫੈਸਰ ਲੱਗ ਗਿਆ। ਉਸ ਨੇ ਆਪਣੀ ਪਤਨੀ ਮੇਰੀ ਨਾਲ ਰਲ ਕੇ ਤਾਰਕ ਨਾਥ ਦਾਸ ਫਾਊਂਡੇਸ਼ਨ ਦਾ ਨਿਰਮਾਣ ਕੀਤਾ ਤਾਂ ਕਿ ਭਾਰਤ ਤੋਂ ਅਮਰੀਕਾ ਪੜ੍ਹਨ ਆਏ ਵਿਦਿਆਰਥੀਆਂ ਦੀ ਮਦਦ ਕੀਤੀ ਜਾਵੇ। ਵੱਖ ਵੱਖ ਦੇਸ਼ਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਅੱਜ ਵੀ ਇਹ ਸੰਸਥਾ ਮਦਦ ਦਿੰਦੀ ਹੈ।

ਤਾਰਕ ਨਾਥ ਦਾਸ ਨੂੰ 1947 ਦੀ ਦੁਖਦਾਈ ਵੰਡ ਨੇ ਝੰਜੋੜ ਕੇ ਰੱਖ ਦਿੱਤਾ। 1952 ਵਿਚ 46 ਸਾਲਾਂ ਦੇ ਲੰਮੇ ਵਕਫ਼ੇ ਤੋਂ ਬਾਅਦ ਤਾਰਕ ਨਾਥ ਦਾਸ ਵਿਜ਼ੀਟਿੰਗ ਪ੍ਰੋਫੈਸਰ ਦੀ ਹੈਸੀਅਤ ਵਿਚ ਆਪਣੀ ਦੋ ਟੁਕੜਿਆਂ ਵਿਚ ਵੰਡੀ ਧਰਤੀ ਮਾਂ ਨੂੰ ਦੇਖਣ ਵਾਪਸ ਆਇਆ ਸੀ। ਜਿਸ ਨੂੰ ਆਜ਼ਾਦ ਕਰਵਾਉਣ ਲਈ ਉਸ ਨੇ ਲੰਮਾ ਸਮਾਂ ਸੰਘਰਸ਼ ਹੀ ਨਹੀਂ ਸੀ ਕੀਤਾ ਸਗੋਂ ਆਪਣੀ ਪੂਰੀ ਜ਼ਿੰਦਗੀ ਹੀ ਉਸ ਮਹਾਨ ਆਦਰਸ਼ ਦੀ ਪ੍ਰਾਪਤੀ ਦੇ ਲੇਖੇ ਲਾ ਦਿਤੀ ਸੀ। ਬੰਗਾਲ ਭੰਗ ਦੌਰਾਨ ਆਜ਼ਾਦੀ ਦੀ ਲਹਿਰ ਵਿਚ ਕੁੱਦਿਆ ਤਾਰਕ ਅੱਜ ਦੇਸ਼ ਨੂੰ ਦੋ ਟੁਕੜਿਆਂ ਵਿਚ ਵੰਡਿਆ ਦੇਖ ਕੇ ਧਾਹੀਂ ਰੋ ਉੱਠਿਆ ਸੀ। ਉਸ ਦੇ ਸੁਪਨਿਆਂ ਦੀ ਧਰਤੀ ਲੀਰੋ ਲੀਰ ਹੋ ਚੁੱਕੀ ਸੀ। ਉਸ ਨੇ ਉਸ ਵਕਤ ਉਨ੍ਹਾਂ ਲੀਡਰਾਂ ਦੀ ਛੋਟੀ ਸੋਚ 'ਤੇ ਖ਼ੂਨ ਦੇ ਅੱਥਰੂ ਕੇਰਦਿਆਂ ਕਿਹਾ ਸੀ ਸਤਾ ਦੀ ਤਬਦੀਲੀ ਸ਼ਾਇਦ ਲੋਕਾਂ ਦਾ ਕੁਝ ਸੰਵਾਰ ਨਾ ਸਕੇ। ਉਸ ਦੇ ਫ਼ਿਕਰ ਅੱਜ ਅੱਖਰ ਅੱਖਰ ਠੀਕ ਸਿੱਧ ਹੋ ਰਹੇ ਹਨ। ਇਸ ਤੋਂ ਅਸੀਂ ਇਹ ਤਾਂ ਅਨੁਮਾਨ ਲਾ ਹੀ ਸਕਦੇ ਹਾਂ ਕਿ ਉਹ ਕਿੰਨਾ ਦੂਰ ਦ੍ਰਿਸ਼ਟੀ ਵਾਲਾ ਸੀ। ਇਸੇ ਫੇਰੀ ਦੌਰਾਨ ਉਸ ਨੇ 'ਵਿਵੇਕਾ ਨੰਦ ਸੋਸਾਇਟੀ' ਦੀ ਸਥਾਪਨਾ ਕੀਤੀ। 9 ਸਤੰਬਰ 1952 ਵਿਚ ਆਪਣੇ ਆਗੂ ਭਾਗ ਜਤਿਨ ਦੀ 37ਵੀਂ ਬਰਸੀ ਲੋਕਾਂ ਦੇ ਵੱਡੇ ਇਕੱਠ ਵਿਚ ਮਨਾਈ, ਜਿਸ ਨੇ ਉਸ ਨੂੰ 'ਫਰੀ ਹਿੰਦੋਸਤਾਨ' ਵਰਗਾ ਪਰਚਾ ਕੱਢਣ ਦੀ ਸਲਾਹ ਦਿੱਤੀ ਸੀ। ਇਸੇ ਸਮੇਂ ਉਸ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਹਾਨ ਦੇਸ਼ ਭਗਤਾਂ ਦੇ ਜੀਵਨ ਆਦਰਸ਼ਾਂ ਉਪਰ ਪਹਿਰਾ ਦੇਣ। ਉਹ ਭਾਰਤੀ ਨੌਜਵਾਨਾਂ ਪਾਸੋਂ ਵੱਡੀਆਂ ਆਸਾਂ ਲੈ ਕੇ ਵਾਪਸ ਅਮਰੀਕਾ ਚਲਾ ਗਿਆ, ਜਿੱਥੇ 22 ਦਸੰਬਰ 1958 ਵਿਚ ਉਸ ਦੀ ਮੌਤ ਹੋ ਗਈ। ਅੱਜ ਨੌਜਵਾਨਾਂ ਨੇ ਸੋਚਣਾ ਹੈ ਕਿ ਆਪਣੇ ਉਸ ਮਹਾਨ ਨਾਇਕ ਦੇ ਫ਼ਿਕਰਾਂ ਦੀ ਪੈੜ 'ਤੇ ਚਲਦਿਆਂ ਕੁਝ ਕਰਨਾ ਹੈ ਜਾਂ ਨਵ ਬਸਤੀਵਾਦੀ ਦੌਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਭਾਰਤੀ ਹਾਕਮਾਂ ਵਾਂਗ ਚੁੱਪ ਕਰ ਕੇ ਦੇਖਦੇ ਰਹਿਣਾ ਹੈ। *(ਸਮਾਪਤ)*




ਲੜੀਵਾਰ ਛਪਣ ਵਾਲੀ ਕਹਾਣੀ

# ਕੁੱਤੀ ਵਿਹੜਾ



ਮਨਿੰਦਰ ਸਿੰਘ ਕਾਂਗ

ਪੰਜਾਬੀ ਦੇ ਸਮਰੱਥ ਕਹਾਣੀਕਾਰ ਅਤੇ ਆਲੋਚਕ ਮਨਿੰਦਰ ਕਾਂਗ ਪਿਛਲੇ ਦਿਨੀਂ ਅਚਾਨਕ ਹੀ ਸਦਾ ਲਈ ਤੁਰ ਗਏ। ਮਨਿੰਦਰ ਕਾਂਗ ਨੇ ਪੰਜਾਬੀ ਦੀ ਲੰਮੀ ਕਹਾਣੀ ਵਿਚ ਬਿਲਕੁਲ ਨਵੇਂ ਤਜਰਬੇ ਕੀਤੇ। ਪਿਛਲੇ ਕੁਝ ਸਾਲਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ 'ਦੋ ਤਲਵਾਰਾਂ ਬੱਧੀਆਂ', 'ਭਾਰ' ਅਤੇ 'ਕੁੱਤੀ ਵਿਹੜਾ' ਪੰਜਾਬੀ ਸਾਹਿਤ ਵਿਚ ਸ਼ਾਹਕਾਰ ਰਚਨਾਵਾਂ ਵਜੋਂ ਦਰਜ ਹੋਈਆਂ। 'ਨਵੀਂ ਦੁਨੀਆ' ਵਿਚ ਉਨ੍ਹਾਂ ਦੀ ਬੇਹੱਦ ਚਰਚਿਤ ਕਹਾਣੀ 'ਕੁੱਤੀ ਵਿਹੜਾ' ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਲੜੀਵਾਰ ਛਾਪਣ ਦੀ ਖੁਸ਼ੀ ਲਈ ਜਾ ਰਹੀ ਹੈ। ਇਹ ਕਹਾਣੀ ਤਿੰਨ ਕਾਲ ਖੰਡਾਂ ਵਿਚ ਫੈਲੀ ਹੋਈ ਹੈ, ਵਰਤਮਾਨ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੇ ਕਾਲ ਤਕ ਅਤੇ ਇਨ੍ਹਾਂ ਦੋਹਾਂ ਦੇ ਵਿਚਕਾਰਲੇ (ਮੱਧਕਾਲ) ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ।

-ਸੰਪਾਦਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਰਾਤ ਜਦੋਂ ਮੈਂ ਸੁੱਤਾ, ਚੰਗਾ ਭਲਾ ਸਾਂ। ਪਰ ਰਾਤ ਜਦੋਂ ਅੱਧ 'ਚ ਹੋਈ, ਭਾਵ ਜਦੋਂ ਪ੍ਰੇਤ-ਆਤਮਾਵਾਂ ਦਾ ਪਹਿਰਾ ਲਗ ਗਿਆ, ਉਦੋਂ ਹੀ ਕਿਤੇ ਮੇਰੀ ਅੱਖ ਖੁਲ੍ਹੀ। ਤੇ ਅੱਖ ਖੁਲ੍ਹੀ ਵੀ ਬੜੇ ਕਸੂਤੇ ਢੰਗ ਨਾਲ! ਅਚਾਨਕ ਮੈਨੂੰ ਲਗਾ ਕਿ ਕੋਈ ਬੜੀ ਬੇਤਰਸੀ ਨਾਲ ਮੇਰੇ ਦੋਵੇਂ ਹੱਥਾਂ ਤੇ ਬੁਰਕ ਪਿਆ ਵੱਢਦੈ! ਮੈਂ ਸ਼ਾਇਦ ਕਿਸੇ ਸੁਪਨੇ ਵਿੱਚ ਵਿਚਰ ਰਿਹਾ ਸਾਂ ਕਿ ਅਰਧ-ਜਾਗਰਨ ਵਿੱਚ, ਇਹਦਾ ਉਸ ਵੇਲੇ ਤੱਕ ਕੋਈ ਅਹਿਸਾਸ ਨਹੀਂ ਸੀ ਹੋਇਆ। ਜਦੋ ਮੈਂ ਹੱਥਾਂ ਤੇ ਬੁਰਕ ਵੱਢੀਂਦੇ ਤੱਕੇ ਤਾਂ ਦਰਦ ਨਾਲ ਚੀਕਾਂ ਛੱਡ ਦਿੱਤੀਆਂ। ਕੋਈ ਆਪਣੇ ਕਰੜੇ ਹੱਥਾਂ ਵਿੱਚ ਫੜ ਕੇ ਮੇਰੇ ਦੋਹੇਂ ਹੱਥਾਂ ਤੇ ਬੁਰਕ ਪਿਆ ਵੱਢਦਾ ਸੀ। ਅਜੇ ਦੰਦੀਆਂ ਹੀ ਖੁੱਭੀਆਂ ਸਨ ਤੇ ਲਹੂ ਸਿੰਮਣਾ ਸ਼ੁਰੂ ਹੋਇਆ ਸੀ। ਸੁਪਨੇ ਵਿੱਚ ਹੀ ਮੈਨੂੰ ਆਭਾਸ ਹੋ ਗਿਆ ਕਿ ਮੇਰੇ ਦੋਵੇਂ ਹੱਥਾਂ ਤੇ ਬੁਰਕ ਵੱਢਣ ਵਾਲੀ ਇਹ ਸ਼ੈਅ ਕੋਈ ਜਨਾਨੀ ਐ! ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਇਹ ਜਨਾਨਾ ਸ਼ੈਅ ਕੋਈ ਬੜੀ ਬਲਵਾਨ ਤੇ ਰੂਹਾਨੀ ਸ਼ੈਅ ਏ!

ਮੈਂ ਡਰਕੇ ਅੱਖਾਂ ਖੋਹਲ ਦਿੱਤੀਆਂ। ਅਗੇ ਅੱਖਾਂ ਖੁਲ੍ਹੀਆਂ ਵਿੱਚ ਵੀ ਘੁੰਗਰਾਲੇ ਵਾਲਾਂ ਵਾਲੀ ਤੇ ਵੱਡੀਆਂ ਅੱਖਾਂ ਵਾਲੀ, ਕਾਲੇ-ਧੂਤ ਰੰਗ ਦੀ ਲੰਮੀ-ਚੌੜੀ ਜਨਾਨੀ ਮੇਰੇ ਹੱਥਾਂ 'ਤੇ ਬੁਰਕ ਪਈ ਵੱਢਦੀ ਸੀ। ਉਹਦੀਆਂ ਨਾਸਾਂ ਫ਼ੀਨੀਆਂ ਤੇ ਉੱਭਰਵੇਂ ਭਰਵੱਟੇ ਸਨ। ਅੱਖਾਂ ਚੌੜੀਆਂ ਤੇ ਖੂਨੀ ਲਿਸ਼ਕ ਭਰੀਆਂ ਸਨ। ਦੰਦ, ਜਿਹੜੇ ਦੁੱਧ-ਚਿੱਟੇ ਤੇ ਮਜਬੂਤ ਸਨ, ਮੇਰੇ ਲਹੂ ਨਾਲ ਲਿਬੜੇ ਦਿੱਸਦੇ ਸਨ। ਮੈਂ ਚੀਕ ਮਾਰਕੇ ਸੱਜਾ ਹੱਥ ਛੁਡੌਣਾ ਚਾਹਿਆ ਤਾਂ ਖੱਬੇ ਅੰਤਾਂ ਦੀ ਦਰਦ ਹੋਈ। ਮਰਦੇ ਨੇ ਖੱਬੇ ਵੰਨੀ ਵੇਖਿਆ ਤਾਂ ਬਿਲਕੁਲ ਉਹੋ ਜਿਹੀ ਇਕ ਹੋਰ ਜਨਾਨਾ ਮੂਰਤ ਮੇਰਾ ਹੱਥ ਪਈ ਖਾਵੇ। ਸਾਹਮਣੇ ਵੇਖਿਆ ਤਾਂ ਉਹੋ ਹੀ ਮੂਰਤ ਸਾਹਮਣੇ ਵੀ ਖੜ੍ਹੀ ਦਿੱਸੇ। ਮੈਂ ਚੀਕਾਂ ਮਾਰਦਿਆਂ ਕਿਹਾ -

"ਹਾਏ! ਹਾਏ ਛੱਡ ਦੇਹ! ਮੈਂ ਮਰ ਗਿਆ!"

"ਵੇਖਦਾ ਕੀ ਏਂ? ਜਿਧਰ ਮਰਜੀ ਆ, ਵੇਖ ਲੈ! ਮੈ ਚਾਰੇ ਪਾਸੇ ਖੜੋਤੀ ਆਂ ਘੇਰ ਕੇ ਤੈਨੂੰ!"

ਮੈਂ ਭਾਵੇਂ ਦਰਦ ਨਾਲ ਮਰਨ ਡਿਹਾ ਸਾਂ, ਪਰ ਮੈਂ ਮੂਲ-ਮੰਤਰ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ।

"...ਕਰੀ ਜਾਹ ਪਾਠ! ਪਾਠਾਂ ਨਾਲ ਨਹੀਂ ਤੂੰ ਮੇਰੇ ਕੋਲੋਂ ਬਚਣ ਲਗਾ!" ਉਸ ਲੰਮੀ-ਚੌੜੀ ਜਨਾਨੀ ਨੇ ਮੈਨੂੰ ਕਿਹਾ ਤੇ ਫਿਰ ਆਪੇ ਹੀ ਮੇਰੇ ਹੱਥ ਛੱਡ ਦਿੱਤੇ। ਹੱਥ ਛੁਟਦਿਆਂ ਹੀ ਮੈਂ ਕੱਛਾਂ ਵਿੱਚ ਦੇ ਲਏ। ਦਰਦ ਨਾਲ ਮੇਰਾ ਬੁਰਾ ਹਾਲ ਸੀ। ਹੀਆ ਕਰਕੇ ਮੈਂ ਪੁੱਛ ਹੀ ਲਿਆ -

"ਕੌਣ ਆਂ ਤੂੰ? ਤੇ ਮੈਂ ਤੇਰਾ ਕੀ ਵਗਾੜਿਆ?"

"ਮੈਂ "ਆਦਿ ਮਾਤਾ" ਹਾਂ! ਇਸ ਜਗਤ ਦੀ ਮੂਲ ਰਚਨਾ ਦੀ ਜਣਨੀ। ਬਾਕੀ ਸਭ ਮਾਤਾਵਾਂ ਮੇਰੇ ਵਿਚੋਂ ਹੀ ਨਿਕਲੀਆਂ ਨੇ। ਮੈਨੂੰ ਧਿਆਨ ਨਾਲ ਵੇਖ !" ਉਹ ਗਰਜਵੀਂ ਅਵਾਜ਼ ਵਿੱਚ ਕਹਿਣ ਲੱਗੀ।

... ਦਰਦ ਦੀ ਵਿਆਕੁਲਤਾ ਤੋਂ ਉਪਰ ਉੱਠ ਕੇ ਮੈਂ ਅੰਚਭੇ ਵਿੱਚ ਆ ਗਿਆ। ਫੇਰ ਮੈਂ ਧਿਆਨ ਨਾਲ ਉਹਦੇ ਵਲ ਤੱਕਣ ਲਗ ਪਿਆ। ਕਾਲਾ-ਸ਼ਾਹ ਪਿੰਡਾ ਸੀ ਉਹਦਾ, ਤੇ ਕਾਲੀਆਂ ਗਦਰਾਈਆਂ ਛਾਤੀਆਂ ਲਮਕ ਰਹੀਆਂ ਸਨ। ਵੱਡੀ ਗੱਲ ਇਹ ਕਿ ਉਹਨਾਂ ਨੰਗੀਆਂ ਛਾਤੀਆਂ ਵਿੱਚੋਂ ਦੁੱਧ ਦੀਆਂ ਬੂੰਦਾਂ ਸਿੰਮ ਕੇ ਸਰੀਰ ਤੇ ਵੱਗ ਰਹੀਆਂ ਸਨ। ਮਾਤਾ ਧੁਰ ਤੱਕ ਹੀ ਨੰਗੀ ਸੀ। ਸਿਰਫ ਪੈਰਾਂ ਵਿੱਚ ਹਰੇ ਪੱਤੇ ਤੇ ਜੰਗਲੀ ਫੁੱਲ ਬੰਨ੍ਹੇ ਹੋਏ ਸਨ। ਜੀਭ ਦੀ ਲਾਲੀ ਗੱਲ ਕਰਦਿਆਂ ਸਾਖਸ਼ਾਤ ਦਿੱਸਦੀ ਸੀ।

"ਪਰ ਮਾਤਾ! ਮੇਰਾ ਕੀ ਕਸੂਰ ਏ? ਮੇਰੇ ਹੱਥਾਂ ਤੇ ਚੱਕ ਤੂੰ ਐਂਵੇ ਹੀ ਵੱਢੇ।" ਮੈਂ ਡਰਦੇ ਨੇ ਜਿਰਾਹ ਕੀਤੀ।

"ਤੂੰ ਕਾਂਗ ਨਹੀਂ, ਜਿਹੜਾ ਕਹਾਣੀਆਂ ਪੌਂਦਾ ਰਹਿੰਦਾ ਏ?" ਉਹਨੇ ਫੱਟ ਕਿਹਾ।

"ਆਹੋ ਮਾਤਾ! ਇਹਦਾ ਮਤਲਬ, ਤੂੰ ਮੈਨੂੰ ਜਾਣਦੀ ਏ?" ਮੈਂ ਹੈਰਾਨ ਸਾਂ।

"ਮੈਂ ਸਾਰੇ ਸੰਸਾਰ ਨੂੰ ਜਾਣਦੀ ਆਂ। ਇਕ-ਇਕ ਨੂੰ! ਤੇ ਸਾਰਿਆਂ ਨੂੰ ਸਿੱਝ ਵੀ ਲਵਾਂਗੀ, ਜਿਹੜੇ ਮੇਰੇ ਬੱਚਿਆਂ ਨੂੰ ਮੰਦਾ ਬੋਲਦੇ ਤੇ ਮੰਦਾ ਤਕੌਂਦੇ ਨੇ।" ਉਹ ਫੇਰ ਗੁੱਸੇ ਵਿੱਚ ਆ ਗਈ ਸੀ।

"...ਪਰ ਮਾਤਾ! ਮੈਂ ਕਦ ਤੇਰੇ ਕਿਸੇ ਬੱਚੇ ਨੂੰ ਮੰਦਾ ਬੋਲਿਐ, ਜਾਂ ਮੰਦਾ ਤਕਾਇਐ?" ਮੈਂ ਡਰਦੇ ਨੇ ਤਰਕ ਕੀਤਾ।

"ਅੱਜ ਸ਼ਾਮੀ ਜਦੋਂ ਤੂੰ ਹਰੀਮੰਦਰ ਵਲੋਂ ਔਂਦਾ ਪਿਆ ਸੈਂ, ਤੇਰੇ ਸਾਥੀਆਂ ਨੇ ਮੇਰੇ ਬੱਚੇ "ਬੰਟੀ ਮਸੀਹ" ਨੂੰ ਗਾਹਲਾਂ ਕੱਢੀਆਂ ਕਿ ਨਹੀਂ?" ਮਾਤਾ ਕਹਿਰਵਾਨ ਹੋਕੇ ਕਹਿਣ ਲਗੀ।

"ਪਰ ਮਾਤਾ! ਮੈਂ ਤੇ ਕੁਛ ਨਹੀਂ ਸੀ ਨਾ ਕਿਹਾ, ਤੇਰੇ ਉਸ ਲਗਦੇ "ਬੰਟੀ ਮਸੀਹ" ਨੂੰ? ਨਾਲੇ ਮੈਂ ਤੇ ਉਹਦੇ ਪੋਤੜਿਆਂ ਦਾ ਵਾਕਫ਼ ਹਾਂ। ਪੀੜ੍ਹੀਆਂ ਦਾ ਜਾਣੂੰ। ਉਹ ਤੇ ਪੀੜ੍ਹੀਆਂ ਤੋਂ ਸਾਲੇ ਸ਼ਰਾਬੀ ਤੇ ਗੰਦੇ ਬੰਦੇ ਨੇ। ਇਹਨਾਂ ਚੂਹੜਿਆਂ ਸਾਲਿਆਂ ਤੇ ਨਸ਼ੇ ਆਲੀ ਹੱਦ ਮੁੱਕਾ ਦਿੱਤੀ ਏ!" ਮੈਂ ਨਾਲੇ ਡਰ ਰਿਹਾ ਸਾਂ, ਨਾਲ ਅੱਕੇ ਹੋਏ ਨੇ ਸੱਚ ਵੀ ਬੋਲਿਆ।

"ਤਾਂ ਹੀ ਤੇ ਤੇਰੇ ਹੱਥਾਂ ਤੇ ਚੱਕ ਵੱਢੇ ਨੇ। ਸ਼ੁਕਰ ਕਰ, ਤੇਰੀ ਜੀਭ ਨਹੀਂ ਵੱਢੀ, ਜਿਹੜੀ ਗੰਦ ਬੱਕਦੀ ਪਈ ਏ! ਇਹ ਸਾਰੇ ਮੇਰੇ ਪੁੱਤਰ ਨੇ। ਇਹ ਮੇਰੇ "ਸ਼ਿਵ ਭੋਲੇ" ਦੇ ਬੱਚੇ ਨੇ। ਏਸ ਸੰਸਾਰ ਦੇ ਮਾਲਕ! ਤੇ ਤੂੰ...? ਚਵਲੇ ਜਹਾਨ ਦੀਏ। ਬਜਾਇ ਆਪਣੇ ਲੇਖਕੀ-ਕਰਮ ਦੇ, ਤਰਸ ਕਰਨ ਦੀ ਥਾਂ ਆਪਣੇ ਸਾਥੀਆਂ ਦੀ ਬਕੜਵਾਹ ਸੁਣਦਾ ਰਿਹਾ...! ਤਾਂ ਹੀ ਤੇਰੇ ਹੱਥਾਂ ਤੇ ਬੁਰਕ ਭਰੇ ਨੇ।" ਮਾਤਾ ਕਹਿਣ ਲਗੀ।

ਮੈਂ ਮੁੜ ਡਰ ਗਿਆ ਕਿ ਕਿਧਰੇ ਆਦਿਮਾਤਾ ਫੇਰ ਨਾ ਕਹਿਰਵਾਨ ਹੋ ਜਾਏ। ਕੁਛ ਸੁੱਝਿਆ ਨਾ। ਫੇਰ ਮੈ ਗੱਲ ਬਦਲਣ ਲਈ ਕਹਿ ਦਿੱਤਾ -

"ਮਾਤਾ ਤੂੰ ਹੀ ਕਾਲੀ ਐਂ...?"

"ਹਾਂ ਮੈਂ ਹੀ ਕਾਲੀ, ਮੈਂ ਹੀ ਜਗਦੰਬੇ ਤੇ ਮੈਂ ਹੀ ਸਤੀ ਹਾਂ ! ਤੇ ਨਾਲੇ ਸੁਣ ਲੈ। ਤੇਰੇ ਗੁਨਾਹ ਮੈਂ ਤਾਂ ਬਖਸ਼ਾਂਗੀ, ਜੇ ਤੂੰ ਮੇਰੇ ਬੱਚਿਆਂ ਨਾਲ ਸੈਆਂ-ਹਜ਼ਾਰਾਂ ਵਰ੍ਹਿਆ ਤੋਂ ਹੋਈ ਬਦਸਲੂਕੀ ਦੀ, ਤੇ ਪਸ਼ੂਆਂ ਤੋਂ ਵੀ ਬਦਤਰ ਹੋਏ ਵਿਹਾਰ ਦੀ ਗੱਲ ਲਿਖੇਂਗਾ। ਨਹੀਂ ਤੇ ਤੇਰਾ ਖ਼ਾਤਮਾ ਕਰ ਦਿਆਂਗੀ। ਸਮਝੇ?" ਉਹਨੇ ਗਰਜ ਕੇ ਕਿਹਾ।

"...ਪਰ ਮਾਤਾ। ਮੈਂ ਕੀ ਲਿਖੂੰ?" ਮੈਨੂੰ ਸੁੱਝੇ ਕੁਝ ਨਾ, ਮੈਂ ਡਰਦੇ ਨੇ ਕਹਿ ਹੀ ਦਿੱਤਾ।

"ਇਹ ਤੂੰ ਜਾਣ। ਤੂੰ ਕਾਹਦੀ ਕਥਾਕਾਰੀ ਕਰਦੈ?" ਉਹ ਫੇਰ ਕਹਿਣ ਲਗੀ। ਫੇਰ ਉਹ ਮੇਰੇ ਵੇਖਦਿਆਂ-ਵੇਖਦਿਆਂ ਅਕਾਰ ਵਧਾਣ ਲਗ ਪਈ। ਫੈਲ ਕੇ ਕਮਰੇ ਜਿੱਡੀ ਹੋ ਗਈ। ਫੇਰ ਕਮਰੇ ਨੂੰ ਫੈਲਾਉਣ ਲਗ ਪਈ। ਮੈਂ ਡਰਕੇ ਅੱਖਾਂ ਮੀਟ ਲਈਆਂ। ਜਦ ਖੋਹਲੀਆਂ ਤਾਂ ਉਹ ਗਾਇਬ ਹੋ ਚੁੱਕੀ ਸੀ। ਪਹਿਲੇ ਜਾਪਿਆ ਕਿ ਮੈਂ ਕੋਈ ਸੱਚ ਹੀ ਵੇਖਿਆ ਹੋਣੈ, ਪਰ ਜਦੋਂ ਜਾਗਦੀਆਂ ਅੱਖਾਂ ਨਾਲ ਵੀ ਹੱਥਾਂ ਨੂੰ ਸਾਫ ਵੇਖਿਆ ਤਾਂ ਯਕੀਨ ਹੋ ਗਿਆ ਕਿ ਸਭ ਸੁਫਨਾ ਸੀ। ਹੱਥ ਤੇ ਸਾਫ਼ ਸਨ !

...ਸਵੇਰੇ ਉਠੱਦਿਆਂ ਹੀ ਮੈ ਪਹਿਲੀ ਚਾਹ ਪੀਕੇ ਜਲੰਧਰ ਨੂੰ ਭੱਜ ਆਇਆ। ਬੁੱਢੇ ਮਾਂ-ਪਿਉ ਕਹਿੰਦੇ ਰਹੇ ਕਿ "ਛਾਹ ਵੇਲਾ" ਖਾ ਕੇ ਜਾਹ। ਪਰ ਮੇਰੇ ਦਿਲ ਨੂੰ ਧਰਵਾਸ ਕਿਥੇ? ਮੈਂ ਹੱਥਾਂ ਨੂੰ ਵੀ ਉਹਨਾਂ ਤੋਂ ਲੁਕੋਈ ਰੱਖਿਆ। ਜਲੰਧਰ ਆਕੇ ਪਹਿਲਾ ਕੰਮ ਮੈਂ ਇਹ ਕੀਤਾ ਕਿ ਹੱਥਾਂ ਤੇ ਖਿਡਾਰੀਆਂ ਵਾਲੇ ਕਾਪ ਜਿਹੇ ਪਾ ਲਏ। ਘਰ ਦੀ ਨੂੰ ਕਹਿ ਦਿੱਤਾ ਕਿ ਬੱਸ ਵਿਚੋਂ ਉਤਰਦਿਆਂ ਹੱਥ ਰਗੜੇ ਗਏ ਨੇ। ਹੱਥ ਤੇ ਚੰਗੇ ਭਲੇ ਸਾਫ਼ ਸੁਥਰੇ ਸਨ, ਪਰ ਮਨ ਅੰਦਰ ਕੋਈ ਡਰ ਸੀ, ਕੋਈ ਭਉ ਸੀ ਕਿ ਬਸ...!

- - - -

ਰਾਤ ਫੇਰ ਉਹੀ ਗੱਲ ਹੋਈ!

ਚੰਗਾ ਭਲਾ ਸੁੱਤਾ। ਆਖਰੀ ਪਹਿਰ ਦੇ ਖ਼ਾਤਮੇ ਵੇਲੇ ਫੇਰ ਮੇਰੇ ਹੱਥਾਂ ਤੇ ਕਿਸੇ ਨੇ ਬੁਰਕ ਮਾਰੇ। ਮੈਂ ਫੇਰ ਘਾਬਰ ਕੇ ਉੱਠਿਆ। ਫੇਰ ਉਹੀ ਚਿਹਰਾ ! ਮੈਂ ਗਿੜਗਿੜਾ ਕੇ ਜਾਨ ਬਖਸ਼ੀ ਦੀ ਅਰਜੋਈ ਕਰਨ ਲਗਾ :-

"...ਬੱਚੂ! ਕੀ ਅੰਬਰਸਰ, ਕੀ ਜਲੰਧਰ? ਕਿਤੇ ਚਲਾ ਜਾਹ। ਤੇਰੀ ਜਾਨ ਬਖਸ਼ੀ ਤਾਂ ਹੀ ਹੋਊ, ਜੇ ਤੂੰ ਮੇਰੇ ਇਹਨਾਂ ਬਾਲਾਂ ਨਾਲ ਹੋਏ ਧਰੋਹ ਦੀ ਕਹਾਣੀ ਪਾਏਂਗਾ। ਨਹੀਂ ਤੇ ਤੇਰੇ ਇਹਨਾਂ ਹੱਥਾਂ ਦਾ ਕੀਮਾ ਕਰਾਂਗੀ। ਏਸ ਸ਼ੁਭ ਕਰਮ ਬਿਨਾਂ ਤੇਰੇ ਇਹ ਚਗਲ ਹੱਥ ਕਿਤੇ ਰਗੜ ਕੇ ਫੋੜੇ ਤੇ ਲੌਣੇ ਆ ਮੈਂ?" ਮਾਤਾ ਸਪਸ਼ਟ ਸੀ।

"...ਪਰ ਮਾਤਾ! ਮਾਤਾ! ਮੈਂ ਲਿਖ ਦਊਂ। ਪਰ ਪਤਾ ਤੇ ਲਗੇ ਕਿ ਮੈਂ ਕੀ ਲਿਖਣੈ? ਕਿਥੋਂ ਮੈਂ ਸ਼ੁਰੂ ਕਰਾਂ?" ਮੈਂ ਦੁਹਾਈ ਪਾਈ।

"...ਹਾਅ ਹਾ! ਆਹ ਤੇ ਹੋਈ ਨਾ ਗੱਲ ! ਠੀਕ ਆਂ ਤੂੰ। ਅਇਥੇ ਮੈਂ ਤੇਰੀ ਮਦਤ ਕਰੂੰ। ਤੂੰ ਐ ਕਰ, ਪਈ ਤੂੰ ਨਾ... ਤੂੰ ਐਂ ਕਰ, ਪਿਛੱਲ-ਝਾਤ ਪਾ। ਭੂਤ ਵਲ ਪਰਤ ਜਾਏਂ ਤਾਂ ਤੈਨੂੰ ਬੜਾ ਕੁਛ ਦਿੱਸੂ। ਉਹੀ ਤੂੰ ਅੱਖਰ-ਅੱਖਰ ਲਿਖ ਲਈਂ। ਕਿਹੜਾ ਕੋਈ ਉਚੇਚ ਕਰਨੀ ਪੈਣੀ ਆ? ਪਰ ਲਿਖੀਂ ਅੱਖਰ-ਅੱਖਰ ਸੱਚ।" ਮਾਤਾ ਨਰਮ ਪੈ ਕੇ ਕਹਿਣ ਲਗੀ।

"ਪਰ ਮਾਤਾ। ਮੇਰੀ ਕੋਈ ਸੀਮਾ-ਰੇਖਾ ਵੀ ਹੋਉ ਕਿ ਨਹੀ? ਪਿੱਛਲ-ਝਾਤ ਤੇ ਮੈਨੂੰ ਪਤਾ ਨਹੀਂ ਕਿੰਨੀ ਕੁ ਪਿਛਾਂਹ ਲੈ ਜਾਉ? ਮੈਂ ਕੀ ਛਡੂੰ, ਤੇ ਕੀ ਲਿਖੂੰ? ਮੈਨੂੰ ਪਤਾ ਤੇ ਹੋਵੇ।" ਮੈਂ ਬੇਨਤੀ ਕੀਤੀ।

"ਚੱਲ ਇਹ ਵੀ ਠੀਕ ਐ। ਤੂੰ ਐ ਕਰ। ਪਈ ਤੂੰ ਹੈਗੈਂ ਪਿਛੋਂ ਅੰਬਰਸਰ ਦਾ। ਤੇ ਮੇਰੇ ਇਹ ਬੱਚੇ "ਰਾਧਾ" ਦੇ ਕਬੀਲੇ ਵਾਲੇ "ਹਸਾਈ" ਵੀ ਇਥੇ ਹੀ ਰਹਿ ਰਹੇ ਨੇ, ਸੈਆਂ ਹਜ਼ਾਰਾਂ ਵਰ੍ਹਿਆਂ ਤੋਂ। ...ਤੂੰ ਐ ਕਰ, ਅੰਬਰਸਰ ਵੱਸਣ ਤੋਂ ਸ਼ੁਰੂ ਕਰ। ਠੀਕ ਐ ਹੁਣ?" ਮਾਤਾ ਨੇ ਗਰਜ ਕੇ ਕਿਹਾ।

"ਠੀਕ ਐ!" ਮੈਂ ਹੱਥ ਜੋੜੇ।

- - - -

ਰਾਤ ਜਦ ਮੈਂ ਬਿਸਰਾਮ ਕਰਨ ਲਗਾ, ਤਾਂ ਮੈਨੂੰ ਪਤਾ ਸੀ ਕਿ ਅੱਜ ਕਥਾ ਅਗੇ ਚਲੇਗੀ। ਮੈਂ ਮਨੋਂ ਤਿਆਰ ਸੀ। ਕਥਾ ਵਾਸਤੇ ਭੂਤ-ਕਾਲ ਵਿੱਚ ਮਾਤਾ ਨੇ ਆਪ ਹੀ ਲੈ ਕੇ ਜਾਣਾ ਸੀ। ਮੇਰਾ ਕੰਮ ਤੇ ਬਸ ਯਾਦ-ਸ਼ਕਤੀ ਨੂੰ ਹੁਕਮ ਦੇਣਾ ਤੇ ਅਗਲੇ ਦਿਨਾਂ ਵਿੱਚ ਬਸ ਕਲਮਬੱਧ ਕਰੀ ਜਾਣ ਦਾ ਸੀ।

...ਸੋ ਅੱਜ ਜਦੋਂ ਮੈਂ ਨੀਂਦ ਦੀ ਗੋਦ ਵਿਚ ਗਿਆ, ਤਾਂ ਪਿੱਛਲ-ਝਾਤ ਆਰੰਭ ਹੋ ਗਈ।

ਕਥਾ ਇਓਂ ਚਲੀ -

ਗੁਰੂ ਰਾਮ ਦਾਸ, ਸੱਚੇ ਪਾਤਸ਼ਾਹ ਉਸ ਝਿੜੀ ਕੋਲ ਆਕੇ ਰੁਕ ਗਏ, ਜਿਥੇ ਕਿੱਕਰਾਂ ਤੇ ਦੇਸੀ ਬੇਰੀਆਂ ਦੇ ਝੁੰਡ ਸਨ। ਇਥੇ ਹੀ ਸਿਰਫ਼ ਇਹ ਬੇਰੀਆਂ ਸਨ, ਜਿਥੇ ਕਿ ਲਾਚੀ ਬੇਰ ਲਗਦੇ ਸਨ। ਦੂਰ ਪਰ੍ਹਾਂ, ਮੋਟੇ ਬੇਰਾਂ ਵਾਲੀਆਂ ਬੇਰੀਆਂ ਸਨ। ਸੱਚੇ ਪਾਤਸਾਹ ਨੇ ਉਥੋਂ ਹੀ ਨਜ਼ਰ ਭਰਕੇ ਸਾਹਮਣੇ ਬਣੇ ਕੁਦਰਤੀ ਤਲਾਅ ਵਲ ਨਿਗਾਹ ਟਿਕਾ ਲਈ। ਉਹਨਾਂ ਦੀਆਂ ਅੱਖਾਂ ਹੁਣ ਨਿਰੇ ਤਲਾਅ ਨੂੰ ਹੀ ਨਹੀਂ ਸਨ ਵੇਖ ਰਹੀਆਂ, ਸਗੋਂ ਉਥੇ ਭਵਿੱਖ ਦੀ ਇਕ ਅਡੋਲ ਲਿਸ਼ਕ ਸੀ। ਪਿਛੇ ਬਾਬਾ ਬੁੱਢਾ ਜੀ ਤੇ ਟਿੱਕਾ ਪ੍ਰਿਥੀ ਚੰਦ ਵੀ ਸਨ। ਮਗਰ ਹੀ ਬਾਬਾ ਮੋਹਰੀ ਜੀ ਸਨ, ਬੁੱਧੂ ਜੀ ਸਨ। ਸੱਚੇ ਪਾਤਸ਼ਾਹ ਨੇ ਪਿਛਾਂਹ ਵਲ ਵੇਖਿਆ ਤੇ ਬਾਬਾ ਬੁੱਢਾ ਜੀ ਨੂੰ ਮੁਖਾਤਬ ਹੋਕੇ ਕਹਿਣ ਲੱਗੇ -

"ਬਾਬਾ ਜੀ! ਸਾਨੂੰ ਮਾਲਕਾਂ ਕੋਲੋਂ ਪਟੇ ਮਿਲ ਗਏ ਹਨ ਨਾ?"

"ਜੀ ਪਾਤਸ਼ਾਹ ਜੀਓ! ਪਟੇ ਮਾਲਕਾਂ ਕੋਲੋਂ ਮਿਲ ਗਏ ਹਨ। ਜਵਾਹਰੀ ਰਾਜਪੂਤ ਦੇ ਲਾਣੇ ਦਾ ਇਕ ਪੁੱਤਰ ਸੂਫ਼ੀ 'ਸ਼ਾਹ ਅਲੀ' ਦਾ ਮੁਰੀਦ ਹੋਕੇ ਮੁਸਲਮਾਨ ਹੋ ਗਿਆ ਸੀ। ਉਹਦਾ ਟੱਬਰ "ਤੁੰਗ ਪਿੰਡ" ਜਾ ਬੈਠਾ ਸੀ। ਇਹ ਸਾਰੀ ਜ਼ਮੀਨ, ਸਮੇਤ ਹਾਅ ਸਾਹਮਣੇ ਵਾਲੇ ਜੰਗਲ ਦੇ, ਉਹਨਾਂ ਕੋਲ ਸੀ। ਅਸੀਂ ਪਹਿਲਾਂ ਤੇ "ਗਿਲਵਾਲੀ" ਪਿੰਡ ਚੱਕਰ ਮਾਰਦੇ ਰਹੇ ਸਾਂ। ਉਥੋਂ ਪਤਾ ਲਗਾ ਕਿ ਇਹ ਜਗ੍ਹਾ ਤੇ ਸਾਰੀ ਮੁਸ਼ਤਰਕਾ ਪੈਲੀ ਆ। ਇਥੇ ਤੇ ਤਿੰਨ੍ਹਾਂ ਪਿੰਡਾਂ ਦਾ ਤਰਿਡਾ ਬਣਦਾ ਜੇ ! ਗਿਲਵਾਲੀ, ਚਾਟੀ ਵਿੰਡ ਤੇ ਸੁਲਤਾਨ ਵਿੰਡ, ਤਿੰਨਾਂ ਪਿੰਡਾਂ ਦੀ ਮੁਸ਼ਤਰਕਾ ਪੈਲੀ ਦਾ ਇਹ ਤਰਿਡਾ ਜਾ ਜੰਗਲ ਨਾਲ ਮਿਲਣੈ?" ਬਾਬਾ ਬੁੱਢਾ ਜੀ ਨੇ ਸਾਰੀ ਤਫ਼ਸੀਲ ਦਿੱਤੀ।

"...ਤੇ ਬਾਬਾ ਜੀ। ਕਿੰਨੇ 'ਚ ਮੁੱਕ-ਮੁੱਕਾ ਹੋ ਗਿਆ ਸੀ?" ਸੱਚੇ ਪਾਤਸ਼ਾਹ ਨੇ ਐਂਵੇ ਹੀ ਗੱਲ ਕਰਨ ਖਾਤਰ ਗੱਲ ਕੀਤੀ।

"ਪੈਸੇ ਤੇ ਮਹਾਰਾਜ ਜੀ, ਸੱਚੇ ਪਾਤਸ਼ਾਹ ਜੀਓ, ਬਥੇਰੇ ਲੈ ਗਏ ਨੇ ਮਾਰ! ਏਸ ਤਰਿਡੇ ਦੇ ਬਾਰਾਂ ਸੌ ਦਿੱਤੇ ਨੇ। ਪੈਸੇ ਦੀ ਤੇ ਤੋਟ ਹੀ ਕੋਈ ਨਹੀਂ ਸੀ ! ਸੰਗਤਾਂ ਹੋਰ ਦੇਣ ਨੂੰ ਤਿਆਰ ਸਨ। ਇਹ ਤੇ ਬਸ ਆਪ ਜੀ ਦੀ ਨਜ਼ਰ ਸੁੱਵਲੀ ਚਾਹੀਦੀ ਏ।" ਬਾਬਾ ਮੋਹਰੀ ਜੀ ਕਹਿਣ ਲਗੇ।

'--'ਤੇ ਸੇਵਾ ਲਈ ਸੰਗਤ ਤਿਆਰ ਏ ਨਾ?" ਬੜੀ ਦੇਰ ਦੀ ਨੀਝ-ਟਿਕਾਈ ਨੂੰ ਭੰਗ ਕਰਕੇ ਮਹਾਰਾਜ ਨੇ ਬਚਨ ਕੀਤੇ।

"ਸੰਗਤ ਤੇ ਮਹਾਰਾਜ, ਮਗਧ ਤੇ ਕਾਮਰੂਪ ਦੇਸਾਂ ਤੱਕ ਦੀ ਆਣ ਲਈ ਕਮਰ ਕੱਸੀ ਬੈਠੀ ਏ। ਮਗਧ ਵਾਲਿਆਂ ਤੇ ਅਗੋਂ ਕਲਿੰਗ ਦੇਸ ਤੱਕ ਦੀ ਸੰਗਤ ਨੂੰ ਲਿਆਣ ਦੀ ਹਾਂ ਕੀਤੀ ਹੋਈ ਏ। ਮਸੰਦ ਚੌਂਹੀ ਦਿਸ਼ਾਈ ਜਾ ਚੁੱਕੇ ਨੇ।" ਬਾਬਾ ਬੁੱਢਾ ਜੀ ਬੋਲੇ।

"ਕਾਰ-ਸੇਵਾ ਲਈ ਤਾਂ ਮਹਾਰਾਜ, ਸੇਵਕ ਤੁਹਾਡਾ ਇਸ਼ਾਰਾ ਉਡੀਕ ਰਹੇ ਨੇ।" ਸੇਵਾਦਾਰ ਭਗਤ ਬੁੱਧੂ, ਜਿਹੜਾ ਦਿਨ-ਰਾਤ ਸੇਵਾ ਵਿੱਚ ਲੀਨ ਰਹਿੰਦਾ ਸੀ, ਬੋਲ ਪਿਆ।

"ਤਾਂ ਫਿਰ ਠੀਕ ਐ। ਇਕੋ ਸਮੇਂ ਅਸੀਂ ਏਸ ਹਰਿਮੰਦਰ ਦੀ, ਤੇ ਇਕ ਨਵੇਂ ਸ਼ਹਿਰ ਦੀ, ਨਾਲੋ-ਨਾਲ ਤਾਮੀਰ ਕਰਾਂਗੇ। ਇਹ ਨਾਨਕ ਪਾਤਸ਼ਾਹ ਦੇ ਖਾਬਾਂ ਦੀ ਨਗਰੀ ਬਣੇਗਾ !"

"ਸੱਚੇ ਬਾਤਸ਼ਾਹ! ਜਦੋਂ ਮੈਂ ਗੁਰੂ ਨਾਨਕ ਨਾਲ ਘਰ-ਬਾਰ ਤੇ ਲਵੇਰਾ ਛੱਡ ਕੇ ਰਮਤਾ ਹੋ ਟੁਰਿਆ ਸਾਂ, ਉਦੋਂ ਮੈਂ ਛੇ ਸਾਤੇ ਗੁਰੂ ਜੀ ਨਾਲ ਦਿਨ-ਰਾਤ, ਅੰਗ-ਸੰਗ ਹੋਕੇ ਗੁਜ਼ਾਰੇ ਸਨ। ਉਦੋਂ ਅਸੀਂ ਏਸ ਥਾਂ ਤੋਂ ਵੀ ਲੰਘੇ

Harjeet Sandhu
REALTOR
''Serving all your Real Estate needs''
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

ਸਾਂ। ਇਹ ਢਾਬ ਉਦੋਂ ਬਸ ਛੱਪੜੀ ਹੀ ਸੀ। ਪਰ ਗੁਰਾਂ ਨੇ ਏਧਰ ਇਸ਼ਾਰਾ ਕਰਕੇ ਮੇਰੇ ਵਲ ਬੜੀ ਰਮਜ਼ ਭਰੀ ਤੱਕਣੀ ਸੁੱਟੀ ਸੀ। ਉਸ ਨਜ਼ਰ ਦਾ ਮਤਲਬ ਮੈਨੂੰ ਹੁਣ ਸਮਝ ਆ ਰਿਹਾ ਐ। ਉਦੋਂ ਤੇ ਅਸੀਂ ਇਥੋਂ ਲੰਘ ਕੇ, ਤੇ ਪਿੰਡੋਰੀ ਦੇ ਬਾਹਰੋਂ ਫੇਰ ਅੰਚਲ ਦੇ ਰਾਹ ਪੈ ਗਏ ਸਾਂ। ਕੱਥੂ ਨੰਗਲ ਸਤਗੁਰਾਂ ਮੈਥੋਂ ਵਿਦੈਗੀ ਲੈ ਲਈ ਸੀ।'' ਬਾਬਾ ਬੁੱਢਾ ਜੀ ਨੇ ਯਾਦਾਂ ਫਰੋਲੀਆਂ।

''...ਬਸ ਬਾਬਾ ਜੀ! ਹੁਣ ਇਹੀ ਰਮਜ਼ ਭਰੀ ਧਰਤੀ, ਤੇ ਇਹੀ ਢਾਬ ਅੰਮ੍ਰਿਤ ਦਾ ਸਰ ਬਣੇਗੀ। ਸਭ ਮਾਈ-ਭਾਈ ਇਥੋਂ ਅੰਮ੍ਰਿਤ ਦੀ ਦਾਤ ਲੈ ਕੇ ਜਨਮ ਸਫਲਾ ਕਰਨਗੇ।'' ਗੁਰੂ ਜੀ ਨੇ ਬਚਨ ਕੀਤੇ।

''ਤਾਂ ਠੀਕ ਐ ਜੀ ਫੇਰ! ਅਸੀਂ ਤੇ ਏਸ ਨਵੇਂ ਸ਼ਹਿਰ ਦਾ ਨਾਉਂ ਵੀ ਰੱਖ ਦਿੱਤਾ ਹੈ ਜੀ ਹੁਣੇ ਹੀ।'' ਬਾਬਾ ਮੋਹਰੀ ਜੀ ਬੋਲੇ।

''ਚੱਕ ਰਾਮਦਾਸਪੁਰ।'' ਨਾਲ ਹੀ ਟਿੱਕਾ ਪ੍ਰਿਥੀ ਚੰਦ ਬੋਲਿਆ।

''ਹਾਂ! ਠੀਕ ਐ! ਚੱਕ ਰਾਮਦਾਸ!'' ਬਾਬਾ ਬੁੱਢਾ ਜੀ ਤੇ ਬੁੱਧੂ ਜੀ ਨੇ ਦੁਹਰਾਇਆ।

ਮਹਾਰਾਜ ਮੰਦ-ਮੰਦ ਮੁਸਕਾਂਦੇ ਰਹੇ।

ਮ ਮ ਮ

ਦੂ ਤੇ ਟੀਡੇ ਹੁਰਾਂ ਦਾ ਟੱਬਰ ਵੀ ਤਕਰੀਬਨ ਚਾਰ ਸਦੀਆਂ ਦਾ

ਕੁੱਤੀ ਵਿਹੜੇ ਦਾ ਵਸਨੀਕ ਹੈ। ਰਾਧਾ ਰੰਡੀ, ਬੋਦੂ, ਟੀਡਾ ਤੇ ਧਰਮ ਸਿੰਘ ਨਿਹੰਗ, ਇਹਨਾਂ ਸਭਨਾਂ ਦੇ ਵਡੇਰੇ ਇਕੋ ਸਮੇਂ ਢਿੱਡ ਤੇ ਮੂੰਹ ਤੇ ਚਿੱਪਰਾਂ ਬੰਨ੍ਹ ਕੇ ਗੁਰੂ ਰਾਮਦਾਸ ਅਗੇ ਨਮਸਤਕ ਹੋਏ ਸਨ। ਬੋਦੂ ਤੇ ਟੀਡੇ ਹੁਰੀਂ ਸ਼ਿਵ ਭਗਤ ਸਨ ਜਾਂ ਦੇਵੀ ਧਿਓਂਦੇ ਸਨ। ਸਮਾਂ ਪਾਕੇ ਬਾਲਮੀਕੀ ਇਕੱਠ ਹੋਣ ਲਗੇ ਤੇ ਇਹ ਰਾਮ ਭਗਤ ਬਣ ਗਏ ਸਨ।

ਨਾ ਹੀ ਬੋਦੂ ਦੇ ਟੱਬਰ ਤੇ ਨਾ ਹੀ ਟੀਡੇ ਤੇ ਧਰਮੇ ਨਿਹੰਗ ਦੇ ਟੱਬਰ ਨੇ, ਮਸੀਹੀ ਬਾਣੀ ਪੜ੍ਹੀ ਸੀ। ਇਹਨਾਂ ਦੇ ਨਾਲ ਹੀ ਜਿਹੜਾ ਘਰ ਬਾਲਮੀਕੀ ਰਿਹਾ, ਉਹ 'ਸ਼ੀਸ਼ੇ ਛੁਰੀਮਾਰ' ਦਾ ਘਰ ਸੀ। ਸ਼ੀਸ਼ੇ ਨੂੰ ਮਰਿਆਂ ਤੇ ਖੋਰੇ ਸੱਤਰ ਕੁ ਸਾਲ ਹੋਣ ਲਗੇ ਨੇ, ਪਰ ਉਹਦਾ ਟੱਬਰ 'ਸ਼ੀਸ਼ੇ ਛੁਰੀਮਾਰ' ਦਾ ਕਹੌਂਦਾ ਹੈ। ਸ਼ੀਸ਼ਾ ਉਦੋਂ ਆਪ ਸਿੱਧੀਆਂ ਲੜਾਈਆਂ ਵਿੱਚ ਛੁਰੀਆਂ ਘੱਟ ਹੀ ਮਾਰਦਾ ਰਿਹਾ ਸੀ, ਪਰ ਉਹ ਪੇਸ਼ੇਵਰ ਛੁਰੀਮਾਰ ਮੰਗਤਿਆ ਨਾਲ ਲਾਹੌਰ ਤੇ ਸਿਆਲਕੋਟ ਤੱਕ ਛੁਰੀ ਨਾਲ ਖ਼ੂਨ ਕੱਢ-ਕੱਢ ਕੇ ਪੰਜਾਬਣਾਂ ਨੂੰ ਡਰਾ ਛੱਡਦਾ ਤੇ ਪੈਸੇ, ਟਕੇ ਤੇ ਕਪੜਿਆਂ ਦੀਆਂ ਪੰਡਾਂ ਚੁੱਕ ਲਿਔਂਦਾ। ਲਾਹੌਰਨਾਂ ਵਿਚਾਰੀਆਂ ਗੋਰੀਆਂ-ਚਿੱਟੀਆਂ, ਗਲੀ ਵਿੱਚ ਸਵੇਰੇ ਦਸ-ਗਿਆਰਾਂ ਵਜੇ ਮੰਜੇ ਡਾਹ ਕੇ ਬੈਠੀਆਂ ਹੁੰਦੀਆਂ, ਜਦੋਂ ਸ਼ੀਸ਼ੇ ਤੇ ਉਹਦੇ ਨਾਲ ਦੇ ਛੁਰੀਮਾਰ ਮੰਗਤਿਆ ਦਾ ਗਰੁੱਪ ਪਹੁੰਚ ਜਾਂਦਾ। ਮੂੰਹੋਂ ਕੁਛ ਮੰਗਦੇ ਨਾ, ਪਰ ਪਿੰਡੇ ਆਪਣੇ ਤੇ ਨਿੱਕੇ-ਨਿੱਕੇ ਟੱਕ ਲਾ ਕੇ ਖ਼ੂਨ ਕੱਢ ਲੈਂਦੇ। ਡਰਦੀਆਂ ਸ਼ਹਿਰਨਾਂ 'ਨਾ ਵੀਰ ਵੇ' ਕਹਿੰਦੀਆਂ ਆਟਾ-ਦਾਲ, ਪੈਸੇ ਤੋ ਹੋਰ ਨਿੱਕ-ਸੁੱਕ ਦੇ ਦੇਂਦੀਆਂ ਸਨ।

ਬੋਦੂ ਹੁਰੀਂ ਦੋ ਭਰਾ ਸਨ। ਸੰਤਾਲੀ ਦੀ ਵੰਡ ਵੇਲੇ ਹੀ ਦੋਹੇਂ ਭਰ ਜੁਆਨ ਸਨ। ਬੋਦੂ ਕੋਲ ਜਨਮ ਤੋਂ ਹੀ ਬੜੀ ਬੋਅ ਆਉਂਦੀ ਸੀ। ਅਜੇ ਕਿ ਉਹਨੇ ਕਦੀ ਗੰਦਾ ਨਹੀਂ ਸੀ ਚੁੱਕਿਆ, ਪਰ ਇਹਦੇ ਬਾਵਜੂਦ ਕਹਿੰਦੀਆਂ-ਕੁਹਾਂਦੀਆਂ ਤੇ ਬੋਅ ਸਹਿੰਦੀਆਂ ਚੂਹੜੀਆਂ ਵੀ ਬੋਦੂ ਦੇ ਮੂੰਹ ਤੇ ਪਿੰਡੇ ਵਿਚੋਂ ਆਉਂਦੀ ਭੜਾਸ ਸਦਕਾ 'ਬਹੁਤੀ-ਬਹੁਤੀ' ਕਰ ਜਾਂਦੀਆਂ ਸਨ। ਬੋਦੂ ਤੋਂ ਛੋਟਾ 'ਦੀਸ਼ਾ' ਜਿਲਦਸਾਜ਼ ਸੀ, ਜਿਹੜਾ ਕਿ ਦੇਖਣ-ਪਾਖਣ ਵਿਚ ਸੋਹਣਾ ਤੇ ਬੋਅ-ਰਹਿਤ ਸੀ। ਉਹਨੂੰ ਛੋਟੀ ਉਮਰ ਵਿੱਚ ਹੀ ਦੋ ਰੁਪਏ ਮਹੀਨੇ ਤੇ ਉਹਦੇ ਪਿਉ ਨੇ ਮੁਸਲਮਾਨ ਬੁੱਕ-ਬਾਈਡਰਾਂ ਕੋਲ ਬਜ਼ਾਰ ਮਾਈ ਸੇਵਾਂ ਵਿੱਚ ਗਿਰਵੀ ਰੱਖ ਦਿੱਤਾ ਸੀ। ਸਾਲ ਦੇ ਇਕੱਠੇ ਪੰਝੀ ਰੁਪਏ ਐਸੇ ਲਏ ਕਿ ਉਹਨੇ ਸਾਰੀ ਉਮਰ ਜਿਲਦਸਾਜ਼ੀ ਕੀਤੀ। ਦੀਸ਼ਾ ਵੀ ਆਪਣੇ ਭਰਾ ਬੋਦੂ ਵਾਂਗ ਵਹਿਸ਼ੀ ਬੜਾ ਸੀ। ਉਹ ਤੇ ਬੋਦੂ, ਦੋਹੇਂ ਸੁਲਫ਼ਾ ਪੀਣ, ਦੇਸੀ ਸ਼ਰਾਬ ਪੀਣ ਤੇ ਨਿੱਕੇ ਮੁੰਡਿਆ ਨਾਲ ਕੁਕਰਮ ਕਰਨ ਦੇ ਠਰਕੀ ਸਨ। ਬੋਦੂ ਜਮਾਂਦਰੂ ਵਹਿਸ਼ੀ ਸੀ। ਉਹਦਾ ਵਿਆਹ ਬੜੀ ਮੁਸ਼ਕਲ ਉਹਦੇ ਪਿਉ ਨੇ ਨਕਦ ਛਿਲੜ ਖਰਚ ਕੇ ਕੀਤਾ, ਪਰ ਵਹੁਟੀ ਨੇ ਸਿਰਫ਼ ਦੋ ਰਾਤਾਂ ਉਸ ਨਾਲ ਕੱਟੀਆਂ। ਤੀਸਰੇ ਦਿਨ ਉਸ ਸਪਸ਼ਟ ਕਹਿ ਦਿੱਤਾ ਸੀ ਕਿ ਬੋਦੂ ਨਾਲ ਨਹੀਂ ਰਹਿਣਾ। ਸੋ ਬਰਾਦਰੀ ਨੇ ਫੈਸਲਾ ਕੀਤਾ ਕਿ ਉਹਨੂੰ ਦੀਸ਼ੇ ਦੇ ਬਿਠਾ ਦਿਉ। ਦੀਸ਼ਾ ਤੇ ਪਹਿਲਾਂ ਤਿਆਰ ਸੀ। ਸੋ ਬੋਦੂ ਦਾ ਪੱਤਾ ਕੱਟਿਆ ਗਿਆ।

ਬੋਦੂ ਦੇ ਸੁਭਾ ਮੁਤਾਬਕ ਹੀ ਪ੍ਰਭੂ ਨੇ ਬੋਦੂ ਨੂੰ ਰੋਜ਼ੀ ਦਿੱਤੀ। ਬੋਦੂ ਨੂੰ ਅੰਗਰੇਜ਼ਾਂ ਨੇ ਹਸਪਤਾਲ ਵਿਚ ਮੁਰਦਿਆਂ ਦੀ ਸੰਭਾਲ ਵਾਲੇ ਕਮਰੇ ਦਾ ਜਮਾਂਦਾਰ ਲਾ ਦਿੱਤਾ। ਉਥੇ ਕੋਈ ਮਾਈ ਦਾ ਲਾਲ ਨਹੀਂ ਸੀ ਕੱਟ ਸਕਦਾ। ਅੰਗਰੇਜ਼ਾਂ ਦਾ ਲਾਇਆ ਬੋਦੂ ਨਵੀਂ ਸਦੀ ਚੜ੍ਹਨ ਤੱਕ ਸਿਵਲ ਅੰਮ੍ਰਿਤਸਰ ਨੇ ਰਿਟੈਰ ਨਹੀਂ ਹੋਣ ਦਿੱਤਾ ਸੀ। ਰਿਟੈਰਮੈਂਟ ਮਗਰੋਂ ਵੀ ਦਿਹਾੜੀ ਤੇ ਰੱਖ ਲਿਆ ਸੀ। ਅੱਸੀ ਟੱਪਿਆ ਹੋਇਆ ਬੋਦੂ ਅਜੇ ਵੀ ਪੋਸਟਮਾਰਟਮ ਵਾਲੇ ਕਮਰੇ ਵਿੱਚੋਂ ਲਾਸ਼ਾਂ ਦੇ ਟੁਕੜੇ ਮੋਰਚਰੀ ਵਿੱਚ ਲੈ ਜਾਂਦਾ। ਜੇ ਲਾਸ਼ ਦਾ ਵਾਲੀ ਵਾਰਸ ਆ ਜਾਂਦਾ, ਲਾਸ਼ਾਂ ਨੂੰ ਪੈਰ ਜਾਂ ਹੱਥ ਤੋਂ ਰੱਸੀ ਪਾਈ ਖਿੱਚ ਕੇ ਬਾਹਰ ਚਾਨਣ ਵਿੱਚ ਲਿਆਂਦਾ। ਜੇ ਲਾਸ਼ ਸਬੰਧਤ ਲੋਕਾਂ ਦੀ ਹੁੰਦੀ ਤਾਂ ਦਸ-ਵੀਹ ਰੁਪਏ ਲੈਕੇ ਸੌਂਪਦਾ। ਨਹੀਂ ਫੇਰ ਰੱਸੀ ਨਾਲ ਖਿੱਚ ਕੇ ਅੰਦਰ ਸੁੱਟ ਦੇਂਦਾ। ਲਾਵਰਸ ਲਾਸ਼ਾਂ ਹਫ਼ਤਾ-ਹਫ਼ਤਾ ਰੁਲਦੀਆਂ। ਬੋਦੂ ਹਰ ਤਿੰਨ੍ਹ-ਚਾਰ ਘੰਟੇ ਬਾਅਦ ਅੰਨਗੜ੍ਹ ਤੋਂ ਲਿਆਂਦੀ ਸ਼ਰਾਬ ਦੀ ਬਲੈਡਰ ਵਿਚੋਂ ਪਊਆ ਅੰਦਰ ਮਾਰ ਲੈਂਦਾ। ਹੁਣ ਤੇ ਸੁਖ ਨਾਲ ਉਹਦੇ ਦੋ ਸਰਕਾਰੀ ਅਸਿਸਟੈਂਟ ਵੀ ਸਨ। ਪਰ ਉਹਨਾਂ ਦੀ ਵੀ ਬੋਅ ਨਾਲ ਬਸ ਹੋ ਜਾਂਦੀ ਸੀ। ਉਹ ਬੋਦੂ ਨੂੰ ਹੀ ਹਫ਼ਤੇ ਦਾ ਸੌ-ਪੰਜਾਹ ਦੇ ਕੇ ਬਠਾਈ ਰੱਖਦੇ ਸਨ।

ਦੀਸ਼ੇ ਬੁੱਕ ਬਾਈਂਡਰ ਦੀ ਨੱਬੇ ਦਾ ਸੰਨ ਟੱਪਦਿਆਂ ਹੀ ਮੌਤ ਹੋ ਗਈ ਸੀ। ਉਦੋਂ ਕੁ ਹੀ, ਜਦੋਂ ਕਿਤੇ ਬਿਅੰਤ ਸਿੰਘ ਦੀ ਸਰਕਾਰ ਬਣੀ ਸੀ। ਦੀਸ਼ਾ ਮੁਫ਼ਤ ਦੀ ਰੋਜ਼ ਮਿਲਦੀ ਦੇ ਲਾਲਚ ਵਿੱਚ ਬਹੁਤੀ ਪੀਂਦਾ ਰਿਹਾ ਤੇ ਕਾਂਗਰਸ-ਕਲਚਰ ਲਈ ਸ਼ਹੀਦ ਹੋ ਗਿਆ। ਛੋਟੇ ਭਰਾ ਦੇ ਮਰੇ ਤੇ ਬੋਦੂ ਆਪ ਵੀ ਅੱਧਾ ਮਰ ਗਿਆ ਸੀ। ਉਹ ਹੁਣ ਸਿਵਲ ਹਸਪਤਾਲ ਅੰਦਰ ਹੀ ਦਿਨ ਕੱਟਦਾ ਸੀ।

ਦਰਅਸਲ ਬੋਦੂ ਤੇ ਦੀਸ਼ੇ ਦਾ ਪ੍ਰਸੰਗ ਏਸ ਲਈ ਚੱਲਿਆ ਸੀ, ਕਿ ਦੀਸ਼ੇ ਦੀਆਂ ਦੋਹਤੀਆਂ ਨੇ ਅੰਬਰਸਰ ਸ਼ਹਿਰ ਵਿੱਚ ਡਾਂਸਰਾਂ ਬਣ ਕੇ ਵਖਤ ਪਾ ਦਿੱਤਾ ਸੀ। ਉਹ ਵਿਆਹਾਂ ਤੇ ਵੱਜਦੇ ਆਰਕੈਸਟਰਾ ਤੇ ਏਨਾ ਤਿੱਖਾ ਡਾਂਸ ਕਰਦੀਆਂ ਕਿ ਬਸ ਸ਼ਰਾਬੀ ਬਰਾਤੀ ਨੋਟ ਵਾਰੀ ਜਾਂਦੇ। ਵੱਡੀ ਗੋਰੀ ਤੇ ਏਨਾ ਤੇਜ਼ੀ ਨਾਲ ਛਾਤੀਆਂ ਭੜਕਾਂਦੀ ਕਿ ਵੱਜਦੇ ਸਾਜ਼ਾਂ ਦੀ ਤਾਲ 'ਤੇ ਉਹਦੀਆਂ ਛਾਤੀਆਂ ਭੜਕਦੀਆਂ ਜਾਪਦੀਆਂ। ਛੋਟੀ ਵੀਰਾਂ ਨੇ ਥੋੜ੍ਹੀ ਦੇਰ ਡਾਂਸ ਕੀਤਾ ਤੇ ਫੇਰ ਪੰਡਤਾਂ ਦਾ ਇਕ ਲੋਕਲ ਅੰਬਰਸਰੀ ਗਾਇਕ ਉਠਿਆ ਸੀ 'ਪਾਲਾ ਪਟਾਕਾ', ਉਹਦੇ ਨਾਲ ਗੌਣ ਤੇ ਜਾਣ ਲਗ ਪਈ। ਥੋੜ੍ਹੀ ਦੇਰ ਬਾਅਦ ਹੀ ਉਹ ਪਾਲੇ ਤੋਂ ਗਰਭਵਤੀ ਹੋ ਗਈ। ਪਾਲੇ ਦਾ ਟੱਬਰ ਪੰਡਤਾਂ ਦਾ, ਉਹ ਵੀਰਾਂ ਨੂੰ ਲਾਗੇ ਨਾ ਲਗਣ ਦੇਣ। ਵੀਰਾਂ ਨੇ ਥਾਣੇਦਾਰ ਭਗਤ ਰਾਮ ਕੋਲ ਗੱਲ ਕੀਤੀ, ਜਿਹੜਾ ਆਪ ਬਾਲਮੀਕੀ ਸੀ। ਉਹਨੇ ਪਾਲਾ ਚਾਹ ਲਿਆ। ਪਾਲੇ ਨੇ ਛਿੱਤਰਾਂ ਤੋਂ ਡਰਦਿਆਂ ਵੀਰਾਂ ਵਿਆਹ ਲਈ ਸੀ। ਪਾਲੇ ਦੇ ਟੱਬਰ ਨੇ ਏਨੀ ਨਮੋਸ਼ੀ ਮੰਨੀ ਕਿ ਉਹ ਰਤਨ ਨਗਰ ਵਾਲਾ ਆਪਣਾ ਘਰ ਪਾਲੇ ਤੇ ਵੀਰਾਂ ਨੂੰ ਦੇ ਕੇ ਆਪ ਫਤਹਿਗੜ੍ਹ ਚੂੜੀਆਂ ਜਾ ਕੇ ਵੱਸ ਗਏ ਸਨ। ਮੁੜ ਉਹ ਕਦੀ ਪਾਲੇ ਵਲ ਨਹੀਂ ਸਨ ਗਏ।

ਗੋਰੀ ਤੇ ਵੀਰਾਂ ਤੋਂ ਵੱਡੀ ਵੀ ਇਕ ਸੀ, ਜਿਹੜੀ ਐਸ ਵੇਲੇ ਤੀਹਾਂ-ਪੈਂਤੀਆਂ ਦੀ ਸੀ। ਉਹ ਬਾਲਮੀਕੀ ਆਸ਼ਰਮ 'ਰਾਮਤੀਰਥ' ਲੰਗਰ ਦੀ ਸੇਵਾ ਕਰਦੀ ਸੀ। ਦੱਸਣ ਵਾਲੇ ਦੱਸਦੇ ਨੇ ਪਈ ਉਹਦੇ ਨਾਲ ਬਚਪਨ ਵਿੱਚ ਹੀ, ਜਦੋਂ ਅਜੇ ਉਹ ਅੱਠਾਂ-ਦਸਾਂ ਸਾਲਾਂ ਦੀ ਸੀ, ਇਕੱਲੀ ਵੇਖ ਕੇ ਦੀਸ਼ਾ ਤੇ ਬੋਦੂ ਮੂੰਹ ਕਾਲਾ ਕਰ ਲੈਂਦੇ ਸਨ। ਕਿਸੇ ਨੇ ਜਦੋਂ ਦੋਹਤੀ ਨਾਲ ਦੋਹਾਂ ਨੂੰ ਮੂੰਹ ਕਾਲਾ ਕਰਦਿਆਂ ਸਿਰ ਤੋਂ ਫੜ ਲਿਆ ਤਾਂ ਉਹਨਾਂ ਨੂੰ ਵਿਹੜੇ ਵਿਚ ਲਿਆ ਕੇ ਛਤਰੌਲ ਕੀਤੀ। ਵਿਹੜੇ ਦੇ ਮਰਦਾਂ ਨੰਗਾ ਕਰਕੇ ਪਹਿਲਾਂ ਉਹਨਾਂ ਦੇ ਚਿੱਤੜ ਕੁੱਟੇ, ਫੇਰ ਢੂਹੀ ਤੇ ਵਾਰੀ ਵਾਰੀ ਸਭਨਾਂ ਨੇ ਥੁੱਕਿਆ। ਫੇਰ ਸਦਾ ਲਈ ਵਿਹੜੇ ਵਿਚੋਂ ਕੱਢ ਦਿੱਤਾ ਸੀ। ਪਰ ਉਹ ਨਿੱਕੀ ਬੱਚੀ ਕਦੀ ਨਾਰਮਲ ਨਹੀਂ ਸੀ ਹੋਈ। ਉਹਦਾ ਸਿੱਧਰਾਪਨ ਵੇਖ ਕੇ ਅੰਤ ਉਹਦੀ ਮਾਂ ਨੇ ਉਹਨੂੰ ਡੇਰੇ ਚਾੜ੍ਹ ਛੱਡਿਆ ਸੀ।

ਬੋਦੂ ਤੇ ਦੀਸ਼ਾ ਮੁੜ ਕਈ ਸਾਲ ਵਿਹੜੇ ਨਹੀਂ ਸਨ ਵੜੇ। ਇਕ ਵਾਰ ਸ਼ਰਾਬੀ ਹੋ ਕੇ ਦੋਹਾਂ ਆਕੇ ਲਲਕਾਰੇ ਮਾਰਨ ਦਾ ਹੌਂਸਲਾ ਕੱਢਿਆ ਸੀ, ਪਰ ਉਦੋਂ ਹੀ ''ਡੂਨੇ-ਪਾਪੜੀ'' ਤੇ ''ਸ਼ੀਸ਼ੇ ਛੁਰੀਮਾਰ'' ਦੇ ਮੁੰਡਿਆਂ ਨੇ ਦੋਹਾਂ ਦੇ ਪੱਟਾਂ ਵਿੱਚ ਚਾਕੂ ਦੇ ਤਰੇਛਵੇਂ ਵਾਰ ਕਰਕੇ ਐਸੇ ਚੀਰੇ ਪਾਏ ਕਿ ਕਈ ਮਹੀਨੇ ਉਹ ਦੋਵੇਂ ਜਰਾਹ ਕੋਲੋਂ ਮਲ੍ਹਮਾਂ ਲੁਆਂਦੇ ਰਹੇ ਸਨ।

ਮੁੜ ਉਹ ਕਦੀ ਵਿਹੜੇ ਦੇ ਅੰਦਰ ਨਹੀਂ ਸਨ ਵੜੇ। ਬਸ ਸਾਹਮਣੇ ਕਸਾਈ ਵਿਹੜੇ ਦੇ ਸਕੂਲ ਦੀ ਕੰਧ ਨਾਲ ਬਣੀ ਥੜ੍ਹੀ ਤੇ ਕਦੀ-ਕਦੀ ਘੰਟਾ, ਅੱਧਾ ਘੰਟਾ ਬਹਿ ਕੇ, ਚੁੱਪ ਚਾਪ ਉੱਠ ਕੇ ਟੁਰ ਜਾਂਦੇ ਸਨ।

ਉਂਜ ਉਥੇ ਉਹਨਾਂ ਬਿਨ੍ਹਾਂ ਕੋਈ ਉਦਰਿਆ ਵੀ ਨਹੀਂ ਬੈਠਾ ਸੀ। ਲੋਕ ਹੁਣ ਬਸ ਦੋਹਾਂ ਨੂੰ ਏਨਾ ਕੁ ਹੀ ਜਾਣਦੇ ਸਨ ਕਿ ਇਹ ਉਹੀ ਬੋਦੂ ਤੇ ਦੀਸ਼ਾ ਨੇ, ਜਿਨ੍ਹਾਂ ਦੀਆਂ ਦੋਹਤੀਆਂ ਡਾਂਸਰਾਂ ਬਣ ਕੇ ਹਜ਼ਾਰਾਂ ਲੱਖਾਂ ਕਮਾਣੇ ਨੇ, ਤੇ ਹੁਣ ਦੋਵੇਂ ਵਿਹੜੇ ਵਿੱਚ ਨਹੀਂ ਰਹਿੰਦੀਆਂ।

ਬੋਦੂ ਤੇ ਦੀਸ਼ੇ ਦੀ ਬਸ ਇਕੋ ਵਾਰ ਦੁਬਾਰਾ ਚੜ੍ਹਾਈ ਹੋਈ ਸੀ। ਉਦੋਂ ਜਦੋਂ ਅਪਰੇਸ਼ਨ ਬਲੂ-ਸਟਾਰ ਤੋਂ ਮਗਰੋਂ ਦੋਹਾਂ ਨੂੰ ਹਰਮੰਦਰ ਸਾਹਿਬ ਵਿਚੋਂ ਲਾਸ਼ਾਂ ਚੁੱਕਣ ਤੇ ਡੀਜ਼ਲ ਪਾ-ਪਾ ਕੇ ਫੂਕਣ ਦਾ ਠੇਕਾ ਮਿਲਿਆ ਸੀ।

ਅੱਜ ਵੀ ਦੋਹੇਂ ਉਹਨਾਂ ਦਿਨਾਂ ਨੂੰ ਯਾਦ ਕਰਕੇ ਕਹਿ ਛੱਡਦੇ ਨੇ -

''ਉਹ ਵੀ ਕਿਆ ਦਿਨ ਸਨ ।

- - - -

ਜਿਸ ਵੇਲੇ ਸੰਗਤਾਂ ਉੱਸਰ ਰਹੇ ਹਰਮੰਦਰ ਵਲ ਨੂੰ ਨਤਮਸਤਕ ਹੋਣ ਨੂੰ ਜਾਂਦੀਆਂ, ਉਹਨਾਂ ਨੂੰ ਨਿੱਕੀ-ਨਿੱਕੀ ਇੱਟ ਨਾਲ ਉੱਸਰ ਰਿਹਾ ਛੋਟਾ ਜਿਹਾ ਸ਼ਹਿਰ ਵਿਖਾਈ ਦੇਣ ਲਗ ਪੈਂਦਾ ਸੀ। ਚਾਟੀਵਿੰਡ ਤੋਂ ਅੰਦਰ ਆਂਦਿਆਂ ਬਸਤੀ ਰਾਮ ਦੀ ਢਾਬ 'ਤੇ ਵੱਡੇ-ਵੱਡੇ ਸਿੰਗਾਂ ਵਾਲੇ ਬਲਦ ਲੈਕੇ ਬੈਠੇ ਵਪਾਰੀ ਦਿੱਸਦੇ। 'ਲੂਣ ਮੰਡੀ' ਤੇ 'ਦਾਲ ਮੰਡੀ' ਲਈ ਦਿੱਤੀ ਥਾਂ ਵਿਚ ਪਸ਼ੌਰੀਏ ਤੇ ਹੜਪਾ ਦੇ ਵਪਾਰੀ ਆਪਣੀਆਂ ਛੱਪਰੀਆਂ ਪਾਈ ਬੈਠੇ ਦਿੱਸਦੇ ਸਨ। ਮੱਥੇ ਵਾਲੀ ਬਾਹੀ ਵਿਚ ਕੱਟੂ-ਬਾਲੀਆਂ ਤੇ ਬਰਨਾਲੇ ਦੇ ਚਮਾਰ ਆਕੇ ਚਮੜਾ ਕੱਟਣ ਬਹਿ ਗਏ ਸਨ। ਸਭ ਤੋਂ ਵਧ ਰੌਣਕਾਂ ਸੁਨਿਆਰ ਬਜ਼ਾਰ ਤੇ ਕੱਛ-ਗੁਜਰਾਤ ਵਲੋਂ ਆਏ ਮਾਰਵਾੜੀਆਂ ਦੇ ਬਜ਼ਾਰਾਂ ਵਿਚ ਸਨ। ਮਾਰਵਾੜੀ ਆਪਣੇ ਟੱਬਰਾਂ ਸਮੇਤ ਆ ਗਏ ਸਨ। ਉਹਨਾਂ ਦੀਆਂ ਬੀਵੀਆਂ, ਬੱਚੇ ਉੱਸਰ ਰਹੇ ਸ਼ਹਿਰ ਵਿਚ ਥਾਂ-ਥਾਂ ਫਿਰਦੇ ਦਿੱਸਦੇ ਸਨ। ਤੀਵੀਆਂ ਦੇ ਘੱਗਰੇ ਤੇ ਬੱਚਿਆਂ ਦੇ ਪਾਈਆਂ ਉੱਚੀਆਂ ਬੰਡੀਆਂ ਰਾਮਦਾਸਪੁਰ ਤੇ ਮਾਝੇ ਦੇ ਹੋਰ ਪੇਂਡੂ ਭਾਊਆਂ ਲਈ ਅਜਬ ਝਾਕੀ ਪੇਸ਼ ਕਰਦੀਆਂ ਸਨ। ਮਾਰਵਾੜੀ ਔਰਤਾਂ, ਮਰਦ ਤੇ ਬੱਚੇ ਜਿਸ ਨਿਸੰਗਤਾ ਨਾਲ ਵਿਚਰਦੇ ਸਨ, ਉਹ ਤੇ ਮਾਝੇ ਦੇ ਮੋਟੀ ਬੁੱਧ ਦੇ ਭਾਊਆਂ ਲਈ ਅਸਰਦਾਰ ਸ਼ੈਅ ਸੀ। ਸਾਤੇ ਤੋਂ ਵੱਧ ਗਿਣਤੀ ਨਾ ਜਾਣਨ ਵਾਲੇ ਭਾਊਆਂ ਲਈ ਹਜ਼ਾਰਾਂ ਦੀ ਗਿਣਤੀ ਮੂੰਹ ਜ਼ਬਾਨੀ ਕਰਕੇ ਕਾਗਤਾਂ ਤੇ ਲਿਖਦੇ ਮਾਰਵਾੜੀ ਹਊਆ ਸਨ!

ਸੰਗਤ ਸਵੇਰੇ ਵਧੇਰੇ ਕਰਕੇ 'ਆਸਾ ਦੀ ਵਾਰ' ਦੇ ਗਾਇਨ ਵੇਲੇ ਇਕੱਠੀ ਹੁੰਦੀ ਸੀ। ਸਵੇਰੇ ਅੰਮ੍ਰਿਤ ਵੇਲੇ ਆਉਣ ਵਾਲੀ ਸੰਗਤ ਨੇ ਅਕਸਰ ਬਾਬਾ ਬੁੱਢਾ ਜੀ ਕੋਲ ਫਰਿਆਦ ਕੀਤੀ ਸੀ ਕਿ ਗਿਲਵਾਲੀ ਤੋਂ ਟੁਰ ਕੇ, ਚਾਟੀਵਿੰਡ ਦੇ ਨਾਲ-ਨਾਲ ਆਉਂਦੀ ਝੜੀ ਕੋਲੋਂ ਲੰਘਿਆਂ ਸੱਪ ਬਹੁਤ ਪੈਂਦੇ ਸਨ। ਜਾਂ ਫੇਰ ਗਿੱਦੜ ਤੇ ਜੰਗਲੀ ਕੁੱਤੇ ਦੰਦ ਨੰਗੇ ਕਰਕੇ ਸੰਗਤ ਤੇ ਝਈਆਂ ਲੈ-ਲੈ ਪੈਂਦੇ ਸਨ। ਇਹਦਾ ਪਿਛਲੇ ਕਾਫੀ ਚਿਰ ਤੋਂ ਬਾਬੇ ਹੁਰੀਂ ਹੱਲ ਕੱਢਣਾ ਚਾਹੁੰਦੇ ਸਨ, ਪਰ ਕੁਛ ਸੁੱਝ ਨਹੀਂ ਸੀ ਰਿਹਾ। ਉਧਰ ਕਾਰ-ਸੇਵਾ ਵੀ ਜ਼ੋਰਾਂ ਤੇ ਸੀ। ਸਰੋਵਰ ਵਿਚ ਜਲ ਦਾ ਸਤਰ ਬਣਿਆ ਰਹੇ, ਇਸ ਲਈ ਆਸ ਪਾਸ ਖੂਹ ਖੋਦੇ ਜਾ ਰਹੇ ਸਨ। ਗੁਰੂ ਕੇ ਮਹਿਲਾਂ ਵਾਲੇ ਖੂਹ ਤੋਂ ਜਲ ਨੂੰ ਸਿੱਧਾ ਸਰੋਵਰ ਵਲ ਲਿਔਣ ਲਈ 'ਹੰਸਲੀਆਂ' ਉਸਾਰੀਆਂ ਜਾ ਰਹੀਆਂ ਸਨ। ਕਾਰ-ਸੇਵਾ ਲਈ ਤੇ ਜਿੰਨੇ ਸਿਰ ਆਉਣ, ਉਨੇ ਥੋੜ੍ਹੇ ਸਨ।

- - - -

ਪਿਛਲੇ ਕੁਝ ਦਿਨਾਂ ਤੋਂ ਸੰਗਤ ਸੋਖ ਮਹਿਸੂਸ ਕਰ ਰਹੀ ਸੀ। ਰਾਹ ਵਿਚ ਨਾ ਹੁਣ ਸੱਪ ਪੈ ਰਹੇ ਸਨ, ਨਾ ਹੀ ਕਦੀ ਗਿੱਦੜ ਜਾਂ ਜੰਗਲੀ ਕੁੱਤੇ ਦਿੱਸੇ ਸਨ।

ਇਹ ਬਾਬਾ ਬੁੱਢਾ ਜੀ ਦੀ ਕਰਾਮਾਤ ਸੀ, ਜਿਨ੍ਹਾਂ ਨੇ ਗੁਰੂ ਰਾਮਦਾਸ ਪਾਤਸ਼ਾਹ ਵਲੋਂ ਕੁੱਤੀ ਵਿਹੜੇ ਵਿਚ ਵੱਸਾਏ ਚੂਹੜਿਆਂ ਨੂੰ ਇਹ ਇਲਾਕਾ ਸੱਪਾਂ, ਗਿੱਦੜਾਂ ਤੇ ਕੁੱਤਿਆਂ ਤੋਂ ਮੁਕਤ ਕਰਨ ਲਈ ਕਿਹਾ ਸੀ। ਬਾਬਾ ਜੀ ਦਾ ਹੁਕਮ ਪਾਕੇ ਸਾਰੇ ਸਰੀਰ ਹੀ ਏਸ ਕੰਮ ਲਗ ਪਏ। ਦਿਨਾਂ ਵਿਚ ਹੀ ਉਥੇ ਚੂਹੇ ਤੱਕ ਲੱਭਣੋਂ ਹਟ ਗਏ ਸਨ।

- - - -

ਪਹਿਲਾਂ-ਪਹਿਲ ਤੇ ਸੰਗਤ ਜਦੋਂ ਉੱਤਰ ਵਲੋਂ ਬਣੇ ਪਹੇ ਤੋਂ ਲੰਘ ਕੇ ਹਰਮੰਦਰ ਨੂੰ ਜਾਂਦੀ ਤਾਂ ਓਥੇ ਚੂਹੜਿਆਂ ਵਲੋਂ ਪਾਏ ਗੰਦੇ ਜਿਹੇ ਛੱਪਰਾਂ ਤੋਂ ਤ੍ਰਹਿੰਦੀਆਂ ਸਨ, ਪਰ ਜਦੋਂ ਸੰਗਤ ਵੇਖਦੀ ਕਿ ਉਹਨਾਂ ਨੂੰ ਵੇਖਦਿਆਂ ਹੀ ਚੂਹੜੇ ਮਰਦ-ਔਰਤਾਂ ਹੱਥ ਜੋੜ ਜੋਰ-ਜੋਰ ਦੀ 'ਨਾਨਕ-ਨਾਨਕ' ਜਾ 'ਬਾਬਾ ਰਾਮਦਾਸ' ਕਹੀ ਜਾਂਦੇ, ਤਾਂ ਉਹਨਾਂ ਦਾ ਡਰ ਤੇ ਹੌਲੀ-ਹੌਲੀ ਚੁੱਕਿਆ ਹੀ ਗਿਆ, ਸਗੋਂ ਇਹ ਪਤਾ ਲਗਣ ਤੇ, ਕਿ ਰਾਹ ਭੁੱਲੇ ਜਾਂ ਫੇਰ ਔਝੜੀਂ ਪਏ ਸ਼ਰਧਾਲੂ ਨੂੰ ਚੂਹੜੇ ਹਰਮੰਦਰ ਦੀ ਬਾਹੀ ਤੱਕ ਸਹੀ-ਸਲਾਮਤ ਛੱਡ ਕੇ ਜਾਂਦੇ ਹਨ, ਰਾਹੀਆਂ ਨੇ ਇਸੇ ਰਾਹ ਤੋਂ ਲੰਘਣਾ ਸ਼ੁਰੂ ਕਰ ਦਿੱਤਾ ਸੀ।

ਚੂਹੜਿਆਂ ਦੀ ਬਸ ਇਕੋ ਵੱਡੀ ਮੁਸ਼ਕਲ ਸੀ। ਉਹ ਰੋਟੀ ਕਮਾਣ ਦੀ ਸੀ। ਮਰਦ ਤੇ ਸਵੇਰੇ ਨਵੇਂ ਉਸੱਰ ਰਹੇ ਬਜ਼ਾਰਾਂ ਵਿਚ ਨਿਕਲ ਜਾਂਦੇ ਤੇ ਮਾਰਵਾੜੀਆਂ ਨਾਲ ਹੱਥ ਵੱਟਾ ਦੇਂਦੇ ਸਨ। ਮਾਰਵਾੜੀ ਸੁੱਚਮ ਤੇ ਰੱਖਦੇ, ਪਰ ਭਿੱਟ ਵੀ ਬਹੁਤੀ ਨਹੀਂ ਸਨ ਵਖਾਂਦੇ। ਲੂਣ ਦੇ ਮੁਸਲਮਾਨ ਵਪਾਰੀ ਤੇ ਭਿੱਟ ਬਿਲਕੁਲ ਨਹੀਂ ਸਨ ਵਖਾਂਦੇ। ਉਹਨਾਂ ਦਾ ਕੰਮ ਕਰਕੇ ਚੂਹੜਿਆਂ ਨੂੰ ਮਾਰਵਾੜੀਆਂ ਜਾਂ ਮੁਸਲਮਾਨ ਵਪਾਰੀਆਂ ਕੋਲੋਂ ਕਈ ਵਾਰ ਕੌਡਾਂ ਮਿਲ ਜਾਂਦੀਆਂ, ਜਾਂ ਤਾਂਬੇ ਦਾ ਨਿੱਕਾ ਪੈਸਾ ਮਿਲ ਜਾਂਦਾ ਸੀ। ਕੌਡਾਂ ਬਦਲੇ ਉਹ ਕਦੀ ਦਾਲ, ਆਟਾ ਜਾਂ ਫੇਰ ਸ਼ਹਿਰ ਸਬਜ਼ੀ ਵੇਚਣ ਆਏ ਅਰਾਈਆਂ ਕੋਲੋਂ ਸਬਜ਼ੀ ਲੈ ਲੈਂਦੇ। ਜਦ ਕਦੀ ਕਿਤੇ ਵੀ ਕੰਮ ਨਾ ਮਿਲਦਾ, ਉਹ ਕੱਟੂ ਬਾਲੀਆਂ, ਬਰਨਾਲੇ ਦੇ ਚਮਾਰਾਂ ਨਾਲ ਚਮੜਾ ਸਾਫ ਕਰਨ ਵਿਚ ਹੱਥ ਵੱਟਾ ਦੇਂਦੇ ਸਨ। ਉਹਨਾਂ ਦੀ ਜੁੱਤੀ ਦੀ ਮੰਗ ਬੜੀ ਸੀ। ਏਸ ਲਈ ਉਹਨਾਂ ਨੂੰ ਲਾਹੇ ਹੋਏ ਚਮੜੇ ਨੂੰ ਧੋਕੇ ਸਾਫ ਕਰਨ ਲਈ ਸਹਾਇਕਾਂ ਦੀ ਹਮੇਸ਼ਾਂ ਲੋੜ ਰਹਿੰਦੀ ਸੀ। ਏਨਾ ਬਦਬੋ ਵਾਲਾ ਕੰਮ ਕਰਨ ਤੋਂ ਤ੍ਰਹਿੰਦੇ ਚਮਾਰ ਜਦੋਂ ਵੀ ਉਹਨਾਂ ਨੂੰ ਕੁੱਤੀ ਵਿਹੜੇ ਦਾ ਚੂਹੜਾ ਮਿਲੇ, ਕੰਮ ਦੇ ਦੇਂਦੇ ਸਨ। ਪਰ ਉਹ ਚੂਹੜਿਆਂ ਤੋਂ ਭਿੱਟ ਬੜੀ ਮੰਨਦੇ ਸਨ। ਨਾਲੇ ਕੰਮ ਲਈ ਜਾਂਦੇ, ਨਾਲ ਦੁਰ-ਦੁਰ ਕਰੀ ਜਾਂਦੇ। ਸ਼ਾਮ ਨੂੰ ਪਰ ਬੜੀ ਦਰਿਆ ਦਿਲੀ ਨਾਲ ਚੂਹੜੇ ਦੀ ਫੈਲਾ ਕੇ ਵਿਛਾਈ ਚਾਦਰ ਤੇ ਇਕ ਜਾਂ ਦੋ 'ਪੜੌਪੀਆਂ' ਕਣਕ ਦੇ ਦਾਣੇ ਪਾ ਦੇਂਦੇ ਸਨ।

... ਚੂਹੜਿਆਂ ਲਈ ਕਣਕ ਬੜੀ ਨਿਆਮਤ ਸੀ।

ਉਂਜ ਤੇ ਗੁਰੂ ਰਾਮਦਾਸ ਵਲੋਂ ਦਿਨ-ਰਾਤ ਲਾਏ ਲੰਗਰ ਵਿਚ ਉਹਨਾਂ ਲਈ ਥਾਂ ਸੀ। ਗੁਰੂ ਰਾਮਦਾਸ ਉਹਨਾਂ ਨੂੰ ਆਪ ਹੱਥੀ ਬੜੀ ਪ੍ਰੀਤ ਨਾਲ ਡਾਲੀ ਲਿਆਏ ਸਿੱਖਾਂ ਦੇ ਪਰਸ਼ਾਦੇ ਪਰੋਸਦੇ, ਜਾਂ ਲੋਹ-ਲੰਗਰ ਤੋਂ ਤਾਜ਼ੇ ਬਣਦੇ ਪਰਸ਼ਾਦੇ ਚੁੱਕ ਉਹਨਾਂ ਦੀ ਝੋਲ ਭਰਦੇ। ਪਰ ਜਿਉਂ ਹੀ ਚੂਹੜੇ ਹਰਮੰਦਰ ਦੀ ਬਾਰੀ ਟੱਪ ਕੇ ਕੁੱਤੀ ਵਿਹੜੇ ਦੇ ਰਾਹ ਪੈਂਦੇ, ਖੱਤਰੀਆਂ ਦੇ, ਪੰਡਤਾਂ ਦੇ ਮੁੰਡੇ ਉਹਨਾਂ ਨੂੰ ਸੋਟੀਆਂ ਨਾਲ ਛੱਲੀਆਂ ਵਾਂਗ ਕੁੱਟਦੇ। ਉਹਨਾਂ ਦੇ ਨਾਲ ਮਾਝੇ ਦੇ ਬੂਝੜ ਜੱਟਾਂ ਦੇ ਡੂਸ ਵੀ ਉਹਨਾਂ ਦੀ ਫੂਕ ਛੱਕ ਕੇ ਰਲ ਜਾਂਦੇ ਤੇ ਚੂਹੜਿਆਂ ਦੀ ਬੜੀ ਦੁਰਗਤ ਹੁੰਦੀ। ਮੂੰਹ ਉਹਨਾਂ ਬੰਨ੍ਹੇ ਹੁੰਦੇ, ਇਸ ਲਈ ਉਹ ਗੁਰੂ ਕੋਲ ਸ਼ਿਕਾਇਤ ਕਰਦੇ ਵੀ ਤੇ ਕੀਹਦੀ? ਹਾਰ ਕੇ ਉਹਨਾਂ ਨੂੰ ਸਮਝ ਆ ਗਈ ਕਿ ਲੰਗਰ ਛੱਕਣ ਤੋਂ ਬਾਦ ਹੀ ਉਹਨਾਂ ਨੂੰ ਇਹ ਵਿਸ਼ੇਸ਼ ਮਾਰ ਪੈਂਦੀ ਸੀ।

ਉਹਨਾਂ ਲੰਗਰ ਜਾਣਾ ਬੰਦ ਕਰ ਦਿੱਤਾ, ਬਸ ਕਦੀ-ਕਦੀ ਹਰਮੰਦਰ ਦੀ ਉਸਾਰੀ ਵੇਖ ਰਹੇ ਸੱਚੇ ਪਾਤਸ਼ਾਹ ਨੂੰ, ਜਾਂ ਉਹਨਾਂ ਦੇ ਹਮਦਰਦ ਬਾਬਾ ਬੁੱਢਾ ਜੀ ਨੂੰ ਮੱਥਾ ਟੇਕ ਜਾਂਦੇ ਸਨ। ਫੇਰ ਬੜੀ ਹਸਰਤ ਨਾਲ ਕਾਰ-ਸੇਵਾ ਕਰ ਰਹੀਆਂ ਸੰਗਤਾਂ ਵਲ ਵੇਖ ਕੇ ਪਰਤ ਜਾਂਦੇ ਸਨ।

ਕੁੱਤੀ ਵਿਹੜੇ ਵਾਲਿਆਂ ਲਈ ਸਭ ਤੋਂ ਵੱਧ ਮੌਜ ਭਰਿਆ ਦਿਹਾੜਾ ਉਦੋਂ ਹੁੰਦਾ ਸੀ, ਜਦੋਂ ਕਦੀ ਉਹ ਬਾਬੇ ਬੁੱਧੂ ਨਾਲ ਰਲ ਕੇ ਲੰਗਰ ਛੱਕਦੇ ਸਨ। ਬਾਬਾ ਬੁੱਧੂ ਤੇ ਉਹਦੀ ਮੰਡਲੀ ਦੀ ਗੁਰੂ-ਘਰ ਵਿਚ ਅਨਿੰਨ ਸ਼ਰਧਾ ਸੀ। ਉਹ ਸਾਰੇ ਹਰਮੰਦਰ ਦੀ ਕਾਰ-ਸੇਵਾ ਵਿਚ ਲਗੇ ਹੋਏ ਸਨ। ਵਿਚੋਂ ਕਈ ਆ ਜਾਂਦੇ, ਕਈ ਟੁਰ ਜਾਂਦੇ ਸਨ। ਸਾਰੇ ਹੀ ਹੱਥਾਂ ਦੇ ਕਾਰੀਗਰ ਸਨ। ਬਹੁਤਿਆਂ ਦੇ ਅੱਟਣਾਂ ਭਰੇ ਹੱਥ ਤੇ ਟਾਕੀਆਂ ਵਾਲੇ ਲੀੜੇ ਹੁੰਦੇ ਸਨ। ਬੁੱਧੂ ਦੇ ਆਪਣੇ ਚੋਲੇ ਤੇ ਕੱਛੇ ਤੇ ਅਨੇਕਾਂ ਟਾਕੀਆਂ ਸਨ। ਇਹ ਲੋਕ ਸਨ, ਜਿਹੜੇ ਮਹੀਨੇ, ਦੋ ਮਹੀਨੀਂ ਇਕ, ਦੋ ਦਿਨ ਹੱਥੀ ਸੇਵਾ ਕਰਨ ਦੀ ਸੁਖਣਾ ਸੁੱਖਦੇ, ਤੇ ਫੇਰ ਬੁੱਧੂ ਦੇ ਆਵੇ ਤੇ ਆ ਜਾਂਦੇ। ਸੁੱਖਣ ਸੁੱਖੀ ਪੂਰੀ ਕਰਕੇ ਪਰਤ ਜਾਂਦੇ ਸਨ। ਘਰੋਂ ਆਉਣ ਵੇਲੇ ਰਸਦ ਦੀ ਪੋਟਲੀ ਨਾਲ ਲਿਆਂਦੇ ਸਨ, ਜਾਂ ਬੁੱਧੂ ਦੇ ਲੰਗਰ ਵਿਚ ਲੱਕੜ ਜਾਂ ਜਲ ਦੀ ਸੇਵਾ ਕਰਦੇ, ਜੂਠੇ ਭਾਂਡੇ ਮਾਂਜਣ ਦੀ ਸੇਵਾ ਕਰਦੇ।

ਬਾਕੀ ਅਗਲੇ ਅੰਕ 'ਚ

ਨਾ ਹੀ ਬੋਦੂ ਦੇ ਟੱਬਰ ਤੇ ਨਾ ਹੀ ਟੀਡੇ ਤੇ ਧਰਮੇ ਨਿਹੰਗ ਦੇ ਟੱਬਰ ਨੇ, ਮਸੀਹੀ ਬਾਣੀ ਪੜ੍ਹੀ ਸੀ। ਇਹਨਾਂ ਦੇ ਨਾਲ ਹੀ ਜਿਹੜਾ ਘਰ ਬਾਲਮੀਕੀ ਰਿਹਾ, ਉਹ 'ਸ਼ੀਸ਼ੇ ਛੁਰੀਮਾਰ' ਦਾ ਘਰ ਸੀ। ਸ਼ੀਸ਼ੇ ਨੂੰ ਮਰਿਆਂ ਤੇ ਖੋਰੇ ਸੱਤਰ ਕੁ ਸਾਲ ਹੋਣ ਲਗੇ ਨੇ, ਪਰ ਉਹਦਾ ਟੱਬਰ 'ਸ਼ੀਸ਼ੇ ਛੁਰੀਮਾਰ' ਦਾ ਕਹੌਂਦਾ ਹੈ। ਸ਼ੀਸ਼ਾ ਉਦੋਂ ਆਪ ਸਿੱਧੀਆਂ ਲੜਾਈਆਂ ਵਿੱਚ ਛੁਰੀਆਂ ਘੱਟ ਹੀ ਮਾਰਦਾ ਰਿਹਾ ਸੀ, ਪਰ ਉਹ ਪੇਸ਼ੇਵਰ ਛੁਰੀਮਾਰ ਮੰਗਤਿਆ ਨਾਲ ਲਾਹੌਰ ਤੇ ਸਿਆਲਕੋਟ ਤੱਕ ਛੁਰੀ ਨਾਲ ਖ਼ੂਨ ਕੱਢ-ਕੱਢ ਕੇ ਪੰਜਾਬਣਾਂ ਨੂੰ ਡਰਾ ਛੱਡਦਾ ਤੇ ਪੈਸੇ, ਟਕੇ ਤੇ ਕਪੜਿਆਂ ਦੀਆਂ ਪੰਡਾਂ ਚੁੱਕ ਲਿਔਂਦਾ। ਲਾਹੌਰਨਾਂ ਵਿਚਾਰੀਆਂ ਗੋਰੀਆਂ-ਚਿੱਟੀਆਂ, ਗਲੀ ਵਿੱਚ ਸਵੇਰੇ ਦਸ-ਗਿਆਰਾਂ ਵਜੇ ਮੰਜੇ ਡਾਹ ਕੇ ਬੈਠੀਆਂ ਹੁੰਦੀਆਂ, ਜਦੋਂ ਸ਼ੀਸ਼ੇ ਤੇ ਉਹਦੇ ਨਾਲ ਦੇ ਛੁਰੀਮਾਰ ਮੰਗਤਿਆ ਦਾ ਗਰੁੱਪ ਪਹੁੰਚ ਜਾਂਦਾ। ਮੂੰਹੋਂ ਕੁਛ ਮੰਗਦੇ ਨਾ, ਪਰ ਪਿੰਡੇ ਆਪਣੇ ਤੇ ਨਿੱਕੇ-ਨਿੱਕੇ ਟੱਕ ਲਾ ਕੇ ਖ਼ੂਨ ਕੱਢ ਲੈਂਦੇ। ਡਰਦੀਆਂ ਸ਼ਹਿਰਨਾਂ 'ਨਾ ਵੀਰ ਵੇ' ਕਹਿੰਦੀਆਂ ਆਟਾ-ਦਾਲ, ਪੈਸੇ ਤੋ ਹੋਰ ਨਿੱਕ-ਸੁੱਕ ਦੇ ਦੇਂਦੀਆਂ ਸਨ।

ਕਹਾਣੀ

# ਕੈਕਟਸ ਦਾ ਸਿਖ਼ਰਲਾ ਫੁੱਲ



ਰਿਸ਼ਮਦੀਪ ਸਿੰਘ
001-604-897-0681

ਇੱਕ ਵਾਰ ਹਰਬੰਸ ਸਿੰਘ ਨਾਲ ਵੀ ਕਾਫੀ ਮਾੜੀ ਹੋਈ ਸੀ। ਵੀਕ-ਐਂਡ'ਤੇ ਕੁਝ ਨਸ਼ੇੜੀ ਇੱਕ ਕਮਰੇ ਵਿੱਚ ਵੜ ਗਏ, ਅੰਦਰੇ ਹੀ ਖਾਂਦੇ-ਪੀਂਦੇ ਰਹੇ ਅਤੇ ਮਲ-ਮੂਤਰ ਵੀ ਕਰੀ ਗਏ। ਹਰਬੰਸ ਹੁਣੀਂ ਬਾਹਰੋਂ ਹੀ ਦਰਵਾਜ਼ੇ ਦਾ ਤਾਲਾ ਚੈੱਕ ਕਰ ਲਿਆ ਕਰਨ ਅਤੇ ਡਰੱਗੀ ਹੁਣੀਂ ਕਿਸੇ ਖੁਲ੍ਹੀ ਰਹਿ ਗਈ ਖਿੜਕੀ ਰਾਹੀਂ ਅੰਦਰ-ਬਾਹਰ ਆਉਂਦੇ ਜਾਂਦੇ ਰਹੇ। ਸੋਮਵਾਰ ਨੂੰ ਜਦੋਂ ਕਾਮੇ ਆਏ ਤਾਂ ਪਤਾ ਲੱਗਿਆ। ਸਾਈਟ ਵਾਲਿਆਂ ਨੇ ਹਰਬੰਸ ਹੁਣਾਂ ਦੀ ਅਤੇ ਸਕਿਊਰਿਟੀ ਕੰਪਨੀ ਵਾਲਿਆਂ ਦੀ ਚੰਗੀ ਲਾਹ-ਪਾਹ ਕੀਤੀ। ਬੱਸ ਜਿਵੇਂ ਕਿਵੇਂ ਤਰਲੇ ਮਿੰਨਤਾਂ ਕਰਕੇ ਗੱਲ ਬਣੀ। ਇਸ ਵਾਕਿਆ ਤੋਂ ਬਾਅਦ ਤਾਂ ਹਰਬੰਸ ਨੇ ਹੋਰ ਵੀ ਚੌਕਸੀ ਰੱਖਣੀ ਸ਼ੁਰੂ ਕਰ ਦਿੱਤੀ, ਹਰ ਖੱਲ-ਖੂੰਜੇ ਵਿੱਚ ਟਾਰਚ ਦੀ ਰੌਸ਼ਨੀ ਮਾਰਕੇ ਚੰਗੀ ਤਰ੍ਹਾਂ ਚੈੱਕ ਕਰਦਾ। ਭਾਵੇਂ ਅੱਧੀ ਰਾਤ ਨੂੰ ਇਹ ਬਣ ਰਹੀ ਇਮਾਰਤ ਭੂਤ-ਬੰਗਲਾ ਜਿਹਾ ਮਹਿਸੂਸ ਹੁੰਦੀ। ਹਰਬੰਸ ਖੰਘੂਰੇ ਮਾਰਦਾ ਅਤੇ ਡਰੱਗੀਆਂ ਨੂੰ ਗਾਲਾਂ ਕੱਢਦਾ, "ਆਹ ਕੰਜਰ ਸਾਲੇ ਕਨੇਡਾ ਵਿੱਚ ਕਿਵੇਂ ਪੈਦਾ ਹੋਈ ਜਾਂਦੇ ਐ, ਸਹੁਰਿਓ ਕੰਮ ਕਰਲੋ..."

"ਮੰਮਾ! ਅੱਜ ਮੇਰੇ ਨਾਲ ਸਕੂਲ ਕੌਣ ਜਾਊ?"

"ਯੂਅਰ ਗਰੈਂਡ-ਪਾ ਬੇਟਾ"

"ਪਰ ਮੰਮਾ! ਉਹ ਤਾਂ ਨਾਈਟ-ਡਿਊਟੀ ਕਰ ਕੇ ਆਏ ਨੇ..ਹੀ ਇਜ਼ ਸਲੀਪਿੰਗ.."

"ਕੋਈ ਨੀ ਉਠ ਜਾਣਗੇ, ਉਨ੍ਹਾਂ ਨੂੰ ਵੀ ਤੇਰੇ ਜਿੰਨਾ ਈ ਚਾਅ ਇਆ" ਨਾਸ਼ਤਾ ਬਣਾਉਂਦੀ ਹਰਪ੍ਰੀਤ ਮੁਸਕੁਰਾਉਂਦੀ ਹੋਈ ਬੋਲੀ।

ਸਵੀ ਨੂੰ ਤਾਂ ਸਾਰੀ ਰਾਤ ਨੀਂਦ ਨਹੀਂ ਸੀ ਆਈ। ਅੱਜ ਉਹਦੇ ਸਾਰੇ ਸਕੂਲ ਨੇ ਨਵੀਂ ਆਲੀਸ਼ਾਨ ਇਮਾਰਤ ਵਿੱਚ ਸ਼ਿਫਟ ਹੋ ਜਾਣਾ ਸੀ। ਕੁਲ ਮਿਲਾ ਕੇ ਭਾਵੇਂ ਕੈਨੇਡਾ ਦੇ ਸਕੂਲਾਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਰਹੀ ਸੀ ਅਤੇ ਇਸੇ ਕਾਰਨ ਕਈ ਸਕੂਲ ਬੰਦ ਵੀ ਹੋ ਰਹੇ ਸਨ ਪਰ ਪੰਜਾਬੀਆਂ ਦੀ ਸੰਘਣੀ ਅਤੇ ਲਗਾਤਾਰ ਵਧਦੀ ਆਬਾਦੀ ਵਾਲੇ ਸ਼ਹਿਰ 'ਸਰੀ' ਵਿੱਚ ਇਸਦੇ ਉਲਟ ਸਕੂਲਾਂ

ਦੀ ਗਿਣਤੀ ਵਿੱਚ ਨਿਰੰਤਰ ਵਾਧਾ ਹੋ ਰਿਹਾ ਸੀ, ਨਵੇਂ ਸਕੂਲ ਖੁੱਲ੍ਹ ਰਹੇ ਸਨ।

ਸਵੀ ਦੀ ਟੀਚਰ ਨੇ ਕੱਲ੍ਹ ਸਾਰੀ ਕਲਾਸ ਨੂੰ ਯਾਦ ਕਰਾਇਆ ਸੀ, "ਕਮ ਇਨ ਕਲਰਫੁਲ ਕਲੋਦਜ਼ ਟੁਮਾਰੋ ..ਐਂਡ ਬਰਿੰਗ ਯੂਅਰ ਪੇਰੈਂਟਸ ਅਲਾਂਗ ਦੇਅਰ ਵਿਲ ਬੀ ਫੋਟੋ ਸੈਸ਼ਨ ਐਂਡ ਲਾਈਟ ਰਿਫਰੈਸ਼ਮੈਂਟ"

ਤੇ ਸੱਚੀਂ ਸਕਿਊਰਿਟੀ ਗਾਰਡ ਹਰਬੰਸ ਸਿੰਘ ਨਾਈਟ-ਡਿਊਟੀ ਕਰਕੇ ਤੇ ਉਥੇ ਹੀ ਇੱਕ ਅੱਧ ਠੌਂਕਾ ਲਾ ਕੇ, ਘਰ ਆ ਕੇ ਥੋੜ੍ਹਾ ਬਹੁਤ ਸੁਸਤਾਉਣ ਤੋਂ ਬਾਅਦ ਸਵੀ ਤੋਂ ਪਹਿਲਾਂ ਹੀ ਤਿਆਰ ਹੋਇਆ ਫਿਰੇ। ਉਹ ਤਾਂ ਪਤਾ ਨਹੀਂ ਕਦੋਂ ਦਾ ਅੱਜ ਸਵੇਰ ਦਾ ਇੰਤਜ਼ਾਰ ਕਰ ਰਿਹਾ ਸੀ, ਅਪਣੇ ਪਿਛਲੇ ਦੋ ਸਾਲਾਂ ਦੀਆਂ ਕਰੀਬ ਕਰੀਬ ਸਾਰੀਆਂ ਰਾਤਾਂ ਉਹਨੇ ਇਸ ਸਕੂਲ ਦੀ ਬਣ ਰਹੀ ਇਮਾਰਤ ਦੀ ਸਕਿਊਰਿਟੀ ਕਰਦੇ ਗੁਜ਼ਾਰੀਆਂ ਸਨ।

ਆਰਥਿਕ ਸਮੱਸਿਆਵਾਂ ਨਾਲ ਜੂਝਦਾ ਇਹ ਸਧਾਰਨ ਮੱਧਮ ਸ਼੍ਰੇਣੀ ਦਾ ਪੰਜਾਬੀ ਪਰਿਵਾਰ ਕੋਈ ਪੰਜ ਸਾਲ ਪਹਿਲਾਂ ਕੈਨੇਡਾ ਪੁੱਜਿਆ। ਹੁਣ ਤਾਂ ਉਹਨਾਂ ਸਾਰਿਆਂ ਨੇ ਪੂਰੀ ਵਾਹ ਲਾ ਕੇ ਅਪਣਾ ਘਰ ਵੀ ਲੈ ਲਿਆ ਸੀ।

ਪੰਜਾਬ ਵਿੱਚ ਰਹਿੰਦਿਆਂ ਹਰਬੰਸ ਸਿੰਘ ਨੇ ਅਪਣਾ ਮੁੰਡਾ ਬੜੀ ਮਿਹਨਤ ਨਾਲ ਪੜ੍ਹਾਇਆ ਸੀ। ਉਹ ਦਵਿੰਦਰ ਨੂੰ ਅਕਸਰ ਕਿਹਾ ਕਰੇ, "ਪੁੱਤ! ਪੜ੍ਹਾਈ ਤੋਂ ਵੱਡੀ ਕੋਈ ਦੌਲਤ ਨੀ!ਇਹ ਤੇਰੇ ਤੋਂ ਕੋਈ ਨੀ ਖੋਹ ਸਕਦਾ, ਜ਼ਿੰਦਗੀ ਵਿੱਚ ਗਿਆਨ ਤੇ ਤਜਰਬਾ ਈ ਬੰਦੇ ਦੀਆਂ ਵੱਡੀਆਂ ਮੱਲਾਂ ਹੁੰਦੀਐਂ ਸ਼ੇਰਾ!"

ਸਵੀ ਇਸ ਪਰਿਵਾਰ ਦੀ ਨਵੀਂ ਪੀੜ੍ਹੀ ਸੀ ਅਤੇ ਹੁਣ ਤਾਂ ਉਹਨੂੰ ਸਕੂਲ ਜਾਂਦਿਆਂ ਵੀ ਦੋ ਸਾਲ ਹੋ ਗਏ ਸਨ। ਹਰਬੰਸ ਸਿੰਘ ਦੇ ਮਨ ਵਿੱਚ ਮੁਰਝਾਏ ਹੋਏ ਸੁਫਨੇ ਅਪਣੀ ਪੋਤਰੀ ਨੂੰ ਸਕੂਲ ਜਾਂਦੀ ਦੇਖ ਕੇ ਮੁੜ ਸੁਰਜੀਤ ਹੋ ਗਏ ਸਨ। ਬੱਸ, ਸਵੀ ਦਾ ਸਕੂਲ ਘਰ ਤੋਂ ਕੁਝ ਦੂਰੀ 'ਤੇ ਸੀ, ਜਿਹੜਾ ਥੋੜ੍ਹੀ ਬਹੁਤ ਪਰੇਸ਼ਾਨੀ ਦਾ ਕਾਰਨ ਸੀ।

ਤੇ ਫੇਰ ਉਹਨਾਂ ਦੇ ਘਰ ਦੇ ਨਜ਼ਦੀਕ ਹੀ ਨਵੇਂ ਸਕੂਲ ਦੀ ਇਮਾਰਤ ਉਸਰਨੀ ਸ਼ੁਰੂ ਹੋ ਗਈ। ਹਰਬੰਸ ਸਿੰਘ ਨੇ ਆਪ ਸੁਪਰਵਾਈਜ਼ਰ ਨੂੰ ਕਹਿ ਕੇ ਇਸ ਬਣ ਰਹੀ ਇਮਾਰਤ ਵਿੱਚ ਰਾਤ ਦੀ ਸਕਿਊਰਿਟੀ ਦੀ ਡਿਊਟੀ ਲਗਵਾਈ। ਸੁਪਰਵਾਈਜ਼ਰ ਨੇ ਉਹਨੂੰ ਚਿਤਾਵਨੀ ਵੀ ਦਿੱਤੀ ਸੀ, "ਹਰਬੰਸ! ਸਾਈਟ ਬਹੁਤ ਵੱਡੀ ਆ, ਥਾਂ ਵੀ ਉੱਚੀ-ਨੀਵੀਂ ਆ ਅਜੇ, ਦੇਖ ਲਾ! ਰਾਤ ਨੂੰ ਰਾਊਂਡ ਦਿੰਦਾ ਡਿਗ ਕੇ ਸੱਟ ਨਾ ਖਾ ਲਵੀਂ..ਰਾਈਟ?"

ਖ਼ੈਰ! ਹਰਬੰਸ ਡਿੱਗਿਆ ਤਾਂ ਨਹੀਂ,ਪਰ ਮਿੱਠੇ-ਕੌੜੇ ਅਨੁਭਵ ਉਹਨੂੰ ਹੋਏ ਜ਼ਰੂਰ। ਉਹ ਸ਼ਾਮ ਨੂੰ ਛੇ ਵਜੇ ਸਾਈਟ'ਤੇ ਪਹੁੰਚ ਜਾਂਦਾ। ਪਹਿਲਾ ਕੰਮ ਸੀ ਸੁਪਰਵਾਈਜ਼ਰ ਨੂੰ ਫੋਨ ਕਰਕੇ ਅਪਣੇ ਅਪੜਨ ਬਾਰੇ ਸੂਚਿਤ ਕਰਨਾ। ਫੇਰ ਉਹ ਸਾਰੇ ਤਾਲੇ, ਦਰਵਾਜ਼ੇ ਤੇ ਖਿੜਕੀਆਂ ਚੈੱਕ ਕਰਦਾ, ਸਾਈਟ ਦੀ ਫੈਂਸ ਚੈਕ ਕਰਦਾ, ਜਿੱਥੋਂ ਕਿਤੇ ਕਾਮੇ ਖੁੱਲ੍ਹੀ ਛੱਡ ਗਏ ਹੁੰਦੇ, ਉੱਥੋਂ ਬੰਦ ਕਰਦਾ। ਸਾਈਟ ਵਿੱਚ ਖੜ੍ਹੀਆਂ ਕਰੇਨਾਂ, ਬੁਲਡੋਜ਼ਰਾਂ ਆਦਿ ਦਾ ਵੇਰਵਾ ਅਪਣੀ ਰਿਪੋਰਟ-ਸ਼ੀਟ ਵਿੱਚ ਦਰਜ ਕਰਦਾ। ਅਗਲਾ ਕੰਮ ਇਹ ਹੁੰਦਾ ਕਿ ਸਾਈਟ ਵਿੱਚ ਰੌਸ਼ਨੀ ਦਾ ਪ੍ਰਬੰਧ ਹੋਵੇ, ਹਨ੍ਹੇਰਾ ਹੋਣ ਤੋਂ ਪਹਿਲਾਂ ਅਪਣੇ ਪੱਲਿਓਂ ਲਏ ਮਰਕਰੀ-ਹੈਡ ਲੈਂਪਸ ਨੂੰ ਅਪਣੀ ਲੋੜ ਅਨੁਸਾਰ ਫਿੱਟ ਕਰਕੇ ਜਗਾ ਦਿੰਦਾ। ਫੇਰ ਆਪਣੀ ਕਾਰ ਵਿੱਚ ਇੱਕ ਬਿਜਲੀ ਦੀ ਤਾਰ ਖਿੱਚ ਕੇ ਉਸ ਨਾਲ ਹੀਟਰ ਲਗਾ ਕੇ ਬਹਿ ਜਾਂਦਾ।

ਨਿਯਮ ਅਨੁਸਾਰ ਘੰਟੇ ਵਿੱਚ ਘੱਟੋ-ਘੱਟ ਇੱਕ ਵਾਰ ਸਾਰੀ ਸਾਈਟ ਦਾ ਰਾਊਂਡ ਕਰਨਾ ਹੁੰਦਾ ਅਤੇ ਵੇਰਵਾ ਰਿਪੋਰਟ-ਸ਼ੀਟ ਵਿੱਚ ਦਰਜ ਕਰਨਾ ਹੁੰਦਾ। ਬੱਸ ਬਾਕੀ ਦਾ ਵਕਤ ਅਖ਼ਬਾਰ ਪੜ੍ਹਦੇ, ਦੋਸਤਾਂ ਨਾਲ ਫੋਨ'ਤੇ ਗੱਪਾਂ ਮਾਰਦੇ, ਰੇਡੀਓ ਸੁਣਦੇ ਲੰਘਦਾ। ਸਭ ਤੋਂ ਔਖਾ ਕੰਮ ਨੀਂਦ ਨਾਲ ਜੂਝਣਾ ਸੀ। ਰਾਤ ਨੂੰ ਗਿਆਰਾਂ ਬਾਰਾਂ ਵਜੇ ਤੋਂ ਬਾਅਦ ਆਮ ਕਰਕੇ ਸਾਰੇ ਸਕਿਊਰਿਟੀ ਗਾਰਡ ਆਪਸ ਵਿੱਚ ਫੋਨ 'ਤੇ ਸੰਪਰਕ ਰੱਖਦੇ, ਇੱਕ ਦੂਜੇ ਦਾ ਹਾਲ-ਚਾਲ ਵੀ ਪਤਾ ਲੱਗਦਾ ਰਹਿੰਦਾ ਤੇ ਨੀਂਦ ਉੱਤੇ ਵੀ ਕੰਟਰੋਲ ਰਹਿੰਦਾ।

ਇੱਕ ਹੋਰ ਵੱਡਾ ਫ਼ਿਕਰ ਸੁਪਰਵਾਈਜ਼ਰ ਤੇ ਉਸ ਤੋਂ ਵੀ ਵੱਡਾ ਫ਼ਿਕਰ ਕਿਸੇ ਗੋਰੇ ਅਫ਼ਸਰ ਦੇ ਛਾਪਾ ਮਾਰਨ ਦਾ ਹੁੰਦਾ। ਫੋਨ'ਤੇ ਸਾਰੇ ਗਾਰਡ ਇਹਨਾਂ ਛਾਪਿਆਂ ਬਾਰੇ ਇੱਕ ਦੂਜੇ ਨੂੰ ਇਤਲਾਹ ਦਿੰਦੇ। ਪਰ ਫੇਰ ਵੀ ਇੱਕ-ਅੱਧਾ ਸੁੱਤਾ ਪਿਆ ਫੜਿਆ ਹੀ ਜਾਂਦਾ। ਵਿਹਲੇ ਬੈਠਿਆਂ ਸੁੱਤੇ ਪਏ ਫੜੇ ਜਾਣ ਦਾ ਤੌਖ਼ਲਾ ਤਾਂ ਹਮੇਸ਼ਾ ਹੀ ਲੱਗਿਆ ਰਹਿੰਦਾ, ਚੋਰੀ ਹੋ ਜਾਣੀ ਵੀ ਆਮ ਜਿਹੀ ਗੱਲ ਬਣ ਗਈ ਸੀ।

"ਬਾਈ ਹਰਬੰਸ ਸਿਆਂਹ! ਕਾਟੋ ਕਿੱਥੇ ਖੇਡਦੀ ਆ ਫਿਰ?" ਸਕਿਊਰਿਟੀ ਗਾਰਡ ਗੁਰਜੀਤ ਸਿੰਘ ਦਾ ਫੋਨ ਆਇਆ।

"ਆਹ ਕਾਟੋ ਦੇ ਬੂਟਾਂ 'ਚੋਂ ਡੱਕੇ ਨਾਲ ਚਿੱਕੜ ਕੱਢਦਾਂ, ਇੱਕ ਤਾਂ ਜਗਾਹ-ਜਗਾਹ ਟੋਏ ਪੁੱਟੇ ਪਏ ਆ, ਉੱਤੋਂ ਆਹ ਭੈਣ ਦਾ ਮੀਂਹ ਨੀ ਹਟਦਾ.."

"ਓਇ ਤੂੰ ਚਿੱਕੜ ਨੂੰ ਰੋਨਾਂ! ਓਧਰ ਮੇਜਰ ਫੜਿਆ ਗਿਆ ਸੁੱਤਾ ਕੱਲ੍ਹ ਰਾਤੀਂ.."

"ਹੈਂ ? ਉਹ ਤਾਂ ਕਹਿੰਦੇ ਆ ਬੜਾ ਫੌਜੀਆਂ ਆਗੂੰ ਬੂਟ ਖੜਕਾਉਂਦਾ ਫਿਰਦਾ ਸਾਰੀ ਰਾਤ.."

"ਓਇ ਕਾਹਨੂੰ! ਸੁਪਰਵਾਈਜ਼ਰ ਚਲਾਕੀ ਕਰ ਗਿਆ, ਚੰਗਾ ਭਲਾ ਚੈਕ ਕਰਕੇ ਗਿਆ ਸੀ ਡੇਢ ਵਜੇ..ਦੋ ਵਜੇ ਕੰਜਰ ਫੇਰ ਆ ਗਿਆ, ਮੇਜਰ ਸਾਹਬ ਦੀ ਮੂੰਹ ਟੱਡ ਕੇ ਘੁਰਾੜੇ ਮਾਰਦੇ ਦੀ ਫੋਟੋ ਖਿੱਚ ਲੀ, ਫਿਰ ਉਠਾ ਕੇ ਕਹਿੰਦਾ ਬਈ ਅੱਜ ਦੀ ਦਿਹਾੜੀ ਗਈ, ਘਰ ਜਾਓ ਆਵਦੇ"

"ਫੇਰ.?... ਹੈਂ?"

"ਅੱਗੋਂ ਮੇਜਰ ਸਾਹਬ ਫ਼ੁਰਮਾਏ ਬਈ ਮੈਂ ਤਾਂ ਅੱਖਾਂ ਮੀਚ ਕੇ ਪਾਠ ਕਰਦਾ ਸੀ" ਗੁਰਜੀਤ ਸਿੰਘ ਹੱਸਦਾ ਹੋਇਆ ਬੋਲਿਆ।

"ਫੇਰ ਸੁਪਰਵਾਈਜ਼ਰ ਕੀ ਕਹਿੰਦਾ?"

"ਅਖੇ 'ਮੇਜਰ ਸਾਹਬ !ਅਸੀਂ ਥੋਨੂੰ ਪੈਸੇ ਸਾਈਟ ਦੀ ਰਾਖੀ ਕਰਨ ਨੂੰ ਦਿੰਨੇ ਆਂ, ਪਾਠ ਘਰੋਂ ਕਰਕੇ ਆਇਆ ਕਰੋ" ਮੈਨੂੰ ਸਾਰੀ ਘਾਣੀ ਦੱਸਦਾ ਮੇਜਰ ਹਿੜ-ਹਿੜ ਕਰੀ ਜਾਵੇ.."

ਤੇ ਬੱਸ ਕੁੱਝ ਏਹੋ ਜਿਹੀਆਂ ਗੱਲਾਂ-ਬਾਤਾਂ ਸਕਿਊਰਿਟੀ ਗਾਰਡ ਆਪਸ ਵਿੱਚ ਕਰਦੇ ਰਹਿੰਦੇ।

ਇੱਕ ਵਾਰ ਹਰਬੰਸ ਸਿੰਘ ਨਾਲ ਵੀ ਕਾਫੀ ਮਾੜੀ ਹੋਈ ਸੀ। ਵੀਕ-ਐਂਡ'ਤੇ ਕੁਝ ਨਸ਼ੇੜੀ ਇੱਕ ਕਮਰੇ ਵਿੱਚ ਵੜ ਗਏ, ਅੰਦਰੇ ਹੀ ਖਾਂਦੇ-ਪੀਂਦੇ ਰਹੇ ਅਤੇ ਮਲ-ਮੂਤਰ ਵੀ ਕਰੀ ਗਏ। ਹਰਬੰਸ ਹੁਣੀਂ ਬਾਹਰੋਂ ਹੀ ਦਰਵਾਜ਼ੇ ਦਾ ਤਾਲਾ ਚੈੱਕ ਕਰ ਲਿਆ ਕਰਨ ਅਤੇ ਡਰੱਗੀ ਹੁਣੀਂ ਕਿਸੇ ਖੁਲ੍ਹੀ ਰਹਿ ਗਈ ਖਿੜਕੀ ਰਾਹੀਂ ਅੰਦਰ-ਬਾਹਰ ਆਉਂਦੇ ਜਾਂਦੇ ਰਹੇ। ਸੋਮਵਾਰ ਨੂੰ ਜਦੋਂ ਕਾਮੇ ਆਏ ਤਾਂ ਪਤਾ ਲੱਗਿਆ। ਸਾਈਟ ਵਾਲਿਆਂ ਨੇ ਹਰਬੰਸ ਹੁਣਾਂ ਦੀ ਅਤੇ ਸਕਿਊਰਿਟੀ ਕੰਪਨੀ ਵਾਲਿਆਂ ਦੀ ਚੰਗੀ ਲਾਹ-ਪਾਹ ਕੀਤੀ। ਬੱਸ ਜਿਵੇਂ ਕਿਵੇਂ ਤਰਲੇ ਮਿੰਨਤਾਂ ਕਰਕੇ ਗੱਲ ਬਣੀ। ਇਸ ਵਾਕਿਆ ਤੋਂ ਬਾਅਦ ਤਾਂ ਹਰਬੰਸ ਨੇ ਹੋਰ ਵੀ ਚੌਕਸੀ ਰੱਖਣੀ ਸ਼ੁਰੂ ਕਰ ਦਿੱਤੀ, ਹਰ ਖੱਲ-ਖੂੰਜੇ ਵਿੱਚ ਟਾਰਚ ਦੀ ਰੌਸ਼ਨੀ ਮਾਰਕੇ ਚੰਗੀ ਤਰ੍ਹਾਂ ਚੈੱਕ ਕਰਦਾ। ਭਾਵੇਂ ਅੱਧੀ ਰਾਤ ਨੂੰ ਇਹ ਬਣ ਰਹੀ ਇਮਾਰਤ ਭੂਤ-ਬੰਗਲਾ ਜਿਹਾ ਮਹਿਸੂਸ ਹੁੰਦੀ। ਹਰਬੰਸ ਖੰਘੂਰੇ ਮਾਰਦਾ ਅਤੇ ਡਰੱਗੀਆਂ ਨੂੰ ਗਾਲਾਂ ਕੱਢਦਾ, "ਆਹ ਕੰਜਰ ਸਾਲੇ ਕਨੇਡਾ ਵਿੱਚ ਕਿਵੇਂ ਪੈਦਾ ਹੋਈ ਜਾਂਦੇ ਐ, ਸਹੁਰਿਓ ਕੰਮ ਕਰਲੋ..."



ਰਾਊਂਡ ਲਾ ਕੇ ਆਉਂਦੇ ਨੂੰ ਅੱਜ ਸੁਪਰਵਾਈਜ਼ਰ ਆਇਆ ਖੜ੍ਹਾ ਸੀ, ਕੋਲ ਹੁੰਦੇ ਨੇ ਪੁੱਛਿਆ, "ਹਰਬੰਸ ਸਿੰਘ ਜੀ! ਐਨੀ ਪਰਾਬਲਮ?"

"ਨਹੀਂ ਸਰ! ਓ.ਕੇ ਆ..."

"ਬੱਸ ਘੰਟੇ ਮਗਰੋਂ ਗੇੜਾ ਜ਼ਰੂਰ ਕੱਢੀ ਜਾਵੀਂ ਤੇ ਖੜਕੇ-ਦੜਕੇ ਦਾ ਵੀ ਖਿਆਲ ਰੱਖੀਂ, ਜੇ ਚੋਰੀ ਹੋ'ਗੀ ਤੇ ਆਪਾਂ ਨੂੰ ਪਤਾ ਨਾ ਲੱਗਿਆ ਤਾਂ ਇਹ ਸਾਈਟ ਤਾਂ ਹੱਥੋਂ ਜਾਊਗੀ ਹੀ, ਇਸ ਕੰਸਟਰਕਸ਼ਨ ਕੰਪਨੀ ਦੀਆਂ ਬਾਕੀ ਸਾਈਟਾਂ ਵੀ ਖਤਰੇ'ਚ ਪੈ ਜਾਣਗੀਆਂ।"

*****

"ਹਰਪ੍ਰੀਤ!ਬੇਟਾ ਜ਼ਰਾ ਪੱਗ ਦੀ ਪੂਣੀ ਕਰਾਈਂ" ਹਰਬੰਸ ਸਿੰਘ ਨੇ ਨਵੀਂ ਗਾਜਰੀ ਪੱਗ ਬੰਨ੍ਹੀ ਤੇ ਸਜ-ਫਬ ਕੇ ਸਵੀ ਦੀ ਉਂਗਲ ਫੜਕੇ ਸਕੂਲ ਵੱਲ ਤੁਰ ਪਿਆ।

ਉਹਨਾਂ ਨੂੰ ਤੋਰ ਕੇ ਹਰਪ੍ਰੀਤ ਨੇ ਦਵਿੰਦਰ ਨੂੰ ਫੋਨ ਕੀਤਾ, "ਸੁਣਿਓ ਜੀ! ਮੇਰਾ ਤਾਂ ਅੱਜ ਸਵੇਰੇ ਹਾਸਾ ਈ ਨਾ ਬੰਦ ਹੋਵੇ,ਪਾਪਾ ਅੱਜ ਥੋਡੀ ਅਲਮਾਰੀ ਵਿੱਚੋਂ ਪਰਫਿਊਮ ਕੱਢ ਕੇ ਛਿੜਕੀ ਜਾਣ..ਹੀ ਹੀ...ਹੀ..ਹੀ....ਐਨੇ ਤਿਆਰ ਤਾਂ ਸ਼ੈਦ ਅਪਣੀ ਮੈਰਿਜ'ਤੇ ਹੋਏ ਸੀ"

ਦਵਿੰਦਰ ਵੀ ਅੱਜ ਖੁਸ਼ ਸੀ, "ਭਾਈ ਕਨੇਡਾ ਇਆ ਇਹ..ਜੇ ਕਿਤੇ ਮੇਰੇ ਬਾਪੂ ਨੇ ਕੋਈ ਮੈਡਮ ਟਿਕਾ ਲਈ , ਤੇਰੀਆਂ ਦੋ ਦੋ ਸੱਸਾਂ ਹੋ ਜਾਣੀਆਂ"

ਤੁਰੇ ਜਾਂਦੇ ਹਰਬੰਸ ਸਿੰਘ ਨੇ ਜਦੋਂ ਘੜੀ ਉੱਤੇ ਤਰੀਕ ਦੇਖੀ ਤਾਂ ਠਠੰਬਰ ਗਿਆ। ਅੱਜ ਤੋਂ ਪੂਰੇ ਇੱਕ ਸਾਲ ਪਹਿਲਾਂ ਦੀ ਘਟਨਾ ਨੇ ਉਹਦੇ ਅੰਦਰ ਕੰਬਣੀ ਛੇੜ ਦਿੱਤੀ। ਉਹ ਅਪਣਾ ਘੰਟੇ-ਬੱਧੀ ਰਾਊਂਡ ਖ਼ਤਮ ਕਰਕੇ ਆਇਆ ਸੀ। ਬਾਹਰ ਮੌਸਮ ਬਹੁਤ ਖਰਾਬ ਸੀ, ਤੇਜ਼ ਮੀਂਹ ਤੇ ਠੰਢੀ ਸੀਤ ਹਵਾ। ਜਨਵਰੀ ਮਹੀਨੇ ਦੀ ਬਰਫ ਅਤੇ ਹਨ੍ਹੇਰੀ ਨੇ ਕੁਝ ਵੀ ਦਿਸਣਾ ਮੁਸ਼ਕਿਲ ਕਰ ਦਿੱਤਾ ਸੀ। ਉਹਨੇ ਥਰਮੋਸ ਕੱਢ ਕੇ ਚਾਹ ਦੀ ਕੱਪੀ ਭਰੀ ਹੀ ਸੀ ਕਿ ਕੋਈ ਖੜਕਾ ਜਿਹਾ ਸੁਣਿਆ।

"ਸ਼ੈਦ ਹਵਾ ਨਾਲ ਕੁਸ਼ ਡਿੱਗ ਪਿਆ ਹੋਣੈ.." ਪਰ ਫਿਰ ਵੀ ਉਹਨੇ ਚੈਕ ਕਰਨਾ ਜ਼ਰੂਰੀ ਸਮਝਿਆ। ਤੁਰੇ ਜਾਂਦੇ ਨੂੰ ਓਦੋਂ ਹੀ ਪਤਾ ਲੱਗਿਆ ਜਦੋਂ ਕਿਸੇ ਨੇ ਧੱਕਾ ਦੇਕੇ ਮੂੰਹ-ਪਰਨੇ ਸੁੱਟ ਲਿਆ।

"ਡੈਮ ਫੂਲ..!ਯੂ ਵੁਡ ਹੈਵ ਬਿਨ ਬੈਟਰ ਸਿਟਿੰਗ ਇਨ ਕਾਰ" ਤਿੰਨਾਂ ਚਾਰਾਂ ਵਿੱਚੋਂ ਇੱਕ ਗਰਜਿਆ। ਉਹਨਾਂ ਨੇ ਹਰਬੰਸ ਦੇ ਹੱਥ ਪੈਰ ਬੰਨ੍ਹ ਦਿੱਤੇ ਅਤੇ ਉਹਦਾ ਫੋਨ, ਪਰਸ, ਪੈਸੇ ਤੇ ਕਾਰ ਦੀ ਚਾਬੀ ਖੋਹ ਲਈ, ਫਿਰ ਲੱਕੜ ਦਾ ਸਮਾਨ ਅਤੇ ਕੌਪਰ ਦੀ ਤਾਰ ਦਾ ਵੱਡਾ ਰੋਲ ਪਿਕ-ਅਪ ਵਿੱਚ ਲੱਦ ਲਿਆ। ਕਿੰਨਾ ਚਿਰ ਉਹ ਉਥੇ ਨੂੜਿਆ ਪਿਆ ਛਟਪਟਾਉਂਦਾ ਰਿਹਾ, ਫਿਰ ਹਿੰਮਤ ਕਰਕੇ ਬੰਨ੍ਹੇ ਹੋਏ ਹੱਥਾਂ-ਪੈਰਾਂ ਨਾਲ ਘਿਸਟਣ ਲੱਗਿਆ। ਉਹਦੀ ਪਿੱਠ ਨੂੰ ਵਲ ਪੈ ਗਏ, ਪੀੜ ਨਾਲ ਲੱਤਾਂ ਚੀਰੀਆਂ ਗਈਆਂ, ਪੱਗ ਢਹਿ ਗਈ, ਦਾਹੜੀ ਚਿੱਕੜ ਨਾਲ ਲਿੱਬੜ ਗਈ। ਜਿਵੇਂ ਕਿਵੇਂ ਡਿੱਗਦਾ ਢਹਿੰਦਾ ਉਹ ਬਾਹਰ ਸੜਕ ਤੱਕ ਪਹੁੰਚਿਆ, ਜਿੱਥੇ ਰੱਬੀਂ ਇੱਕ ਕਾਰ ਆਉਂਦੀ ਦਿਸੀ..ਉਸ ਭਲੇ ਲੋਕ ਨੇ 911 ਦਾ ਫੋਨ ਮਿਲਾਇਆ ਅਤੇ ਪੁਲੀਸ ਤੇ ਐਂਬੂਲੈਂਸ ਵਾਲੇ ਮਿੰਟਾਂ ਵਿੱਚ ਹੀ ਆ ਗਏ।

"ਬੱਸ ਬਾਈ ਜਾਨ ਬਚ'ਗੀ! ਹਰਬੰਸ ਸਿਆਂਹ! ਸ਼ੁਕਰ ਕਰ..ਨਹੀਂ ਤਾਂ ਜਾਹ ਜਾਂਦੀ ਹੋ ਜਾਣੀ ਸੀ" ਨਾਲ ਦੇ ਸਕਿਊਰਿਟੀ ਗਾਰਡ ਦੋਸਤ ਉਹਨੂੰ ਆਖੀ ਜਾਣ।

*****

ਅੱਜ ਇੱਕ ਸਾਲ ਬਾਅਦ ਇਹ ਸਕੂਲ ਬਿਲਡਿੰਗ ਤਿਆਰ ਸੀ, ਹਰ ਜਗਾਹ ਸਾਫ-ਸੁਥਰੀ, ਫੁੱਲਾਂ ਬੂਟਿਆਂ ਦੀ ਬਹਾਰ, ਬੱਚੇ ਰੰਗ-ਬਿਰੰਗੇ ਕਪੜੇ ਪਾਈ ਚਹਿਕਦੇ ਫਿਰ ਰਹੇ ਸਨ।

"ਵੱਡੇ ਪਾਪਾ!ਇਹ ਮੇਰਾ ਕਲਾਸ-ਰੂਮ ਹੈ" ਸਵੀ ਨੇ ਛਾਲਾਂ ਮਾਰਦੇ ਹੋਏ ਕਾਰਟੂਨਾਂ ਵਾਲੀਆਂ ਤਸਵੀਰਾਂ ਅਤੇ ਗੇਂਦਿਆਂ ਗੁਲਾਬਾਂ ਨਾਲ ਸਜਿਆ ਕਲਾਸ-ਰੂਮ ਦਿਖਾਇਆ"

"ਵਾਹ ਬਈ ਵਾਹ! ਇਹ ਤਾਂ ਬਹੁਤ ਸੋਹਣੈ" ਕਹਿੰਦਿਆਂ ਹਰਬੰਸ ਸਿੰਘ ਨੂੰ ਲੱਗਿਆ ਜਿਵੇਂ ਉਹਦੀਆਂ ਮੁਠੀਆਂ ਬੰਦ-ਖੁੱਲ੍ਹ ਰਹੀਆਂ ਹੋਣ, ਗੁੱਟ ਏਧਰ ਉਧਰ ਮੁੜ ਰਹੇ ਹੋਣ ਤੇ ਲੱਤਾਂ ਨੂੰ ਕੜਵੱਲ ਪੈ ਰਹੇ ਹੋਣ। ਹਾਂ ਇਹ ਓਹੀ ਕਮਰਾ ਤਾਂ ਸੀ ਜਿੱਥੇ ਚੋਰ ਉਹਨੂੰ ਬੰਨ੍ਹ ਕੇ ਛੱਡ ਗਏ ਸਨ..ਜਾਂਦੇ ਜਾਂਦੇ ਚਾਰ ਥੱਪੜ ਵੀ ਮਾਰ ਗਏ ਸਨ..

ਬਲੈਕ ਬਾਸਟਰਡ ਕਹਿੰਦਿਆਂ ਦਾਹੜੀ ਨੂੰ ਵੀ ਹੱਥ ਪਾਇਆ ਸੀ" ਹਰਬੰਸ ਕਿੰਨਾ ਚਿਰ "ਬਚਾਓ ਬਚਾਓ" ਦਾ ਰੌਲਾ ਪਾਈ ਗਿਆ ਸੀ, ਉਹਨੂੰ ਅੰਗਰੇਜ਼ੀ ਵਿੱਚ "ਹੈਲਪ ਹੈਲਪ.." ਕਹਿਣਾ ਵੀ ਭੁੱਲ ਗਿਆ ਸੀ।

ਪਰ ਅੱਜ ਇਸ ਕਮਰੇ ਦੇ ਅਸਲੀ ਵਾਰਿਸ ਇੱਥੇ ਸਨ, ਮਾਸੂਮ..ਹਸੂੰ ਹਸੂੰ ਕਰਦੇ..ਛਲਾਂਗਾਂ ਮਾਰ ਰਹੇ.. ਸ਼ੋਰ ਮਚਾ ਰਹੇ.. ਉੱਚੀ ਉੱਚੀ ਗੀਤ ਗਾ ਰਹੇ..।

ਉਹਦੇ ਪੀੜ ਨਾਲ ਤਰੇੜੇ ਚਿਹਰੇ ਉੱਤੇ ਮੁਸਕੁਰਾਹਟ ਦਾ ਗੂੜ੍ਹਾ ਪੋਚਾ ਫਿਰ ਗਿਆ। ਅੱਜ ਸਕਿਊਰਿਟੀ ਗਾਰਡ ਹਰਬੰਸ ਸਿੰਘ ਜਿੱਤ ਗਿਆ ਸੀ। ਉਹਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਪੱਕੀ ਫਸਲ ਦੇਖ ਕੇ ਕਿਸਾਨ ਮਹਿਸੂਸ ਕਰਦਾ ਹੈ।

*****

## ਵਰ ਦੀ ਲੋੜ

Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.
Email: baljitsall62@hotmail.com

# Matrimonial

## ਕੰਨਿਆ ਦੀ ਲੋੜ

ਕਨੇਡੀਅਨ ਯੂਨੀਵਰਸਿਟੀ ਤੋਂ ਐਮ.ਐਸ (ਇੰਜਨੀਅਰਿੰਗ) 29 ਸਾਲ 6'2" ਜੱਟ ਸਿੱਖ ਕਨੇਡੀਅਨ ਸਿਟੀਜ਼ਨ ਕਲੀਨ ਸੇਵਨ, ਪ੍ਰੋਫ਼ੈਸ਼ਨਲ ਇੰਜਨੀਅਰਿੰਗ ਕੰਪਨੀ ਵਿੱਚ ਨੌਕਰੀ ਕਰਦੇ ਲੜਕੇ ਲਈ ਕਨੇਡੀਅਨ ਸਿਟੀਜ਼ਨ ਜਾਂ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਜ਼ਰੂਰਤ ਹੈ, ਜਿਸਦਾ ਕੱਦ ਘੱਟੋ-ਘੱਟ 5'6" ਹੋਣਾ ਚਾਹੀਦਾ ਹੈ। ਲੜਕੀ ਦੀ ਕਨੇਡੀਅਨ ਵਿਦਿਅਕ ਯੋਗਤਾ, ਗੁਣਾਂ ਨੂੰ ਪਹਿਲ, ਕੋਈ ਮੰਗ ਨਹੀਂ। ਹੋਰ ਜਾਣਕਾਰੀ ਲਈ 780-298-8693 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੰਨਿਆ ਦੀ ਲੋੜ

Professionally qualified match for Jatt Sikh Clean Shaven Canadian Citizen 29/6'2" M.S (Engineering) from Canadian University, professionally employed with an Engineering firm in Canada. Girl should be preferably 5'5" or above & presently residing in Canada/US. Her personal values & qualification main consideration, Simple marriage, No demands. Email recent pictures & complete Bio-data at jagjitbk@gmail.com or phone 780 298 8693

## ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

## ਕੰਨਿਆ ਦੀ ਲੋੜ

26 ਸਾਲ 5'9" ਜੱਟ ਸਿੱਖ ਸੰਧੂ ਕਨੇਡੀਅਨ ਸਿਟਿਜ਼ਨ ਲੜਕੇ ਲਈ ਕਨੇਡਾ ਰਹਿੰਦੀ ਸੁਨੱਖੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਜ਼ਰੂਰਤ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲਡ ਹੈ। ਸਟੂਡੈਂਟ/ਵਿਜ਼ਟਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਚਾਹਵਾਨ 780-669-0456 ਜਾਂ 780-628-2090 ਜਾਂ karan_sandhu@gmail.com ਤੇ ਸੰਪਰਕ ਕਰ ਸਕਦੇ ਹਨ।

# Classified Plus

## ਡਰਾਈਵਰ ਦੀ ਲੋੜ

ਗਰੈਵਲ ਟਰੱਕ ਲਈ ਡਰਾਈਵਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਕੰਮ ਕਰਨ ਦਾ ਤਜਰਬਾ ਹੋਵੇ। ਵਧੀਆ ਤਨਖ਼ਾਹ। ਸੰਪਰਕ 780-271-5061, Email : gak.nijjar@yahoo.ca

## ਨੈਨੀ ਦੀ ਲੋੜ

ਬਜੁਰਗਾਂ ਦੀ ਸਾਂਭ-ਸੰਭਾਲ ਲਈ ਪੰਜਾਬੀ ਬੋਲਣ ਵਾਲੀ ਨੈਨੀ ਦੀ ਜਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780 863 0238 (ਮੋਬ.) ਜਾਂ 780-462-0238 (ਘਰ)




City Estates

All Types of Property, Plots & Kothis available for Sale & Purchase in Chandigarh/Mohali/ Panchkula.

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)
011 91 98147 11263 or 011 91 98729 73304


## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

ਸੰਪਰਕ: ਜਸਮੇਰ ਸਿੰਘ 780-504-7254


Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811



Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL
REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



Cell: 780-909-5154



9222-51 Avenue, Edmonton, AB T6E 5L8
Phone: 780-439-9818, Fax: 780-439-1257

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ

ਲੜੀ ਨੰਬਰ : 15

# ਵੇਖਿਆ ਸ਼ਹਿਰ ਬੰਬਈ

'ਅੱਜ ਇਸੇ ਚੌਕ ਵਿਚ ਬੈਠ ਕੇ ਕਸਮ ਖਾ, ਕਸਮ ਖਾ ਉਸ ਪੱਗਾਂ ਰੰਗਣ ਵਾਲੇ ਤਖਤਪੋਸ਼ ਦੀ, ਕਸਮ ਖਾ ਉਸ ਖਰਬੂਜ਼ੇ ਵੇਚਣ ਵਾਲੀ ਰੇੜ੍ਹੀ ਦੀ, ਕਸਮ ਖਾ ਅਪਣੇ ਯਾਰ ਪਰਕਾਸ਼ ਦੀ, ਕਸਮ ਖਾ ਉਸ ਪਾਸਪੋਰਟ 'ਤੇ ਲੱਗੇ ਸਵੈਟਰ ਦੀ ਕਿ ਤੂੰ ਮੁੜ ਕੇ ਫਿਲਮਾਂ ਵਿਚ ਨਹੀਂ ਪਰਤੇਂਗਾ, ਨਾ ਹੀ ਤੂੰ ਫਿਲਮ ਰਿਲੀਜ਼ ਹੁੰਦੀ ਵੇਖੇਂਗਾ, ਫਿਲਮ ਨਾਲ ਸਬੰਘਤ ਕਿਸੇ ਵੀ ਬੰਦੇ ਨੂੰ ਦੁਬਾਰਾ ਨਹੀਂ ਮਿਲੇਂਗਾ, ਨਾ ਹੀ ਕੋਈ ਫਿਲਮ ਵੇਖੇਂਗਾ... ਨਾ ਕੋਈ ਫਿਲਮ ਮੈਗਜ਼ੀਨ ਪੜ੍ਹੇਂਗਾ... ਪੂਰਾ ਨਾਤਾ ਤੋੜ ਲਵੇਂਗਾ ਇਸ ਫਿਲਮੀ ਦੁਨੀਆ ਤੋਂ ਤੇ ਸਭ ਤੋਂ ਵੱਧ ਕਦੇ ਵੀ ਬੀਤੇ ਪਲਾਂ ਨੂੰ ਯਾਦ ਨਹੀਂ ਕਰੇਂਗਾ... ਕੱਢ ਦੇਵੇਂਗਾ ਅਪਣੇ ਦਿਲ ਦਿਮਾਗ ਵਿਚੋਂ ਇਸ ਦੌਰ ਨੂੰ, ਇਸ ਬੀਤੇ ਸਮੇਂ ਨੂੰ, ਨਹੀਂ ਤਾਂ ਆਉਣ ਵਾਲੀ ਤੇਰੀ ਜ਼ਿੰਦਗੀ ਵਿਚ ਇਹ ਹਨੇਰਾ ਲਿਆਉਂਦੇ ਹੀ ਰਹਿਣਗੇ... ਰੌਸ਼ਨੀਆਂ ਵਿਚ ਕਾਲਖ ਭਰਦੇ ਰਹਿਣਗੇ।''



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਦੂਸਰੇ ਦਿਨ ਦੀ ਸ਼ਾਮ ਨੂੰ ਮੈਂ ਨਕੋਦਰ ਦੇ ਉਸੇ ਚੌਕ ਵਿਚ ਖੜ੍ਹਾ ਸਾਂ ਜਿੱਥੇ ਕਦੇ ਬੈਠ ਕੇ ਪੱਗਾਂ ਰੰਗੀਆਂ ਸਨ, ਖਰਬੂਜ਼ੇ ਵੇਚਣ ਦੀ ਰੇੜ੍ਹੀ ਲਾਈ ਸੀ... ਫਿਲਮਾਂ ਦੇ ਬੋਰਡ ਲਿਖਦਾ ਸਾਂ।

ਇਸ ਚੌਕ ਵਿਚ ਬਿਤਾਇਆ ਹੋਇਆ ਇਕ ਇਕ ਪਲ ਮੇਰੀਆਂ ਅੱਖਾਂ ਅੱਗੋਂ ਫਿਲਮ ਦੀ ਰੀਲ ਵਾਂਗ ਘੁੰਮ ਰਿਹਾ ਸੀ। ਮੈਂ ਅਪਣੇ ਆਪ ਨਾਲ ਉਲਝਿਆ ਹੋਇਆ ਸਾਂ, ਦੋ ਖਿਆਲ ਆਪਿਸ ਵਿਚ ਟਕਰਾ ਪਏ ਸਨ... ਚੰਨਾ ਤੇ ਗੁਰਚਰਨ ਸੱਗੂ ਆਪਿਸ ਵਿਚ ਘਸੁੰਨ ਮੁੱਕੀ ਹੋ ਰਹੇ ਸਨ।

ਚੰਨਾ ਕਹਿ ਰਿਹਾ ਸੀ, 'ਵੇਖ ਤੂੰ ਇਸੇ ਚੌਕ ਵਿਚ ਕਈ ਵਾਰੀ ਸਾਰਾ ਸਾਰਾ ਦਿਨ ਬੈਠਾ ਰਹਿੰਦਾ ਸੈਂ, ਸ਼ਾਮ ਤੱਕ ਕਿਸੇ ਦੀ ਪੱਗ ਦੀ ਮੈਲ ਧੋਅ ਕੇ ਇਕ ਦੁਆਨੀ ਵੀ ਨਹੀਂ ਸੀ ਵੱਟੀ ਜਾਂਦੀ ਤੇਰੇ ਕੋਲੋਂ...

... ਤੈਨੂੰ ਯਾਦ ਨਹੀਂ ਉਹ ਦਿਨ ਜਦ ਤੇਰੀ ਖਰਬੂਜ਼ਿਆਂ ਵਾਲੀ ਰੇੜੀ ਪੁਲਿਸ ਚੌਕੀ ਵਾਲੇ ਲੈ ਗਏ ਸਨ, ਸ਼ਾਮ ਤੱਕ ਉਹਨਾਂ ਸਾਰੇ ਖਰਬੂਜ਼ੇ ਖਾ ਕੇ ਖਾਲੀ ਰੇੜ੍ਹੀ ਦੂਸਰੇ ਦਿਨ ਵਾਪਿਸ ਕਰ ਦਿੱਤੀ ਸੀ ਤੈਨੂੰ.... ਯਾਦ ਕਰ ਉਹ ਦਿਨ ਰਾਤ ਨੂੰ ਪਾਸਪੋਰਟ ਲਈ ਫੋਟੋ ਖਿਚਵਾਉਣ ਵੇਲੇ, ਅਪਣੇ ਨਾਲ ਬੈਠੇ ਹੁੰਦੇ ਜੁੱਤੀਆਂ ਗੰਢਣ ਵਾਲੇ ਪਰਕਾਸ਼ ਦਾ ਸਵੈਟਰ ਉਧਾਰਾ ਲੈ ਕੇ ਫੋਟੋ ਖਿਚਵਾਈ ਸੀ... ਜ਼ਰਾ ਉਹ ਅਪਣਾ ਪੁਰਾਣਾ ਪਾਸਪੋਰਟ ਵੇਖ, ਪਰਕਾਸ਼ ਵਾਲਾ ਉਹ ਸਵੈਟਰ ਅਜੇ ਵੀ ਚਮਕ ਰਿਹਾ ਹੈ... ਨਵਾਂ ਲੱਗ ਰਿਹਾ ਹੈ ਅਜੇ ਵੀ ਜਦ ਕਿ ਪਰਕਾਸ਼ ਜੁੱਤੀਆਂ ਗੰਢਦਾ ਗੰਢਦਾ ਇਸੇ ਚੌਕ ਵਿਚ ਇਕ ਦਿਨ ਮਰ ਗਿਆ ਸੀ।

... ਤੇ ਤੂੰ ਤੀਹ ਸਾਲ ਵਲੈਤ ਵਿਚ ਰਹਿ ਕੇ, ਖਰਬੂਜ਼ਿਆਂ ਦੀ ਰੇੜ੍ਹੀ ਤੋਂ ਉੱਠ ਕੇ, ਪੱਗਾਂ ਰੰਗਣ ਵਾਲੇ ਫੱਟੇ ਤੋਂ ਉੱਠ ਕੇ ਲੰਡਨ ਵਿਚ ਕੱਪੜੇ ਦਾ ਇਕ ਅੱਛਾ ਖਾਸਾ ਵਿਉਪਾਰੀ ਬਣ ਗਿਆ ਸੈਂ। ਕਰੋੜਾਂ ਰੁਪਏ ਤੂੰ ਕਮਾਏ, ਜੇ ਹੁਣ ਇਹ ਕਰੋੜਾਂ ਗੁਆ ਲਏ ਹਨ ਤਾਂ ਟੁੱਟ ਨਾ ਤੂੰ... ਤੇਰੇ ਵਿਚ ਹਿੰਮਤ ਹੈ... ਤੇਰੇ ਵਿਚ ਸਾਹਸ ਹੈ, ਤੇਰੇ ਵਿਚ ਗੁਣ ਹੈ... ਤੈਨੂੰ ਅਪਣੇ ਵਿਉਪਾਰ ਦੀ ਜਾਣਕਾਰੀ ਹੈ... ਤੂੰ ਇਹ ਗੁਆਚੇ ਪੈਸੇ ਫਿਰ ਵਾਪਿਸ ਲਿਆ ਸਕਦਾ ਹੈਂ....''

''ਵੇਖ ਪਰਕਾਸ਼ ਵੱਲ, ਉਹ ਤੀਹ ਸਾਲ ਜੁੱਤੀਆਂ ਗੰਢਦਾ ਇਸੇ ਚੌਕ ਵਿਚ ਮਰ ਗਿਆ... ਤੂੰ ਵੇਖ ਅਪਣੇ ਵੱਲ, ਕਰੋੜਾਂ ਦੀ ਕੋਠੀ ਵਿਚ ਅਜੇ ਵੀ ਰਹਿ ਰਿਹਾ ਹੈਂ... ਬੀਵੀ ਬੱਚੇ ਤੇਰੇ ਨਾਲ ਹਨ... ਪਰਕਾਸ਼ ਮਰ ਗਿਆ ਹੈ... ਤੂੰ ਮਰਿਆ ਨਹੀਂ, ਤੇਰਾ ਪੈਸਾ ਮਰਿਆ ਹੈ,

– ਤੂੰ ਅਜੇ ਜ਼ਿੰਦਾ ਹੈਂ ਸੱਗੂ... ਤੂੰ ਅਜੇ ਜ਼ਿੰਦਾ ਹੈਂ''

ਸੱਗੂ ਬੋਲ ਰਿਹਾ ਸੀ....''ਅੱਜ ਇਸੇ ਚੌਕ ਵਿਚ ਬੈਠ ਕੇ ਕਸਮ ਖਾ, ਕਸਮ ਖਾ ਉਸ ਪੱਗਾਂ ਰੰਗਣ ਵਾਲੇ ਤਖਤਪੋਸ਼ ਦੀ, ਕਸਮ ਖਾ ਉਸ ਖਰਬੂਜ਼ੇ ਵੇਚਣ ਵਾਲੀ ਰੇੜ੍ਹੀ ਦੀ, ਕਸਮ ਖਾ ਅਪਣੇ ਯਾਰ ਪਰਕਾਸ਼ ਦੀ, ਕਸਮ ਖਾ ਉਸ ਪਾਸਪੋਰਟ 'ਤੇ ਲੱਗੇ ਸਵੈਟਰ ਦੀ ਕਿ ਤੂੰ ਮੁੜ ਕੇ ਫਿਲਮਾਂ ਵਿਚ ਨਹੀਂ ਪਰਤੇਂਗਾ, ਨਾ ਹੀ ਤੂੰ ਫਿਲਮ ਰਿਲੀਜ਼ ਹੁੰਦੀ ਵੇਖੇਂਗਾ, ਫਿਲਮ ਨਾਲ ਸਬੰਘਤ ਕਿਸੇ ਵੀ ਬੰਦੇ ਨੂੰ ਦੁਬਾਰਾ ਨਹੀਂ ਮਿਲੇਂਗਾ, ਨਾ ਹੀ ਕੋਈ ਫਿਲਮ ਵੇਖੇਂਗਾ... ਨਾ ਕੋਈ ਫਿਲਮ ਮੈਗਜ਼ੀਨ ਪੜ੍ਹੇਂਗਾ... ਪੂਰਾ ਨਾਤਾ ਤੋੜ ਲਵੇਂਗਾ ਇਸ ਫਿਲਮੀ ਦੁਨੀਆ ਤੋਂ ਤੇ ਸਭ ਤੋਂ ਵੱਧ ਕਦੇ ਵੀ ਬੀਤੇ ਪਲਾਂ ਨੂੰ ਯਾਦ ਨਹੀਂ ਕਰੇਂਗਾ... ਕੱਢ ਦੇਵੇਂਗਾ ਅਪਣੇ ਦਿਲ ਦਿਮਾਗ ਵਿਚੋਂ ਇਸ ਦੌਰ ਨੂੰ, ਇਸ ਬੀਤੇ ਸਮੇਂ ਨੂੰ, ਨਹੀਂ ਤਾਂ ਆਉਣ ਵਾਲੀ ਤੇਰੀ ਜ਼ਿੰਦਗੀ ਵਿਚ ਇਹ ਹਨੇਰਾ ਲਿਆਉਂਦੇ ਹੀ ਰਹਿਣਗੇ... ਰੌਸ਼ਨੀਆਂ ਵਿਚ ਕਾਲਖ ਭਰਦੇ ਰਹਿਣਗੇ।''

''... ਤੇ ਗੱਲ ਹੋਰ ਸੁਣ ਜੇ ਤੂੰ ਅੱਜ ਇਸ ਚੌਕ ਵਿਚ ਬੈਠ ਕੇ ਇਹ ਪ੍ਰਣ ਨਹੀਂ ਕਰਦਾ ਤਾਂ ਕਾਲੀ ਰਾਤ ਦੇ ਹਨੇਰੇ ਵਿਚ ਭਟਕਦਾ ਫਿਰੇਂਗਾ... ਤੇਰੀ ਧਰਤੀ 'ਤੇ ਸੂਰਜ ਕਦੇ ਨਹੀਂ ਚੜ੍ਹੇਗਾ।''

... ਤੇ ਮੈਂ ਕਸਮ ਖਾ ਲਈ ਉਸ ਸ਼ਾਮ ਇਹ ਸਭ ਕੁਝ ਕਰਨ ਲਈ, ਮੱਥਾ ਟੇਕਿਆ ਚੌਕ ਨੂੰ, ਮਿੱਟੀ ਨੂੰ ਚੁੰਮਿਆ, ਮੱਥੇ ਲਾਇਆ। ਦਿਲ ਦਿਮਾਗ ਵਿਚੋਂ ਮਾਯੂਸੀ ਨੂੰ ਕੱਢ ਮਾਰਿਆ, ਸਭ ਜ਼ਖ਼ਮਾਂ ਨੂੰ ਦਫਨਾ ਦਿੱਤਾ, ਇਸ ਮਿੱਟੀ ਵਿਚ ... ਮਰੇ ਹੋਏ ਪਰਕਾਸ਼ ਦੀ ਮਿੱਟੀ ਨਾਲ।

ਵਿਦਿਆ ਭੂਸ਼ਨ ਸਹਿਦੇਵ ਮੇਰੇ ਬਚਪਨ ਦਾ ਯਾਰ ਹੈ। ਇਕੱਠੇ ਹੀ ਅਸੀਂ ਆਰੀਆ ਸਮਾਜ ਸਕੂਲ ਨਕੋਦਰ ਪੜ੍ਹੇ ਸਾਂ। ਸ਼ਹਿਰ ਰਹਿੰਦਾ ਉਹ ਸੁਨਿਆਰਿਆਂ ਦਾ ਮੁੰਡਾ ਬੜਾ ਹੀ ਸੋਹਣਾ ਹੁੰਦਾ ਸੀ ਜਦਕਿ ਮੈਂ ਬਾਰਾਂ ਤੇਰਾਂ ਦੀ ਉਮਰੇ ਲੋਹੀਆਂ ਲਾਗੇ ਇਕ ਛੋਟੇ ਜਿਹੇ ਪਿੰਡ ਵਿਚੋਂ ਉੱਠ ਕੇ ਨਕੋਦਰ ਆ ਗਿਆ ਸਾਂ। ਲਾਲ ਗੋਰੀਆਂ ਉਸਦੀਆਂ ਗੱਲ੍ਹਾਂ ਮੈਨੂੰ ਬੜੀਆਂ ਹੀ ਚੰਗੀਆਂ ਲੱਗਣੀਆਂ, ਹੱਥ ਲਾ ਲਾ ਕੇ ਮੈਂ ਉਹਨਾਂ ਨੂੰ ਛੋਹਣਾ, ਜਿਵੇਂ ਉਹ ਕਿਸੇ ਪੰਦਰਾਂ ਸੋਲਾਂ ਸਾਲ ਦੀ ਉਮਰ ਦੀ ਕੁੜੀ ਦੀਆਂ ਕੂਲੀਆਂ ਗੱਲ੍ਹਾਂ ਹੋਵਣ। ਇਕ ਇਸ਼ਕ ਜਿਹਾ ਹੋ ਗਿਆ ਸੀ ਮੈਨੂੰ ਉਸ ਨਾਲ ... ਕਿਆ ਕੱਚੀ ਉਮਰ ਸੀ ਉਹ... ਜਿਵੇਂ ਸੇਬ ਪੱਕ ਰਹੇ ਹੋਣ... ਅਨਾਰ ਲਾਲ ਹੋ ਰਹੇ ਹੋਣ।

ਫਿਰ ਸਾਡੀ ਦੋਸਤੀ ਹੋ ਗਈ। ਪਿਛਲੇ ਤੀਹ ਸਾਲ ਤੋਂ ਨਕੋਦਰ ਵਿਚ ਇਕੋ ਇਕ ਮੇਰੀ ਦੋਸਤੀ ਨਿਭਾ ਰਿਹਾ ਯਾਰ ਸੀ ਮੇਰਾ ਭੂਸ਼ਨ। ਅੱਡਾ ਮਹਿਤਪੁਰ, ਬਜ਼ਾਰ ਬਾਬਾ ਮਲਿਕ ਵਿਚ ਉਹ ਜੰਮਿਆ, ਪਲਿਆ, ਵੱਡਾ ਹੋਇਆ ਤੇ ਫਿਰ ਦਸ ਪੜ੍ਹਕੇ ਪਿਤਾ ਦੀ ਮਨਿਆਰੀ, ਕਿਤਾਬਾਂ ਕਾਪੀਆਂ ਦੀ ਦੁਕਾਨ 'ਤੇ ਬੈਠ ਗਿਆ। ਨਕੋਦਰ ਕਸਬੇ ਵਿਚ ਦਰਮਿਆਨੇ ਦਰਜ਼ੇ ਦਾ ਕਾਰੋਬਾਰ, ਵਾਹਵਾ ਗੁਜ਼ਾਰੇ ਵਾਲਾ ਸੀ ਘਰ ਬਾਰ।

ਮੈਂ ਉਸ ਨੂੰ ਜਾ ਕੇ ਅਪਣਾ ਦੁੱਖ ਦੱਸਿਆ, ਕਹਿਣ ਲੱਗਿਆ, ''ਤੂੰ ਫਿਕਰ ਨਾ ਕਰ, ਕਿੰਨਾ ਪੈਸਾ ਚਾਹੀਦਾ ਹੈ ਤੈਨੂੰ? ਮੈਂ ਜੋ ਹਾਂ, ਮੇਰੇ ਕੋਲ ਜੋ ਵੀ ਹੈ, ਉਹ ਤੇਰਾ ਹੈ... ਦੋ ਤਿੰਨ ਲੱਖ ਮੇਰੇ ਕੋਲ ਹੈ, ਹੋਰ ਜਿੰਨਾ ਵੀ ਚਾਹੀਦਾ ਹੋਵੇ ਮੈਂ ਇੰਤਜ਼ਾਮ ਕਰ ਦਿਆਂਗਾ।''

1972 ਵਿਚ ਮੈਂ ਨਕੋਦਰ ਵਿਚਲੇ ਅਪਣੇ ਕੱਚੇ ਘਰ ਨੂੰ ਢਾਹ ਕੇ ਇਕ ਪੱਕਾ, ਨਵਾਂ ਘਰ ਬਣਵਾ ਆਇਆ ਸਾਂ। ਲੰਡਨ ਵਿਚ ਬੱਸ ਡਰਾਈਵਰ ਦੀ ਨੌਕਰੀ ਛੱਡ ਕੇ ਤਕਰੀਬਨ ਛੇ ਮਹੀਨੇ ਮੈਂ ਨਕੋਦਰ ਠਹਿਰਿਆ ਸਾਂ। ਮਕਾਨ ਮੁਕੰਮਲ ਹੋਣ ਤੋਂ ਬਾਅਦ ਦਸ ਹਜ਼ਾਰ ਰੁਪਿਆ ਬਚ ਗਿਆ ਸੀ ਮੇਰਾ। ਭੂਸ਼ਨ ਨੇ ਉਹ ਪੈਸਾ ਮੇਰੇ ਨਾਲ ਜਾ ਕੇ ਬੈਂਕ ਆਫ ਇੰਡੀਆ ਵਿਚ 'ਫਿਕਸਡ ਡਿਪਾਜ਼ਿਟ' ਕਰਵਾ ਦਿੱਤਾ ਸੀ। ਬੈਂਕ ਦੀ ਕਾਪੀ ਭੂਸ਼ਨ ਕੋਲ ਹੀ ਰਹਿੰਦੀ ਸੀ, ਉਹ ਹੀ ਇਸ ਨੂੰ ਤਿੰਨ ਸਾਲ ਬਾਅਦ ਨਵੀਂ ਕਰਵਾਉਂਦਾ ਰਹਿੰਦਾ ਸੀ।

''ਕਿੰਨੇ ਕੁ ਪੈਸੇ ਹੋ ਗਏ ਹੋਣਗੇ ਇਸ ਕਾਪੀ ਵਿਚ'', ਮੈਂ ਉਸ ਨੂੰ ਪੁੱਛਦਾ ਹਾਂ, ਇਹ ਗੱਲ ਪੁੱਛਦਿਆਂ ਮੈਨੂੰ ਬੜੀ ਸ਼ਰਮ ਵੀ ਆ ਰਹੀ ਸੀ।

ਸਵੇਰ ਨੂੰ ਅਸੀਂ ਬੈਂਕ ਵਿਚ ਸਾਂ। 1972 ਦੇ ਫਿਕਸਡ ਡਿਪਾਜ਼ਿਟ ਕੀਤੇ ਦਸ ਹਜ਼ਾਰ 1995 ਵਿਚ ਵਧ ਕੇ ਪੰਜਾਹ ਹਜ਼ਾਰ ਰੁਪਏ ਤੋਂ ਕੁਝ ਉੱਪਰ ਹੋ ਗਏ ਸਨ।

ਮੈਂ ਇਹ ਪੰਜਾਹ ਹਜ਼ਾਰ ਰੁਪਿਆ ਕੈਸ਼ ਕਢਵਾ ਲਿਆ, ਭੂਸ਼ਨ ਦਾ ਇਹ ਪੈਸਾ ਸਾਂਭ ਕੇ ਰੱਖਣ ਦਾ ਸ਼ੁਕਰੀਆ ਕੀਤਾ ਤੇ ਦਿੱਲੀ ਲਈ ਚੱਲ ਪਿਆ। ਰਾਤ ਦੇ ਤਕਰੀਬਨ ਗਿਆਰਾਂ ਵਜੇ ਮੈਂ ਦਿੱਲੀ ਰੇਲਵੇ ਸਟੇਸ਼ਨ 'ਤੇ ਉਤਰਦਾ ਹਾਂ। ਜੇਬ ਵਿਚ ਪੰਜਾਹ ਹਜ਼ਾਰ ਰੁਪਿਆ ਕੈਸ਼ ਹੈ, ਮੈਂ ਡਰ ਰਿਹਾ ਸਾਂ, ਹਰ ਦੋ ਮਿੰਟ ਬਾਅਦ ਜੇਬ ਚੈਕ ਕਰਦਾ ਸਾਂ। ਲੱਖਾਂ ਕਰੋੜਾਂ ਰੋੜਨ ਵਾਲਾ ਪੰਜਾਹ ਹਜ਼ਾਰ ਨੂੰ ਕਿਵੇਂ ਘੁੱਟ ਰਿਹਾ ਸੀ, ਇਸ ਪੈਸੇ ਦੀ ਅਸਲ ਕੀਮਤ ਮੈਨੂੰ ਹੁਣ ਦਿਸ ਰਹੀ ਸੀ।

ਦਿੱਲੀ ਪਹਾੜਗੰਜ ਵਾਲੇ ਪਾਸਿਓਂ ਸਟੇਸ਼ਨ ਤੋਂ ਉਤਰ ਕੇ ਮੈਂ ਜਨਕਪੁਰੀ ਜਾਣ ਵਾਲੀ ਬਸ ਫੜਦਾ ਹਾਂ, ਟੈਕਸੀ ਵਿਚ ਜਾਣ ਤੋਂ ਡਰ ਲੱਗ ਰਿਹਾ ਸੀ। ਇਕ ਘੰਟੇ ਦਾ ਸਫਰ ਕੱਟਣਾ ਮੇਰੇ ਲਈ ਮੁਸ਼ਕਲ ਹੋ ਰਿਹਾ ਸੀ। ਮੇਰੇ ਲਈ ਇਹ ਪੰਜਾਹ ਹਜ਼ਾਰ ਰੁਪਿਆ ਜ਼ਿੰਦਗੀ ਭਰ ਦੀ ਕੀਤੀ ਕਮਾਈ ਤੋਂ ਕਿਤੇ ਵਧ ਲੱਗ ਰਿਹਾ ਸੀ, ਇਸ ਨੂੰ ਮੈਂ ਕਿਸੇ ਹਾਲਤ ਵਿਚ ਵੀ ਗੁਆਉਣਾ ਨਹੀਂ ਸੀ ਚਾਹੁੰਦਾ। ਬਸ ਵਿਚ ਬੈਠਾ ਮੈਂ ਲਗਾਤਾਰ ਆਲਾ ਦੁਆਲਾ ਵੇਖ ਰਿਹਾ ਸਾਂ, ਮੇਰੇ ਨਾਲ ਕੌਣ ਬੈਠਾ ਹੈ, ਸਾਹਮਣੇ ਪਿੱਛੇ ਕੌਣ ਹੈ। ਰਾਤ ਦੇ ਬਾਰਾਂ ਵੱਜਣ ਵਾਲੇ ਸਨ, ਕਿੰਨਾ ਲੰਬਾ ਸਫਰ ਲੱਗ ਰਿਹਾ ਸੀ ਮੈਨੂੰ ਇਹ ਪਹਾੜਗੰਜ ਤੋਂ ਜਨਕਪੁਰੀ ਦਾ, ਰਾਤ ਦਾ ਘੁੱਪ ਹਨੇਰਾ, ਬਸ ਭੀੜ ਨਾਲ ਭਰੀ, ਮੈਂ ਪੰਜਾਹ ਹਜ਼ਾਰ ਰੁਪਿਆ ਅੰਦਰ ਸਾਂਭੀ ਘੁਟਿਆ ਹੋਇਆ... ਸਹਿਮਿਆਂ ਸਹਿਮਿਆ।

ਮੇਰੀਆਂ ਅੱਖਾਂ ਵਿਚੋਂ ਆਪ ਮੁਹਾਰੇ ਅਥਰੂ ਨਿਕਲ ਰਹੇ ਸਨ, ਜਿਹਨਾਂ ਨੂੰ ਛੁਪਾਉਣ ਲਈ ਮੈਂ ਬਾਰ ਬਾਰ ਜੇਬ੍ਹ ਵਿਚੋਂ ਰੁਮਾਲ ਕੱਢਦਾ ਸਾਂ। ਮੇਰੇ ਲਈ ਇਹ ਸਿਰਫ ਪੰਜਾਹ ਹਜ਼ਾਰ ਰੁਪਿਆ ਨਹੀਂ ਸੀ, ਲੱਖਾਂ ਕਰੋੜਾਂ ਤੋਂ ਵੱਧ ਸੀ, ਇਸ ਪੈਸੇ ਨਾਲ ਮੈਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਸੀ। ਇਸ ਪੈਸੇ ਨਾਲ ਹੀ ਮੈਂ ਨਵੀਆਂ ਨੀਹਾਂ ਦੀ ਚਿਣਾਈ ਕਰਨੀ ਸੀ, ਢੱਠ ਚੁੱਕੇ ਮਹਿਲਾਂ ਨੂੰ ਫਿਰ ਉਸਾਰਨਾ ਸੀ।

ਦੂਸਰੇ ਦਿਨ ਮੈਂ ਬੰਬਈ ਵਿਚ ਸਾਂ। ਬੰਬਈ ਵਿਚ ਪਿਛਲੇ ਚਾਰ ਪੰਜ ਸਾਲ ਤੋਂ ਰਹਿੰਦਿਆਂ ਮੈਂ ਬੱਚਿਆਂ ਦੇ ਕੱਪੜੇ ਬਣਾਉਣ ਦੀਆਂ ਕਈ ਫੈਕਟਰੀਆਂ ਵਿਚ ਵੀ ਗੇੜੇ ਮਾਰਦਾ ਰਹਿੰਦਾ ਸਾਂ ਪਰ ਕਦੇ ਵੀ ਮਾਲ ਵਗੈਰਾ ਲੈ ਕੇ ਨਹੀਂ ਸੀ ਗਿਆ ਕਿਉਂਕਿ ਸਾਡਾ ਕਾਰੋਬਾਰ ਕੁਝ ਵੱਖਰੀ ਕਿਸਮ ਦਾ ਸੀ।

ਪਰ ਹੁਣ ਤਾਂ ਉਹ ਮਾਲ ਵੀ ਦੁਕਾਨ ਵਿਚ ਨਹੀਂ ਸੀ, ਖਾਲੀ ਵਰਗੀ ਦੁਕਾਨ ਸੀ, ਗਾਹਕ ਕਿਥੋਂ ਆਉਂਦੇ... ਨਾ ਮਾਲ ਨਾ ਗਾਹਕ।

ਇਸ ਪੰਜਾਹ ਹਜ਼ਾਰ ਨਾਲ ਦੂਸਰੇ ਦਿਨ ਮੈਂ ਸਾਰੀਆਂ ਫੈਕਟਰੀਆਂ ਵਿਚ ਘੁੰਮਿਆ। ਪਸੰਦ ਮੁਤਾਬਕ ਬੱਚਿਆਂ ਦੇ ਕੱਪੜੇ ਖਰੀਦ ਰਿਹਾ ਸਾਂ। ਕਦੇ ਇਕ ਫੈਕਟਰੀ ਤੇ ਕਦੇ ਦੂਸਰੀ, ਸਾਹੋ ਸਾਹੀ ਹੋਇਆ ਇਕ ਪੌੜੀਆਂ ਉਤਰ ਰਿਹਾ ਸਾਂ.... ਦੂਸਰੀਆਂ ਚੜ੍ਹ ਰਿਹਾ ਸਾਂ... ਪੈਰ ਦੁੱਖਣ ਲੱਗ ਪਏ ਸਨ, ਪਰ ਮੈਂ ਲਗਾਤਾਰ ਅਜੇ ਵੀ ਘੁੰਮੀ ਜਾ ਰਿਹਾ ਸਾਂ।

ਸ਼ਾਮ ਹੋ ਗਈ ਸੀ, ਫਲਾਈਟ ਦਾ ਟਾਈਮ ਹੋਣ ਵਾਲਾ ਸੀ, ਮੈਂ ਸੂਟਕੇਸ ਤੁੰਨ ਤੁੰਨ ਕੇ ਭਰ ਰਿਹਾ ਸਾਂ, ਦੋ ਹੈਂਡ ਬੈਗਾਂ ਨੂੰ ਸਾਹ ਨਹੀਂ ਸੀ ਆ ਰਿਹਾ। ਏਅਰਪੋਰਟ 'ਤੇ ਚੈਕਿੰਗ ਕਰਨ ਵਾਲੀ ਨਾਲ ਕੁਝ ਗਿਟ ਮਿਟ ਕਰਦਾ ਹਾਂ ਤੇ ਸਾਰਾ ਸਮਾਨ ਕੱਢਵਾ ਲੈਂਦਾ ਹਾਂ।

ਲੰਡਨ ਵਿਚ ਸੋਮਵਾਰ ਦੀ ਸੁਬਹ ਸਵੇਰ ਸੀ, ਨਵੇਂ ਮਹੀਨੇ ਦਾ ਪਹਿਲਾ ਦਿਨ... ਨਵੇਂ ਹਫਤੇ ਦਾ ਪਹਿਲਾ ਦਿਨ।

ਮੈਂ ਅੱਜ ਕੱਲ੍ਹ ਕੁਝ ਜਲਦੀ ਉੱਠ ਖੜੋਂਦਾ ਹਾਂ। ਘਰ ਦੇ ਪਿਛਵਾੜੇ ਲੱਗੇ ਫੁੱਲ ਤਰੇਲ ਨਾਲ ਭਰੇ ਪਏ ਹਨ; ਲਾਲ, ਪੀਲੇ, ਕੇਸਰੀ ਗੁਲਾਬ... ਵੱਡੇ ਰੁੱਖਾਂ ਦੇ ਪੱਤੇ ਹਿੱਲ ਰਹੇ ਹਨ, ਠੰਡੀ ਠੰਡੀ ਹਵਾ ਆ ਰਹੀ ਹੈ... ਨੰਗੇ ਪੈਰੀਂ ਮੈਂ ਘਾਹ 'ਤੇ ਤੁਰਦਾ ਹਾਂ.... ਫੁੱਲਾਂ ਨੂੰ ਪਾਣੀ ਦੇਣ ਲੱਗਦਾ ਹਾਂ....

ਹੁਣ ਬੀਵੀ ਬੱਚੇ ਵੀ ਉੱਠ ਖੜੋਤੇ ਹਨ, ਦੋ ਮਹੀਨਿਆਂ ਬਾਅਦ ਮੈਨੂੰ ਵੇਖ ਕੇ ਸਾਰੇ ਹੀ ਬੜੇ ਖੁਸ਼ ਹਨ। ਅਸੀਂ ਸਾਰੇ ਇਕ ਦੂਸਰੇ ਨੂੰ ਜੱਫੀਆਂ ਵਿਚ ਘੁੱਟਦੇ ਹਾਂ... ਠੰਡੀ ਸੁਬਹ ਸਵੇਰ, ਮੇਰੀਆਂ ਅੱਖਾਂ ਵਿਚੋਂ ਦੋ ਅੱਥਰੂ ਟਪਕਦੇ ਹਨ... ਖੁੱਲ੍ਹੀ ਹਵਾ ਵਿਚ ਡੂੰਘਾ ਸਾਹ ਭਰਦਾ ਹਾਂ...

ਕੁਝ ਦੇਰ ਬਾਅਦ ਮੈਂ ਅਪਣਾ ਸੂਟਕੇਸ ਤੇ ਹੈਂਡ ਬੈਗ ਖੋਲ੍ਹੀ ਨਵਾਂ ਲਿਆਂਦਾ ਮਾਲ ਦੁਕਾਨ ਦੀਆਂ ਸ਼ੈਲਫਾਂ ਵਿਚ ਟਿਕਾ ਰਿਹਾ ਸਾਂ।

ਤੇ ਅੱਜ....ਚੌਦਾਂ ਸਾਲ ਬਾਅਦ....

ਏਨੀਆਂ ਸਹੇੜੀਆਂ ਮੁਸੀਬਤਾਂ ਤੋਂ ਬਾਅਦ ਆਖਿਰ 1995 ਵਿਚ ਮੇਰੀ ਇਹ ਫਿਲਮ ਰਿਲੀਜ਼ ਹੋ ਗਈ ਸੀ, ਸਾਰੇ ਹਿੰਦੁਸਤਾਨ ਵਿਚ ਇਕੋ ਵਕਤ, ਇਕੋ ਦਿਨ ਸ਼ੁੱਕਰਵਾਰ ਪ੍ਰੋਡਿਊਸਰ ਗੁਰਚਰਨ ਸੱਗੂ ਦੀ ਇਸ ਫਿਲਮ ਦੇ ਸ਼ੋਅ ਚੱਲ ਰਹੇ ਸਨ ਪਰ ਮੈਨੂੰ ਇਹਨਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਰਹੀ।

ਉਧਰ ਸਿਨੇਮਾ ਘਰਾਂ ਵਿਚ 'ਅੰਤਿਮ ਨਿਯਾਏ' ਚੱਲ ਰਹੀ ਸੀ। ਇਧਰ ਮੇਰੀ ਫਿਲਮੀ ਜ਼ਿੰਦਗੀ ਦਾ ਅੰਤਿਮ ਨਿਯਾਏ ਹੋ ਚੁੱਕਿਆ ਸੀ।

(ਚਲਦਾ)





# ਪੰਜਾਬ ਹੈਰੀਟੇਜ਼ ਫਾਊਂਡੇਸ਼ਨ ਵਲੋਂ ਧੂਮ ਧੜੱਕੇ ਨਾਲ ਮਨਾਇਆ ਗਿਆ 'ਲੋਹੜੀ ਮੇਲਾ-2013'







ਐਡਮਿੰਟਨ, (ਨਦਬ)- ਲੋਹੜੀ ਮੇਲਾ ! ਗਰਮੀਆਂ 'ਚ? ਇਹ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵਾਲੇ ਕੀ ਕਰ ਰਹੇ ਨੇ ? ਹਰ ਇੱਕ ਦੀ ਜੁਬਾਨ 'ਤੇ 31 ਮਾਰਚ (ਐਤਵਾਰ) ਨੂੰ ਪੰਜਾਬੀ ਹੈਰੀਟੇਜ ਫਾਊਂਡੇਸ਼ਨ ਵੱਲੋਂ ਕਰਵਾਏ ਗਏ 'ਲੋਹੜੀ ਮੇਲਾ-2013' ਦੇ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਇਸ ਤਰ੍ਹਾਂ ਦੇ ਹੀ ਸਵਾਲ ਸਨ। ਪਰ ਸਮਾਗਮ ਵੇਖਣ ਉਪਰੰਤ ਅਤੇ ਸੰਸਥਾ ਦੇ ਪ੍ਰਧਾਨ ਗੁਰਚਰਨ ਸਿੰਘ ਗਰਚਾ ਵੱਲੋਂ ਮਾਰਚ ਮਹੀਨੇ ਕਰਵਾਏ ਜਾ ਰਹੇ ਲੋਹੜੀ ਮੇਲੇ ਸਬੰਧੀ ਦਿੱਤੇ ਤਰਕਾਂ ਨੂੰ ਹਰੇਕ ਹਾਜ਼ਰੀਨ ਵੱਲੋਂ ਪ੍ਰਵਾਨ ਕਰ ਲਿਆ। ਫੈਸਟੀਵਲ ਪੈਲੇਸ, ਸ਼ੇਰਵੁੱਡ ਪਾਰਕ ਵਿਖੇ ਕਰਵਾਇਆ ਗਿਆ 'ਲੋਹੜੀ ਮੇਲਾ-2013' ਇਸ ਵਾਰ ਪਿਛਲੀ ਵਾਰ ਨਾਲੋ ਵਧੇਰੇ ਉਤਸ਼ਾਹ ਭਰਪੂਰ ਸੀ। ਜਿਸ ਦੀ ਸ਼ੁਰੂਆਤ ਉੱਗੇ ਗਾਇਕ ਉਪਿੰਦਰ ਮਠਾਰੂ ਨੇ ਆਪਣੀ ਧਾਰਮਿਕ ਐਲਬਮ 'ਸੱਚ ਦਾ ਹੋਕਾ' ਵਿੱਚੋਂ ਗੀਤ 'ਸੱਚ ਦਾ ਹੋਕਾ ਲਾਇਆ ਬਾਬੇ ਨਾਨਕ ਨੇ' ਨਾਲ ਹੋਈ। ਉਪਰੰਤ ਸੰਸਥਾ ਦੇ ਪ੍ਰਧਾਨ ਗੁਰਚਰਨ ਸਿੰਘ ਗਰਚਾ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦਾ ਮਕਸਦ ਇਥੋਂ ਦੀ ਜੰਮਪਲ ਪੀੜੀ ਨੂੰ ਆਪਣੇ ਵਿਰਸੇ, ਲੋਕ ਨਾਚਾਂ, ਬੋਲੀ ਆਦਿ ਨਾਲ ਜੋੜ੍ਹਨਾ ਮੁੱਖ ਹੈ। ਮਾਰਚ ਮਹੀਨੇ 'ਚ ਕਰਵਾਏ ਗਏ 'ਲੋਹੜੀ ਮੇਲੇ' ਸੰਬਧੀ ਤਰਕ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਈਚਾਰੇ ਵੱਲੋਂ ਆਈਆਂ ਵਿਚਾਰਾਂ, ਸਰਦੀ (ਬਰਫ਼) ਦਾ ਮੌਸਮ ਅਤੇ ਭਾਈਚਾਰੇ ਨੂੰ ਕੰਮ-ਕਾਰ (ਪੀਕ ਸੀਜ਼ਨ) ਤੋਂ ਵਿਹਲ ਨਾ ਮਿਲਣਾ ਹੀ ਇਸ ਸਮਾਗਮ ਨੂੰ ਮਾਰਚ ਮਹੀਨੇ ਤੱਕ ਲੈ ਆਇਆ।

ਛੋਟੇ ਬੱਚਿਆਂ ਵਲੋਂ ਰੰਗਲਾ ਪੰਜਾਬ, ਮਹਿਤਾਬ ਔਲਖ ਅਤੇ ਗੁਸੀਨ ਗਰੇਵਾਲ ਵਲੋਂ ਸੋਲੋ ਡਾਂਸ, ਝੂਮਰ, ਲੜਕਿਆਂ ਦੀ ਵੱਡੀ ਟੀਮ ਵਲੋਂ ਭੰਗੜਾ, ਤ੍ਰਿੰਝਣਾਂ, ਕੋਰਿਓਗ੍ਰਾਫੀ, ਸੰਮੀ, ਮਲਵਈ ਗਿੱਧਾ, ਸੁਹਾਗ ਘੋੜੀਆਂ, ਜਿੰਦੂਆ, ਆਦਿ ਦੀ ਪੇਸ਼ਕਾਰੀ ਕੀਤੀ ਗਈ। ਇਸ ਮੇਲੇ ਵਿਚ ਸਭ ਤੋਂ ਖਾਸ ਪੇਸ਼ਕਾਰੀ ਵਣਜਾਰਾ ਦੇ ਨਾਂ ਹੇਠ ਕੀਤੀ ਗਈ ਕੋਰਿਓਗ੍ਰਾਫੀ ਰਹੀ। ਮੇਲੇ ਨੂੰ ਸਫ਼ਲ ਬਣਾਉਣ ਵਿਚ ਉਪ ਪ੍ਰਧਾਨ ਜਸਵੀਰ ਗਿੱਲ, ਸੁਖਦੇਵ ਧੰਨੋਵਾ, ਬੋਰਡ ਮੈਂਬਰ ਹਰਪ੍ਰੀਤ ਸਿੰਘ ਗਰੇਵਾਲ, ਮਨਪ੍ਰੀਤ ਸਿੰਘ ਸਿੱਧੂ, ਅਰਮਨਦੀਪ ਸਿੰਘ ਬੈਂਸ, ਗੁਰਪ੍ਰੀਤ ਸਿੰਘ ਵਿਰਕ, ਪਰਮੇਸ਼ਵਰ ਢਿੱਲੋਂ, ਹਰਮਿੰਦਰ ਬੱਲ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਵਾਰ ਐਡਮਿੰਟਨ ਦੇ







ਸਥਾਨਕ ਕਲਾਕਾਰਾਂ ਵਲੋਂ ਬਣਾਈ ਗਈ ਸੰਸਥਾ ਕਨੇਡੀਅਨ ਮੋਜ਼ਾਇਕ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਕਲਾਕਾਰਾਂ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।

ਇਸ ਪ੍ਰੋਗਰਾਮ ਨੂੰ ਤਿਆਰ ਕਰਾਉਣ ਲਈ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਅੰਤਰ-ਰਾਸ਼ਟਰੀ ਢੋਲੀ ਉਸਤਾਦ ਬਿੱਟੂ ਤੇ ਭੰਗੜਾ ਕੋਚ ਮਨਜੀਤ ਸਿੰਘ ਦੀ ਰਹਿਨੁਮਾਈ ਹੇਠ ਬੱਚਿਆਂ ਵੱਲੋਂ ਪੇਸ਼ ਕੀਤਾ ਗਿਆ ਗਿੱਧਾ ਭੰਗੜਾ ਜੋਸ਼ੀਲਾ ਸੀ, ਜਿਸ ਨੇ ਇਹ ਸਾਬਿਤ ਕਰ ਦਿੱਤਾ ਕਿ ਸਭਿਆਚਾਰ ਨੂੰ ਸੰਭਾਲਣ ਲਈ ਹੁਣ ਵਿਦੇਸ਼ਾਂ ਵਿਚ ਵੀ ਭਾਈਚਾਰੇ ਵੱਲੋਂ ਪੰਜਾਬ ਤੋਂ ਵੀ ਵੱਧ ਉਪਰਾਲੇ ਕੀਤੇ ਜਾ ਰਹੇ ਹਨ। ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਗਿੱਧੇ ਭੰਗੜੇ ਨੇ ਦਰਸ਼ਕਾਂ ਨੂੰ ਪੰਜਾਬ ਦੇ ਮੇਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਲੜਕੀਆਂ ਦਾ ਗਿੱਧਾ, ਕੋਰੀਓਗ੍ਰਾਫ਼ੀ ਆਦਿ ਪੂਨਮ ਔਲਖ ਵੱਲੋਂ ਇਸ ਢੰਗ ਨਾਲ ਤਿਆਰ ਕਰਵਾਈਆਂ ਗਈਆਂ ਸਨ ਕਿ ਉਨ੍ਹਾਂ ਨੂੰ ਵੇਖ ਕੇ ਕਿਤੇ ਵੀ ਅਜਿਹਾ ਪ੍ਰਤੀਤ ਨਹੀਂ ਹੁੰਦਾ ਸੀ ਕਿ ਇਹ ਪੰਜਬੀ ਫ਼ਿਲਮਾਂ ਨਾਲੋਂ ਕਿਸੇ ਪਾਸਿਉ ਵੀ ਊਣੀਆਂ ਹਨ।

ਇਸ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਵਿਧਾਇਕ ਨਰੇਸ਼ ਭਾਰਦਵਾਜ, ਪੀਟਰ ਸੰਧੂ, ਸੁਹੇਲ ਕਾਦਰੀ, ਮੰਤਰੀ ਟਿੱਮ ਉੱਪਲ ਤੇ ਕੌਂਸਲਰ ਅਮਰਜੀਤ ਸੋਹੀ ਨੇ ਫਾਉਂਡੇਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਉਤੇ ਫਾਊਂਡੇਸ਼ਨ ਦੇ ਪ੍ਰਧਾਨ ਗੁਰਚਰਨ ਗਰਚਾ ਤੇ ਕਲਚਰਲ ਡਾਇਰੈਕਟਰ ਮਨਜੀਤ ਸਿੰਘ ਲੋਹੜੀ ਮੇਲੇ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਸਟੇਜ ਦੀ ਭੂਮਿਕਾ ਹਰਜੀਤ ਸੰਧੂ ਤੇ ਜਸਬੀਰ ਗਿੱਲ ਨੇ ਬਾਖੂਬੀ ਨਿਭਾਈ।

**ਆਪਣੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ (ਗਿੱਧਾ-ਭੰਗੜਾ ਸਿੱਖਣ) ਲਈ ਮਨਜੀਤ ਸਿੰਘ ਨਾਲ 780-952-5075 'ਤੇ ਸੰਪਰਕ ਕਰੋ**





















Advt.

Royal
Royal Executive Homes
Executive Homes

TOWN HOUSES IN WILDWOOD

HAPPY NEW YEAR!

Only 10 Left



Available from 1232 sq ft. to 1589 sq ft. with attached Single and Double Garage. Starting price: $ ~~309,900~~

PRICE REDUCED

Now only $289,900

- Excellent Location
- Close to all Amenities
- Transit Access
- Affordable Prices
- Future Rec Center
- Close to white Mud & Anthony Henday
- 5 Appliances & Fully Landscaped
- 10 Year Home Warranty
- Granite Counter Top & Maple Kitchen




SHOW HOME OPEN NOW

For Show Home Hours:
Contact 780-965-7390

Wild Wood
TOWN HOUSES
1820, 34th Ave
Edmonton.

780-965-7390
780-906-4497
royalexecutivehomes@hotmail.com




Jessy Parihar Ranjit Deol

Call Sales Contact :
Roohi@ 780-905-6970 OR
Kul Bhatia @ 780-266-5500

## SOHAIL QUADRI, MLA

### EDMONTON - MILL WOODS

## GOOD NEWS FOR MILL WOODS






Government of Canada and City of Edmonton announced a P3 (Public-Private Partnership ) Canada Fund investment of up to $250-million to support the construction of the City of Edmonton's new Light Rail Transit (LRT). This investment will allow the City of Edmonton to enhance its public transit services. Front row, L-R Matt Jeneroux, MLA Edmonton-South West, Sohail Quadri, MLA Edmonton-Mill Woods, Honourable Ric McIver, MLA for Calgary-Hays – Minister for Transportation, Karen Leibovici, Edmonton City Councillor, Rona Ambrose Minister of Public Works and Government Services, Tony Caterina, Edmonton City Councillor, Peter Sandhu, MLA Edmonton-Manning, Back row L-R Tim Uppal, M.P Edmonton – Sherwood Park, Rick Fraser, MLA Calgary-South East, Mike Lake, M.P. Edmonton-Mill Woods-Beaumont, Stephen Mandel, Mayor-Edmonton, Ted Menzies, Minister of State (Finance), Mr. Amarjeet Sohi, Edmonton City Councillor



**Committees and Councils the MLA is a member of:**

- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton-Mill Woods Constituency Office
101 9807–34 Ave Edmonton AB, T6E 5X9 – 780-414-1000
Edmonton.millwoods@assembly.ab.ca

BRIDGEPORT
HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Diwali Bumper Offer in $350000.00 Only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718